ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
- ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
- ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
- ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
- ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
- ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ

ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ
PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA
ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'
ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'
(ਕੁੱਲ ਸਫ਼ੇ 12 Pages 12)
(Wednesday, 21 May, 2025) ਪਟਿਆਲਾ ਬੁੱਧਵਾਰ, 21 ਮਈ, 2025, 8 ਜੇਠ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082
ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 139 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਨੇਪਾਲ 'ਚ 4.7 ਸ਼ਿੱਦਤ ਦੇ ਭੂਚਾਲ ਦੇ ਝਟਕੇ

ਕਾਠਮੰਡੂ, 20 ਮਈ (ਚੜ੍ਹਦੀਕਲਾ ਬਿਊਰੋ) : ਪੱਛਮੀ ਨੇਪਾਲ ਦੇ ਕਾਸਕੀ ਜ਼ਿਲ੍ਹੇ ਵਿਚ ਮੰਗਲਵਾਰ ਦੁਪਹਿਰ 4.7 ਸ਼ਿੱਦਤ ਦੇ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ। ਰਾਸ਼ਟਰੀ ਭੂਚਾਲ ਨਿਗਰਾਨੀ ਅਤੇ ਖੋਜ ਕੇਂਦਰ ਦੇ ਅਨੁਸਾਰ ਭੂਚਾਲ ਦਾ ਕੇਂਦਰ ਕਾਠਮੰਡੂ ਤੋਂ ਲਗਭਗ 250 ਕਿਲੋਮੀਟਰ ਦੂਰ ਕਾਸਕੀ ਜ਼ਿਲ੍ਹੇ ਦੇ ਸਿਨੁਵਾ ਖੇਤਰ ਵਿੱਚ ਦੁਪਹਿਰ 1:59 ਵਜੇ ਦਰਜ ਕੀਤਾ ਗਿਆ। ਇਸ ਤੋਂ ਇਲਾਵਾ ਤਨਾਹੂ, ਪਰਵਤ ਅਤੇ ਬਾਗਲੁੰਗ ਸਮੇਤ ਗੁਆਂਢੀ ਜ਼ਿਲ੍ਹਿਆਂ ਵਿਚ ਵੀ ਭੂਚਾਲ ਦੇ ਝਟਕੇ ਮਹਿਸੂਸ ਕੀਤੇ ਗਏ।



# ਪੰਜਾਬ ਪੁਲਿਸ ਦੀ ਸ਼ਾਨਦਾਰ ਵਿਰਾਸਤ ਕਾਇਮ ਰੱਖਦਿਆਂ ਸੂਬੇ ਨੂੰ ਨਸ਼ਾ ਮੁਕਤ ਬਣਾਓ : ਮੁੱਖ ਮੰਤਰੀ ਨੇ ਤਰੱਕੀ ਪ੍ਰਾਪਤ ਪੀ.ਪੀ.ਐਸ. ਅਧਿਕਾਰੀਆਂ ਨੂੰ ਪ੍ਰੇਰਿਆ

## 18 ਡੀ.ਐਸ.ਪੀਜ਼ ਨੂੰ ਐਸ.ਪੀ. ਵਜੋਂ ਤਰੱਕੀ ਮਿਲਣ 'ਤੇ ਵਧਾਈ ਦਿੱਤੀ



ਚੰਡੀਗੜ੍ਹ, 20 ਮਈ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਪੰਜਾਬ ਪੁਲਿਸ ਸਰਵਿਸਿਜ਼ (ਪੀ.ਪੀ.ਐਸ) ਦੇ ਤਰੱਕੀ ਪ੍ਰਾਪਤ ਅਧਿਕਾਰੀਆਂ ਨੂੰ ਸੂਬੇ ਨੂੰ ਨਸ਼ਿਆਂ ਦੀ ਅਲਾਮਤ ਤੋਂ ਮੁਕਤ ਕਰ ਕੇ ਪੰਜਾਬ ਪੁਲਿਸ ਦੀ ਸ਼ਾਨਦਾਰ ਵਿਰਾਸਤ ਬਰਕਰਾਰ ਰੱਖਣ ਲਈ ਪ੍ਰੇਰਿਆ।

ਡਿਪਟੀ ਸੁਪਰਡੈਂਟ ਆਫ ਪੁਲਿਸ (ਡੀ.ਐਸ.ਪੀਜ਼) ਤੋਂ ਤਰੱਕੀ ਲੈ ਕੇ ਸੁਪਰਡੈਂਟ ਆਫ ਪੁਲਿਸ (ਐਸ.ਪੀ) ਬਣੇ 18 ਪੁਲਿਸ ਅਧਿਕਾਰੀਆਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਪੁਲਿਸ ਦੀ ਅਮੀਰ ਵਿਰਾਸਤ ਨੂੰ ਯਾਦ ਕੀਤਾ, ਜੋ ਸੂਬੇ ਅਤੇ ਇਥੋਂ ਦੇ ਲੋਕਾਂ ਦੀ ਦ੍ਰਿੜ੍ਹਤਾ ਨਾਲ ਸੇਵਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਰਹੱਦੀ ਸੂਬੇ ਵਿੱਚ ਕਾਨੂੰਨ ਵਿਵਸਥਾ ਨੂੰ ਪ੍ਰਭਾਵਸਾਲੀ ਬਣਾਈ ਰੱਖਣ ਸਣੇ ਪੰਜਾਬ ਪੁਲਿਸ ਨੇ ਹਮੇਸ਼ਾ ਦੇਸ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰੱਖਿਆ ਕਰਦੇ ਹੋਏ ਦੂਜੀ ਰੱਖਿਆ ਪੰਕਤੀ ਵਜੋਂ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦੀ ਸੇਵਾ ਬੇਮਿਸਾਲ ਹੈ ਅਤੇ ਇਸ ਨੂੰ ਸੂਬੇ ਵਿੱਚੋਂ ਅੱਤਵਾਦ ਨੂੰ ਖਤਮ ਕਰਨ ਦਾ ਸਿਹਰਾ ਵੀ ਜਾਂਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਪੁਲਿਸ ਦਾ ਇਤਿਹਾਸ ਬਹਾਦਰੀ, ਕੁਰਬਾਨੀ ਅਤੇ ਅਣਗਿਣਤ ਪ੍ਰਾਪਤੀਆਂ ਨਾਲ ਲਬਰੇਜ ਹੈ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਦਿੱਤੀ ਤਰੱਕੀ ਪਿੱਛੋਂ ਅਧਿਕਾਰੀਆਂ ਨੂੰ ਹੁਣ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਸ ਸਾਨਦਾਰ ਪਰੰਪਰਾ ਨੂੰ ਅੱਗੇ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਨਸ਼ਿਆਂ ਵਿਰੁੱਧ ਦੇਸ ਦੀ ਲੜਾਈ ਵਿੱਚ ਸਭ ਤੋਂ ਅੱਗੇ ਹੈ ਅਤੇ ਪੁਲਿਸ ਫੋਰਸ ਇਸ ਮਿਸਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਤਰ੍ਹਾਂ ਪੰਜਾਬ ਨੂੰ ਨਸਾ ਮੁਕਤ ਸੂਬਾ ਬਣਾਉਣ ਵਿੱਚ ਪੁਲਿਸ ਅਧਿਕਾਰੀਆਂ ਦੀ ਅਹਿਮ ਜ਼ਿੰਮੇਵਾਰੀ ਬਣਦੀ ਹੈ। ਉਨ੍ਹਾਂ ਅਧਿਕਾਰੀਆਂ ਨੂੰ "ਯੁੱਧ ਨਸ਼ਿਆਂ ਵਿਰੁੱਧ" ਮੁਹਿੰਮ ਦੀ ਸਾਨਦਾਰ ਸਫਲਤਾ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਅਤੇ ਜੋਰ ਦੇ ਕੇ ਕਿਹਾ ਕਿ ਆਉਣ ਵਾਲੀਆਂ ਪੀੜ੍ਹੀਆਂ ਨੂੰ ਨਸ਼ਿਆਂ ਦੀ ਜਕੜ ਤੋਂ ਬਚਾਉਣਾ ਸਮੇਂ ਦੀ ਲੋੜ ਹੈ। ਉਨ੍ਹਾਂ ਆਸ ਜਤਾਈ ਕਿ ਤਰੱਕੀ ਪ੍ਰਾਪਤ ਅਧਿਕਾਰੀ ਜਨਤਕ ਸੇਵਾ ਪ੍ਰਤੀ ਉੱਚ ਪੱਧਰੀ ਪੇਸੇਵਾਰਾਨਾ ਵਚਨਬੱਧਤਾ ਅਤੇ ਸਮਰਪਣ ਨਾਲ ਆਪਣਾ ਫਰਜ਼ ਨਿਭਾਉਣਗੇ।

# ਪੇਂਡੂ ਆਬਾਦੀ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਸਰਕਾਰ 315 ਕਰੋੜ ਦੀਆਂ ਦੋ ਅਹਿਮ ਯੋਜਨਾਵਾਂ ਕਰੇਗੀ ਸ਼ੁਰੂ : ਮੁੰਡੀਆਂ

ਚੰਡੀਗੜ੍ਹ, 20 ਮਈ, (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੂਬੇ ਲੋਕਾਂ ਨੂੰ ਪੀਣ ਵਾਲਾ ਸਾਫ਼-ਸੁਥਰਾ ਪਾਣੀ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਨੂੰ ਦ੍ਰਿੜਤਾ ਨਾਲ ਅੱਗੇ ਤੋਰਦਿਆਂ ਪੰਜਾਬ ਸਰਕਾਰ ਜਲਦੀ ਹੀ ਲੱਗਭੱਗ 315 ਕਰੋੜ ਰੁਪਏ ਦੀਆਂ ਦੋ ਅਹਿਮ ਯੋਜਨਾਵਾਂ ਸ਼ੁਰੂ ਕਰੇਗੀ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੇ ਬੁਨਿਆਦੀ ਢਾਂਚੇ ਨੂੰ ਹੋਰ ਬਿਹਤਰ ਤੇ ਮਜ਼ਬੂਤ ਕਰਨਾ ਅਤੇ ਸਪਲਾਈ ਪ੍ਰਣਾਲੀਆਂ ਦੀ ਸਥਿਰਤਾ ਨੂੰ ਯਕੀਨੀ ਬਣਾਉਣਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ 22 ਜ਼ਿਲ੍ਹਿਆਂ ਵਿੱਚ 159.95 ਕਰੋੜ ਰੁਪਏ ਦੀ ਲਾਗਤ ਨਾਲ, 144 ਪੇਂਡੂ ਜਲ ਸਪਲਾਈ ਸਕੀਮਾਂ ਦੇ ਵਾਧੇ/ਵੰਡ ਲਈ ਇੱਕ ਪ੍ਰੋਜੈਕਟ ਪਹਿਲਾਂ ਹੀ ਮਨਜ਼ੂਰ ਕੀਤਾ ਜਾ ਚੁੱਕਾ ਹੈ। ਮੁੰਡੀਆਂ ਨੇ ਕਿਹਾ ਕਿ ਇਸ ਪਹਿਲਕਦਮੀ ਨਾਲ 176 ਪਿੰਡਾਂ ਦੇ ਲੋਕਾਂ, ਜਿਨ੍ਹਾਂ ਦੀ ਮੌਜੂਦਾ ਆਬਾਦੀ ਲੱਗਭੱਗ 3.05 ਲੱਖ ਹੈ, ਨੂੰ ਪੀਣ ਵਾਲਾ ਸਾਫ ਪਾਣੀ ਉਪਲੱਬਧ ਕਰਵਾਇਆ ਜਾਵੇਗਾ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਇਸ ਤੋਂ ਇਲਾਵਾ, ਸਾਲ 2025-26 ਲਈ 153.22 ਕਰੋੜ ਰੁਪਏ ਦੀ ਲਾਗਤ ਨਾਲ, ਪੰਜਾਬ ਦੇ 21 ਜ਼ਿਲ੍ਹਿਆਂ ਵਿੱਚ 125 ਪੇਂਡੂ ਜਲ ਸਪਲਾਈ ਸਕੀਮਾਂ ਦੇ ਵਾਧੇ/ਵੰਡ ਦਾ ਪ੍ਰਸਤਾਵ ਵੀ ਯੋਜਨਾ ਅਧੀਨ ਹੈ। ਇਸ ਪ੍ਰੋਜੈਕਟ ਤੋਂ 175 ਪਿੰਡਾਂ ਦੇ ਲੋਕਾਂ ਨੂੰ ਲਾਭ ਹੋਣ ਦੀ ਉਮੀਦ ਹੈ, ਜਿਨ੍ਹਾਂ ਦੀ ਮੌਜੂਦਾ ਆਬਾਦੀ ਲੱਗਭੱਗ 3.20 ਲੱਖ ਹੈ। ਮੁੰਡੀਆਂ ਨੇ ਕਿਹਾ ਕਿ ਇਨ੍ਹਾਂ ਸਕੀਮਾਂ ਨੂੰ ਲਾਗੂ ਕਰਨ ਨਾਲ, ਨਾ ਸਿਰਫ਼ ਜਨਤਕ ਸਿਹਤ ਵਿੱਚ ਸੁਧਾਰ ਹੋਵੇਗਾ ਬਲਕਿ ਪੇਂਡੂ ਆਬਾਦੀ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਨੂੰ ਵੀ ਹੁਲਾਰਾ ਮਿਲੇਗਾ।

ਮੁੰਡੀਆਂ ਮੰਤਰੀ ਨੇ ਦੁਹਰਾਇਆ ਕਿ ਪੇਂਡੂ ਖੇਤਰਾਂ ਵਿੱਚ ਜੀਵਨ ਪੱਧਰ ਵਿੱਚ ਸੁਧਾਰ ਕਰਨਾ ਰਾਜ ਸਰਕਾਰ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਇਹ ਪਹਿਲਕਦਮੀ ਪੇਂਡੂ ਆਬਾਦੀ ਲਈ ਭਰਪੂਰ ਲਾਭ ਯਕੀਨੀ ਬਣਾਉਣ ਵਿੱਚ ਬਹੁਤ ਮੱਦਦ ਕਰੇਗੀ ਅਤੇ ਇਸ ਦਿਸ਼ਾ ਵਿੱਚ ਰਾਜ ਸਰਕਾਰ ਕੋਈ ਕਸਰ ਨਹੀਂ ਛੱਡ ਰਹੀ ਹੈ। ਮੁੰਡੀਆਂ ਨੇ ਸਮਾਜ ਦੇ ਹਰ ਵਰਗ ਦੀ ਸਮੁੱਚੀ ਭਲਾਈ ਲਈ ਸਰਕਾਰ ਦੀ ਅਟੁੱਟ ਵਚਨਬੱਧਤਾ ਦੀ ਵੀ ਪੁਸ਼ਟੀ ਕੀਤੀ।

# ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਮੌਕੇ ਐਡ. ਧਾਮੀ ਰਹੇ ਗ਼ੈਰ-ਹਾਜ਼ਰ

ਅੰਮ੍ਰਿਤਸਰ, 20 ਮਈ (ਬਬਲੂ ਮਹਾਜਨ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਰਸੋਂ ਰੋਜ਼ ਤੋਂ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ ਉਪਰੰਤ ਅਰਦਾਸ ਕੀਤੀ ਗਈ। ਸਮਾਗਮ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ. ਕੁਲਦੀਪ ਸਿੰਘ ਗੜਗੱਜ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਸਕੱਤਰ ਗੁਰਿੰਦਰ ਸਿੰਘ, ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਸਮੇਤ ਕਈ ਆਲਾ ਅਧਿਕਾਰੀ ਤੇ ਸਿੱਖ ਸੰਗਤਾਂ ਸ਼ਾਮਲ ਹੋਈਆਂ ਪ੍ਰੰਤੂ ਇਸ ਸਮਾਗਮ 'ਚ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੀ ਗ਼ੈਰ-ਹਾਜ਼ਰ ਰਹੇ। ਗਿਆਨੀ ਰਘਬੀਰ ਸਿੰਘ ਨੇ ਸਮਾਗਮ ਦੇ ਸਮਾਪਤ ਹੋਣ ਤੋਂ ਬਾਅਦ ਆ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦਰਸ਼ਨ ਦੀਦਾਰੇ ਕੀਤੇ। ਜ਼ਿਕਰਯੋਗ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਉਲੀਕੇ ਸਮਾਗਮਾਂ ਵਿੱਚ ਪ੍ਰਧਾਨ ਸ਼੍ਰੋਮਣੀ ਕਮੇਟੀ ਤੇ ਹੈਡ ਗ੍ਰੰਥੀ ਦੀ ਹਾਜ਼ਰੀ ਬਹੁਤ ਮਹੱਤਵ ਰੱਖਦੀ ਹੈ ਤੇ ਇਨ੍ਹਾਂ ਦੀ ਹਾਜ਼ਰੀ ਸਮਾਗਮਾਂ ਨੂੰ ਹੋਰ ਵਿਸ਼ੇਸ਼ ਬਣਾਉਂਦੀ ਹੈ। ਜੇਕਰ ਸ਼੍ਰੋਮਣੀ ਕਮੇਟੀ ਵੱਲੋਂ ਉਲੀਕੇ ਸਮਾਗਮਾਂ ਦੇ 'ਚ ਸ਼੍ਰੋਮਣੀ ਕਮੇਟੀ ਦੀਆਂ ਮਾਈਨਾਜ ਹਸਤੀਆਂ ਹੀ ਹਾਜ਼ਰ ਨਾ ਹੋਣ ਤਾਂ ਬੜੇ ਦੁੱਖ ਦੀ ਗੱਲ ਹੈ। ਦੂਜੇ ਪਾਸੇ ਇਹ ਵੀ ਅਨੁਮਾਨ ਹੈ ਕਿ ਸ਼ਾਇਦ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਤੇ ਹੈਡ ਗ੍ਰੰਥੀ ਰਘਬੀਰ ਸਿੰਘ ਦਾ ਜੱਥੇਦਾਰ ਗੜਗੱਜ ਨਾਲ ਮਾਹੌਲ ਸੁਖਾਵਾਂ ਨਹੀਂ ਹੈ। ਕਿਤੇ ਨਾ ਕਿਤੇ ਇਹ ਆਪਸੀ ਤਾਲਮੇਲ ਨਾ ਹੋਣ ਦੇ ਸੰਕੇਤ ਹਨ। ਸੁਣਨ 'ਚ ਚਰਚਾਵਾਂ ਆ ਰਹੀਆਂ ਹਨ ਕਿ ਜਦੋਂ ਜੱਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਹੋਈ ਸੀ ਉਸ ਸਮੇਂ ਵੀ ਕਾਫੀ ਸਿੱਖ ਸਮੁਦਾਇ ਦੇ ਲੋਕਾਂ ਤੇ ਪ੍ਰਮੁੱਖ ਸ਼ਖਸ਼ੀਅਤਾਂ ਵੱਲੋਂ ਵਿਰੋਧ ਕੀਤਾ ਗਿਆ ਸੀ। ਜ਼ਿਕਰਯੋਗ ਹੈ ਕਿ ਜੱਥੇਦਾਰ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ 'ਚ ਆਪਸੀ ਤਾਲਮੇਲ ਦੀ ਵੱਡੀ ਕਮੀ ਮਹਿਸੂਸ ਹੋਈ ਹੈ। ਇਹ ਵੀ ਦੇਖਣ ਨੂੰ ਮਿਲਿਆ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਅੰਦਰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਰੱਖੇ ਧਾਰਮਿਕ ਸਮਾਗਮ 'ਚ ਹੈਡ ਗ੍ਰੰਥੀ ਸਿੰਘ ਸਾਹਿਬ ਗਿ. ਰਘਬੀਰ ਸਿੰਘ ਦੀ ਹਾਜ਼ਰੀ ਨਾ ਹੋਣਾ ਕਿਤੇ ਨਾ ਕਿਤੇ ਆਪਸੀ ਵਿਰੋਧਤਾ ਦਾ ਪ੍ਰਤੀਕ ਹੈ। ਆਉਣ ਵਾਲੇ ਸਮੇਂ 'ਚ ਸਿੱਖ ਸੰਗਤ ਵਿੱਚ ਇਸ ਦਾ ਕਾਫੀ ਬੁਰਾ ਪ੍ਰਭਾਵ ਪਏਗਾ।



# ਡਾ. ਬਲਜੀਤ ਕੌਰ ਵੱਲੋਂ ਬਾਲ ਨਿਆਂ ਐਕਟ ਅਧੀਨ ਬਹਾਲੀ ਵਿਧੀਆਂ ਦਾ ਮੁਲਾਂਕਣ ਸਿਰਲੇਖ ਵਾਲੀ ਵਿਆਪਕ ਖੋਜ ਰਿਪੋਰਟ ਜਾਰੀ



ਚੰਡੀਗੜ੍ਹ, 20 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਬਾਲ ਅਧਿਕਾਰਾਂ ਦੀ ਸੁਰੱਖਿਆ ਅਤੇ ਬਾਲ ਨਿਆਂ ਨੂੰ ਮਜ਼ਬੂਤ ਕਰਨ ਵੱਲ ਲਗਾਤਾਰ ਕੰਮ ਕਰ ਰਹੀ ਹੈ। ਇਸ ਦਿਸ਼ਾ ਵਿੱਚ ਮਹੱਤਵਪੂਰਨ ਕਦਮ ਚੁੱਕਦਿਆਂ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਬਾਲ ਅਪਰਾਧ ਅਤੇ ਸੰਸਥਾਗਤ ਢਾਂਚਾ: ਪੰਜਾਬ ਵਿੱਚ ਬਾਲ ਨਿਆਂ (ਬੱਚਿਆਂ ਦੀ ਦੇਖਭਾਲ ਅਤੇ ਸੁਰੱਖਿਆ) ਐਕਟ, 2015 ਅਧੀਨ ਬਹਾਲੀ ਵਿਧੀਆਂ ਦਾ ਮੁਲਾਂਕਣ ਸਿਰਲੇਖ ਹੇਠ ਇਕ ਵਿਆਪਕ ਖੋਜ ਰਿਪੋਰਟ ਜਾਰੀ ਕੀਤੀ।

ਇਸ ਸਮਾਗਮ ਵਿੱਚ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਵਿਸ਼ੇਸ਼ ਮੁੱਖ ਸਕੱਤਰ ਸ੍ਰੀਮਤੀ ਰਾਜੀ ਪੀ. ਸ੍ਰੀਵਾਸਤਵਾ, ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੇ ਚੇਅਰਪਰਸਨ ਸ੍ਰੀ ਕੰਵਰਦੀਪ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ, ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੇ ਡਾਇਰੈਕਟਰ ਡਾ. ਸ਼ੇਨਾ ਅਗਰਵਾਲ, ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਦੇ ਸਕੱਤਰ ਸ੍ਰੀਮਤੀ ਵਿੰਮੀ ਭੁੱਲਰ, ਅਤੇ ਸੰਯੁਕਤ ਡਾਇਰੈਕਟਰ ਰਾਜਵਿੰਦਰ ਸਿੰਘ ਗਿਲ ਵਿਸ਼ੇਸ਼ ਤੌਰ 'ਤੇ ਹਾਜਰ ਹੋਏ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਇਹ ਖੋਜ ਪ੍ਰੋਜੈਕਟ ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ ਸੌਂਪਿਆ ਗਿਆ ਸੀ। ਜਿਸਦਾ ਉਦੇਸ਼ ਬਾਲ ਨਿਆਂ ਐਕਟ ਦੇ ਤਹਿਤ ਪੁਨਰ ਸਥਾਪਨਾ ਵਿਧੀਆਂ ਅਤੇ ਸੰਸਥਾਗਤ ਪ੍ਰਤੀਕਿਰਿਆਵਾਂ ਦਾ ਰਾਜ ਵਿਆਪੀ ਮੁਲਾਂਕਣ ਕਰਨਾ ਸੀ।

ਚੇਅਰਪਰਸਨ ਸ੍ਰੀ ਕੰਵਰਦੀਪ ਸਿੰਘ ਨੇ ਖੋਜ ਟੀਮ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਹ ਰਿਪੋਰਟ ਬੱਚਿਆਂ ਦੇ ਅਧਿਕਾਰਾਂ ਨੂੰ ਨਿਆਂ ਪ੍ਰਣਾਲੀ ਨਾਲ ਹੋਰ ਡੂੰਘਾਈ ਨਾਲ ਜੋੜਨ ਦੀ ਲੋੜ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਦੱਸਿਆ ਕਿ ਹਰੇਕ ਬੱਚਾ, ਭਾਵੇਂ ਉਹ ਕਿਸੇ ਨਿਆਂਇਕ ਕਾਰਵਾਈ ਵਿਚ ਹੋਵੇ, ਉਸ ਦੇ ਅਧਿਕਾਰਾਂ ਦੀ ਪੂਰੀ ਰੱਖਿਆ ਹੋਣੀ ਚਾਹੀਦੀ ਹੈ।

# ਪੰਜਾਬ ਰਾਜ ਦੀਆਂ ਮੰਡੀਆਂ ਵਿੱਚੋਂ 130.07 ਲੱਖ ਮੀਟ੍ਰਿਕ ਟਨ ਕਣਕ ਦੀ ਹੋਈ ਖ਼ਰੀਦ : ਬਰਸਟ



ਮੋਹਾਲੀ, 20 ਮਈ, (ਚ.ਨ.ਸ.) : ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਦੱਸਿਆ ਕਿ ਹਾੜ੍ਹੀ ਸੀਜਨ 2025-26 ਦੌਰਾਨ ਪੰਜਾਬ ਰਾਜ ਦੀਆਂ ਸਮੂੰਹ ਮੰਡੀਆਂ ਵਿੱਚ ਕਣਕ ਦੇ ਖਰੀਦ ਕਾਰਜ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹੇ ਗਏ। ਕਿਸਾਨਾਂ, ਆੜ੍ਹਤੀਆਂ, ਮਜਦੂਰਾਂ ਦੀਆਂ ਸਹੂਲਤਾਂ ਦਾ ਪੂਰਾ ਧਿਆਨ ਰੱਖਿਆ ਗਿਆ ਅਤੇ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਗਈ।

ਉਨ੍ਹਾਂ ਦੱਸਿਆ ਕਿ ਇਸ ਵਾਰ ਸੂਬੇ ਦੀਆਂ ਮੰਡੀਆਂ ਵਿੱਚੋਂ ਸਰਕਾਰੀ ਏਜੰਸੀਆਂ ਅਤੇ ਪ੍ਰਾਈਵੇਟ ਪੱਧਰ 'ਤੇ 130.07 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਸਰਕਾਰੀ ਏਜੰਸੀਆਂ ਨੇ 119.23 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਹੈ, ਜਿਸਦੇ ਤਹਿਤ ਪਨਗ੍ਰੇਨ ਵੱਲੋਂ 38,21,965 ਮੀਟ੍ਰਿਕ ਟਨ, ਐਫ.ਸੀ.ਆਈ. ਵੱਲੋਂ 3,02,215 ਮੀਟ੍ਰਿਕ ਟਨ, ਮਾਰਕਫੈੱਡ ਵੱਲੋਂ 31,33,676 ਮੀਟ੍ਰਿਕ ਟਨ, ਪਨਸਪ ਵੱਲੋਂ 28,12,180 ਮੀਟ੍ਰਿਕ ਟਨ, ਵੇਅਰ ਹਾਊਸ ਵੱਲੋਂ 18,53,240 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਗਈ ਹੈ। ਇਸਦੇ ਨਾਲ ਹੀ ਪ੍ਰਾਈਵੇਟ 10.83 ਲੱਖ ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ। ਮੰਡੀਆਂ ਵਿੱਚੋਂ 120.68 ਲੱਖ ਮੀਟ੍ਰਿਕ ਟਨ ਕਣਕ ਦੀ ਲਿਫਟਿੰਗ ਹੋ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਸਭ ਤੋਂ ਵੱਧ ਸੰਗਰੂਰ ਵਿੱਚ 9,50,267 ਮੀਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ, ਪੰਜਾਬ ਰਾਜ ਦੀਆਂ ਮੰਡੀਆਂ ਵਿੱਚ ਖਰੀਦ ਕਾਰਜ ਸ਼ੁਰੂ ਹੋਣ ਤੋਂ ਪਹਿਲਾ ਹੀ ਪੁਖਤਾ ਪ੍ਰਬੰਧ ਕੀਤੇ ਗਏ ਸਨ, ਜਿਸਦੇ ਤਹਿਤ ਪੀਣ ਯੋਗ ਸਾਫ਼ ਪਾਣੀ, ਬਿਜਲੀ ਦੀਆਂ ਲਾਈਟਾਂ, ਸਾਫ਼-ਸਫਾਈ, ਬਾਥਰੂਮਾਂ, ਛਾਂ ਅਤੇ ਪੰਜਾਬ ਮੰਡੀ ਬੋਰਡ ਦੇ ਮੁੱਖ ਦਫ਼ਤਰ ਵਿੱਖੇ ਕੰਟਰੋਲ ਰੂਮ ਦੀ ਸਥਾਪਨਾ ਵੀ ਕੀਤੀ ਗਈ ਸੀ, ਤਾਂ ਜੋ ਕਿਸਾਨ ਆਪਣੀ ਫਸਲ ਨੂੰ ਬਿਨਾਂ ਕਿਸੇ ਤੰਗੀ ਤੋਂ ਵੇਚ ਸਕਣ।

ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਨੇ ਸੀਜਨ ਦੌਰਾਨ ਕਣਕ ਦੇ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਣ ਲਈ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਵੱਲੋਂ ਇਮਾਨਦਾਰੀ ਅਤੇ ਤਨਦੇਹੀ ਨਾਲ ਡਿਊਟੀ ਨਿਭਾਉਣ ਦੀ ਸ਼ਲਾਘਾ ਕੀਤੀ। ਉਨ੍ਹਾਂ ਆੜ੍ਹਤੀਆਂ, ਮਜਦੂਰਾਂ, ਕਿਸਾਨਾਂ, ਮੰਡੀ ਬੋਰਡ/ਮਾਰਕਿਟ ਕਮੇਟੀਆਂ ਸਮੇਤ ਵੱਖ-ਵੱਖ ਏਜੰਸੀਆਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮੰਡੀਆਂ ਵਿੱਚ ਖਰੀਦ ਕਾਰਜਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ।

# ਯੁੱਧ ਨਸ਼ਿਆਂ ਵਿਰੁੱਧ ਦੇ 80ਵੇਂ ਦਿਨ ਪੁਲਿਸ ਨੇ 125 ਨਸ਼ਾ ਤਸਕਰਾਂ ਨੂੰ 7.6 ਕਿਲੋਗ੍ਰਾਮ ਹੈਰੋਇਨ ਅਤੇ 11.84 ਲੱਖ ਦੀ ਡਰੱਗ ਮਨੀ ਸਮੇਤ ਕੀਤਾ ਗ੍ਰਿਫ਼ਤਾਰ

ਚੰਡੀਗੜ੍ਹ, 20 ਮਈ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁਧ' ਦੌਰਾਨ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਆਦੀ ਲੋਕਾਂ ਪ੍ਰਤੀ ਅਪਣਾਏ ਹਮਦਰਦੀ ਭਰੇ ਵਤੀਰੇ ਨੂੰ ਅੱਗੇ ਤੋਰਦਿਆਂ ਪੰਜਾਬ ਪੁਲਿਸ ਨੇ 1 ਮਾਰਚ, 2025 ਨੂੰ ਮੁਹਿੰਮ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ 7673 ਨਸ਼ਾਗ੍ਰਸਤ ਵਿਅਕਤੀਆਂ ਨੂੰ ਨਸ਼ਾ ਛੱਡਣ ਦਾ ਇਲਾਜ ਕਰਵਾਉਣ ਲਈ ਉਤਸ਼ਾਹਿਤ ਕੀਤਾ ਹੈ।

ਜ਼ਿਕਰਯੋਗ ਹੈ ਕਿ, ਰਾਜ ਸਰਕਾਰ ਨੇ ਰਾਜ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਨੁਕਾਤੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ - ਲਾਗੂ ਕੀਤੀ ਹੈ। ਯੁੱਧ ਨਸ਼ਿਆਂ ਵਿਰੁਧ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ, ਪੰਜਾਬ ਪੁਲਿਸ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ ਹੇਠ ਜਿੱਥੇ ਨਸ਼ਾ ਤਸਕਰਾਂ 'ਤੇ ਸਖ਼ਤੀ ਕਰ ਰਹੀ ਹੈ, ਨਾਲ ਹੀ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਨ ਵਾਲਿਆਂ ਨੂੰ ਨਸ਼ਾ ਛੁਡਾਊ ਇਲਾਜ ਕਰਵਾਉਣ ਲਈ ਵੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦੇ ਹੋਏ, ਵਿਸ਼ੇਸ਼ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਦੀ ਸ਼ੁਰੂਆਤ ਤੋਂ ਬਾਅਦ, ਪੁਲਿਸ ਟੀਮਾਂ ਵੱਲੋਂ 4228 ਨਸ਼ਾ ਪੀੜਤਾਂ ਨੂੰ ਵੱਖ-ਵੱਖ ਨਸ਼ਾ ਛੁਡਾਊ ਕੇਂਦਰਾਂ ਵਿੱਚ ਦਾਖਲ ਕਰਾਇਆ ਗਿਆ ਹੈ, ਜਦੋਂ ਕਿ ਨਸ਼ੇ ਨਾਲ ਜੂਝ ਰਹੇ 3445 ਵਿਅਕਤੀਆਂ ਨੂੰ ਆਊਟ-ਪੇਸ਼ੈਂਟ ਓਪੀਐਡ ਅਸਿਸਟਡ ਟਰੀਟਮੈਂਟ (ਓਓਏਟੀ) ਕੇਂਦਰਾਂ ਵਿੱਚ ਭੇਜਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਾ ਪੀੜਤਾਂ ਨੂੰ ਸੁਖਾਵਾਂ ਮਾਹੌਲ ਦੇਣ ਲਈ ਰਾਜ ਭਰ ਵਿੱਚ ਨਸ਼ਾ ਛੁਡਾਊ ਇਲਾਜ ਸਹੂਲਤਾਂ ਵਿੱਚ ਵਾਧਾ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਪੁਲਿਸ ਟੀਮਾਂ ਨੇ 80ਵੇਂ ਦਿਨ ਨਸ਼ਿਆਂ ਵਿਰੁੱਧ ਆਪਣਾ ਘੇਰਾਬੰਦੀ ਅਤੇ ਤਲਾਸ਼ੀ ਅਭਿਆਨ (ਕਾਸੋ) ਜਾਰੀ ਰੱਖਿਆ ਹੈ। ਇਸ ਅਭਿਆਨ ਤਹਿਤ ਮੰਗਲਵਾਰ ਨੂੰ 475 ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਅਤੇ ਰਾਜ ਭਰ ਵਿੱਚ 109 ਐਫਆਈਆਰ ਦਰਜ ਕਰਨ ਉਪਰੰਤ 125 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ । ਇਸ ਦੇ ਨਾਲ, 84 ਦਿਨਾਂ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ ਹੁਣ 12275 ਹੋ ਗਈ ਹੈ।

ਸਪੈਸ਼ਲ ਡੀਜੀਪੀ ਨੇ ਕਿਹਾ ਕਿ ਛਾਪੇਮਾਰੀਆਂ ਦੌਰਾਨ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 7.6 ਕਿਲੋ ਹੈਰੋਇਨ, 2 ਕਿਲੋ ਅਫ਼ੀਮ ਅਤੇ 11.84 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਅੱਗੇ ਕਿਹਾ ਕਿ 95 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1400 ਤੋਂ ਵੱਧ ਪੁਲਿਸ ਕਰਮਚਾਰੀਆਂ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ ਵਿੱਚ ਛਾਪੇਮਾਰੀ ਕੀਤੀ ਅਤੇ ਦਿਨ ਭਰ ਚੱਲੇ ਇਸ ਅਭਿਆਨ ਦੌਰਾਨ 516 ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ।

# ਜੇ ਹਰ ਸਿੱਖ ਸਤਨਾਮ ਸਿੰਘ ਵਾਂਗ ਆਪਣੇ ਹੱਕ ਲਈ ਲੜਾਈ ਕਰੇ ਤਾਂ ਕੌਮ ਦੀ ਤਕਦੀਰ ਬਦਲ ਸਕਦੀ ਹੈ : ਜਥੇਦਾਰ ਗੜਗੱਜ



ਅੰਮ੍ਰਿਤਸਰ, 20 ਮਈ, (ਬਬਲੂ ਮਹਾਜਨ) : ਪੱਛਮੀ ਬੰਗਾਲ ਦੇ ਘੱਟ ਗਿਣਤੀ ਕਮਿਸ਼ਨ ਦੇ ਸਿੱਖ ਮੈਂਬਰ ਸਤਨਾਮ ਸਿੰਘ ਆਹਲੂਵਾਲੀਆ ਨੇ ਥਾਈਲੈਂਡ ਵਿਚ ਕਿਰਪਾਨ ਦੀ ਲੜਾਈ ਲੜ ਕੇ ਵੱਡੀ ਜਿੱਤ ਹਾਸਿਲ ਕੀਤੀ ਹੈ। ਆਹਲੂਵਾਲੀਆ ਦੀ ਇਸ ਸਫਲਤਾ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਜੇ ਹਰ ਸਿੱਖ ਸਤਨਾਮ ਸਿੰਘ ਵਾਂਗ ਆਪਣੇ ਹੱਕ ਲਈ ਲੜਾਈ ਕਰੇ ਕੌਮ ਦੀ ਤਕਦੀਰ ਬਦਲ ਸਕਦੀ ਹੈ। ਪੱਤਰਕਾਰਾਂ ਨਾਲ ਗੱਲ ਕਰਦਿਆਂ ਆਹਲੂਵਾਲੀਆ ਨੇ ਦੱਸਿਆ ਕਿ ਉਹ ਬੀਤੀ 12 ਅਪ੍ਰੈਲ ਨੂੰ ਕਿਸੇ ਨਿੱਜੀ ਪ੍ਰੋਗਰਾਮ ਲਈ ਥਾਈਲੈਂਡ ਗਏ ਸਨ। ਉਹਨਾਂ ਹੋਟਲ ਸ਼ੰਗਰੀਲਾ ਵਿਖੇ ਬੁਕਿੰਗ ਕਾਰਵਾਈ ਸੀ। ਹੋਟਲ ਦੇ ਸਟਾਫ ਨੇ ਉਹਨਾਂ ਦੀ ਕਿਰਪਾਨ ਦੀ ਤੁਲਨਾ ਚਾਕੂ ਨਾਲ ਕਰਦਿਆਂ ਉਹਨਾਂ ਨੂੰ ਕਿਰਪਾਨ ਉਤਾਰਨ ਲਈ ਕਿਹਾ। ਸ ਆਹਲੂਵਾਲੀਆ ਨੇ ਕਿਹਾ ਕਿ ਇਹ ਸਾਡੇ ਧਰਮ ਦਾ ਮਹੱਤਵਪੂਰਨ ਹਿੱਸਾ ਹੈ, ਇਹ ਕਿਰਪਾਨ ਹੈ ਇਹ ਚਾਕੂ ਨਹੀਂ ਹੈ। ਉਹਨਾਂ ਦੱਸਿਆ ਕਿ ਲੱਗਭੱਗ 4 ਘੰਟੇ ਹੋਟਲ ਸਟਾਫ ਅਤੇ ਉਹਨਾਂ ਦੀ ਬਹਿਸ ਹੁੰਦੀ ਰਹੀ। ਆਹਲੂਵਾਲੀਆ ਨੇ ਅੱਗੇ ਦੱਸਿਆ ਕਿ ਉਹਨਾਂ ਜਰਨਲ ਸਕੱਤਰ ਦੀ ਡਿਊਟੀ ਲਗਾਈ। ਆਹਲੂਵਾਲੀਆ ਨੇ ਅਗੇ ਕਿਹਾ ਕਿ ਉਹਨਾਂ ਸ਼ੰਗਰੀਲਾ ਹੋਟਲ ਵਿਚ ਰਹਿਣ ਦੀ ਬਜਾਏ ਇਕ ਹੋਰ ਹੋਟਲ ਦੀ ਚੋਣ ਕੀਤੀ ਅਤੇ ਥਾਈਲੈਂਡ ਦੇ ਪ੍ਰਧਾਨ ਮੰਤਰੀ, ਭਾਰਤ ਦੇ ਪ੍ਰਧਾਨ ਮੰਤਰੀ, ਥਾਈਲੈਂਡ ਵਿਚ ਭਾਰਤੀ ਸਫਾਰਤਖਾਨੇ, ਭਾਰਤ ਵਿਚ ਥਾਈਲੈਂਡ ਦੇ ਸਫਾਰਤਖਾਨੇ ਸਮੇਤ ਵੱਖ ਵੱਖ ਅਧਿਕਾਰੀਆਂ ਤੇ ਸਿਆਸੀ ਆਗੂਆਂ ਨੂੰ ਪੱਤਰ ਲਿਖ ਕੇ ਆਪਣੇ ਨਾਲ ਹੋਈ ਵਧੀਕੀ ਬਾਰੇ ਜਾਣਕਾਰੀ ਦਿੱਤੀ। ਇਸ ਤੋਂ ਬਾਅਦ ਹੋਟਲ ਸਟਾਫ ਨੇ ਲਿਖਤੀ ਮੁਆਫੀ ਮੰਗੀ, ਪਰ ਇਹ ਸਪੱਸ਼ਟ ਨਹੀਂ ਕੀਤਾ ਕਿ ਉਹਨਾਂ ਕਰਮਚਾਰੀਆਂ ਜਿਨ੍ਹਾਂ ਨੇ ਉਹਨਾਂ ਨਾਲ ਗ਼ਲਤ ਵਿਵਹਾਰ ਕੀਤਾ ਸੀ ਉਹਨਾਂ ਨੂੰ ਕਿਰਪਾਨ ਨੂੰ ਲੈ ਕੇ ਕਿਹੜੀਆਂ ਨਵੀਆਂ ਹਦਾਇਤ ਦਿੱਤੀਆਂ। ਉਹਨਾਂ ਇਸ ਸਬੰਧੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਵੱਲੋਂ ਮੀਤ ਸਕੱਤਰ ਹਰਭਜਨ ਸਿੰਘ ਵਕਤਾ ਨਾਲ ਵੀ ਮੁਲਾਕਾਤ ਕੀਤੀ ਤੇ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਇਸ ਸਾਰੇ ਮਾਮਲੇ 'ਤੇ ਵਿਦੇਸ਼ੀ ਸਫਾਰਤਖਾਨੇ ਨੂੰ ਪੱਤਰ ਜਾਰੀ ਕਰੇ, ਤਾਂ ਕਿ ਭਵਿੱਖ ਵਿਚ ਕਿਸੇ ਸਿੱਖ ਨੂੰ ਮੁਸ਼ਕਿਲ ਪੇਸ਼ ਨਾ ਆਵੇ।

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

ਆਮ ਜਨਤਾ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਲਿਖਤ ਵਿਅਕਤੀ (ਆਂ) ਨੇ ਚੰਡੀਗੜ੍ਹ ਹਾਊਸਿੰਗ ਬੋਰਡ (ਮਕਾਨਾਂ ਦੀ ਅਲਾਟਮੈਂਟ, ਪ੍ਰਬੰਧ ਅਤੇ ਵਿਕਰੀ) ਨਿਯਮਾਂਵਲੀ 1979 ਦੇ ਨਿਯਮ ਅਧੀਨ ਆਪਣੇ ਨਾਂਵਾਂ 'ਤੇ ਰਿਹਾਇਸ਼ੀ ਇਕਾਈ ਦੀ ਵੇਚ/ਖਰੀਦ ਦੇ ਲਈ ਪ੍ਰਵਾਨਗੀ ਹਿੱਤ ਬਿਨੈ ਕੀਤਾ ਹੈ :-

| ਲ. ਨ. | ਖਰੀਦਦਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਵਿਕਰੀਕਾਰ ਦਾ ਨਾਮ ਸ੍ਰੀ/ਸ੍ਰੀਮਤੀ/ਕੁਮਾਰੀ | ਡੀ ਯੂ ਨੰ. | ਵਰਗ | ਸੈਕਟਰ |
|---|---|---|---|---|---|
| 1. | ਸ੍ਰੀ ਸੰਜੀਵ ਪੁਰੀ ਸਪੁੱਤਰ ਸ੍ਰੀ ਲੇਖ ਰਾਜ ਪੁਰੀ | ਸ੍ਰੀਮਤੀ ਨਿਰਮਲਾ ਦੇਵੀ ਸੁਪਤਨੀ ਸ੍ਰੀ ਚਮਨ ਲਾਲ | 1198-1 | EWS | 40-ਬੀ ਚੰਡੀਗੜ੍ਹ |

ਉਕਤ ਦਰਸਾਈਆਂ ਰਿਹਾਇਸ਼ੀ ਇਕਾਈਆਂ ਦੇ ਸਬੰਧ ਵਿਚ ਵਿਕਰੀ/ਖਰੀਦ ਦੇ ਲਈ ਕਿਸੇ ਨੂੰ ਵੀ ਕੋਈ ਇਤਰਾਜ਼ ਹੋਣ ਦੀ ਸੂਰਤ ਵਿਚ ਉਹ ਆਪਣਾ ਇਤਰਾਜ਼, ਜੇਕਰ ਕੋਈ ਹੋਵੇ, ਦਸਤਾਵੇਜ਼ੀ ਸਬੂਤ, ਜੇਕਰ ਕੋਈ ਹੋਵੇ, ਸਮੇਤ ਨਿਮਨ ਹਸਤਾਖ਼ਰੀ ਕੋਲ ਇਸ ਸੂਚਨਾ ਦੇ ਪ੍ਰਕਾਸ਼ਨ ਦੇ 21 ਦਿਨਾਂ ਦੇ ਅੰਦਰ ਲਿਖਤ ਵਿਚ ਜਮ੍ਹਾਂ ਕਰ ਸਕਦਾ/ਸਕਦੀ ਹੈ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ



**ਜਨਤਕ ਸੂਚਨਾ**

ਵਿਸ਼ਾ :- ਪੰਜੀਕ੍ਰਿਤ ਵਸੀਅਤ ਦੇ ਆਧਾਰ 'ਤੇ ਅਲਾਟੀ/ਟ੍ਰਾਂਸਫਰੀ ਸ੍ਰੀਮਤੀ ਸ਼ਸ਼ੀ ਕਾਂਤਾ ਸੁਪਤਨੀ ਸ੍ਰੀ ਸ਼ਾਂਤੀ ਸਰੂਪ ਦੇ ਨਾਮ ਤੋਂ ਸ੍ਰੀਮਤੀ ਭਾਰਤੀ ਭਾਰਗਵ ਸਪੁੱਤਰੀ ਸ੍ਰੀ ਸ਼ਾਂਤੀ ਸਰੂਪ, ਸੁਪਤਨੀ ਸ੍ਰੀ ਮਨੋਜ ਕੁਮਾਰ ਭਾਰਗਵ ਦੇ ਨਾਮ 'ਤੇ ਸੈਕਟਰ 41-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 480 ਦੇ ਸਬੰਧ ਵਿਚ ਮਾਲਕੀ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਥੇ ਸੂਚਿਤ ਕੀਤਾ ਜਾਂਦਾ ਹੈ ਕਿ ਸੈਕਟਰ 41-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 480 ਵਜੋਂ ਜਾਣੂੰ ਸੰਪੱਤੀ ਸ੍ਰੀਮਤੀ ਸ਼ਸ਼ੀ ਕਾਂਤਾ ਸੁਪਤਨੀ ਸ੍ਰੀ ਸ਼ਾਂਤੀ ਸਰੂਪ ਦੇ ਨਾਮ 'ਤੇ ਦਰਜ ਹੈ। ਸ੍ਰੀਮਤੀ ਭਾਰਤੀ ਭਾਰਗਵ ਸਪੁੱਤਰੀ ਸ੍ਰੀ ਸ਼ਾਂਤੀ ਸਰੂਪ, ਸੁਪਤਨੀ ਸ੍ਰੀ ਮਨੋਜ ਕੁਮਾਰ ਭਾਰਗਵ, ਜਿਨ੍ਹਾਂ ਨੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ ਵੱਲੋਂ ਸੂਚਿਤ ਕੀਤਾ ਗਿਆ ਹੈ ਕਿ ਸ੍ਰੀਮਤੀ ਸ਼ਸ਼ੀ ਕਾਂਤਾ ਸੁਪਤਨੀ ਸ੍ਰੀ ਸ਼ਾਂਤੀ ਸਰੂਪ ਦੀ ਚੰਡੀਗੜ੍ਹ ਵਿਖੇ 30.07.2013 ਨੂੰ ਮੌਤ ਹੋ ਗਈ ਸੀ ਅਤੇ ਉਹ ਆਪਣੇ ਪਿੱਛੇ ਉਨ੍ਹਾਂ ਦੇ ਪੱਖ ਸਬ ਰਜਿਸਟਰਾਰ, ਚੰਡੀਗੜ੍ਹ ਵਿਖੇ ਪੰਜੀਕ੍ਰਿਤ ਮਿਤੀ 11.01.2005 ਦੀ ਇੱਕ ਪੰਜੀਕ੍ਰਿਤ ਵਸੀਅਤ ਛੱਡ ਗਏ ਸਨ ਅਤੇ ਇਹ ਉਨ੍ਹਾਂ ਵੱਲੋਂ ਆਪਣੇ ਪੂਰੇ ਹੋਸ਼ ਵਿਚ ਕਾਰਜਰੂਪ ਕੀਤੀ ਆਖ਼ਰੀ ਵਸੀਅਤ ਹੈ, ਜੋ ਕਿ ਮ੍ਰਿਤਕ ਦੀ ਮੌਤ ਤੱਕ ਨਾ ਤਾਂ ਬਦਲੀ ਗਈ ਅਤੇ ਨਾ ਹੀ ਰੱਦ ਕੀਤੀ ਗਈ ਹੈ।

ਜੇਕਰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸਬੰਧੀ ਕਿਸੇ ਨੂੰ ਵੀ ਕੋਈ ਇਤਰਾਜ਼ ਹੈ, ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ ਦੀ ਸੂਰਤ ਵਿਚ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਰਸਾਏ ਦਾਅਵੇਕਾਰਾਂ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ ਸ੍ਰੀਮਤੀ ਸੁਦੇਸ਼ ਕੁਮਾਰੀ ਸੁਪਤਨੀ ਸ੍ਰੀ ਰਾਜੀਵ ਸੂਦ ਦੇ ਨਾਮ ਤੋਂ ਸ੍ਰੀ ਨਰੇਸ਼ ਕਾਂਤ ਸਪੁੱਤਰ ਸ੍ਰੀ ਮਦਨ ਮੋਹਨ ਦੇ ਨਾਮ 'ਤੇ ਵਿਕਰੀ ਡੀਡ ਦੇ ਅਧਾਰ 'ਤੇ ਮਾਡਰਨ ਹਾਊਸਿੰਗ ਕੰਪਲੈਕਸ, ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-4 ਦੀ ਰਿਹਾਇਸ਼ੀ ਇਕਾਈ ਨੰ. 5301 (ਜ਼ਮੀਨੀ ਤਲ) ਦੇ ਸਬੰਧ ਵਿਚ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਮਾਡਰਨ ਹਾਊਸਿੰਗ ਕੰਪਲੈਕਸ, ਮਨੀਮਾਜਰਾ, ਚੰਡੀਗੜ੍ਹ ਵਿਚ ਵਰਗ-4 ਦੀ ਰਿਹਾਇਸ਼ੀ ਇਕਾਈ ਨੰ. 5301 (ਜ਼ਮੀਨੀ ਤਲ) ਅਲਾਟੀ/ਟ੍ਰਾਂਸਫਰੀ ਸ੍ਰੀਮਤੀ ਸੁਦੇਸ਼ ਕੁਮਾਰੀ ਸੁਪਤਨੀ ਸ੍ਰੀ ਰਾਜੀਵ ਸੂਦ ਦੇ ਨਾਮ 'ਤੇ ਦਰਜ ਹੈ। ਹੁਣ, ਸ੍ਰੀਮਤੀ ਸੁਦੇਸ਼ ਕੁਮਾਰੀ ਸੁਪਤਨੀ ਸ੍ਰੀ ਰਾਜੀਵ ਸੂਦ ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 11.04.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ ਸ੍ਰੀ ਨਰੇਸ਼ ਕਾਂਤ ਸਪੁੱਤਰ ਸ੍ਰੀ ਮਦਨ ਮੋਹਨ ਨੂੰ ਵੇਚ ਦਿੱਤੀ ਹੈ। ਸ੍ਰੀ ਨਰੇਸ਼ ਕਾਂਤ ਸਪੁੱਤਰ ਸ੍ਰੀ ਮਦਨ ਮੋਹਨ ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

**ਜਨਤਕ ਸੂਚਨਾ**

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

ਵਿਸ਼ਾ : ਅਲਾਟੀ/ਟ੍ਰਾਂਸਫਰੀ (1) ਸ੍ਰੀ ਜਸਪਾਲ ਸਿੰਘ ਸਪੁੱਤਰ ਸ੍ਰੀ ਹਰੀ ਰਾਮ ਅਤੇ (2) ਸ੍ਰੀ ਰਮੇਸ਼ ਕੁਮਾਰ ਮਿਗਲਾਨੀ ਸਪੁੱਤਰ ਸ੍ਰੀ ਰਾਮ ਚੰਦਰ (ਹਰੇਕ ਦਾ 1/3 ਹਿੱਸਾ) ਦੇ ਨਾਮ ਤੋਂ ਸ੍ਰੀ ਪ੍ਰੇਮ ਦਾਸ ਸਪੁੱਤਰ ਸ੍ਰੀ ਭਲਖੂ ਰਾਮ (1/3 (33.33%) ਹਿੱਸਾ) ਦੇ ਨਾਮ 'ਤੇ ਵਿਕਰੀ ਡੀਡ ਦੇ ਅਧਾਰ 'ਤੇ ਸੈਕਟਰ 55, ਚੰਡੀਗੜ੍ਹ ਵਿਚ ਵਰਗ-2 ਦੀ ਰਿਹਾਇਸ਼ੀ ਇਕਾਈ ਨੰ. 237/2 (ਦੂਜੀ ਮੰਜ਼ਿਲ) ਦੇ ਸਬੰਧ ਵਿਚ 2.3 (66.67%) ਹਿੱਸੇ ਦੀ ਮਾਲਕੀ ਅਧਿਕਾਰ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸੈਕਟਰ 55, ਚੰਡੀਗੜ੍ਹ ਵਿਚ ਵਰਗ-2 ਦੀ ਰਿਹਾਇਸ਼ੀ ਇਕਾਈ ਨੰ. 237/2 (ਦੂਜੀ ਮੰਜ਼ਿਲ) ਅਲਾਟੀ/ਟ੍ਰਾਂਸਫਰੀ (1) ਸ੍ਰੀ ਜਸਪਾਲ ਸਿੰਘ ਸਪੁੱਤਰ ਸ੍ਰੀ ਹਰੀ ਰਾਮ ਅਤੇ (2) ਸ੍ਰੀ ਰਮੇਸ਼ ਕੁਮਾਰ ਮਿਗਲਾਨੀ ਸਪੁੱਤਰ ਸ੍ਰੀ ਰਾਮ ਚੰਦਰ (ਹਰੇਕ ਦਾ 1/3 ਹਿੱਸਾ) ਦੇ ਨਾਮ 'ਤੇ ਦਰਜ ਹੈ। ਹੁਣ, (1) ਸ੍ਰੀ ਜਸਪਾਲ ਸਿੰਘ ਸਪੁੱਤਰ ਸ੍ਰੀ ਹਰੀ ਰਾਮ ਅਤੇ (2) ਸ੍ਰੀ ਰਮੇਸ਼ ਕੁਮਾਰ ਮਿਗਲਾਨੀ ਸਪੁੱਤਰ ਸ੍ਰੀ ਰਾਮ ਚੰਦਰ (ਹਰੇਕ ਦਾ 1/3 ਹਿੱਸਾ) ਨੇ ਉਕਤ ਦਰਸਾਈ ਰਿਹਾਇਸ਼ੀ ਇਕਾਈ 09.05.2025 ਨੂੰ ਸਬ-ਰਜਿਸਟਰਾਰ ਚੰਡੀਗੜ੍ਹ ਦੇ ਦਫਤਰ ਵਿਚ ਕਾਰਜਰੂਪ ਅਤੇ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ ਸ੍ਰੀ ਪ੍ਰੇਮ ਦਾਸ ਸਪੁੱਤਰ ਸ੍ਰੀ ਭਲਖੂ ਰਾਮ (1/3 (33.33%) ਹਿੱਸਾ) ਨੂੰ ਵੇਚ ਦਿੱਤੀ ਹੈ। ਸ੍ਰੀ ਪ੍ਰੇਮ ਦਾਸ ਸਪੁੱਤਰ ਸ੍ਰੀ ਭਲਖੂ ਰਾਮ (1/3 (33.33%) ਹਿੱਸਾ) ਨੇ ਵਿਕਰੀ ਡੀਡ ਦੇ ਆਧਾਰ 'ਤੇ ਆਪਣੇ ਨਾਮ 'ਤੇ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਤਬਾਦਲੇ ਲਈ ਇਸ ਦਫ਼ਤਰ ਨੂੰ ਬੇਨਤੀ ਕੀਤੀ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਬਾਰੇ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।

ਸਕੱਤਰ
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ



**ਜਨਤਕ ਸੂਚਨਾ**

ਵਿਸ਼ਾ : ਅਲਾਟੀ/ਟ੍ਰਾਂਸਫਰੀ ਸ੍ਰੀ ਸਤੀਸ਼ ਕੁਮਾਰ ਵਾਲੀਆ ਸਪੁੱਤਰ ਸਵਰਗੀ ਸ੍ਰੀ ਰਘਬੀਰ ਸਿੰਘ ਦੀ ਬੇਵਸੀਅਤੀ ਮੌਤ 'ਤੇ (1) ਸ੍ਰੀਮਤੀ ਕਿਰਨ ਵਾਲੀਆ ਸੁਪਤਨੀ ਸ੍ਰੀ ਸਤੀਸ਼ ਕੁਮਾਰ (2) ਸ੍ਰੀਮਤੀ ਜਯੋਤੀ ਵਾਲੀਆ ਸੁਪਤਨੀ ਸ੍ਰੀ ਦਵਿੰਦਰ ਸਿੰਘ (3) ਸ੍ਰੀ ਸੁਮਿਤ ਵਾਲੀਆ ਸਪੁੱਤਰ ਸਵਰਗੀ ਸ੍ਰੀ ਸਤੀਸ਼ ਵਾਲੀਆ ਦੇ ਨਾਵਾਂ 'ਤੇ ਸੈਕਟਰ 40-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 606-1 ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸੈਕਟਰ 40-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 606-1 ਦੇ ਮਾਲਕ ਸ੍ਰੀ ਸਤੀਸ਼ ਕੁਮਾਰ ਵਾਲੀਆ ਸਪੁੱਤਰ ਸਵਰਗੀ ਸ੍ਰੀ ਰਘਬੀਰ ਸਿੰਘ ਦੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਵੱਲੋਂ ਦਿੱਤੀ ਸੂਚਨਾ ਅਨੁਸਾਰ ਚੰਡੀਗੜ੍ਹ ਵਿਖੇ 12.04.2022 ਨੂੰ ਮੌਤ ਹੋ ਗਈ ਸੀ। (1) ਸ੍ਰੀਮਤੀ ਕਿਰਨ ਵਾਲੀਆ ਸੁਪਤਨੀ ਸ੍ਰੀ ਸਤੀਸ਼ ਕੁਮਾਰ (2) ਸ੍ਰੀਮਤੀ ਜਯੋਤੀ ਵਾਲੀਆ ਸੁਪਤਨੀ ਸ੍ਰੀ ਦਵਿੰਦਰ ਸਿੰਘ (3) ਸ੍ਰੀ ਸੁਮਿਤ ਵਾਲੀਆ ਸਪੁੱਤਰ ਸਵਰਗੀ ਸ੍ਰੀ ਸਤੀਸ਼ ਵਾਲੀਆ ਨੇ ਸ੍ਰੀ ਸਤੀਸ਼ ਕੁਮਾਰ ਵਾਲੀਆ ਸਪੁੱਤਰ ਸਵਰਗੀ ਸ੍ਰੀ ਰਘਬੀਰ ਸਿੰਘ ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਮ 'ਤੇ ਸੈਕਟਰ 40-ਏ, ਚੰਡੀਗੜ੍ਹ ਵਿਚ ਐਲਆਈਜੀ ਵਰਗ ਦੇ ਡੀਯੂ ਨੰਬਰ 606-1 ਦੀ ਮਾਲਕੀ ਦੇ ਤਬਾਦਲੇ ਲਈ ਬਿਨੈ ਕੀਤਾ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) ਸ੍ਰੀਮਤੀ ਕਿਰਨ ਵਾਲੀਆ (ਸੁਪਤਨੀ) (2) ਸ੍ਰੀਮਤੀ ਜਯੋਤੀ ਵਾਲੀਆ (ਸਪੁੱਤਰੀ) (3) ਸ੍ਰੀ ਸੁਮਿਤ ਵਾਲੀਆ (ਸਪੁੱਤਰ) ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

**ਚੰਡੀਗੜ੍ਹ ਹਾਊਸਿੰਗ ਬੋਰਡ** — 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ



**ਜਨਤਕ ਸੂਚਨਾ**

ਵਿਸ਼ਾ : ਅਲਾਟੀ/ਟ੍ਰਾਂਸਫਰੀ ਸ੍ਰੀਮਤੀ ਕੁਲਵੰਤ ਕੌਰ ਸੁਪਤਨੀ ਸ੍ਰੀ ਸੋਹਣ ਸਿੰਘ ਦੀ ਬੇਵਸੀਅਤੀ ਮੌਤ 'ਤੇ (1) ਸ੍ਰੀਮਤੀ ਮਨਜੀਤ ਕੌਰ ਸਪੁੱਤਰੀ ਸਵਰਗੀ ਸ੍ਰੀ ਸੋਹਣ ਸਿੰਘ, ਖੁਦ ਲਈ ਅਤੇ ਆਪਣੇ ਭਰਾਵਾਂ ਦੇ ਜੀਪੀਏ ਧਾਰਕ (2) ਸ੍ਰੀ ਹਰਪ੍ਰੀਤ ਸਿੰਘ ਭਾਚੂ ਸਪੁੱਤਰ ਸਵਰਗੀ ਸ੍ਰੀ ਸੋਹਣ ਸਿੰਘ ਅਤੇ (3) ਸ੍ਰੀ ਜਸਬੀਰ ਸਿੰਘ ਸਪੁੱਤਰ ਸਵਰਗੀ ਸ੍ਰੀ ਸੋਹਣ ਸਿੰਘ ਦੇ ਨਾਵਾਂ 'ਤੇ ਸੈਕਟਰ 51-ਏ, ਚੰਡੀਗੜ੍ਹ ਵਿਚ ਵਰਗ-2 ਦੇ ਡੀਯੂ ਨੰਬਰ 99 ਦੀ ਅਲਾਟਮੈਂਟ/ਪੰਜੀਕਰਨ ਦਾ ਤਬਾਦਲਾ/ਪਰਿਵਰਤਨ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਸੈਕਟਰ 51-ਏ, ਚੰਡੀਗੜ੍ਹ ਵਿਚ ਵਰਗ-2 ਦੇ ਡੀਯੂ ਨੰਬਰ 99 ਦੇ ਮਾਲਕ ਸ੍ਰੀਮਤੀ ਕੁਲਵੰਤ ਕੌਰ ਸੁਪਤਨੀ ਸ੍ਰੀ ਸੋਹਣ ਦੀ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਵੱਲੋਂ ਦਿੱਤੀ ਸੂਚਨਾ ਅਨੁਸਾਰ ਵਿਲੀਅਮ ਔਸਲਰ ਹੈਲਥ ਸਿਸਟਮ- ਬਰੈਂਪਟਨ (ਕੈਨੇਡਾ) ਵਿਖੇ 20.01.2024 ਨੂੰ ਮੌਤ ਹੋ ਗਈ ਸੀ। (1) ਸ੍ਰੀਮਤੀ ਮਨਜੀਤ ਕੌਰ ਸਪੁੱਤਰੀ ਸਵਰਗੀ ਸ੍ਰੀ ਸੋਹਣ ਸਿੰਘ, ਖੁਦ ਲਈ ਅਤੇ ਆਪਣੇ ਭਰਾਵਾਂ ਦੇ ਜੀਪੀਏ ਧਾਰਕ (2) ਸ੍ਰੀ ਹਰਪ੍ਰੀਤ ਸਿੰਘ ਭਾਚੂ ਸਪੁੱਤਰ ਸਵਰਗੀ ਸ੍ਰੀ ਸੋਹਣ ਸਿੰਘ ਅਤੇ (3) ਸ੍ਰੀ ਜਸਬੀਰ ਸਿੰਘ ਸਪੁੱਤਰ ਸਵਰਗੀ ਸ੍ਰੀ ਸੋਹਣ ਸਿੰਘ ਨੇ ਸ੍ਰੀਮਤੀ ਕੁਲਵੰਤ ਕੌਰ ਸੁਪਤਨੀ ਸ੍ਰੀ ਸੋਹਣ ਸਿੰਘ ਦੀ ਬੇਵਸੀਅਤੀ ਮੌਤ ਦੇ ਆਧਾਰ 'ਤੇ ਆਪਣੇ ਨਾਮ 'ਤੇ ਸੈਕਟਰ 51-ਏ, ਚੰਡੀਗੜ੍ਹ ਵਿਚ ਵਰਗ-2 ਦੇ ਡੀਯੂ ਨੰਬਰ 99 ਦੀ ਮਾਲਕੀ ਦੇ ਤਬਾਦਲੇ ਲਈ ਬਿਨੈ ਕੀਤਾ ਹੈ। ਉਨ੍ਹਾਂ ਨੇ ਅੱਗੇ ਬਿਆਨ ਦਿੱਤਾ ਹੈ ਕਿ ਕੋਈ ਹੋਰ ਕਾਨੂੰਨੀ ਵਾਰਸ ਛੱਡਿਆ ਨਹੀਂ ਗਿਆ ਹੈ।

ਜੇਕਰ ਕਿਸੇ ਵੀ ਵਿਅਕਤੀ ਨੂੰ ਰਿਹਾਇਸ਼ੀ ਇਕਾਈ, ਜੋ ਕਿ (1) ਸ੍ਰੀਮਤੀ ਮਨਜੀਤ ਕੌਰ (ਸਪੁੱਤਰੀ) (2) ਸ੍ਰੀ ਹਰਪ੍ਰੀਤ ਸਿੰਘ ਭਾਚੂ (ਸਪੁੱਤਰ) (3) ਸ੍ਰੀ ਜਸਬੀਰ ਸਿੰਘ (ਸਪੁੱਤਰ) ਦੇ ਪੱਖ ਵਿਚ ਚੰਡੀਗੜ੍ਹ ਹਾਊਸਿੰਗ ਬੋਰਡ ਵੱਲੋਂ ਤਬਦੀਲ ਕੀਤੇ ਜਾਣ ਲਈ ਪ੍ਰਸਤਾਵਿਤ ਹੈ, ਵਿਚ ਦਾਅਵੇ/ਅਧਿਕਾਰ/ਹਿੱਤ ਸਬੰਧੀ ਕੋਈ ਵੀ ਇਤਰਾਜ਼ ਹੋਵੇ, ਤਾਂ ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਨੂੰ ਲਿਖਤ ਵਿਚ ਆਪਣਾ ਇਤਰਾਜ਼ ਪੇਸ਼ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦਾ ਪੰਜੀਕਰਨ ਅਤੇ ਅਲਾਟਮੈਂਟ ਉਕਤ ਦਾਅਵੇਕਾਰ ਦੇ ਪੱਖ ਵਿਚ ਤਬਦੀਲ ਕਰ ਦਿੱਤੇ ਜਾਣਗੇ।

ਸਕੱਤਰ,
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ

# ਸ੍ਰੀ ਹਰਿਮੰਦਰ ਸਾਹਿਬ 'ਚ ਹਵਾਈ ਸੁਰੱਖਿਆ ਗੰਨਾਂ ਲਗਾਉਣ ਦੇ ਦਾਅਵੇ ਰੱਦ

## ਭਾਰਤੀ ਫ਼ੌਜ ਦਾ ਬਿਆਨ ਹੈਰਾਨੀਜਨਕ: ਗਿ. ਰਘਬੀਰ ਸਿੰਘ

## ਪ੍ਰਬੰਧਕੀ ਤੌਰ 'ਤੇ ਅਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ, ਨਾ ਹੀ ਅਜਿਹਾ ਕੁਝ ਵਾਪਰਿਆ: ਧਾਮੀ

ਗੁਰਦਿਆਲ ਸਿੰਘ/ਬਬਲੂ ਮਹਾਜਨ




ਅੰਮ੍ਰਿਤਸਰ, 20 ਮਈ : ਬੀਤੇ ਕੱਲ੍ਹ ਭਾਰਤੀ ਫ਼ੌਜ ਦੇ ਲੈਫ਼ਟੀਨੈਂਟ ਜਨਰਲ ਸੁਮੇਰ ਇਵਾਨ ਵੱਲੋਂ ਇੱਕ ਚੈਨਲ ਨਾਲ ਇੰਟਰਵੀਊ ਦੌਰਾਨ ਹਾਲੀਆ ਭਾਰਤ-ਪਾਕਿਸਤਾਨ ਤਣਾਅ ਵਿਚਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਫੌਜ ਦੀਆਂ ਹਵਾਈ ਸੁਰੱਖਿਆ ਗੰਨਾਂ ਲਗਾਉਣ ਸਬੰਧੀ ਕੀਤੇ ਗਏ ਦਾਅਵੇ ਨੂੰ ਮੂਲੋਂ ਰੱਦ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਨੇ ਇਸ ਨੂੰ ਹੈਰਾਨੀਜਨਕ ਕਰਾਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਬੀਤੇ ਦਿਨੀਂ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹਿਰ ਵਿੱਚ ਬਲੈਕਆਊਟ ਸਬੰਧੀ ਕੀਤੀਆਂ ਗਈਆਂ ਹਦਾਇਤਾਂ ਦੇ ਮੱਦੇਨਜ਼ਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵੱਲੋਂ ਸਹਿਯੋਗ ਕੀਤਾ ਗਿਆ, ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਸਮੂਹ ਦੀਆਂ ਬਾਹਰਲੀਆਂ ਤੇ ਉੱਪਰਲੀਆਂ ਲਾਈਟਾਂ ਤੈਅ ਸਮੇਂ ਸੀਮਾ ਅਨੁਸਾਰ ਬੰਦ ਕੀਤੀਆਂ ਗਈਆਂ ਪ੍ਰੰਤੂ ਜਿੱਥੇ-ਜਿੱਥੇ ਗੁਰੂ ਦਰਬਾਰ ਦੀ ਮਰਿਆਦਾ ਚਲਦੀ ਹੈ ਉਨ੍ਹਾਂ ਥਾਵਾਂ ਉੱਤੇ ਲਾਈਟਾਂ ਚੱਲਦੀਆਂ ਰੱਖ ਕੇ ਪੂਰੀ ਜ਼ਿੰਮੇਵਾਰੀ ਨਾਲ ਮਰਿਆਦਾ ਨਿਭਾਈ ਗਈ ਹੈ। ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਭਾਰਤੀ ਫੌਜ ਦੇ ਲੈਫਟੀਨੈਂਟ ਜਨਰਲ ਵੱਲੋਂ ਇਹ ਦਾਅਵਾ ਕਰਨਾ ਕਿ ਆਪਰੇਸ਼ਨ ਸਿੰਦੂਰ ਦੌਰਾਨ ਹੈਡ ਗ੍ਰੰਥੀ ਵੱਲੋਂ ਫੌਜ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀਆਂ ਹਵਾਈ ਸੁਰੱਖਿਆ ਗੰਨਾਂ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ, ਇਹ ਮੂਲੋਂ ਗਲਤ ਹੈ ਕਿਉਂਕਿ ਅਜਿਹੀ (ਬਾਕੀ ਸਫਾ 11 'ਤੇ)

### 'ਆਪ੍ਰੇਸ਼ਨ ਸਿੰਦੂਰ' ਤੋਂ ਬਾਅਦ ਭਾਰਤੀ ਵਫ਼ਦ ਪਾਕਿਸਤਾਨ ਨੂੰ ਬੇਨਕਾਬ ਕਰਨ ਲਈ ਵਿਦੇਸ਼ਾਂ ਵੱਲ ਤੁਰੇ

# ਪਹਿਲਾ ਸਰਬ ਪਾਰਟੀ ਵਫ਼ਦ ਅੱਜ ਜਾਵੇਗਾ ਯੂ.ਏ.ਈ.

ਚੜ੍ਹਦੀਕਲਾ ਬਿਊਰੋ




ਨਵੀਂ ਦਿੱਲੀ, 20 ਮਈ :ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਭਾਰਤ ਦਾ ਕੂਟਨੀਤਕ ਸੰਪਰਕ ਬੁੱਧਵਾਰ ਨੂੰ ਸ਼ੁਰੂ ਹੋ ਰਿਹਾ ਹਿਰਾ ਹੈ, ਜਿਸ ਤਹਿਤ ਸੱਤ ਸਰਬ-ਪਾਰਟੀ ਵਫ਼ਦਾਂ ਵਿੱਚੋਂ ਪਹਿਲਾ ਵਫ਼ਦ ਸੰਯੁਕਤ ਅਰਬ ਅਮੀਰਾਤ (ਯੂਏਈ) ਲਈ ਰਵਾਨਾ ਹੋਵੇਗਾ। ਸ਼ਿਵ ਸੈਨਾ ਸੰਸਦ ਮੈਂਬਰ ਸ੍ਰੀਕਾਂਤ ਏਕਨਾਥ ਸ਼ਿੰਦੇ ਦੀ ਅਗਵਾਈ ਵਿਚ ਇਹ ਵਫ਼ਦ ਕਾਂਗੋ, ਸੀਅਰਾ ਲਿਓਨ ਅਤੇ ਲਾਇਬੇਰੀਆ ਦਾ ਵੀ ਦੌਰਾ ਕਰੇਗਾ। ਅਗਲੇ ਚਾਰ ਦਿਨਾਂ ਵਿਚ 25 ਮਈ ਤੱਕ ਬਾਕੀ ਛੇ ਵਫ਼ਦ ਲੋਕਾਂ, ਨੀਤੀ ਨਿਰਮਾਤਾਵਾਂ ਅਤੇ ਚੁਣੇ ਹੋਏ ਪ੍ਰਤੀਨਿਧੀਆਂ ਨੂੰ ਸੰਬੋਧਨ ਕਰਨ ਲਈ ਵੱਖ-ਵੱਖ ਦੇਸ਼ਾਂ ਦੇ ਦੌਰੇ 'ਤੇ ਜਾਣਗੇ। ਗ਼ੌਰਤਲਬ ਹੈ ਕਿ ਹਰੇਕ ਵਫ਼ਦ ਦੀ ਅਗਵਾਈ ਇਕ ਰਾਜਨੀਤਿਕ ਪਾਰਟੀ ਦੇ ਨੇਤਾ ਵੱਲੋਂ ਕੀਤੀ ਜਾਵੇਗੀ ਅਤੇ ਇਸ ਵਿਚ ਵੱਖ-ਵੱਖ ਪਾਰਟੀਆਂ ਦੇ ਸੰਸਦ ਮੈਂਬਰ, ਪ੍ਰਮੁੱਖ ਰਾਜਨੀਤਿਕ ਸ਼ਖਸੀਅਤਾਂ ਅਤੇ ਪ੍ਰਸਿੱਧ ਡਿਪਲੋਮੈਟ ਸ਼ਾਮਲ ਹੋਣਗੇ। ਇਨ੍ਹਾਂ ਵਫ਼ਦਾਂ ਵੱਲੋਂ ਭਾਰਤ ਦੀ ਕੌਮੀ ਇਕਜੁਟਤਾ, ਅਤਿਵਾਦ ਦੇ ਸਾਰੇ ਰੂਪਾਂ ਅਤੇ ਪ੍ਰਗਟਾਵਿਆਂ ਵਿਰੁੱਧ ਦ੍ਰਿੜ ਰੁਖ਼ ਨੂੰ ਦਰਸਾਇਆ ਜਾਵੇਗਾ। ਇਸ ਦੇ ਨਾਲ ਹੀ ਵਫ਼ਦ ਦੁਨੀਆਂ ਨੂੰ ਜ਼ੀਰੋ ਟਾਲਰੈਂਸ ਦਾ ਇਕ ਮਜ਼ਬੂਤ ਸੰਦੇਸ਼ ਦੇਣਗੇ।

ਜ਼ਿਕਰਯੋਗ ਹੈ ਕਿ 25 ਮਈ ਨੂੰ ਦੋ ਵਫ਼ਦ ਰਵਾਨਾ ਹੋਣਗੇ ਜਿਨ੍ਹਾਂ ਵਿਚ ਇਕ ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਅਗਵਾਈ ਵਿੱਚ ਸੰਯੁਕਤ ਰਾਜ ਅਮਰੀਕਾ, ਬ੍ਰਾਜ਼ੀਲ, ਕੋਲੰਬੀਆ, ਗੁਆਨਾ ਅਤੇ ਪਨਾਮਾ ਜਾਵੇਗਾ। ਇਸ ਤੋਂ ਇਲਾਵਾ ਦੂਜਾ ਵਫ਼ਦ ਭਾਜਪਾ ਨੇਤਾ ਰਵੀ ਸ਼ੰਕਰ ਪ੍ਰਸਾਦ ਦੀ ਅਗਵਾਈ ਵਿੱਚ ਫਰਾਂਸ, ਇਟਲੀ, ਡੈਨਮਾਰਕ, ਯੂਨਾਈਟਿਡ ਕਿੰਗਡਮ, ਬੈਲਜੀਅਮ ਅਤੇ ਜਰਮਨੀ ਜਾਵੇਗਾ।

ਇਸ ਤੋਂ ਪਹਿਲਾਂ 22 ਮਈ ਨੂੰ ਜਨਤਾ ਦਲ (ਯੂ) ਦੇ ਸੰਜੇ ਕੁਮਾਰ ਝਾਅ ਜਾਪਾਨ, ਦੱਖਣੀ ਕੋਰੀਆ, ਸਿੰਗਾਪੁਰ, ਇੰਡੋਨੇਸ਼ੀਆ ਅਤੇ ਮਲੇਸ਼ੀਆ ਦੇ ਵਫ਼ਦ ਦੀ ਅਗਵਾਈ ਕਰਨਗੇ। ਉਧਰ ਡੀਐਮਕੇ ਦੀ ਕਨੀਮੋਝੀ ਕਰੁਣਾਨਿਧੀ ਦੀ ਅਗਵਾਈ ਵਿੱਚ ਇੱਕ ਹੋਰ ਵਫ਼ਦ ਰੂਸ, ਸਲੋਵੇਨੀਆ, ਗ੍ਰੀਸ, ਲਾਤਵੀਆ ਅਤੇ ਸਪੇਨ ਲਈ ਰਵਾਨਾ ਹੋਵੇਗਾ। ਭਾਜਪਾ ਦੇ ਬੈਜਯੰਤ ਪਾਂਡਾ 23 ਮਈ ਨੂੰ ਬਹਿਰੀਨ, ਕੁਵੈਤ, ਸਾਊਦੀ ਅਰਬ ਅਤੇ ਅਲਜੀਰੀਆ ਦਾ ਦੌਰਾ ਕਰਨ ਲਈ ਰਵਾਨਾ ਹੋਣਗੇ, ਜਦੋਂ ਕਿ ਐਨਸੀਪੀ ਨੇਤਾ ਸੁਪ੍ਰੀਆ ਸੁਲੇ 24 ਮਈ ਨੂੰ ਕਤਰ, ਦੱਖਣੀ ਅਫਰੀਕਾ, ਇਥੋਪੀਆ ਅਤੇ ਮਿਸਰ ਆਪਣੀ ਟੀਮ ਦੀ ਅਗਵਾਈ ਕਰਨਗੇ। (ਬਾਕੀ ਸਫਾ 11 'ਤੇ)

## ਵਿਦੇਸ਼ ਸਕੱਤਰ ਮਿਸਰੀ ਨੇ ਸਰਬ ਪਾਰਟੀ ਵਫ਼ਦਾਂ ਨੂੰ ਜਾਣਕਾਰੀ ਦਿੱਤੀ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 20 ਮਈ :ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਮੰਗਲਵਾਰ ਨੂੰ ਪਹਿਲਗਾਮ ਅਤਿਵਾਦੀ ਹਮਲੇ ਅਤੇ ਆਪਰੇਸ਼ਨ ਸਿੰਧੂਰ ਤੋਂ ਬਾਅਦ ਭਾਰਤ ਦੇ ਸਟੈਂਡ ਨੂੰ ਸਾਹਮਣੇ ਰੱਖਣ ਲਈ ਵੱਖ-ਵੱਖ ਦੇਸ਼ਾਂ ਦੇ ਦੌਰੇ ਤੋਂ ਪਹਿਲਾਂ ਸੱਤ ਸਰਬ ਪਾਰਟੀ ਵਫ਼ਦਾਂ ਵਿੱਚੋਂ ਤਿੰਨ ਨੂੰ ਜਾਣਕਾਰੀ ਦਿੱਤੀ। ਜਨਤਾ ਦਲ (ਯੂ) ਦੇ ਸੰਜੇ ਝਾਅ, ਸ਼ਿਵ ਸੈਨਾ ਦੇ ਸ਼੍ਰੀਕਾਂਤ ਸ਼ਿੰਦੇ ਅਤੇ ਡੀਐਮਕੇ ਦੀ ਕਨੀਮੋਝੀ ਦੀ ਅਗਵਾਈ ਵਾਲੇ ਵਫ਼ਦਾਂ ਦੇ ਮੈਂਬਰਾਂ ਨੇ ਬ੍ਰੀਫਿੰਗ ਵਿੱਚ ਸ਼ਿਰਕਤ ਕੀਤੀ ਜਿਸ ਵਿੱਚ ਉਨ੍ਹਾਂ ਨੂੰ ਆਪਣੇ ਏਜੰਡੇ ਅਤੇ ਇਸ ਦੇ ਬਾਰੀਕ ਵੇਰਵਿਆਂ ਬਾਰੇ ਦੱਸੇ ਜਾਣ ਦੀ ਉਮੀਦ ਹੈ। ਟੀਐਮਸੀ ਸੰਸਦ ਮੈਂਬਰ ਅਭਿਸ਼ੇਕ ਬੈਨਰਜੀ, ਜਿਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਨੇ ਆਪਣੇ ਸੰਸਦ ਮੈਂਬਰ ਯੂਸਫ਼ ਪਠਾਨ ਨੂੰ ਚੁਣਨ ਦੇ ਸਰਕਾਰ ਦੇ ਇਕਪਾਸੜ ਫੈਸਲੇ ਦਾ ਵਿਰੋਧ ਕਰਨ ਤੋਂ ਬਾਅਦ ਆਖਰੀ ਸਮੇਂ 'ਤੇ ਸ਼ਾਮਲ ਕੀਤਾ ਸੀ, ਵੀ ਮੀਟਿੰਗ ਵਿੱਚ ਸ਼ਾਮਲ ਹੋਏ। ਬੈਨਰਜੀ, ਝਾਅ ਦੀ ਅਗਵਾਈ ਵਾਲੇ ਵਫ਼ਦ ਦਾ ਹਿੱਸਾ ਹਨ ਜੋ ਜਪਾਨ, ਦੱਖਣੀ ਕੋਰੀਆ, ਮਲੇਸ਼ੀਆ, ਇੰਡੋਨੇਸ਼ੀਆ ਅਤੇ ਸਿੰਗਾਪੁਰ ਦੀ ਯਾਤਰਾ ਕਰੇਗਾ।

### ਕਰਨਲ ਕੁਰੈਸ਼ੀ ਵਿਰੁੱਧ ਮੰਤਰੀ ਦੀਆਂ ਟਿੱਪਣੀਆਂ ਦਾ ਮਾਮਲਾ

# ਮੱਧ ਪ੍ਰਦੇਸ਼ ਪੁਲਿਸ ਵੱਲੋਂ 'ਸਿੱਟ' ਦਾ ਗਠਨ

ਚੜ੍ਹਦੀਕਲਾ ਬਿਊਰੋ



ਭੋਪਾਲ, 20 ਮਈ : ਸੁਪਰੀਮ ਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ, ਮੱਧ ਪ੍ਰਦੇਸ਼ ਪੁਲਿਸ ਨੇ ਸੋਮਵਾਰ ਦੇਰ ਰਾਤ ਰਾਜ ਮੰਤਰੀ ਵਿਜੇ ਸ਼ਾਹ ਦੇ ਕਰਨਲ ਸੋਫੀਆ ਕੁਰੈਸ਼ੀ ਵਿਰੁੱਧ ਟਿੱਪਣੀਆਂ ਦੀ ਜਾਂਚ ਲਈ ਤਿੰਨ ਮੈਂਬਰੀ ਐਸ.ਆਈ.ਟੀ. ਦਾ ਗਠਨ ਕੀਤਾ।

ਵਿਸ਼ੇਸ਼ ਜਾਂਚ ਟੀਮ (ਸਿੱਟ) ਵਿੱਚ ਪੁਲਿਸ ਇੰਸਪੈਕਟਰ ਜਨਰਲ ਪ੍ਰਮੋਦ ਵਰਮਾ, ਡਿਪਟੀ ਇੰਸਪੈਕਟਰ ਜਨਰਲ ਕਲਿਆਣ ਚੱਕਰਵਰਤੀ ਅਤੇ ਪੁਲਿਸ ਸੁਪਰਡੈਂਟ ਵਾਹਿਨੀ ਸਿੰਘ ਸ਼ਾਮਲ ਹਨ।

ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਰਨਲ ਕੁਰੈਸ਼ੀ ਵਿਰੁੱਧ 'ਨਿੰਦਣਯੋਗ' ਟਿੱਪਣੀਆਂ ਲਈ ਵਿਜੇ ਸ਼ਾਹ ਨੂੰ ਫਟਕਾਰ ਲਗਾਈ ਅਤੇ ਉਨ੍ਹਾਂ ਵਿਰੁੱਧ ਦਰਜ ਐਫ਼ਆਈਆਰ ਨਾਲ ਸਬੰਧਤ ਮਾਮਲੇ ਦੀ ਜਾਂਚ ਲਈ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦੇ ਗਠਨ ਦਾ ਨਿਰਦੇਸ਼ ਦਿੱਤਾ।

ਸੁਪਰੀਮ ਕੋਰਟ ਨੇ ਮੱਧ ਪ੍ਰਦੇਸ਼ ਦੇ ਪੁਲਿਸ ਡਾਇਰੈਕਟਰ ਜਨਰਲ ਨੂੰ ਮੰਗਲਵਾਰ ਸਵੇਰੇ 10 ਵਜੇ ਤੱਕ ਇੱਕ ਆਈਜੀ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿੱਚ ਤਿੰਨ ਮੈਂਬਰੀ ਐਸਆਈਟੀ ਦਾ ਗਠਨ ਕਰਨ ਲਈ ਕਿਹਾ, ਜਿਸ ਵਿੱਚ ਇੱਕ ਮਹਿਲਾ ਅਧਿਕਾਰੀ ਵੀ ਸ਼ਾਮਲ ਹੋਵੇ, ਜੋ ਮੱਧ ਪ੍ਰਦੇਸ਼ ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਦਰਜ ਕੀਤੀ ਗਈ ਐਫਆਈਆਰ ਨਾਲ ਸਬੰਧਤ ਮਾਮਲੇ ਦੀ ਜਾਂਚ ਕਰੇ।

ਮੰਤਰੀ ਨੇ ਆਪਣੀ ਟਿੱਪਣੀ ਲਈ ਹਾਈ ਕੋਰਟ ਦੇ ਉਸ ਹੁਕਮ ਵਿਰੁੱਧ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ ਜਿਸ ਵਿੱਚ ਉਨ੍ਹਾਂ ਵਿਰੁੱਧ ਐਫਆਈਆਰ ਦਰਜ ਕਰਨ ਦਾ ਨਿਰਦੇਸ਼ ਦਿੱਤਾ ਗਿਆ ਸੀ। ਸੁਣਵਾਈ ਦੌਰਾਨ, ਬੈਂਚ ਨੇ ਕਿਹਾ ਕਿ ਉਹ ਇੱਕ ਜਨਤਕ ਹਸਤੀ ਅਤੇ ਇੱਕ ਤਜਰਬੇਕਾਰ ਸਿਆਸਤਦਾਨ ਹਨ ਅਤੇ ਇਸ ਲਈ ਉਨ੍ਹਾਂ ਦੇ ਸ਼ਬਦਾਂ ਵਿੱਚ ਕੁਝ ਵਜ਼ਨ ਹੋਣਾ ਚਾਹੀਦਾ ਹੈ।

### ਵਿਸ਼ਵ ਸਿਹਤ ਅਸੈਂਬਲੀ ਦੇ 78ਵੇਂ ਸੈਸ਼ਨ ਨੂੰ ਪ੍ਰਧਾਨ ਮੰਤਰੀ ਵੱਲੋਂ ਸੰਬੋਧਨ

# ਸਿਹਤਮੰਦ ਵਿਸ਼ਵ ਦਾ ਭਵਿੱਖ ਸਾਂਝੇ ਯਤਨਾਂ 'ਤੇ ਨਿਰਭਰ ਕਰਦੈ: ਮੋਦੀ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 20 ਮਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੇਨੇਵਾ ਵਿੱਚ ਹੋ ਰਹੇ ਵਿਸ਼ਵ ਸਿਹਤ ਅਸੈਂਬਲੀ ਦੇ 78ਵੇਂ ਸੈਸ਼ਨ ਨੂੰ ਸੰਬੋਧਨ ਕੀਤਾ। ਇਸ ਦੌਰਾਨ ਉਨ੍ਹਾਂ ਨੇ ਸਿਹਤ ਨੂੰ ਇੱਕ ਵਿਸ਼ਵਵਿਆਪੀ ਮੁੱਦੇ ਵਜੋਂ ਵਿਚਾਰਿਆ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇੱਕ ਸਿਹਤਮੰਦ ਦੁਨੀਆਂ ਦਾ ਭਵਿੱਖ ਸਮਾਵੇਸ਼, ਏਕੀਕ੍ਰਿਤ ਪਹੁੰਚ ਅਤੇ ਸਹਿਯੋਗ 'ਤੇ ਨਿਰਭਰ ਕਰਦਾ ਹੈ। ਸ਼ਮੂਲੀਅਤ ਭਾਰਤ ਦੇ ਮੂਲ ਵਿੱਚ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਇਸ ਸਾਲ ਦੀ ਵਿਸ਼ਵ ਸਿਹਤ ਸਭਾ ਦਾ ਵਿਸ਼ਾ ਸਿਹਤ ਲਈ ਇੱਕ ਵਿਸ਼ਵ ਹੈ। ਇਹ ਵਿਸ਼ਵ ਸਿਹਤ ਪ੍ਰਤੀ ਭਾਰਤ ਦੇ ਦ੍ਰਿਸ਼ਟੀਕੋਣ ਦੇ ਸਮਾਨ ਹੈ। ਜਦੋਂ ਮੈਂ 2023 ਵਿੱਚ ਇਸ ਇਕੱਠ ਨੂੰ ਸੰਬੋਧਨ ਕੀਤਾ ਸੀ, ਤਾਂ ਮੈਂ ਇੱਕ ਧਰਤੀ-ਇੱਕ ਸਿਹਤ ਬਾਰੇ ਗੱਲ ਕੀਤੀ ਸੀ। ਉਨ੍ਹਾਂ ਕਿਹਾ ਕਿ ਇੱਕ ਸਿਹਤਮੰਦ ਦੁਨੀਆਂ ਦਾ ਭਵਿੱਖ ਸਮਾਵੇਸ਼, ਏਕੀਕ੍ਰਿਤ ਪਹੁੰਚ ਅਤੇ ਸਹਿਯੋਗ 'ਤੇ ਨਿਰਭਰ ਕਰਦਾ ਹੈ। ਭਾਰਤ ਦੇ ਸਿਹਤ ਸੁਧਾਰਾਂ ਦੇ ਮੂਲ ਵਿੱਚ ਸ਼ਮੂਲੀਅਤ ਹੈ।

ਉਨ੍ਹਾਂ ਕਿਹਾ ਕਿ ਸਾਡੀ ਆਯੁਸ਼ਮਾਨ ਭਾਰਤ ਯੋਜਨਾ ਦੁਨੀਆਂ ਦੀ ਸਭ ਤੋਂ ਵੱਡੀ ਸਿਹਤ ਬੀਮਾ ਯੋਜਨਾ ਹੈ। ਇਹ 580 ਮਿਲੀਅਨ ਲੋਕਾਂ ਨੂੰ ਕਵਰ ਬਾਜ਼ਾਰ ਕੀਮਤ ਨਾਲੋਂ ਬਹੁਤ ਘੱਟ ਕੀਮਤਾਂ 'ਤੇ ਉੱਚ ਗੁਣਵੱਤਾ ਵਾਲੀਆਂ ਦਵਾਈਆਂ ਪ੍ਰਦਾਨ ਕਰਦੇ ਹਨ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਿਹਤ ਨਤੀਜਿਆਂ ਨੂੰ ਬਿਹਤਰ ਬਣਾਉਣ ਲਈ ਤਕਨਾਲੋਜੀ ਇੱਕ ਮਹੱਤਵਪੂਰਨ ਉਤਪ੍ਰੇਰਕ ਸਾਬਤ ਹੋ ਸਕਦੀ ਹੈ। ਭਾਰਤ ਕੋਲ ਗਰਭਵਤੀ ਔਰਤਾਂ ਅਤੇ ਬੱਚਿਆਂ ਦੇ ਟੀਕਾਕਰਨ ਨੂੰ ਟਰੈਕ ਕਰਨ ਲਈ ਇੱਕ ਡਿਜੀਟਲ ਪਲੇਟਫਾਰਮ ਹੈ। ਲੱਖਾਂ ਲੋਕਾਂ ਦੀ ਇੱਕ ਵਿਲੱਖਣ ਡਿਜੀਟਲ ਸਿਹਤ ਪਛਾਣ ਹੈ। ਇਹ ਸਾਨੂੰ ਲਾਭ, ਬੀਮਾ, ਰਿਕਾਰਡ ਅਤੇ ਜਾਣਕਾਰੀ ਨੂੰ ਏਕੀਕ੍ਰਿਤ ਕਰਨ ਵਿੱਚ ਮਦਦ ਕਰ ਰਿਹਾ ਹੈ। ਟੈਲੀਮੈਡੀਸਨ ਨਾਲ, ਕੋਈ ਵੀ ਡਾਕਟਰ ਤੋਂ ਬਹੁਤ ਦੂਰ ਨਹੀਂ ਹੈ। ਸਾਡੀ ਮੁਫ਼ਤ ਟੈਲੀਮੈਡੀਸਨ ਸੇਵਾ ਨੇ 340 ਮਿਲੀਅਨ ਤੋਂ ਵੱਧ ਸਲਾਹ-ਮਸ਼ਵਰੇ ਨੂੰ ਸਮਰੱਥ ਬਣਾਇਆ ਹੈ।

### ਵਕਫ਼ 'ਤੇ ਸਿੱਬਲ ਨੂੰ ਸੀਜੇਆਈ ਦਾ ਸਖ਼ਤ ਜਵਾਬ

# 'ਮਜ਼ਬੂਤ ਕੇਸ ਨਾ ਹੋਣ ਤਕ ਕੋਈ ਦਖ਼ਲਅੰਦਾਜ਼ੀ ਨਹੀਂ'

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 20 ਮਈ :ਸੁਪਰੀਮ ਕੋਰਟ ਨੇ ਅੱਜ ਵਕਫ਼ (ਸੋਧ) ਐਕਟ, 2025 'ਤੇ ਪਟੀਸ਼ਨਾਂ 'ਤੇ ਸੁਣਵਾਈ ਸ਼ੁਰੂ ਕਰ ਦਿਤੀ ਹੈ। ਸੀਜੇਆਈ ਬੀਆਰ ਗਵਈ ਅਤੇ ਜਸਟਿਸ ਆਗਸਟੀਨ ਜਾਰਜ ਕ੍ਰਾਈਸਟ ਦੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਹੈ। ਪਟੀਸ਼ਨਕਰਤਾਵਾਂ ਵਿਚ ਅਸਦੁਦੀਨ ਓਵੈਸੀ ਅਤੇ ਅਰਸ਼ਦ ਮਦਨੀ ਸ਼ਾਮਲ ਹਨ।

ਵਕਫ਼ (ਸੋਧ) ਐਕਟ, 2025 ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਵਿਚ ਸੁਣਵਾਈ ਸ਼ੁਰੂ ਹੋ ਗਈ ਹੈ। ਭਾਰਤ ਦੇ ਮੁੱਖ ਜੱਜ (ਸੀ.ਜੇ.ਆਈ.) ਬੀਆਰ ਗਵਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਬੈਂਚ ਇਸ ਮਾਮਲੇ ਦੀ ਸੁਣਵਾਈ ਕਰ ਰਹੀ ਹੈ। ਪਿਛਲੇ ਹਫ਼ਤੇ, ਅਦਾਲਤ ਨੇ ਪਟੀਸ਼ਨਕਰਤਾਵਾਂ ਅਤੇ ਕੇਂਦਰ ਨੂੰ 19 ਮਈ ਤੱਕ ਛੋਟੇ ਨੋਟ ਦਾਇਰ ਕਰਨ ਦਾ ਨਿਰਦੇਸ਼ ਦਿਤਾ ਸੀ। ਇਸ ਤੋਂ ਬਾਅਦ, ਦੋਵਾਂ ਧਿਰਾਂ ਨੇ ਅਪਣੀਆਂ ਲਿਖਤੀ ਦਲੀਲਾਂ ਪੇਸ਼ ਕੀਤੀਆਂ ਹਨ। ਇਸ ਦੇ ਨਾਲ ਹੀ, ਸਰਕਾਰ ਵਲੋਂ ਐਸਜੀ ਤੁਸ਼ਾਰ ਮਹਿਤਾ ਜਦਕਿ ਪਟੀਸ਼ਨਰਾਂ ਵਲੋਂ ਕਪਿਲ ਸਿੱਬਲ ਤੇ ਅਭਿਸ਼ੇਕ ਮਨੂ ਸਿੰਘਵੀ ਦਲੀਲਾਂ ਪੇਸ਼ ਕਰ ਰਹੇ ਹਨ।

ਜਾਣਕਾਰੀ ਅਨੁਸਾਰ ਸੁਪਰੀਮ ਕੋਰਟ ਨੇ ਪਟੀਸ਼ਨਕਰਤਾਵਾਂ ਤੋਂ ਪੁੱਛਿਆ ਕਿ ਕੀ ਪਹਿਲਾਂ ਦੇ ਵਕਫ਼ ਐਕਟਾਂ ਵਿਚ ਵਕਫ਼ ਦੀ ਰਜਿਸਟ੍ਰੇਸ਼ਨ ਦਾ ਪ੍ਰਬੰਧ ਸੀ ? ਕੀ ਇਹ ਰਜਿਸਟ੍ਰੇਸ਼ਨ ਲਾਜ਼ਮੀ ਸੀ ਜਾਂ ਸਿਰਫ਼ ਇਕ ਦਿਸ਼ਾ-ਨਿਰਦੇਸ਼ ? ਜੇ ਰਜਿਸਟਰ ਨਾ (ਬਾਕੀ ਸਫਾ 11 'ਤੇ)

## ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ ਹੋਵੇਗੀ ਸ਼ੁਰੂ

ਗੋਬਿੰਦਘਾਟ, 20 ਮਈ (ਚੜ੍ਹਦੀਕਲਾ ਬਿਊਰੋ) : ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਇਸ ਸਾਲ 25 ਮਈ ਤੋਂ ਸ਼ੁਰੂ ਹੋਵੇਗੀ। ਯਾਤਰਾ ਤੋਂ ਪਹਿਲਾਂ ਬਰਫ਼ ਸਾਫ਼ ਕਰਨ ਅਤੇ ਰਸਤਾ ਤਿਆਰ ਕਰਨ ਲਈ ਭਾਰਤੀ ਫੌਜ ਦੀ ਟੀਮ ਗੁਰਦੁਆਰਾ ਗੋਬਿੰਦਘਾਟ ਪਹੁੰਚ ਗਈ ਹੈ ਅਤੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਹੈ। 22 ਮਈ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਪਹਿਲੇ ਜਥੇ ਦੀ ਰਵਾਨਗੀ ਹੋਵੇਗੀ।

ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਵੱਲੋਂ ਸ਼ਰਧਾਲੂਆਂ ਦੇ ਸਵਾਗਤ ਅਤੇ ਸਨਮਾਨ ਲਈ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਲਗਭਗ 15 ਹਜ਼ਾਰ ਫੁੱਟ ਦੀ ਉਚਾਈ 'ਤੇ ਸਥਿਤ ਹੇਮਕੁੰਟ ਸਾਹਿਬ ਦੇ ਕਿਵਾੜ 25 ਮਈ ਤੋਂ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਜਾਣਗੇ।

ਗੋਬਿੰਦਘਾਟ ਤੋਂ ਘੰਗਰੀਆ ਤੱਕ ਹੈਲੀਕਾਪਟਰ ਸੇਵਾ ਵੀ ਸ਼ੁਰੂ ਹੋ ਜਾਵੇਗੀ, ਜੋ ਕਿ ਪਵਨ ਹੰਸ ਏਵੀਏਸ਼ਨ ਦੁਆਰਾ ਚਲਾਈ ਜਾਵੇਗੀ। ਹੇਮਕੁੰਟ ਸਾਹਿਬ ਦੀ ਯਾਤਰਾ ਨੂੰ ਸੁਚਾਰੂ ਅਤੇ ਸੁਵਿਧਾਜਨਕ ਬਣਾਉਣ ਲਈ, ਉੱਤਰਾਖੰਡ ਸਿਵਲ ਏਵੀਏਸ਼ਨ (ਬਾਕੀ ਸਫਾ 11 'ਤੇ)

### ਭਾਰਤੀ ਫ਼ੌਜ ਦਾ ਵੱਡਾ ਦਾਅਵਾ

## 'ਆਪ੍ਰੇਸ਼ਨ ਸਿੰਦੂਰ 'ਚ 64 ਪਾਕਿਸਤਾਨੀ ਫ਼ੌਜੀ ਤੇ ਅਧਿਕਾਰੀ ਮਾਰੇ ਗਏ'

ਨਵੀਂ ਦਿੱਲੀ, 20 ਮਈ (ਚੜ੍ਹਦੀਕਲਾ ਬਿਊਰੋ) : ਭਾਰਤੀ ਫੌਜ ਨੇ 'ਆਪ੍ਰੇਸ਼ਨ ਸਿੰਦੂਰ' ਸਬੰਧੀ ਮਹੱਤਵਪੂਰਨ ਜਾਣਕਾਰੀ ਦਿੱਤੀ ਹੈ। ਫੌਜ ਦਾ ਕਹਿਣਾ ਹੈ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ ਪਾਕਿਸਤਾਨੀ ਫੌਜ ਦੇ 64 ਸੈਨਿਕ ਅਤੇ ਅਧਿਕਾਰੀ ਮਾਰੇ ਗਏ ਸਨ। ਇਹ ਪਾਕਿਸਤਾਨੀ ਸੈਨਿਕ ਅਤੇ ਅਧਿਕਾਰੀ ਜੰਮੂ-ਕਸ਼ਮੀਰ ਵਿੱਚ ਤਾਇਨਾਤ ਭਾਰਤੀ ਫੌਜ ਦੇ ਜਵਾਨਾਂ ਦੁਆਰਾ ਕੀਤੀ ਗਈ ਜਵਾਬੀ ਕਾਰਵਾਈ ਵਿੱਚ ਮਾਰੇ ਗਏ। ਇਸ ਕਾਰਵਾਈ ਦੌਰਾਨ 90 ਤੋਂ ਵੱਧ ਪਾਕਿਸਤਾਨੀ ਫੌਜੀ ਜ਼ਖਮੀ ਹੋ ਗਏ। ਭਾਰਤੀ ਫੌਜ ਦੇ ਨਾਲ-ਨਾਲ ਵਿਦੇਸ਼ ਸਕੱਤਰ ਵਿਕਰਮ ਮਿਸਰੀ ਨੇ ਸੋਮਵਾਰ ਨੂੰ ਸੰਸਦੀ ਕਮੇਟੀ ਨੂੰ ਮਹੱਤਵਪੂਰਨ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਫੌਜੀ ਟਕਰਾਅ ਰਵਾਇਤੀ ਸੀਮਾਵਾਂ ਦੇ ਅੰਦਰ ਹੀ ਰਿਹਾ। ਪਾਕਿਸਤਾਨ ਤੋਂ ਪ੍ਰਮਾਣੂ ਖ਼ਤਰੇ ਦਾ ਕੋਈ ਸੰਕੇਤ ਨਹੀਂ ਸੀ। (ਬਾਕੀ ਸਫਾ 11 'ਤੇ)

### ਪੰਜਾਬ ਦੀਆਂ ਜੇਲ੍ਹਾਂ 'ਚ ਨਸ਼ਾ ਤਸਕਰੀ ਦੇ ਮਾਮਲੇ 'ਤੇ ਹਾਈ ਕੋਰਟ ਸਖ਼ਤ

# ਸੂਬੇ ਭਰ 'ਚ ਜਾਂਚ ਕਮੇਟੀਆਂ ਬਣਾਉਣ ਦੇ ਆਦੇਸ਼

ਚੜ੍ਹਦੀਕਲਾ ਬਿਊਰੋ




ਚੰਡੀਗੜ੍ਹ, 20 ਮਈ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਦੀਆਂ ਜੇਲ੍ਹਾਂ ਵਿੱਚ ਨਸ਼ਾ ਤਸਕਰੀ ਦੇ ਮਾਮਲਿਆਂ 'ਤੇ ਸਖ਼ਤ ਰੁਖ਼ ਅਪਨਾਉਂਦਿਆਂ ਸੂਬੇ ਭਰ ਵਿੱਚ ਵਿਸ਼ੇਸ਼ ਜਾਂਚ ਕਮੇਟੀਆਂ ਬਣਾਉਣ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਡਾਇਰੈਕਟਰ ਜਨਰਲ ਆਫ ਪੁਲਿਸ (ਡੀ.ਜੀ.ਪੀ.) ਨੂੰ ਕਿਹਾ ਸੀ ਕਿ ਉਹ ਐਨ.ਡੀ.ਪੀ.ਐਸ. ਐਕਟ ਤਹਿਤ ਜੇਲ੍ਹਾਂ ਨਾਲ ਜੁੜੇ ਸਾਰੇ ਮਾਮਲਿਆਂ ਦੀ ਜਾਂਚ ਲਈ ਇੱਕ ਵਿਸ਼ੇਸ਼ ਅਧਿਕਾਰੀ ਨਿਯੁਕਤ ਕਰਨ।

ਡੀ.ਜੀ.ਪੀ. ਦੇ 16 ਮਈ ਦੇ ਆਦੇਸ਼ ਤਹਿਤ ਹੁਣ ਰੇਂਜ ਪੱਧਰ 'ਤੇ ਏ.ਡੀ.ਜੀ.ਪੀ./ਆਈ.ਜੀ.ਪੀ./ਡੀ.ਆਈ.ਜੀ. ਅਤੇ ਕਮਿਸ਼ਨਰੇਟ ਪੱਧਰ 'ਤੇ ਪੁਲਿਸ ਕਮਿਸ਼ਨਰ ਦੀ ਅਗਵਾਈ ਵਿੱਚ ਜਾਂਚ ਕਮੇਟੀਆਂ ਬਣਾ ਦਿੱਤੀਆਂ ਗਈਆਂ ਹਨ। ਇਨ੍ਹਾਂ ਕਮੇਟੀਆਂ ਦੀ ਜਾਂਚ ਪ੍ਰਕਿਰਿਆ ਦੀ ਨਿਗਰਾਨੀ ਆਈ.ਪੀ.ਐਸ. ਅਧਿਕਾਰੀ ਅਤੇ ਐਂਟੀ ਨਾਰਕੋਟਿਕਸ ਟਾਸਕ ਫੋਰਸ ਅਤੇ ਏ.ਡੀ.ਜੀ.ਪੀ. ਨਿਲਾਭ ਕਿਸ਼ੋਰ ਕਰਨਗੇ। ਇਸ ਤੋਂ ਪਹਿਲਾਂ ਅਦਾਲਤ ਨੇ ਅੰਮ੍ਰਿਤਸਰ (ਦਿਹਾਤੀ) ਐੱਸ.ਐੱਸ.ਪੀ. ਦੀ ਜੇਲ੍ਹ ਅਧਿਕਾਰੀਆਂ ਦੀ ਮਿਲੀ-ਭੁਗਤ ਸਬੰਧੀ ਜਾਂਚ ਵਿੱਚ ਲਾਪ੍ਰਵਾਹੀ ਵਰਤਣ ਲਈ ਝਾੜ-ਝੰਬ ਕੀਤੀ। ਜਸਟਿਸ ਐੱਨ.ਐੱਸ. ਸ਼ੇਖਾਵਤ ਦੇ ਬੈਂਚ ਨੇ ਕਿਹਾ ਕਿ ਜਦੋਂ ਐੱਸ.ਐੱਸ.ਪੀ. ਨੂੰ ਖ਼ੁਦ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਸੀ ਤਾਂ ਉਨ੍ਹਾਂ ਇਹ ਜ਼ਿੰਮੇਵਾਰੀ ਇੱਕ ਡੀ.ਐੱਸ.ਪੀ. ਨੂੰ ਕਿਵੇਂ ਸੌਂਪ ਦਿੱਤੀ ?" ਅਦਾਲਤ ਨੇ ਸਾਫ਼ ਨਿਰਦੇਸ਼ ਦਿੱਤੇ ਸੀ ਕਿ ਐੱਸ.ਐੱਸ.ਪੀ. ਖ਼ੁਦ ਜਾਂਚ ਫਾਈਲ ਦੀ ਸਮੀਖਿਆ ਕਰਨ ਅਤੇ ਇਹ ਸਪੱਸ਼ਟ ਕਰਨ ਕਿ (ਬਾਕੀ ਸਫਾ 11 'ਤੇ)

## 'ਸੁਰੱਖਿਆ ਏਜੰਸੀਆਂ ਲੋਕਾਂ ਦੇ ਮਨਾਂ 'ਚ ਡਰ ਪੈਦਾ ਕਰਨ ਲਈ ਬਾਊਂਸਰ ਸ਼ਬਦ ਦੀ ਵਰਤੋਂ ਕਰ ਰਹੀਆਂ ਨੇ'

ਚੰਡੀਗੜ੍ਹ, 20 ਮਈ (ਚੜ੍ਹਦੀਕਲਾ ਬਿਊਰੋ) : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇੱਕ ਪਰੇਸ਼ਾਨ ਕਰਨ ਵਾਲੇ ਰੁਝਾਨ ਨੂੰ ਉਜਾਗਰ ਕੀਤਾ ਹੈ ਅਤੇ ਕਿਹਾ ਹੈ ਕਿ ਬਾਊਂਸਰ ਸ਼ਬਦ ਦੀ ਆੜ ਵਿੱਚ ਡਰਾਉਣ-ਧਮਕਾਉਣ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਅਗਾਊਂ ਜ਼ਮਾਨਤ ਪਟੀਸ਼ਨ ਹਾਈ ਕੋਰਟ ਦੇ ਸਾਹਮਣੇ ਸੁਣਵਾਈ ਲਈ ਆਈ ਸੀ ਜਿਸ ਵਿੱਚ ਦੋਸ਼ੀ ਸੁਰੱਖਿਆ ਸੰਗਠਨ ਫਤਿਹ ਬਾਊਂਸਰ ਸੁਰੱਖਿਆ ਸਮੂਹ ਦਾ ਸੰਚਾਲਕ ਸੀ। ਅਦਾਲਤ ਨੇ ਕਿਹਾ ਕਿ ਅੱਜ ਸਾਡੇ ਦੇਸ਼ ਦੇ ਇਸ ਹਿੱਸੇ ਵਿੱਚ ਸੁਰੱਖਿਆ ਏਜੰਸੀਆਂ 'ਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਬਾਊਂਸਰ ਸ਼ਬਦ ਦੀ ਵਰਤੋਂ ਦੋਹਰੇ ਉਦੇਸ਼ਾਂ ਲਈ (ਬਾਕੀ ਸਫਾ 11 'ਤੇ)

## ਰਾਜਧਾਨੀ ਐਕਸਪ੍ਰੈਸ ਸਮੇਤ ਦੋ ਰੇਲਾਂ ਨੂੰ ਲੀਹੋਂ ਉਤਾਰਨ ਦੀ ਕੋਸ਼ਿਸ਼

ਹਰਦੋਈ , 20 ਮਈ (ਚੜ੍ਹਦੀਕਲਾ ਬਿਊਰੋ) : ਉੱਤਰ ਪ੍ਰਦੇਸ਼ ਦੇ ਹਰਦੋਈ ਜ਼ਿਲ੍ਹੇ ਵਿਚ ਇਕ ਰਾਜਧਾਨੀ ਐਕਸਪ੍ਰੈਸ ਸਮੇਤ ਦੋ ਰੇਲਗੱਡੀਆਂ ਨੂੰ ਲੀਹ ਤੋਂ ਉਤਾਰਨ ਦੀ ਕੋਸ਼ਿਸ਼ ਨੂੰ ਲੋਕੋ ਪਾਇਲਟਾਂ ਦੀ ਚੌਕਸੀ ਕਾਰਨ ਨਾਕਾਮ ਕਰ ਦਿੱਤਾ ਗਿਆ। ਪੁਲਿਸ ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿਤੀ। ਪੁਲਿਸ ਨੇ ਦਾਆਵਾ ਕੀਤਾ ਕਿ ਸੋਮਵਾਰ ਸ਼ਾਮ ਨੂੰ ਅਣਪਛਾਤੇ ਬਦਮਾਸ਼ਾਂ ਨੇ ਦਲੇਲਨਗਰ ਅਤੇ ਉਮਰਤਾਲੀ ਸਟੇਸ਼ਨਾਂ ਦੇ ਵਿਚਕਾਰ ਪਟੜੀ 'ਤੇ ਅਰਥਿੰਗ ਤਾਰ ਦੀ ਵਰਤੋਂ ਕਰ ਕੇ ਲੱਕੜ ਦੇ ਬਲਾਕ ਬੰਨ੍ਹੇ ਹੋਏ ਸਨ। ਪੁਲਿਸ ਨੇ ਦਸਿਆ ਕਿ ਦਿੱਲੀ ਤੋਂ ਆਸਾਮ ਦੇ ਡਿਬਰੂਗੜ੍ਹ ਜਾ ਰਹੀ ਰਾਜਧਾਨੀ ਐਕਸਪ੍ਰੈਸ (20504) ਦੇ ਲੋਕੋ ਪਾਇਲਟ ਨੇ ਰੁਕਾਵਟ ਨੂੰ ਦੇਖ ਕੇ ਐਮਰਜੈਂਸੀ ਬ੍ਰੇਕ ਲਾਈ ਅਤੇ ਇਸ ਰੋਕ ਨੂੰ ਹਟਾਉਂਦਿਆਂ ਰੇਲਵੇ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ। ਇਸੇ ਤਰ੍ਹਾਂ ਰਾਜਧਾਨੀ ਐਕਸਪ੍ਰੈਸ ਦੇ (ਬਾਕੀ ਸਫਾ 11 'ਤੇ)

### ਪਾਣੀਆਂ ਦੇ ਮੁੱਦੇ 'ਤੇ ਹੋਈ ਸੁਣਵਾਈ

# ਕੇਂਦਰ, ਹਰਿਆਣਾ ਤੇ ਬੀ.ਬੀ.ਐਮ.ਬੀ. ਨੇ ਹਾਈ ਕੋਰਟ 'ਚ ਦਾਖ਼ਲ ਕੀਤਾ ਜਵਾਬ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 20 ਮਈ :ਹਰਿਆਣਾ ਅਤੇ ਪੰਜਾਬ ਵਿਚਾਲੇ ਚੱਲ ਰਹੇ ਪਾਣੀ ਵਿਵਾਦ ਦੇ ਵਿਚਕਾਰ, ਪੰਜਾਬ ਸਰਕਾਰ ਵੱਲੋਂ ਦਾਇਰ ਸਮੀਖਿਆ ਪਟੀਸ਼ਨ 'ਤੇ ਅੱਜ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸੁਣਵਾਈ ਹੋਈ। ਇਸ ਸਮੇਂ ਦੌਰਾਨ, ਕੇਂਦਰ ਸਰਕਾਰ, ਹਰਿਆਣਾ ਸਰਕਾਰ ਅਤੇ ਬੀ.ਬੀ.ਐਮ.ਬੀ. ਨੇ ਇਸ ਮਾਮਲੇ ਵਿੱਚ ਆਪਣੇ ਜਵਾਬ ਦਾਇਰ ਕੀਤੇ ਹਨ। ਜਦੋਂ ਕਿ ਪੰਜਾਬ ਸਰਕਾਰ ਨੇ ਆਪਣਾ ਜਵਾਬ ਦਾਇਰ ਕਰਨ ਲਈ ਸਮਾਂ ਮੰਗਿਆ ਹੈ। ਅਦਾਲਤ ਇਸ ਨਾਲ ਸਹਿਮਤ ਹੋ ਗਈ ਹੈ। ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 22 ਮਈ ਨੂੰ ਤੈਅ ਕੀਤੀ ਗਈ ਹੈ।

ਬੀ.ਬੀ.ਐਮ.ਬੀ. ਦੇ ਚੇਅਰਮੈਨ ਨੇ ਹਲਫ਼ਨਾਮਾ ਦਾਇਰ ਕੀਤਾ। ਦਰਅਸਲ, ਪੰਜਾਬ ਅਤੇ ਹਰਿਆਣਾ ਵਿਚਕਾਰ ਕਈ ਦਿਨਾਂ ਤੋਂ ਪਾਣੀ ਦਾ ਵਿਵਾਦ ਚੱਲ ਰਿਹਾ ਸੀ। ਇਸ ਦੌਰਾਨ, 8 ਮਈ ਨੂੰ, ਬੀ.ਬੀ.ਐਮ.ਬੀ. ਚੇਅਰਮੈਨ ਪਾਣੀ ਛੱਡਣ ਲਈ ਭਾਖੜਾ ਪਹੁੰਚੇ ਸਨ। ਉੱਥੇ ਲੋਕਾਂ ਅਤੇ 'ਆਪ' ਆਗੂਆਂ ਨੇ ਪਾਣੀ ਛੱਡਣਾ ਬੰਦ ਕਰ ਦਿੱਤਾ ਅਤੇ ਉਨ੍ਹਾਂ ਨੂੰ ਬੰਧਕ ਬਣਾ ਲਿਆ। ਇਸ ਤੋਂ ਬਾਅਦ ਸੀਐਮ ਭਗਵੰਤ ਮਾਨ ਖੁਦ ਭਾਖੜਾ ਪਹੁੰਚੇ। ਉਨ੍ਹਾਂ ਕਿਹਾ ਸੀ ਕਿ ਉਹ ਉਦੋਂ ਤੱਕ ਪਾਣੀ ਨਹੀਂ ਛੱਡਣਗੇ ਜਦੋਂ ਤੱਕ ਉਨ੍ਹਾਂ ਨੂੰ ਕੇਂਦਰੀ ਗ੍ਰਹਿ ਸਕੱਤਰ ਦੀ ਅਗਵਾਈ ਹੇਠ 2 ਮਈ ਨੂੰ ਹੋਈ ਮੀਟਿੰਗ ਦੇ (ਬਾਕੀ ਸਫਾ 11 'ਤੇ)

## ਕਿਸਾਨਾਂ ਵੱਲੋਂ ਪਾਣੀਆਂ ਅਤੇ ਸਹਿਕਾਰੀ ਸਭਾਵਾਂ ਸਬੰਧੀ ਮੋਰਚਾ ਲਾਉਣ ਦਾ ਐਲਾਨ

ਚੰਡੀਗੜ੍ਹ, 20 ਮਈ (ਚੜ੍ਹਦੀਕਲਾ ਬਿਊਰੋ) : ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਵੀਰ ਸਿੰਘ ਰਾਜੇਵਾਲ ਨੇ ਅੱਜ ਐਲਾਨ ਕੀਤਾ ਕਿ ਕਿਸਾਨ ਜਥੇਬੰਦੀਆਂ ਵੱਲੋਂ ਪਾਣੀਆਂ ਅਤੇ ਸਹਿਕਾਰੀ ਸਭਾਵਾਂ ਦੀ ਰਾਖੀ ਲਈ ਮੋਰਚਾ ਲਾਇਆ ਜਾਵੇਗਾ। ਇਹ ਮੋਰਚਾ ਜੁਲਾਈ ਦੇ ਅਖੀਰ ਜਾਂ ਅਗਸਤ ਮਹੀਨੇ ਦੇ ਪਹਿਲੇ ਹਫ਼ਤੇ ਲਗਾਇਆ ਜਾਵੇਗਾ। ਉਨ੍ਹਾਂ ਚੰਡੀਗੜ੍ਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸਰਕਾਰਾਂ ਦੀ ਅਣਗਹਿਲੀ ਕਰਕੇ ਪੰਜਾਬ ਦਾ ਪਾਣੀ ਅਤੇ ਸਹਿਕਾਰੀ ਸਭਾਵਾਂ ਤਬਾਹ ਹੋਣ ਕੰਢੇ ਪਹੁੰਚ ਚੁੱਕੀਆਂ ਹਨ। ਇਨ੍ਹਾਂ ਦੀ ਰਾਖੀ ਲਈ ਕਿਸਾਨ ਜਥੇਬੰਦੀਆਂ ਵੱਲੋਂ ਇੱਕਜੁੱਟ ਹੋ ਕੇ ਆਵਾਜ਼ ਬੁਲੰਦ ਕੀਤੀ ਜਾਵੇਗੀ। ਰਾਜੇਵਾਲ ਨੇ ਕਿਹਾ ਕਿ ਪੰਜਾਬ ਵਿੱਚ ਧਰਤੀ ਹੇਠਲਾ ਪਾਣੀ ਖਤਮ ਹੋਣ ਵੱਲ ਤੇਜ਼ੀ ਨਾਲ ਵੱਧ ਰਿਹਾ ਹੈ, ਇਸ ਲਈ ਸਾਨੂੰ ਖੇਤੀਬਾੜੀ ਲਈ ਧਰਤੀ ਹੇਠਲਾ ਪਾਣੀ ਛੱਡ ਕੇ ਨਹਿਰੀ ਪਾਣੀ ਵੱਲ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਜ਼ਿਆਦਾਤਰ ਸਹਿਕਾਰੀ ਸਭਾਵਾਂ ਘਾਟੇ ਵਿੱਚ (ਬਾਕੀ ਸਫਾ 11 'ਤੇ)

# ਮਾਨ ਵੱਲੋਂ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਵਿਰੁੱਧ ਜੰਗ ਦੇ ਸਿਪਾਹੀ ਬਣਨ ਦਾ ਸੱਦਾ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 20 ਮਈ :ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ ਭ੍ਰਿਸ਼ਟਾਚਾਰ ਅਤੇ ਨਸ਼ਿਆਂ ਦੇ ਦੋਹਰੇ ਖ਼ਤਰੇ ਵਿਰੁੱਧ ਸੂਬਾ ਸਰਕਾਰ ਦੇ ਯੁੱਧ ਵਿੱਚ ਮੂਹਰਲੀ ਕਤਾਰ ਦੇ ਸਿਪਾਹੀ ਬਣਨ ਦੀ ਅਪੀਲ ਕੀਤੀ।

ਇੱਥੇ 450 ਨੌਜਵਾਨਾਂ ਨੂੰ ਨਿਯੁਕਤੀ ਪੱਤਰ ਸੌਂਪਣ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਨਵੇਂ ਭਰਤੀ ਹੋਏ ਨੌਜਵਾਨ ਹੁਣ ਸੂਬਾ ਸਰਕਾਰ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੌਜਵਾਨਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿੱਚ ਦਿਲੋਂ ਯੋਗਦਾਨ ਪਾਉਣ। ਉਨ੍ਹਾਂ ਕਿਹਾ ਕਿ ਸੂਬੇ ਵਿੱਚੋਂ ਇਨ੍ਹਾਂ ਬੁਰਾਈਆਂ ਨੂੰ ਖ਼ਤਮ ਕਰਨਾ ਸਮੇਂ ਦੀ ਲੋੜ ਹੈ, ਜਿਸ ਲਈ ਨੌਜਵਾਨਾਂ ਦਾ ਸਮਰਥਨ ਬਹੁਤ ਜ਼ਰੂਰੀ ਹੈ। ਭਗਵੰਤ ਸਿੰਘ ਮਾਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸੂਬੇ ਦੇ ਨੌਜਵਾਨਾਂ ਦੀ ਭਲਾਈ ਲਈ ਯੁੱਧ ਨਸ਼ਿਆਂ ਵਿਰੁੱਧ ਵਰਗੀਆਂ ਮੁਹਿੰਮਾਂ ਸ਼ੁਰੂ ਕੀਤੀਆਂ ਗਈਆਂ ਹਨ ਅਤੇ ਸੂਬੇ ਦੇ ਹਰ ਨਾਗਰਿਕ ਦੀ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਇਨ੍ਹਾਂ ਮੁਹਿੰਮਾਂ ਦੀ ਸਫ਼ਲਤਾ ਵਿੱਚ ਸਰਕਾਰ ਦਾ ਸਾਥ ਦੇਣ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਪਿਛਲੇ ਤਿੰਨ ਸਾਲਾਂ 'ਚ ਨੌਜਵਾਨਾਂ ਨੂੰ 54,142 ਨੌਕਰੀਆਂ ਪ੍ਰਦਾਨ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਨਵੇਂ ਭਰਤੀ ਹੋਏ ਨੌਜਵਾਨਾਂ ਲਈ ਅੱਜ ਦਾ ਦਿਨ ਬਹੁਤ ਹੀ ਮਹੱਤਵਪੂਰਨ ਹੈ, ਜਿਨ੍ਹਾਂ ਨੇ ਮਕਾਨ ਉਸਾਰੀ, ਖੇਤੀਬਾੜੀ, ਜਲ ਸਰੋਤ, ਖੇਡਾਂ ਅਤੇ ਯੁਵਕ ਸੇਵਾਵਾਂ, ਸਥਾਨਕ ਸਰਕਾਰਾਂ, ਸਿਹਤ ਅਤੇ ਪਰਿਵਾਰ ਭਲਾਈ, ਸਕੂਲ ਸਿੱਖਿਆ, ਜਲ ਸਪਲਾਈ ਅਤੇ ਸੈਨੀਟੇਸ਼ਨ, ਆਬਕਾਰੀ ਤੇ ਕਰ, ਵਿੱਤ ਅਤੇ ਸੈਰ-ਸਪਾਟਾ ਵਿਭਾਗਾਂ ਵਿੱਚ ਨੌਕਰੀ ਹਾਸਲ ਕੀਤੀ ਹੈ। ਭਗਵੰਤ ਸਿੰਘ ਮਾਨ ਨੇ ਜ਼ੋਰ ਦੇ ਕੇ ਕਿਹਾ ਕਿ ਸੂਬਾ ਸਰਕਾਰ ਨੇ ਇਕ ਪਾਰਦਰਸ਼ੀ ਅਤੇ ਯੋਗਤਾ-ਆਧਾਰਤ ਪ੍ਰਕਿਰਿਆ ਰਾਹੀਂ 54,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕਰਕੇ ਮੀਲ ਪੱਥਰ ਸਥਾਪਤ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਰਵਾਇਤੀ ਸਿਆਸੀ ਪਾਰਟੀਆਂ ਦੇ ਹੱਥ ਖ਼ੂਨ ਨਾਲ ਰੰਗੇ ਹੋਏ ਹਨ, ਜਿਨ੍ਹਾਂ ਨੇ ਆਪਣੇ (ਬਾਕੀ ਸਫਾ 11 'ਤੇ)

## ਪਾਕਿਸਤਾਨ ਨੇ ਫ਼ੌਜ ਮੁਖੀ ਅਸੀਮ ਮੁਨੀਰ ਨੂੰ ਫੀਲਡ ਮਾਰਸ਼ਲ ਬਣਾਇਆ



ਇਸਲਾਮਾਬਾਦ, 20 ਮਈ (ਚੜ੍ਹਦੀਕਲਾ ਬਿਊਰੋ) : ਪਾਕਿਸਤਾਨ ਦੇ ਫੌਜ ਮੁਖੀ ਜਨਰਲ ਅਸੀਮ ਮੁਨੀਰ ਨੂੰ ਫੀਲਡ ਮਾਰਸ਼ਲ ਵਜੋਂ ਤਰੱਕੀ ਦਿੱਤੀ ਗਈ ਹੈ। ਸਰਕਾਰੀ ਟੀਵੀ ਅਨੁਸਾਰ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਕੈਬਨਿਟ ਨੇ ਅੱਜ ਇਸ ਸਬੰਧੀ ਮਨਜ਼ੂਰੀ ਦਿੱਤੀ। ਉਨ੍ਹਾਂ ਨੂੰ ਇਹ ਤਰੱਕੀ ਭਾਰਤ ਨਾਲ ਹਾਲ ਹੀ ਦੇ ਸੰਘਰਸ਼ ਵਿੱਚ ਹਥਿਆਰਬੰਦ ਬਲਾਂ ਦੀ ਸਫਲਤਾਪੂਰਵਕ ਅਗਵਾਈ ਕਰਨ ਦੇ ਇਵਜ਼ ਵਜੋਂ ਦਿੱਤੀ ਗਈ ਹੈ। ਦੱਸਣਾ ਬਣਦਾ ਹੈ ਕਿ ਫੀਲਡ ਮਾਰਸ਼ਲ ਪਾਕਿਸਤਾਨ ਫੌਜ ਦਾ ਸਰਵੋਤਮ ਰੈਂਕ ਹੈ। ਪਾਕਿਸਤਾਨ ਵਿਚ ਫੀਲਡ ਮਾਰਸ਼ਲ ਦਾ ਅਹੁਦਾ ਫੌਜ, ਹਵਾਈ ਫੌਜ ਤੇ ਜਲ ਫੌਜ ਤੋਂ ਵੀ ਉਚਾ ਹੁੰਦਾ ਹੈ। ਪਾਕਿਸਤਾਨ ਦੇ ਇਤਿਹਾਸ ਵਿਚ 1959 ਵਿੱਚ ਅਯੂਬ ਖਾਨ ਨੂੰ ਫੀਲਡ ਮਾਰਸ਼ਲ ਬਣਾਇਆ ਗਿਆ ਸੀ ਤੇ ਉਸ ਤੋਂ ਬਾਅਦ ਕਿਸੇ ਨੂੰ ਵੀ ਇਹ ਅਹੁਦਾ ਨਹੀਂ ਦਿੱਤਾ ਗਿਆ।

# ਸੁਪਰੀਮ ਕੋਰਟ ਵੱਲੋਂ ਸਿਵਲ ਜੱਜ ਦੀ ਭਰਤੀ ਲਈ 3 ਸਾਲ ਦਾ ਪ੍ਰੈਕਟਿਸ ਨਿਯਮ ਬਹਾਲ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 20 ਮਈ :ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਆਪਣਾ ਫ਼ੈਸਲਾ ਸੁਣਾਇਆ ਕਿ ਸਿਵਲ ਜੱਜ ਦੀ ਨਿਯੁਕਤੀ ਲਈ 3 ਸਾਲ ਦੀ ਕਾਨੂੰਨੀ ਪ੍ਰੈਕਟਿਸ ਲਾਜ਼ਮੀ ਹੈ ਜਾਂ ਨਹੀਂ। ਅਦਾਲਤ ਦਾ ਇਹ ਫ਼ੈਸਲਾ ਦੇਸ਼ ਭਰ ਦੇ ਨਿਆਂਇਕ ਭਰਤੀ ਤੇ ਹਜ਼ਾਰਾਂ ਕਾਨੂੰਨ ਗ੍ਰੈਜੂਏਟਾਂ ਲਈ ਮਹੱਤਵਪੂਰਨ ਹੈ। ਨਿਆਂਇਕ ਭਰਤੀ ਸਬੰਧੀ ਇਕ ਮਹੱਤਵਪੂਰਨ ਫ਼ੈਸਲਾ ਸੁਣਾਉਂਦੇ ਹੋਏ, ਸੁਪਰੀਮ ਕੋਰਟ ਨੇ ਸਿਵਲ ਜੱਜਾਂ ਦੀ ਭਰਤੀ ਲਈ ਤਿੰਨ ਸਾਲਾਂ ਦੇ ਅਭਿਆਸ ਦੇ ਨਿਯਮ (ਸੁਪਰੀਮ ਕੋਰਟ ਆਨ ਸਿਵਲ ਜੱਜ ਅਪੌਇੰਟਮੈਂਟ) ਨੂੰ ਬਹਾਲ ਕਰ ਦਿਤਾ। ਇਸ ਦੇ ਨਾਲ ਹੀ, ਕਾਨੂੰਨ ਗ੍ਰੈਜੂਏਟਾਂ ਦੀ ਸਿੱਧੀ ਭਰਤੀ ਦੇ ਨਿਯਮ ਨੂੰ ਰੱਦ ਕਰ ਦਿਤਾ ਗਿਆ ਹੈ। ਸੁਪਰੀਮ ਕੋਰਟ ਨੇ ਇਸ ਸ਼ਰਤ ਨੂੰ ਬਹਾਲ ਕਰ ਦਿਤਾ ਹੈ ਕਿ ਨਿਆਂਇਕ ਸੇਵਾ ਵਿਚ ਐਂਟਰੀ-ਲੈਵਲ ਅਹੁਦਿਆਂ ਲਈ ਅਰਜ਼ੀ ਦੇਣ ਵਾਲੇ ਉਮੀਦਵਾਰ ਲਈ ਵਕੀਲ ਵਜੋਂ ਘੱਟੋ-ਘੱਟ ਤਿੰਨ ਸਾਲ ਦਾ ਅਭਿਆਸ ਜ਼ਰੂਰੀ ਹੈ। ਅਭਿਆਸ ਦੀ ਮਿਆਦ ਆਰਜ਼ੀ ਦਾਖਲੇ ਦੀ ਮਿਤੀ ਤੋਂ ਵਿਚਾਰੀ ਜਾ ਸਕਦੀ ਹੈ। ਹਾਲਾਂਕਿ, ਉਕਤ ਸ਼ਰਤ ਅੱਜ ਤੋਂ ਪਹਿਲਾਂ ਹਾਈ ਕੋਰਟਾਂ ਦੁਆਰਾ ਸ਼ੁਰੂ ਕੀਤੀ ਗਈ ਭਰਤੀ ਪ੍ਰਕਿਰਿਆ 'ਤੇ ਲਾਗੂ ਨਹੀਂ ਹੋਵੇਗੀ। ਇਹ ਸ਼ਰਤ ਸਿਰਫ਼ ਭਵਿੱਖ ਦੀਆਂ ਭਰਤੀਆਂ 'ਤੇ ਲਾਗੂ ਹੋਵੇਗੀ।

ਸੀਜੇਆਈ ਬੀਆਰ ਗਵਈ, ਜਸਟਿਸ ਏਜੀ ਮਸੀਹ ਤੇ ਜਸਟਿਸ ਵਿਨੋਦ ਕੇ ਚੰਦਰਨ ਦੀ ਬੈਂਚ ਨੇ ਇਕ ਮਹੱਤਵਪੂਰਨ ਫ਼ੈਸਲਾ ਸੁਣਾਇਆ ਹੈ। ਜਸਟਿਸ ਗਵਈ ਨੇ ਕਿਹਾ ਕਿ ਨਵੇਂ ਕਾਨੂੰਨ ਗ੍ਰੈਜੂਏਟਾਂ ਦੀ ਨਿਯੁਕਤੀ ਨੇ ਕਈ (ਬਾਕੀ ਸਫਾ 11 'ਤੇ)

## ਦੇਸ਼ 'ਚ ਖਪਤਕਾਰ ਕਮਿਸ਼ਨਾਂ ਦੇ ਮੈਂਬਰਾਂ ਦੀਆਂ ਤਨਖਾਹਾਂ ਇੱਕਸਾਰ ਕਰਨ ਦੇ ਨਿਰਦੇਸ਼

ਨਵੀਂ ਦਿੱਲੀ, 20 ਮਈ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਜ਼ਿਲ੍ਹਾ ਅਤੇ ਰਾਜ ਖਪਤਕਾਰ ਕਮਿਸ਼ਨਾਂ ਦੇ ਚੇਅਰਪਰਸਨਾਂ ਅਤੇ ਮੈਂਬਰਾਂ ਨੂੰ ਤਨਖਾਹਾਂ ਅਤੇ ਭੱਤਿਆਂ ਦਾ ਇੱਕ ਸਮਾਨ ਪੈਟਰਨ ਨਿਰਧਾਰਤ ਕੀਤਾ ਹੈ। ਜਸਟਿਸ ਅਭੈ ਐਸ ਓਕਾ ਅਤੇ ਜਸਟਿਸ ਉੱਜਵਲ ਭੂਯਾਨ ਦੇ ਬੈਂਚ ਨੇ ਖਪਤਕਾਰ ਫੋਰਮਾਂ ਦੇ ਮੈਂਬਰਾਂ ਦੀਆਂ ਤਨਖਾਹਾਂ ਅਤੇ ਸੇਵਾ ਸ਼ਰਤਾਂ ਵਿੱਚ ਅਸਮਾਨਤਾਵਾਂ ਨਾਲ ਸਬੰਧਤ ਇੱਕ ਮਾਮਲੇ ਵਿੱਚ ਆਪਣੇ ਆਪ ਸੁਣਵਾਈ ਕਰਦਿਆਂ ਇਹ ਨਿਰਦੇਸ਼ ਦਿੱਤੇ। ਅਦਾਲਤ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਖਪਤਕਾਰ ਸੁਰੱਖਿਆ (ਰਾਜ ਕਮਿਸ਼ਨ ਅਤੇ ਜ਼ਿਲ੍ਹਾ ਕਮਿਸ਼ਨ ਦੇ (ਬਾਕੀ ਸਫਾ 11 'ਤੇ)

## ਆਪ੍ਰੇਸ਼ਨ ਸਿੰਦੂਰ ਮਗਰੋਂ ਹੋਈ ਪਹਿਲੀ ਰਿਟ੍ਰੀਟ ਸੈਰੇਮਨੀ 'ਚ ਲੱਗੇ ਦੇਸ਼ਭਗਤੀ ਦੇ ਨਾਅਰੇ

ਅੰਮ੍ਰਿਤਸਰ, 20 ਮਈ (ਚੜ੍ਹਦੀਕਲਾ ਬਿਊਰੋ) : ਭਾਰਤ ਅਤੇ ਪਾਕਿਸਤਾਨ ਵਿਚਾਲੇ ਤਣਾਅ ਆਮ ਹੋਣ ਦੇ ਨਾਲ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਬੰਦ ਕੀਤੀ ਗਈ ਰਿਟ੍ਰੀਟ ਸੈਰੇਮਨੀ ਦੁਬਾਰਾ ਸ਼ੁਰੂ ਹੋ ਗਈ ਹੈ। ਮੰਗਲਵਾਰ ਸ਼ਾਮ ਨੂੰ ਬੀਐਸਐਫ ਜਵਾਨਾਂ ਅਤੇ ਪਾਕਿਸਤਾਨੀ ਰੇਂਜਰਾਂ ਵਿਚਕਾਰ ਇੱਕ ਰਿਟ੍ਰੀਟ ਸੈਰੇਮਨੀ ਹੋਈ। ਪੰਜਾਬ ਦੇ ਅੰਮ੍ਰਿਤਸਰ ਵਿੱਚ ਅਟਾਰੀ-ਵਾਹਗਾ ਸਰਹੱਦ ਅਤੇ ਫਿਰੋਜ਼ਪੁਰ ਵਿੱਚ ਹੁਸੈਨੀਵਾਲਾ ਅਤੇ ਸਦੀਕੀ ਸਰਹੱਦਾਂ 'ਤੇ ਇੱਕ ਵਾਰ ਫਿਰ ਰਿਟ੍ਰੀਟ ਸੈਰੇਮਨੀ ਆਯੋਜਿਤ ਕੀਤੀ ਗਈ। ਤਿੰਨੋਂ ਸਰਹੱਦਾਂ 'ਤੇ 7 ਮਈ ਤੋਂ ਰਿਟਰੀਟ ਸੈਰੇਮਨੀ ਨੂੰ ਰੋਕ ਦਿੱਤਾ ਗਿਆ ਸੀ। ਇਹ ਲਗਭਗ ਦੋ ਹਫ਼ਤਿਆਂ ਬਾਅਦ ਦੁਬਾਰਾ ਸ਼ੁਰੂ ਕੀਤਾ ਗਿਆ ਹੈ। ਬੀਐਸਐਫ ਵੱਲੋਂ ਇਸ ਵਿੱਚ ਕੁਝ ਬਦਲਾਅ ਕੀਤੇ ਗਏ ਹਨ। ਰਿਟਰੀਟ ਦੌਰਾਨ, ਭਾਰਤ-ਪਾਕਿਸਤਾਨ ਸਰਹੱਦ ਦੇ ਗੇਟ ਬੰਦ ਰੱਖੇ ਗਏ ਸਨ। ਦੋਵਾਂ ਦੇਸ਼ਾਂ ਦੇ ਸੈਨਿਕਾਂ ਨੇ ਇੱਕ ਦੂਜੇ ਨਾਲ ਹੱਥ ਵੀ ਨਹੀਂ ਮਿਲਾਇਆ। ਇਸ ਰਿਟ੍ਰੀਟ ਨੂੰ ਦੇਖਣ ਲਈ ਭਾਰਤ ਵਾਲੇ ਪਾਸਿਓਂ ਪਾਸੇ ਤੋਂ ਵੱਡੀ (ਬਾਕੀ ਸਫਾ 11 'ਤੇ)

## ਸੰਪਾਦਕੀ

# .ਗ਼ੈਰ ਜ਼ਿੰਮੇਵਾਰ ਆਗੂਆਂ ਪ੍ਰਤੀ ਸਰਵਉਚ ਅਦਾਲਤ ਦੇ ਤੇਵਰ

ਹਾਲ ਹੀ ਦੇ ਸਮੇਂ ਵਿੱਚ ਸਿਆਸਤਦਾਨਾਂ ਵਿੱਚ ਇਹ ਰੁਝਾਨ ਤੇਜ਼ੀ ਨਾਲ ਵਧਿਆ ਹੈ ਕਿ ਉਹ ਜਨਤਕ ਪਲੇਟਫਾਰਮਾਂ ਤੋਂ ਅਸ਼ਲੀਲ, ਬੇਕਾਬੂ ਅਤੇ ਭੜਕਾਊ ਬਿਆਨ ਦੇਣਾ ਆਪਣਾ ਮਾਨ ਸਮਝਦੇ ਹਨ । ਜੇਕਰ ਉਨ੍ਹਾਂ ਵਿਰੁੱਧ ਕੋਈ ਇਤਰਾਜ਼ ਉਠਾਇਆ ਜਾਂਦਾ ਹੈ, ਤਾਂ ਉਹ ਅਕਸਰ ਟਾਲ-ਮਟੋਲ ਵਾਲਾ ਰਵੱਈਆ ਅਪਣਾਉਂਦੇ ਹਨ । ਜਦੋਂ ਬਹੁਤ ਜ਼ਿਆਦਾ ਦਬਾਅ ਵਧਦਾ ਹੈ, ਤਾਂ ਉਹ ਮੁਆਫ਼ੀ ਮੰਗਦੇ ਹਨ, ਇਹ ਕਹਿੰਦੇ ਹੋਏ ਕਿ ਜੇਕਰ ਉਨ੍ਹਾਂ ਦੇ ਬਿਆਨ ਨਾਲ ਕਿਸੇ ਨੂੰ ਠੇਸ ਪਹੁੰਚੀ ਹੈ, ਤਾਂ ਉਹ ਆਪਣੇ ਸ਼ਬਦ ਵਾਪਸ ਲੈਂਦੇ ਹਨ । ਪਰ ਸੁਪਰੀਮ ਕੋਰਟ ਦੀ ਸਖ਼ਤੀ ਤੋਂ ਬਾਅਦ, ਸ਼ਾਇਦ ਸਿਆਸਤਦਾਨ ਕੁਝ ਸਬਕ ਸਿੱਖਣਗੇ । ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਵੱਲੋਂ ਕਰਨਲ ਸੋਫੀਆ ਕੁਰੈਸ਼ੀ ਬਾਰੇ ਕੀਤੀ ਗਈ ਘਿਨਾਉਣੀ ਟਿੱਪਣੀ ਨੇ ਕੁਦਰਤੀ ਤੌਰ 'ਤੇ ਲੋਕਾਂ ਵਿੱਚ ਗੁੱਸਾ ਪੈਦਾ ਕਰ ਦਿੱਤਾ। ਮੱਧ ਪ੍ਰਦੇਸ਼ ਹਾਈ ਕੋਰਟ ਨੇ ਮਾਮਲੇ ਦਾ ਖੁਦ ਨੋਟਿਸ ਲਿਆ ਅਤੇ ਮੰਤਰੀ ਵਿਰੁੱਧ ਐਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ । ਪੁਲਿਸ ਨੇ ਇਸ ਮਾਮਲੇ ਵਿੱਚ ਵੀ ਟਾਲ-ਮਟੋਲ ਵਾਲਾ ਰਵੱਈਆ ਅਪਣਾਇਆ, ਜਿਵੇਂ ਕਿ ਉਹ ਅਕਸਰ ਪ੍ਰਭਾਵਸ਼ਾਲੀ ਲੋਕਾਂ ਦੇ ਮਾਮਲਿਆਂ ਵਿੱਚ ਕਰਦੇ ਹਨ। ਫਿਰ ਹਾਈ ਕੋਰਟ ਨੇ ਫਿਰ ਸਖ਼ਤ ਐਫਆਈਆਰ ਦਰਜ ਕਰਨ ਦਾ ਹੁਕਮ ਦਿੱਤਾ । ਫਿਰ, ਮੰਤਰੀ ਨੇ ਸੁਪਰੀਮ ਕੋਰਟ ਅੱਗੇ ਮਾਫ਼ੀ ਦੀ ਬੇਨਤੀ ਕੀਤੀ । ਪਰ ਸੁਪਰੀਮ ਕੋਰਟ ਨੇ ਉਸਨੂੰ ਫਟਕਾਰ ਲਗਾਈ ਅਤੇ ਸਪੱਸ਼ਟ ਕਰ ਦਿੱਤਾ ਕਿ ਤੁਹਾਡਾ ਇਹ ਕੰਮ ਮੁਆਫ਼ ਕਰਨ ਯੋਗ ਨਹੀਂ ਹੈ । ਇਸ ਮਾਮਲੇ ਦੀ ਜਾਂਚ ਲਈ ਸੂਬੇ ਤੋਂ ਬਾਹਰਲੇ ਤਿੰਨ ਸੀਨੀਅਰ ਪੁਲਿਸ ਅਧਿਕਾਰੀਆਂ ਦੀ ਇੱਕ ਵਿਸ਼ੇਸ਼ ਟਾਸਕ ਫੋਰਸ ਬਣਾਉਣ ਦੇ ਹੁਕਮ ਦਿੱਤੇ ਗਏ ਹਨ, ਜਿਸ ਵਿੱਚ ਇੱਕ ਮਹਿਲਾ ਅਧਿਕਾਰੀ ਵੀ ਸ਼ਾਮਲ ਹੋਵੇਗੀ। ਅਦਾਲਤ ਇਸ ਜਾਂਚ 'ਤੇ ਨੇੜਿਓਂ ਨਜ਼ਰ ਰੱਖੇਗੀ। ਸੁਪਰੀਮ ਕੋਰਟ ਦੇ ਇਸ ਰੁਖ਼ ਤੋਂ ਇਹ ਸਪੱਸ਼ਟ ਹੈ ਕਿ ਮੰਤਰੀ ਵਿਰੁੱਧ ਸਖ਼ਤ ਫੈਸਲਾ ਆ ਸਕਦਾ ਹੈ। ਇੱਕ ਵਫ਼ਾਦਾਰ ਫੌਜੀ ਅਫਸਰ ਨੂੰ ਅੱਤਵਾਦੀਆਂ ਨਾਲ ਜੋੜਨਾ ਨਾ ਸਿਰਫ਼ ਉਸਦਾ ਅਪਮਾਨ ਹੈ, ਸਗੋਂ ਇਸਨੂੰ ਪੂਰੀ ਫੌਜ ਦਾ ਮਨੋਬਲ ਤੋੜਨ ਦੀ ਕੋਸ਼ਿਸ਼ ਵੀ ਕਿਹਾ ਜਾ ਸਕਦਾ ਹੈ । ਕੁਦਰਤੀ ਤੌਰ 'ਤੇ ਇਸ ਨਾਲ ਦੇਸ਼ ਭਰ ਵਿੱਚ ਰੋਸ ਪੈਦਾ ਹੋਇਆ, ਪਰ ਇਹ ਅਜੀਬ ਹੈ ਕਿ ਕੁਝ ਲੋਕ ਵਿਜੇ ਸ਼ਾਹ ਦੇ ਬਿਆਨ ਦੇ ਬਚਾਅ ਵਿੱਚ ਵੀ ਅੱਗੇ ਆਏ । ਪਾਰਟੀ ਦੀ ਸਿਖਰਲੀ ਲੀਡਰਸ਼ਿਪ ਇਸ ਬਾਰੇ ਅਜੇ ਵੀ ਚੁੱਪ ਹੈ । ਇਸ ਨਾਲ ਵਿਰੋਧੀ ਪਾਰਟੀਆਂ ਨੂੰ ਬਿਨਾਂ ਕਿਸੇ ਕੋਸ਼ਿਸ਼ ਦੇ ਸਰਕਾਰ ਨੂੰ ਨਿਸ਼ਾਨਾ ਬਣਾਉਣ ਦਾ ਮੌਕਾ ਮਿਲ ਗਿਆ ਹੈ । ਹੁਣ ਤਾਂ ਐਨਡੀਏ ਦੇ ਕੁਝ ਸਹਿਯੋਗੀਆਂ ਨੇ ਵੀ ਇਸ ਮਾਮਲੇ ਦੀ ਸਖ਼ਤ ਨਿੰਦਾ ਕਰਨੀ ਸ਼ੁਰੂ ਕਰ ਦਿੱਤੀ ਹੈ । ਕੁਝ ਮਾਮਲੇ ਨਿੱਜੀ ਨਹੀਂ ਹੁੰਦੇ, ਜਿਨ੍ਹਾਂ 'ਤੇ ਪਾਰਟੀ ਚੁੱਪੀ ਧਾਰ ਸਕਦੀ ਹੈ । ਕਈ ਮਾਮਲਿਆਂ ਵਿੱਚ ਇਹ ਦੇਖਿਆ ਗਿਆ ਹੈ ਕਿ ਜਦੋਂ ਵੀ ਕੋਈ ਵੱਡਾ ਨੇਤਾ ਆਪਣੇ ਕਿਸੇ ਬਿਆਨ ਕਾਰਨ ਵਿਵਾਦਾਂ ਵਿੱਚ ਘਿਰ ਜਾਂਦਾ ਹੈ, ਤਾਂ ਪਾਰਟੀ ਉਸ ਤੋਂ ਦੂਰੀ ਬਣਾ ਲੈਂਦੀ ਹੈ। ਪਰ ਵਿਜੇ ਸ਼ਾਹ ਦੇ ਮਾਮਲੇ ਵਿੱਚ ਅਜਿਹਾ ਨਹੀਂ ਕੀਤਾ ਜਾ ਸਕਦਾ। ਉਹ ਇੱਕ ਰਾਜ ਸਰਕਾਰ ਵਿੱਚ ਇੱਕ ਜ਼ਿੰਮੇਵਾਰ ਮੰਤਰੀ ਦਾ ਅਹੁਦਾ ਸੰਭਾਲ ਰਹੇ ਹਨ । ਜੇਕਰ ਅਦਾਲਤ ਵਿਜੇ ਸ਼ਾਹ ਵਿਰੁੱਧ ਕੋਈ ਸਖ਼ਤ ਕਾਰਵਾਈ ਕਰਦੀ ਹੈ, ਤਾਂ ਇਸ ਨਾਲ ਪਾਰਟੀ ਦੀ ਨਮੋਸ਼ੀ ਹੀ ਵਧੇਗੀ । ਅਜਿਹੇ ਬਿਆਨ ਦੇਣ ਵਾਲੇ ਆਗੂਆਂ ਨੂੰ ਸੁਰੱਖਿਆ ਦੇਣ ਨਾਲ, ਅੰਤ ਵਿੱਚ ਪਾਰਟੀਆਂ ਦੀ ਭਰੋਸੇਯੋਗਤਾ ਢਿੱਲੀ ਪੈ ਜਾਂਦੀ ਹੈ। ਪਾਰਟੀ ਦੀ ਸਿਖਰਲੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਆਗੂਆਂ ਨੂੰ ਅਨੁਸ਼ਾਸਨ ਦਾ ਸਬਕ ਸਿਖਾਏ। ਫਿਰ, ਮੱਧ ਪ੍ਰਦੇਸ਼ ਸਰਕਾਰ 'ਤੇ ਵੀ ਸਵਾਲ ਉੱਠੇ ਹਨ ਕਿ ਮੁੱਖ ਮੰਤਰੀ ਕਿਸ ਦਬਾਅ ਹੇਠ ਇੱਕ ਵਿਵਾਦਪੂਰਨ ਨੇਤਾ ਨੂੰ ਮੰਤਰੀ ਅਹੁਦੇ 'ਤੇ ਬਰਕਰਾਰ ਰੱਖ ਰਹੇ ਹਨ । ਕਿਸੇ ਵੀ ਰਾਜਨੀਤਿਕ ਪਾਰਟੀ ਲਈ ਇਹ ਚੰਗੀ ਗੱਲ ਨਹੀਂ ਮੰਨੀ ਜਾਂਦੀ ਕਿ ਅਦਾਲਤ ਨੂੰ ਆਪਣੇ ਕਿਸੇ ਵੀ ਨੇਤਾ ਨੂੰ ਅਨੁਸ਼ਾਸਿਤ ਕਰਨ ਲਈ ਕਾਰਵਾਈ ਕਰਨੀ ਪਵੇ । ਇਸ ਸਭ ਤੋਂ ਬਾਅਦ, ਵਿਜੇ ਸ਼ਾਹ ਨੂੰ ਸ਼ਾਇਦ ਇਹ ਅਹਿਸਾਸ ਨਹੀਂ ਹੋਇਆ ਹੋਵੇਗਾ ਕਿ ਉਸਨੇ ਗੈਰ-ਜ਼ਿੰਮੇਵਾਰਾਨਾ ਬਿਆਨ ਦੇ ਕੇ ਆਪਣੇ ਅਤੇ ਪਾਰਟੀ ਲਈ ਮੁਸੀਬਤ ਖੜ੍ਹੀ ਕੀਤੀ ਹੈ।

-ਜਗਜੀਤ ਸਿੰਘ ਦਰਦੀ

# ਮੁੱਖ ਮੰਤਰੀ ਮਾਨ ਦਾ ਦਿਲ ਸੱਚੀ ਦਰਿਆ ਐ

ਕਮਲਜੀਤ ਸਿੰਘ ਬਨਵੈਤ
98147 34035



ਤੁਸੀਂ ਦੱਸੋ ਜੇ ਪੰਜਾਬ ਵਿੱਚ ਜੰਮੇ ਆਪਣੀ ਧਰਤੀ ਮਾਂ ਨਾਲ ਵਫ਼ਾਦਾਰੀ ਨਹੀਂ ਪੁਗਾ ਸਕੇ ਹਨ ਤਾਂ ਗੈਰਾਂ ਤੋਂ ਵਫਾਦਾਰੀ ਦੀ ਕੀ ਆਸ ਰੱਖੀ ਜਾ ਸਕਦੀ ਹੈ ? ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਪੰਜਾਬੀਆਂ ਲਈ ਚੱਲਣ ਵਾਲਾ ਹਰੀ ਸਿਆਹੀ ਵਾਲਾ ਪੈੱਨ ਹੱਥੋਂ ਡਿੱਗ ਪਿਆ ਹੈ ਜਾਂ ਸਿਆਹੀ ਮੁੱਕ ਗਈ ਹੈ। ਹੋ ਸਕਦਾ ਹੈ ਮੁੱਖ ਮੰਤਰੀ ਦੀ ਕੁਰਸੀ ਬਚਾਉਣ ਦੀ ਕੋਈ ਮਜਬੂਰੀ ਹੋਵੇ। ਮੁੱਖ ਮੰਤਰੀ ਮਾਨ ਵੱਲੋਂ ਗੈਰ ਪੰਜਾਬੀਆਂ ਨੂੰ ਚੇਅਰਮੈਨੀਆਂ ਦੀਆਂ ਚਾਬੀਆਂ ਸੌਂਪਣ ਦੇ ਹੁਕਮਾਂ ਤੋਂ ਤਾਂ ਇਹੋ ਕੁਝ ਦਿਸਦਾ ਹੈ । ਪੰਜਾਬੀਆਂ ਨੂੰ ਦਿੱਲੀ ਰਾਸ ਨਹੀਂ ਆਉਂਦੀ ਚਾਹੇ ਕੇਂਦਰ ਦੀ ਸਰਕਾਰ ਹੋਵੇ ਤੇ ਭਾਵੇਂ ਆਮ ਆਦਮੀ ਪਾਰਟੀ ਦੀ ਦਿੱਲੀ ਲੀਡਰਸ਼ਿਪ ਦੀ ਗੱਲ ਕਰ ਲਈਏ। ਪੰਜਾਬ ਦਾ ਹਮੇਸ਼ਾ ਟਕਰਾਅ ਰਿਹਾ ਹੈ।

ਪੰਜਾਬ ਸਰਕਾਰ ਵੱਲੋਂ ਵੱਖ-ਵੱਖ ਬੋਰਡਾਂ ਦੇ ਪੰਜ ਚੇਅਰਮੈਨ, ਉਪ ਚੇਅਰਮੈਨ ਤੇ ਡਾਇਰੈਕਟਰ ਲਾਏ ਗਏ ਹਨ । ਇਹਨਾਂ ਵਿੱਚੋਂ ਦੋ ਗੈਰ ਪੰਜਾਬੀ ਚਿਹਰੇ ਹਨ । ਆਪ ਦੀ ਦਿੱਲੀ ਲੀਡਰਸ਼ਿਪ ਦੇ ਕਰੀਬੀ ਅਤੇ ਪਾਰਟੀ ਵਿੱਚ ਕੰਮ ਕਰਦੇ ਦੋ ਚਿਹਰਿਆਂ ਦੀ ਚੇਅਰਮੈਨ ਵਜੋਂ ਨਿਯੁਕਤੀ ਮਗਰੋਂ ਪੰਜਾਬ ਦੀ ਸਿਆਸਤ ਤਾਂ ਭੱਖੀ ਹੀ ਹੈ। ਪਾਰਟੀ ਦੇ ਵਲੰਟੀਅਰਾਂ ਦੇ ਚਿਹਰੇ ਵੀ ਮੁਰਝਾਏ ਹਨ ਅਤੇ ਲੋਕਾਂ ਵਿੱਚ ਨਰਾਜ਼ਗੀ ਵੀ ਦੇਖਣ ਨੂੰ ਮਿਲ ਰਹੀ ਹੈ। ਆਮ ਆਦਮੀ ਪਾਰਟੀ ਦੀ ਦਿੱਲੀ ਇਕਾਈ ਦੀ ਸਪੋਕਸਪਰਸਨ ਅਤੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਸਿੰਘ ਦੀ ਨੇੜਕੂ ਰੀਨਾ ਗੁਪਤਾ ਨੂੰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਚੇਅਰਪਰਸਨ ਲਾਇਆ ਗਿਆ ਹੈ । ਇਸੇ ਤਰ੍ਹਾਂ ਸੰਸਦ ਮੈਂਬਰ ਸੰਦੀਪ ਪਾਠਕ ਦੇ ਨੇੜਲੇ ਦੀਪਕ ਚੌਹਾਨ ਨੂੰ ਪੰਜਾਬ ਲਾਰਜ ਸਕੇਲ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦਾ ਚੇਅਰਮੈਨ ਲਾਇਆ ਗਿਆ ਹੈ । ਰੀਨਾ ਗੁਪਤਾ ਦਿੱਲੀ ਦੀ ਰਹਿਣ ਵਾਲੀ ਹੈ ਜਦਕਿ ਦੀਪਕ ਚੌਹਾਨ ਉੱਤਰ ਪ੍ਰਦੇਸ਼ ਦੇ ਬਾਸ਼ਿੰਦੇ ਹਨ। ਜਦੋਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੀ ਉਦੋਂ ਤਾਂ ਪੰਜਾਬੀਆਂ ਨੂੰ ਉੱਥੇ ਚੇਅਰਮੈਨ ਨਹੀਂ ਸੀ ਦਿੱਤੀ ਗਈ ਸੀ । ਹੋਰ ਤਾਂ ਹੋਰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਕਿਸੇ ਸਿੱਖ ਨੂੰ ਵਜ਼ਾਰਤ ਵਿੱਚ ਵੀ ਪ੍ਰਤੀਨਿਧਤਾ ਨਹੀਂ ਸੀ ਦਿੱਤੀ, ਜਿਸ ਦਾ ਬਦਲਾ ਦਿੱਲੀ ਵੱਸਦੇ ਸਿੱਖਾਂ ਨੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਪ ਨੂੰ ਰੱਦ ਕਰਕੇ ਲਿਆ ਹੈ।

ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਹਾਰਨ ਤੋਂ ਬਾਅਦ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਭਗਵੰਤ ਮਾਨ ਦੇ ਮਹਿਮਾਨ ਉਤੇ ਸਵਾਰ ਹਨ । ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਤੇ ਸਾਬਕਾ ਵਜ਼ੀਰ ਸਤੇਂਦਰ ਜੈਨ ਵੀ ਪੰਜਾਬ ਵਿੱਚ ਡੇਰੇ ਲਾਈ ਬੈਠੇ ਹਨ। ਦਿੱਲੀ ਵਿਧਾਨ ਸਭਾ ਚੋਣਾਂ ਹਾਰਨ ਤੋਂ ਬਾਅਦ ਸਿਸੋਦੀਆ ਨੂੰ ਆਪ ਪੰਜਾਬ ਦਾ ਇੰਚਾਰਜ ਅਤੇ ਸਤੇਂਦਰ ਜੈਨ ਨੂੰ ਕੋ ਇੰਚਾਰਜ ਲਾ ਦਿੱਤਾ ਗਿਆ ਸੀ । ਅਰਵਿੰਦ ਕੇਜਰੀਵਾਲ ਦੇ ਲੰਮਾ ਸਮਾਂ ਪੀ ਏ ਰਹੇ ਬਿਭਵ ਕੁਮਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਅਫ਼ਸਰ ਅਨ ਸਪੈਸ਼ਲ ਡਿਊਟੀ ਬਣ ਕੇ ਦਿੱਲੀ ਤੋਂ ਪੰਜਾਬ ਦੀ ਸਰਕਾਰ ਚਲਾ ਰਹੇ ਹਨ । ਇਸ ਤੋਂ ਪਹਿਲਾਂ ਬੀਬੀ ਸਤਿੰਦਰ ਕੌਰ ਬੇਦੀ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦਾ ਚੇਅਰਪਰਸਨ ਲਾ ਦਿੱਤਾ ਗਿਆ ਸੀ। ਦਿੱਲੀ ਦੇ ਇੱਕ ਸਾਬਕਾ ਆਈਏਐਸ ਨੂੰ ਰੇਰਾ ਦਾ ਚੇਅਰਮੈਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ । ਰੇਰਾ ਦਾ ਇੱਕ ਮੈਂਬਰ ਵੀ ਦਿੱਲੀ ਤੋਂ ਹੈ। ਰੇਰਾ ਦੇ ਚੇਅਰਮੈਨ ਲਈ ਅਹੁਦਾ ਛੋਟੀ ਛੱਡਣਾ ਮਜਬੂਰੀ ਬਣ ਗਿਆ ਸੀ । ਪੰਜਾਬ ਲੋਕ ਸੰਪਰਕ ਵਿਭਾਗ ਦੇ ਸਿਰ ਉੱਤੇ ਵੀ ਦਿੱਲੀ ਦੀ ਇੱਕ ਟੀਮ ਬਿਠਾਅ ਰੱਖੀ ਹੈ।

ਆਪ ਵੱਲੋਂ ਪੰਜਾਬ ਦੇ ਸੱਤ ਰਾਜ ਸਭਾ ਮੈਂਬਰਾਂ ਵਾਸਤੇ ਜਦੋਂ ਗ਼ੈਰ ਪੰਜਾਬੀਆਂ ਉੱਤੇ ਗੁਣਾ ਪਿਆ ਸੀ, ਪੰਜਾਬੀ ਉਦੋਂ ਹੀ ਪਾਰਟੀ ਨੂੰ ਬੇਗਾਨੇ ਸਮਝਣ ਲੱਗ ਪਏ ਸਨ। ਆਮ ਆਦਮੀ ਪਾਰਟੀ ਵੱਲੋਂ ਸੰਦੀਪ ਪਾਠਕ ਅਤੇ ਰਾਘਵ ਚੱਢਾ ਨੂੰ ਪੰਜਾਬ ਤੋਂ ਰਾਜ ਸਭਾ ਭੇਜਿਆ ਗਿਆ ਸੀ । ਵਿਕਰਮਜੀਤ ਸਿੰਘ ਸਾਹਨੀ ਦਾ ਸਬੰਧ ਵੀ ਦਿੱਲੀ ਨਾਲ ਹੈ। ਕ੍ਰਿਕਟਰ ਹਰਭਜਨ ਸਿੰਘ ਭੱਜੀ ਨੇ ਕਈ ਦਹਾਕੇ ਪਹਿਲਾਂ ਪੰਜਾਬ ਦੀ ਧਰਤੀ ਛੱਡ ਦਿੱਤੀ ਸੀ। ਦੋ ਵੱਡੇ ਵਪਾਰੀਆਂ ਨੂੰ ਰਾਜ ਸਭਾ ਵਿੱਚ ਭੇਜਿਆ ਗਿਆ ਸੀ । ਸੰਤ ਬਲਵੀਰ ਸਿੰਘ ਸੀਚੇਵਾਲ ਦੀ ਇੱਕੋ ਇੱਕ ਚੋਣ ਉੱਤੇ ਪੰਜਾਬੀਆਂ ਨੇ ਦਿਲੋਂ ਮੋਹਰ ਲਾਈ ਸੀ। ਰਾਜ ਸਭਾ ਵਿੱਚ ਭੇਜੇ ਗ਼ੈਰ ਪੰਜਾਬੀਆਂ ਨੇ ਪੰਜਾਬ ਨੂੰ ਹਾਲੇ ਤੱਕ ਤਾਂ ਵਿਸਾਰੀ ਰੱਖਿਆ ਹੈ। ਰਾਜ ਸਭਾ ਦੇ ਅਜਿਹੇ ਮੈਂਬਰ ਜਿਹੜੇ ਪੰਜਾਬੀਆਂ ਦੇ ਸੁਭਾਅ ,ਕਲਚਰ ਅਤੇ ਦਿੱਕਤਾਂ ਤੋਂ ਨਾ ਵਾਕਫ਼ ਹਨ, ਉਹ ਭਲਾ ਮੁਲਕ ਦੀ ਪਾਰਲੀਮੈਂਟ ਵਿੱਚ ਮੁੱਦੇ ਉਠਾਉਣ ਵੀ ਤਾਂ ਕਿਸ ਤਰ੍ਹਾਂ ? ਰਾਜ ਸਭਾ ਦੇ ਗ਼ੈਰ ਪੰਜਾਬੀ ਮੈਂਬਰਾਂ ਦੇ ਦਿਲਾਂ ਵਿੱਚ ਪੰਜਾਬ ਲਈ ਉਹ ਦਰਦ ਹੀ ਨਹੀਂ ਹੋ ਸਕਦਾ ਜਿਸ ਸ਼ਿੱਦਤ ਨਾਲ ਪੰਜਾਬ ਦੇ ਜਾਏ ਮਹਿਸੂਸ ਕਰ ਸਕਦੇ ਹਨ । ਰੀਨਾ ਗੁਪਤਾ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਪਹਿਲੇ ਮਹਿਲਾ ਚੇਅਰ ਪਰਸਨ ਹਨ । ਦੀਪਕ ਚੌਹਾਨ ਜਿਨਾਂ ਨੂੰ ਪੰਜਾਬ ਲਾਰਜ ਸਕੇਲ ਇੰਡਸਟਰੀਅਲ ਡਿਵੈਲਪਮੈਂਟ ਬੋਰਡ ਦਾ ਚੇਅਰਮੈਨ ਲਾਇਆ ਗਿਆ ਹੈ, ਉਹ ਪੰਜਾਬ ਲਈ ਨਿਵੇਸ਼ ਕਿਵੇਂ ਲਿਆਉਣਗੇ ਇਹ ਸੋਚ ਕੇ ਦਿਲ ਨੂੰ ਧੂਹ ਜਿਹੀ ਪੈਣ ਲੱਗਦੀ ਹੈ। ਹਾਲੇ ਇੱਕ ਦਿਨ ਪਹਿਲਾਂ ਹੀ ਪੰਜਾਬ ਸਰਕਾਰ ਵੱਲੋਂ ਗੁੱਡ ਗਵਰਨੈਂਸ ਫੈਲੋਸ਼ਿਪ ਦੇ ਨਾਂ ਹੇਠ ਭਾਰਤ ਭਰ ਦੇ ਵਾਸੀਆਂ ਤੋਂ ਅਸਾਮੀਆਂ ਲਈ 30 ਮਈ ਤੱਕ ਅਰਜ਼ੀਆਂ ਮੰਗੀਆਂ ਗਈਆਂ ਸਨ । ਭਾਰਤੀ ਦੋ ਸਾਲਾਂ ਲਈ ਕੀਤੀ ਜਾਣੀ ਹੈ ਅਤੇ ਪ੍ਰਤੀ ਮਹੀਨਾ ਤਨਖ਼ਾਹ 1 ਲੱਖ 20 ਹਜ਼ਾਰ ਮੁਕੱਰਰ ਕੀਤੀ ਗਈ ਹੈ। ਗੁੱਡ ਗਵਰਨੈਂਸ ਫੈਲੋਸ਼ਿਪ ਪ੍ਰੋਗਰਾਮ ਤਹਿਤ ਪੰਜਾਬੀਆਂ ਦੀ ਨਬਜ਼ ਉੱਤੇ ਹੱਥ ਧਰ ਕੇ ਇੱਕ ਰਿਪੋਰਟ ਤਿਆਰ ਕੀਤੀ ਜਾਣੀ ਹੈ । ਪੰਜਾਬੀਆਂ ਦੀ ਨਜ਼ਰ ਟੋਹਣ ਲਈ ਗੈਰ ਪੰਜਾਬੀ ਭਰਤੀ ਕੀਤੇ ਜਾਣਗੇ । ਚਰਚਾ ਤਾਂ ਇਸ ਤਰ੍ਹਾਂ ਦੀ ਵੀ ਹੈ ਕਿ ਆਮ ਆਦਮੀ ਪਾਰਟੀ ਅਸਿਧੇ ਤੌਰ 'ਤੇ ਦੇਖਣਾ ਚਾਹੁੰਦੀ ਹੈ ਕਿ ਸਵਾ ਤਿੰਨ ਸਾਲ ਦੀ ਕਾਰਗੁਜ਼ਾਰੀ ਤੋਂ ਬਾਅਦ ਕਿੰਨੇ ਕੁ ਪਾਣੀਆਂ ਵਿੱਚ ਹੈ ? ਪੰਜਾਬ ਸਰਕਾਰ ਵੱਲੋਂ 50 ਹਜ਼ਾਰ ਨੌਜਵਾਨਾਂ ਨੂੰ ਨੌਕਰੀ ਦੇਣ ਦਾ ਦਾਅਵਾ ਕੀਤਾ ਜਾ ਰਿਹਾ ਹੈ । ਨਵੇਂ ਭਰਤੀ ਕੀਤੇ ਜਾਣ ਵਾਲੇ ਨੌਜਵਾਨਾਂ ਨੂੰ ਤਿੰਨ ਸਾਲ ਲਈ ਬੇਸਿਕ ਪੇਅ ਉੱਤੇ ਨੌਕਰੀ ਦਿੱਤੀ ਜਾ ਰਹੀ ਹੈ। ਜਦਕਿ ਗੁੱਡ ਗਵਰਨੈਂਸ ਫੈਲੋਸ਼ਿਪ ਤਹਿਤ ਪਹਿਲੇ ਦਿਨ ਹੀ ਸਵਾ ਲੱਖ ਤਨਖ਼ਾਹ ਮਿਲਣੀ ਸ਼ੁਰੂ ਹੋ ਜਾਵੇਗੀ । ਸਿਆਣੇ ਕਿਹਾ ਕਰਦੇ ਸਨ ਕਿ ਜੇ ਕੋਈ ਆਪਣਾ ਮਾਰੂਗਾ ਵੀ ਤਦ ਛਾਵੇਂ ਹੀ ਛੁੱਟੂਗਾ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਜ ਦੌਰਾਨ ਇਹ ਅਖੌਤ ਝੂਠੀ ਪੈਂਦੀ ਲੱਗਦੀ ਹੈ। ਵਿਰੋਧੀ ਧਿਰਾਂ ਨੇ ਤਾਂ ਬਿਆਨ ਦੇ ਕੇ ਆਪਣੇ ਮਨ ਦਾ ਗੁੱਸਾ ਕੱਢ ਲਿਆ ਹੈ ਪਰ ਲੋਕ ਵਿਚਾਰੇ ਤਾਂ ਅੰਦਰੋਂ ਅੰਦਰੀ ਤਪੇ ਬੈਠੇ ਹਨ। ਉਨ੍ਹਾਂ ਨੂੰ 2027 ਦੂਰ ਲੱਗਣ ਲੱਗਾ ਹੈ । ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਕਹਿੰਦੇ ਹਨ ਕਿ ਮੁੱਖ ਮੰਤਰੀ ਮਾਨ ਨੇ ਅਰਵਿੰਦ ਕੇਜਰੀਵਾਲ ਅੱਗੇ ਗੋਡੇ ਟੇਕ ਦਿੱਤੇ ਹਨ ਅਤੇ ਆਪ ਵਿਧਾਇਕਾਂ ਦੀ ਜ਼ਮੀਰ ਮਰ ਗਈ ਹੈ । ਇਹਨਾਂ ਨਿਯੁਕਤੀਆਂ ਨੇ ਆਪ ਦੀ ਪੋਲ ਖੋਲ੍ਹ ਦਿੱਤੀ ਹੈ ਅਤੇ ਦਿੱਲੀ ਦੇ ਵੱਧ ਰਹੇ ਦਖਲ ਕਾਰਨ ਹੁਣ ਪੰਜਾਬ ਦੀ ਆਪ ਲੀਡਰਸ਼ਿਪ ਵਿੱਚ ਜਲਦੀ ਵਿਵਾਦ ਖੜ੍ਹਾ ਹੋ ਜਾਵੇਗਾ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਇਹਨਾਂ ਨਿਯੁਕਤੀਆਂ ਉੱਤੇ ਸੂਬਾ ਸਰਕਾਰ ਦੀ ਘੇਰਾਬੰਦੀ ਕੀਤੀ ਹੈ। ਉਹਨਾਂ ਨੇ ਕਿਹਾ ਹੈ ਕਿ ਰੀਨਾ ਗੁਪਤਾ ਤੇ ਦੀਪਕ ਚੌਹਾਨ ਦੀ ਨਿਯੁਕਤੀ ਨੇ ਪੰਜਾਬ ਨੂੰ ਅਸਲ ਬਦਲਾਅ ਦਿਖਾ ਦਿੱਤਾ ਹੈ। ਇਹਨਾਂ ਨਿਯੁਕਤੀਆਂ ਤੋਂ ਭਾਈ ਭਤੀਜਾਵਾਦ ਵੀ ਸਾਫ ਦਿਖ ਰਿਹਾ ਹੈ ਅਤੇ ਇਹ ਅਹੁਦੇ ਗ਼ੈਰ ਪੰਜਾਬੀ ਲੋਕਾਂ ਨੂੰ ਦਿੱਤੇ ਗਏ ਹਨ ਨਾ ਕੋਈ ਮੈਰਿਟ ਦੇਖੀ ਗਈ ਹੈ ਅਤੇ ਨਾ ਹੀ ਤਜ਼ਰਬਾ। ਸਾਬਕਾ ਮੰਤਰੀ ਪ੍ਰਗਟ ਸਿੰਘ ਕਹਿੰਦੇ ਹਨ ਕਿ ਪੰਜਾਬ ਨੂੰ ਅਸਲ ਬਦਲਾ ਦਿਖਾਇਆ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਟਿੱਪਣੀ ਕੀਤੀ ਹੈ ਕਿ ਮੁੱਖ ਮੰਤਰੀ ਨੇ ਸੱਤਾ ਵਿੱਚ ਰਹਿਣ ਲਈ ਅਜਿਹਾ ਕੀਤਾ ਹੈ, ਉਹਨਾਂ ਕਿਹਾ ਕਿ ਹੁਣ ਦੋ ਅਹਿਮ ਅਹੁਦੇ ਕੇਜਰੀਵਾਲ ਤੇ ਸੰਦੀਪ ਅਟਕ ਦੇ ਨੇੜਲਿਆਂ ਵਾਲੇ ਕਰ ਦਿੱਤੇ ਗਏ ਹਨ । ਪਹਿਲਾਂ ਅਜਿਹਾ ਕਦੇ ਵੀ ਨਹੀਂ ਸੀ ਹੋਇਆ ਬਾਦਲ ਨੇ ਕਿਹਾ ਕਿ ਸਾਫ਼ ਹੋ ਗਿਆ ਹੈ ਕਿ ਆਪ ਦੀ ਦਿੱਲੀ ਲੀਡਰਸ਼ਿਪ ਪੰਜਾਬ ਦੀ ਸਨਅਤ ਨੂੰ ਲੁੱਟਣਾ ਚਾਹੁੰਦੀ ਹੈ ।ਪੰਜਾਬ ਸਰਕਾਰ ਵੱਲੋਂ ਰੰਗੇ ਕੱਲ ਬੋਰਡਾਂ ਤੇ ਨਿਗਮਾਂ ਦੇ ਪੰਜ ਚੇਅਰਮੈਨ ਦੋ ਵਾਈਸ ਚੇਅਰਮੈਨ ਅਤੇ 17 ਡਾਇਰੈਕਟਰਾਂ ਸਮੇਤ ਸੱਤ ਮੈਂਬਰ ਲਾਏ ਗਏ ਹਨ । ਹਾਲੇ ਕਈ ਹੋਰ ਬੋਰਡ ਕਾਰਪੋਰੇਸ਼ਨਾਂ ਦੇ ਚੇਅਰਮੈਨ ਤੇ ਉਪ ਚੇਅਰਮੈਨਾਂ ਦੀਆਂ ਨਿਯੁਕਤੀਆਂ ਹੋਈਆਂ ਹਨ । ਹਾਕਮ ਧਿਰ ਬਾਹਰਲੇ ਲੋਕਾਂ ਦੇ ਹੱਥ ਪੰਜਾਬ ਦੀ ਵਾਗਡੋਰ ਹੋਰ ਕਿੰਨੀ ਕੁ ਫੜਾਵੇਗੀ ਪੰਜਾਬੀਆਂ ਨੂੰ ਇਹ ਚਿੰਤਾ ਹੁਣੇ ਤੋਂ ਸਤਾਉਣ ਲੱਗੀ ਹੈ ।ਪੰਜਾਬ ਸਰਕਾਰ ਦਾ ਅਫਸਰਸ਼ਾਹੀ ਉੱਤੇ ਕੰਟਰੋਲ ਨਹੀਂ ਹੈ। ਅਫਸਰਸ਼ਾਹੀ ਵੀ ਹਨੇਰੇ ਵਿੱਚ ਟੱਕਰਾਂ ਮਾਰ ਰਹੀ ਹੈ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਿਆ ਸਵਾ ਤਿੰਨ ਸਾਲ ਹੋ ਚੱਲੇ ਹਨ ਪਰ ਅਫਸਰ ਸ਼ਾਹੀ ਨੂੰ ਹਲੇ ਤੱਕ ਤਾਕਤ ਦੇ ਅਸਲੀ ਧੁਰੇ ਦਾ ਪਤਾ ਨਹੀਂ ਲੱਗ ਸਕਿਆ ਹੈ । ਨਿਯੁਕਤੀਆਂ ਪੰਜਾਬ ਵਿੱਚ ਹੁੰਦੀਆਂ ਹਨ ਅਤੇ ਹੁਕਮ ਦਿੱਲੀ ਤੋਂ ਆਉਂਦੇ ਹਨ । ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸਾਬਕਾ ਚੀਫ਼ ਸੈਕਟਰੀ ਤੇ ਆਈ ਏ ਐਸ ਅਫਸਰਾਂ ਦੇ ਸਿਰਦਾਰ ਸਮੇਤ ਮੁੱਖ ਮੰਤਰੀ ਦੇ ਸਿਆਸੀ ਸਲਾਹਕਾਰ ਆਪਣੇ ਪਿੰਡੇ 'ਤੇ ਹੰਢਾ ਚੁੱਕੇ ਹਨ। ਪੰਜਾਬੀਆਂ ਨੂੰ ਕਦੇ ਕਦੇ ਯਕੀਨ ਨਹੀਂ ਆਉਂਦਾ ਕਿ ਵਿਰੋਧੀ ਧਿਰ ਵਿੱਚ ਹੁੰਦਿਆਂ ਪੰਜਾਬ ਦੇ ਹੱਕ ਵਿੱਚ ਬੜਕਾਂ ਮਾਰਨ ਵਾਲਾ ਭਗਵੰਤ ਸਿੰਘ ਮਾਨ ਉਹੀ ਪਿੰਡ ਸਤੌਜ ਦਾ ਜਾਇਆ ਹੈ।

# ਯੂਟਿਊਬਰ ਧਰੁਵ ਰਾਠੀ ਦਾ ਏਆਈ ਵੀਡੀਓ ਸਿੱਖ ਇਤਿਹਾਸ ਨਾਲ ਖਿਲਵਾੜ ਦੀ ਡੂੰਘੀ ਸਾਜਿਸ਼



ਪ੍ਰੋ . ਡਾ . ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

- ਕਿਸ ਬੇਸ਼ਰਮੀ ਨਾਲ ਰਾਠੀ ਦੀ ਮੁਆਫ਼ੀ ਦਾ ਉਹ ਵੀਡੀਓ ਨੂੰ ਜਿਸ ਵਿੱਚ ਉਹ ਵੀਡੀਓ ਨੂੰ ਪ੍ਰਾਈਵੇਟ ਕਰਨ ਦੀ ਗੱਲ ਕਰ ਰਿਹੈ
- ਯੂਟਿਊਬਰ ਤੇ ਦੂਸਰੇ ਡਿਜ਼ੀਟਲ ਪਲੇਟਫਾਰਮ ਬੇਲਗਾਮ ਕਿਉਂ
- ਕੀ ਐਸ ਜੀ ਪੀ ਸੀ ਦਾ ਐਕਸ਼ਨ ਕੋਈ ਮਿਸਾਲੀ ਐਕਸ਼ਨ ਹੋਵੇਗਾ
- ਕੀ ਸਿੱਖ ਇਤਿਹਾਸ ਨਾਲ ਛੇੜਛਾੜ ਤੋਂ ਬਾਅਦ ਮਾਫੀ ਮੰਗ ਲੈਣਾ ਹੀ ਇੱਕ ਹੱਲ ਹੈ
- ਜਿੰਨੀ ਦੇਰ ਤੱਕ ਸਖ਼ਤ ਕਾਰਵਾਈ ਨਹੀਂ ਹੁੰਦੀ ਉਨੀ ਦੇਰ ਤੱਕ ਇਸ ਤਰ੍ਹਾਂ ਦੀਆਂ ਬੇਹੁਦਰੀਆਂ ਤੇ ਵਿਵਾਦਪੂਰਨ ਪੋਸਟਾਂ ਸੋਸ਼ਲ ਮੀਡੀਆ 'ਤੇ ਜਾਰੀ ਰਹਿਣਗੀਆਂ

ਯੂਟਿਊਬਰ ਧਰੁਵ ਰਾਠੀ ਵੱਲੋਂ ਏਆਈ ਐਨੀਮੇਟਡ ਸਿੱਖ ਗੁਰੂਆਂ ਬਾਰੇ ਬਣਾਈ ਗਈ ਫ਼ਿਲਮ ਹੁਣ ਪੂਰੀ ਦੁਨੀਆ ਵਿੱਚ ਸਿੱਖ ਜਗਤ ਦੇ ਹਲਕਿਆਂ ਵਿੱਚ ਵਿਵਾਦਾਂ ਵਿੱਚ ਘਿਰੀ ਹੋਈ ਹੈ ਅਤੇ ਇਹ ਵਿਵਾਦ ਇਸ ਤਰ੍ਹਾਂ ਦਾ ਹੈ, ਜਿਸ ਵਿੱਚ ਧਾਰਮਿਕ ਭਾਵਨਾਵਾਂ ਆਹਤ ਹੋਈਆਂ ਹਨ । ਯੂਟਿਊਬਰ ਧਰੁਵ ਰਾਠੀ ਸਿੱਖ ਗੁਰੂਆਂ ਦਾ ਇੱਕ ਏਆਈ ਵੀਡੀਓ ਬਣਾਉਣ ਤੋਂ ਬਾਅਦ ਵਿਵਾਦਾਂ ਵਿੱਚ ਘਿਰ ਗਿਆ ਹੈ। ਰਾਠੀ ਨੇ ਦ ਸਿੱਖ ਵਾਰੀਅਰ ਹੂ ਟੈਰਰਾਈਜ਼ਡ ਦ ਮੁਗਲਸ ਸਿਰਲੇਖ ਵਾਲਾ ਇੱਕ ਏਆਈ ਵੀਡੀਓ ਜਾਰੀ ਕੀਤਾ ਹੈ । ਸਿੱਖ ਗੁਰੂਆਂ ਨੂੰ ਮਨੁੱਖੀ ਰੂਪ ਵਿੱਚ ਦਰਸਾਉਣ ਲਈ ਵੀਡੀਓ ਦੀ ਨਿੰਦਾ ਕੀਤੀ ਗਈ ਸੀ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਯੂਟਿਊਬਰ ਧਰੁਵ ਰਾਠੀ ਦੀ ਵੀਡੀਓ ਦੀ ਸਖ਼ਤ ਨਿਖੇਧੀ ਕੀਤੀ ਹੈ। ਵਿਵਾਦ ਵਧਣ ਤੋਂ ਬਾਅਦ, ਯੂਟਿਊਬਰ ਧਰੁਵ ਰਾਠੀ ਨੇ ਆਪਣੇ ਚੈਨਲ ਤੋਂ ਵੀਡੀਓ ਡਿਲੀਟ ਕਰ ਦਿੱਤਾ । ਹੁਣ ਪੂਰੀ ਦੁਨੀਆ ਨੂੰ ਇਹ ਪਤਾ ਹੈ ਕਿ ਸਿੱਖ ਗੁਰੂਆਂ ਬਾਰੇ ਤੁਸੀਂ ਕੋਈ ਵੀ ਐਨੀਮੇਟ ਜਾਂ ਉਹਨਾਂ ਨੂੰ ਸਾਬਤ ਸਰੂਪ ਵਿੱਚ ਪੇਸ਼ ਨਹੀਂ ਕਰ ਸਕਦੇ ਇਸ ਮਨਾਹੀ ਦੇ ਬਾਵਜੂਦ ਜਿਸ ਤਰ੍ਹਾਂ ਧਰੁਵ ਰਾਠੀ ਨੇ ਸਿੱਖ ਗੁਰੂ ਦਸਮੇਸ਼ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਾਰੇ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਬਾਰੇ ਐਨੀਮੇਟਿਡ ਫ਼ਿਲਮ ਵਿੱਚ ਡਾਇਲਾਗ ਅਤੇ ਐਨੀਮੇਟਡ ਤਸਵੀਰਾਂ ਦਿਖਾਈਆਂ ਹਨ, ਉਹ ਸਿੱਖ ਜਗਤ ਵਿੱਚ ਕਿਤੇ ਵੀ ਪ੍ਰਵਾਨਤ ਨਹੀਂ ਹੋ ਸਕਦੀਆਂ ਹਨ ਅਤੇ ਨਤੀਜੇ ਵਜੋਂ ਇਸ ਦਾ ਤਿੱਖਾ ਵਿਰੋਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸਿੱਖ ਹਲਕਿਆਂ ਵਿੱਚ ਪੂਰੀ ਦੁਨੀਆ ਵਿੱਚ ਹੋਇਆ ਹੈ ।ਇਹ ਪਹਿਲੀ ਵਾਰ ਨਹੀਂ ਹੈ ਕਿ ਧਰੁਵ ਰਾਠੀ ਨੇ ਇਸ ਤਰ੍ਹਾਂ ਦੀ ਵਿਵਾਦਤ ਫ਼ਿਲਮ ਬਣਾਈ ਹੋਵੇ ਅਸਲ ਵਿੱਚ ਪਿਛਲੇ ਕੁੱਝ ਅਰਸੇ ਤੋਂ ਦੁਨੀਆਂ ਭਰ ਦੇ ਯੂਟਿਊਬਰ ਵਿਸ਼ੇਸ਼ ਕਰਕੇ ਭਾਰਤ ਦੇ ਯੂਟਿਊਬਰਾਂ ਅਤੇ ਹਿੰਦੀ ਭਾਸ਼ਾ ਦੇ ਯੂਟਿਊਬਰਾਂ ਦੇ ਵਿੱਚ ਇੱਕ ਅਜਿਹਾ ਚਲਨ ਪੈਦਾ ਹੋ ਗਿਆ ਹੈ ਕਿ ਹੁਣ ਕਿਸੇ ਵੀ ਵਿਸ਼ੇ 'ਤੇ ਇਸ ਤਰ੍ਹਾਂ ਦੇ ਵਿਸ਼ੇ ਨੂੰ ਉਛਾਲਿਆ ਜਾਵੇ, ਜਿਸ ਦੇ ਨਾਲ ਉਹਨਾਂ ਦੀ ਮਿਲੀਅਨ ਤੱਕ ਪਹੁੰਚ ਹੋ ਜਾਵੇ ਅਤੇ ਇਹ ਉਸੇ ਦਾ ਹੀ ਇੱਕ ਨਮੂਨਾ ਹੈ।ਇਸ ਮੌਕੇ 'ਤੇ ਜੇ ਉਹ ਸਿੱਖ ਇਤਿਹਾਸ ਦੀਆਂ ਕਿਤਾਬਾਂ ਅਤੇ ਸਿੱਖ ਇਤਿਹਾਸ ਦੇ ਜਾਣੂੰਆਂ ਤੋਂ ਸਲਾਹ ਮਸ਼ਵਰਾ ਲੈ ਕੇ ਇਸ ਤਰ੍ਹਾਂ ਦੀ ਫ਼ਿਲਮ ਉਹ ਵੀ ਐਨੀਮੇਟਡ ਜੇ ਬਣਾਉਣੀ ਚਾਹੁੰਦਾ ਹੈ ਤਾਂ ਉਹ ਇਸਦੇ ਬਾਰੇ ਡੂੰਘੀ ਰਿਸਰਚ ਤੋਂ ਬਾਅਦ ਹੀ ਇਸ ਵਿਸ਼ੇ 'ਤੇ ਅੱਗੇ ਵੱਧ ਸਕਦਾ ਸੀ ਕਿਉਂਕਿ ਸਿੱਖ ਪੰਥ ਵਿੱਚ ਅਤੇ ਸਿੱਖ ਜਗਤ ਵਿੱਚ ਇਸ ਤਰ੍ਹਾਂ ਨੂੰ ਘਟਨਾਵਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਹੈ।

ਉਸਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਉਹ ਉਸ ਧਰਮ ਅਤੇ ਉਸ ਅਣਖੀਲੇ ਜਜ਼ਬਾਤੀ ਅਤੇ ਜੁਝਾਰੂ ਕੌਮ ਦੇ ਇਤਿਹਾਸ ਨਾਲ ਖਿਲਵਾੜ ਹੈ ਜੋ ਗੁਰਾਂ ਦੇ ਨਾਂ 'ਤੇ ਜਿਉਂਦਾ ਹੈ ਅਤੇ ਸਰਬੱਤ ਦੇ ਭਲੇ ਦੀ ਕਾਮਨਾ ਕਰਦਾ ਹੈ । ਉਸਨੇ ਆਪਣੀ ਇਸ ਫ਼ਿਲਮ ਦੇ ਲਈ ਖੁਸ਼ਵੰਤ ਸਿੰਘ ਦੀ ਕਿਤਾਬ ਅਤੇ ਇੱਕ ਹੋਰ ਕਿਤਾਬ ਦਾ ਉਸਨੇ ਜ਼ਿਕਰ ਕੀਤਾ ਹੈ ਕੀ ਸਿਰਫ਼ ਦੋ ਕਿਤਾਬਾਂ ਦੀ ਗੱਲ ਨੂੰ ਪੜ੍ਹ ਕੇ ਅਸੀਂ ਕਿਸੇ ਪੂਰੇ ਦੇ ਪੂਰੇ ਇੱਕ ਸਮੁਦਾਇ ਦੇ ਇਤਿਹਾਸ ਨਾਲ ਖਿਲਵਾੜ ਕਰ ਸਕਦੇ ਹਾਂ ।ਅੱਜ ਇਹ ਹੁਣ ਸੋਚਣਾ ਪਵੇਗਾ ਕਿ ਯੂਟਿਊਬਰ ਕੱਚਗੜ ਮਨ ਘੜਤ ਅਤੇ ਅਧੂਰੇ ਵੇਰਵਿਆਂ ਨਾਲ ਕਿਸ ਤਰ੍ਹਾਂ ਦੀ ਪ੍ਰਸਤੁਤੀ ਇਸ ਮੀਡੀਆ ਪਲੇਟਫਾਰਮ 'ਤੇ ਕਰਦੇ ਹਨ ਜੋ ਕਿ ਪੂਰੀ ਦੁਨੀਆਂ ਵਿੱਚ ਮਿੰਟਾਂ ਵਿੱਚ ਪ੍ਰਸਾਰਿਤ ਅਰਥਾਤ ਨਸ਼ਰ ਹੋ ਜਾਂਦੇ ਹਨ। ਦੁੱਖ ਦੀ ਗੱਲ ਇਹ ਹੈ ਕਿ ਜਿਸ ਤਰ੍ਹਾਂ ਇਹ ਕੀਤਾ ਗਿਆ ਇਹ ਲੱਗਦਾ ਹੈ ਕਿ ਇਹ ਜਾਣ ਬੁਝ ਕੇ ਕੀਤੀ ਗਈ ਕਿ ਘਿਨੌਣੀ ਸਾਜਿਸ਼ ਹੈ ਤੇ ਇਹ ਪੰਜਾਬੀਆਂ ਵਿਸ਼ੇਸ਼ਕਰ ਸਿੱਖਾਂ ਦੇ ਖਿਲਾਫ਼ ਇੱਕ ਨਵਾਂ ਨੈਰੇਟਿਵ ਹੈ, ਜਿਸ ਵਿੱਚੋਂ ਨਫ਼ਰਤ ਦੀ ਬੂਅ ਵੀ ਆਉਂਦੀ ਹੈ।

ਕੀ ਸ਼੍ਰੋਮਣੀ ਕਮੇਟੀ ਇਸ ਬਾਰੇ ਕੋਈ ਤਿੱਖਾ ਐਕਸ਼ਨ ਲਵੇਗੀ। ਇਥੇ ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਜੋ ਕੁਝ ਇਸ ਬਾਰੇ ਕਿਹਾ ਹੈ ਉਹ ਉਨਾ ਹੀ ਕਾਫ਼ੀ ਨਹੀਂ ਹੈ ਕਿਉਂ ਨਹੀਂ ਅਜਿਹੇ ਪਤਿਤ ਸਿੱਖ ਨੂੰ ਅਤੇ ਜਾਣਬੁੱਝ ਕੇ ਇਸ ਤਰ੍ਹਾਂ ਦੀਆਂ ਸ਼ਰਾਰਤਾਂ ਕਰਨ ਵਾਲੇ ਅਤੇ ਪੂਰੀ ਕੌਮ ਨੂੰ ਬਦਨਾਮ ਕਰਨ ਵਾਲੇ ਯੂਟਿਊਬਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਉਹਨਾਂ ਨੂੰ ਕੋਈ ਮਿਸਾਲੀ ਸਜ਼ਾ ਦਿੱਤੀ ਜਾਵੇ ਤਾਂ ਕਿ ਅੱਗੇ ਤੋਂ ਆਉਣ ਵਾਲੇ ਸਮੇਂ ਦੇ ਵਿੱਚ ਅਜਿਹੇ ਯੂਟਿਊਬਰ ਇਕ ਐਸੀ ਸਖ਼ਤ ਸਜ਼ਾ ਤੋਂ ਇਹ ਜਾਣ ਸਕਣ ਪ੍ਰੰਤੂ ਇਥੇ ਇਹ ਵੀ ਦੂਸਰੀ ਗੱਲ ਹੈ ਉਹਨਾਂ ਲੋਕਾਂ ਨੂੰ ਵੀ ਮੁਖ਼ਾਤਬ ਹੋਣਾ ਹੈ ਜੋ ਇਹ ਕਹਿੰਦੇ ਹਨ ਕਿ ਐਸਜੀਪੀਸੀ ਨੇ ਸਿੱਖ ਧਰਮ ਤੇ ਸਿੱਖ ਮੱਤ ਦੀ ਫ਼ਿਲਾਸਫ਼ੀ ਨੂੰ ਸਿਰਫ ਆਪਣੇ ਘੇਰੇ ਵਿੱਚ ਹੀ ਰੱਖਿਆ ਹੈ, ਬਾਹਰ ਦੀ ਦੁਨੀਆ ਅਤੇ ਨਵੀਂ ਏਆਈ ਦੀ ਦੁਨੀਆ ਦੇ ਨਾਲ ਅਸੀਂ ਨਵੀਂ ਪੀੜ੍ਹੀ ਤੇ ਨਵੇਂ ਲੋਕਾਂ ਨੂੰ ਆਪਣੇ ਸਿੱਖ ਇਤਿਹਾਸ ਅਤੇ ਆਪਣੀਆਂ ਪਰੰਪਰਾਵਾਂ ਤੋਂ ਕਿਵੇਂ ਜਾਣੂੰ ਕਰਾਵਾਂਗੇ । ਇਸ ਮਾਮਲੇ ਦੇ ਵਿੱਚ ਰਾਠੀ ਕੋਈ ਬੱਚਾ ਯੂਟਿਊਬਰ ਨਹੀਂ ਹੈ। ਉਸ ਦੇ ਮਿਲੀਅਨਸ ਸਪੋਰਟਰ ਹਨ ਇਨਫਲੂਐਂਸਰ ਅਤੇ ਇਸ ਤਰ੍ਹਾਂ ਦੇ ਇਨਸਾਨ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਫ਼ਤਵਿਆਂ ਦੇ ਇਸ ਦੌਰ ਵਿੱਚ ਗਲਤ ਤੱਥ ਪੇਸ਼ ਕਰਨ ਦਾ ਨਤੀਜਾ ਕੀ ਹੁੰਦਾ ਹੈ ।ਕੀ ਉਸਨੂੰ ਕੋਈ ਮਿਸਾਲੀ ਸਜ਼ਾ ਦੇਣੀ ਚਾਹੀਦੀ ਹੈ । ਵਿਦੇਸ਼ ਦੀ ਧਰਤੀ 'ਤੇ ਬੈਠ ਕੇ ਸਮੁੱਚੇ ਸਮੁਦਾਇ ਨੂੰ ਪੰਜਾਬ ਦੀ ਇਸ ਕੌਮ ਨੂੰ ਇਸ ਤਰ੍ਹਾਂ ਕਹਿਣਾ ਅਤੇ ਇਸ ਤਰ੍ਹਾਂ ਉਹਨਾਂ ਦੇ ਇਤਿਹਾਸ ਨਾਲ ਖਿਲਵਾੜ ਕਰਨਾ ਆਪਣੇ ਇਨਫਲੂਐਂਸਰ ਅਤੇ ਵਿਊਜ਼ ਨੂੰ ਤਾਂ ਵਧਾ ਸਕਦਾ ਹੈ ਪਰੰਤੂ ਉਸਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਸ ਦੀ ਸਜ਼ਾ ਕੀ ਹੋ ਸਕਦੀ ਹੈ ਅਤੇ ਜਿਸ ਕੌਮ ਦੇ ਨਾਲ ਇਹ ਸਭ ਕੁੱਝ ਕਰ ਰਿਹਾ ਹੈ ਉਹ ਜਦੋਂ ਕਰਨ 'ਤੇ ਆ ਗਈ ਤਾਂ ਫ਼ਿਰ ਇਸਦਾ ਹਸ਼ਰ ਕੀ ਹੋ ਸਕਦਾ ਹੈ। ਅਕਾਲ ਤਖ਼ਤ ਅਤੇ ਸ਼੍ਰੋਮਣੀ ਕਮੇਟੀ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਅਜਿਹੇ ਐਨੀਮੇਸ਼ਨ ਸਿੱਖ ਸਿਧਾਂਤਾਂ ਅਤੇ ਪਰੰਪਰਾਵਾਂ ਦੇ ਵਿਰੁੱਧ ਹਨ । ਸਿੱਖ ਧਰਮ ਅਨੁਸਾਰ, ਗੁਰੂਆਂ, ਸਾਹਿਬਜ਼ਾਦਿਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਫਿਲਮਾਂ ਵਿੱਚ ਜਾਂ ਮਨੁੱਖਾਂ ਦੇ ਰੂਪ ਵਿੱਚ ਨਹੀਂ ਦਰਸਾਇਆ ਜਾ ਸਕਦਾ । ਇਸ ਯੂਟਿਊਬਰ ਨੇ ਸਿੱਖ ਮਾਨਤਾਵਾਂ ਦੇ ਵਿਰੁੱਧ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਦਾ ਇਤਿਹਾਸ ਬਹੁਤ ਪਵਿੱਤਰ ਰਿਹਾ ਹੈ । ਇਸ ਨਾਲ ਛੇੜਛਾੜ ਕਰਨ ਦੀ ਕੋਈ ਕੋਸ਼ਿਸ਼ ਨਹੀਂ ਹੋਣੀ ਚਾਹੀਦੀ। ਜੇਕਰ ਵੀਡੀਓ ਨਾ ਹਟਾਇਆ ਗਿਆ ਤਾਂ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਉਧਰ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਨੇ ਵੀਡੀਓ ਸੰਬੰਧੀ ਸਾਈਬਰ ਕ੍ਰਾਈਮ ਸੈੱਲ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਡੀਐਸਜੀਐਮਸੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਅਪਮਾਨ ਕੀਤਾ ਗਿਆ ਹੈ। ਸਿੱਖ ਧਰਮ ਵਿੱਚ, ਸਿੱਖ ਗੁਰੂਆਂ ਨੂੰ ਇਸ ਤਰੀਕੇ ਨਾਲ ਐਨੀਮੇਟਡ ਰੂਪ ਵਿੱਚ ਦਿਖਾਉਣਾ ਵੀ ਇੱਕ ਅਪਰਾਧ ਹੈ। ਵੀਡੀਓ ਵਿੱਚ ਅੱਧਾ ਸੱਚ ਦਿਖਾਇਆ ਗਿਆ ਹੈ ਜੋ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਰਾਠੀ ਦੇ 10 ਮਿਲੀਅਨ ਤੋਂ ਵੱਧ ਗਾਹਕ ਹਨ। ਅਜਿਹੀ ਸਥਿਤੀ ਵਿੱਚ, ਚੈਨਲ ਨੂੰ ਗਲਤ ਜਾਣਕਾਰੀ ਦੇਣ ਲਈ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਮੈਨੂੰ ਉਮੀਦ ਹੈ ਕਿ ਪ੍ਰਸ਼ਾਸਨ ਇਸ ਮਾਮਲੇ ਵਿੱਚ ਕਾਰਵਾਈ ਕਰੇਗਾ।ਪਵਿੱਤਰ ਇਤਿਹਾਸ ਨਾਲ ਛੇੜਛਾੜ ਕਦੇ ਵੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਮੰਤਰੀ ਸਰਦਾਰ ਸਿਰਸਾ ਨੇ ਆਪਣੀ ਪੋਸਟ ਵਿੱਚ ਅੱਗੇ ਲਿਖਿਆ, ਡੀਐਸਜੀਐਮਸੀ ਨੇ ਉਨ੍ਹਾਂ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਅਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਵਾਰ-ਵਾਰ ਅਪਰਾਧਾਂ ਲਈ ਉਨ੍ਹਾਂ ਦੇ ਯੂਟਿਊਬ ਖਾਤੇ ਦੀ ਸਮੀਖਿਆ ਕਰਨ ਲਈ ਕਿਹਾ ਹੈ । ਦਿੱਲੀ ਪੁਲਿਸ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਅਤੇ ਦੁਰਾਚਾਰੀ ਕਾਰਵਾਈਆਂ ਲਈ ਧਾਰਾ 295ਏ ਦੇ ਤਹਿਤ ਧਰੁਵ ਰਾਠੀ ਵਿਰੁੱਧ ਐਫਆਈਆਰ ਦਰਜ ਕਰਨੀ ਚਾਹੀਦੀ ਹੈ । ਸਿੱਖ ਭਾਈਚਾਰਾ ਕਾਂਗਰਸ ਦੇ ਇੱਕ ਕਠਪੁਤਲੀ ਵੱਲੋਂ ਆਪਣੇ ਪਵਿੱਤਰ ਇਤਿਹਾਸ ਨਾਲ ਛੇੜਛਾੜ ਨੂੰ ਕਦੇ ਵੀ ਬਰਦਾਸ਼ਤ ਨਹੀਂ ਕਰੇਗਾ । ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (DSGMC) ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਵੀ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ, "DSGMC ਯੂਟਿਊਬਰ ਧਰੁਵ ਰਾਠੀ ਦੇ ਦਿ ਸਿੱਖ ਵਾਰੀਅਰ ਹੂ ਟੈਰਰਾਈਜ਼ਡ ਦ ਮੁਗਲਸ ਸਿਰਲੇਖ ਵਾਲੇ ਵੀਡੀਓ ਦੀ ਸਖ਼ਤ ਨਿੰਦਾ ਕਰਦਾ ਹੈ, ਜਿਸ ਵਿੱਚ ਉਸਨੇ ਸਤਿਕਾਰਯੋਗ ਸਿੱਖ ਗੁਰੂਆਂ ਨੂੰ ਦਰਸਾਉਣ ਲਈ ਏਆਈ-ਤਿਆਰ ਕੀਤੇ ਵਿਜ਼ੂਅਲ ਦੀ ਗੈਰ-ਜ਼ਿੰਮੇਵਾਰਾਨਾ ਵਰਤੋਂ ਕੀਤੀ ਹੈ। ਇਹ ਕਾਰਵਾਈ ਨਾ ਸਿਰਫ਼ ਸੱਭਿਆਚਾਰਕ ਤੌਰ 'ਤੇ ਅਸੰਵੇਦਨਸ਼ੀਲ ਹੈ ਬਲਕਿ ਸਿੱਖ ਭਾਵਨਾਵਾਂ ਅਤੇ ਪਰੰਪਰਾਵਾਂ ਦਾ ਵੀ ਬਹੁਤ ਨਿਰਾਦਰ ਕਰਦੀ ਹੈ।

ਯੂਟਿਊਬਰ ਧਰੁਵ ਰਾਠੀ ਸਿੱਖ ਗੁਰੂਆਂ ਦਾ ਇੱਕ ਏਆਈ ਵੀਡੀਓ ਬਣਾਉਣ ਤੋਂ ਬਾਅਦ ਵਿਵਾਦਾਂ ਵਿੱਚ ਘਿਰ ਗਿਆ ਹੈ। ਰਾਠੀ ਨੇ ਦ ਸਿੱਖ ਵਾਰੀਅਰ ਹੂ ਟੈਰਰਾਈਜ਼ਡ ਦ ਮੁਗਲਸ ਸਿਰਲੇਖ ਵਾਲਾ ਇੱਕ ਏਆਈ ਵੀਡੀਓ ਜਾਰੀ ਕੀਤਾ ਹੈ । ਸਿੱਖ ਗੁਰੂਆਂ ਨੂੰ ਮਨੁੱਖੀ ਰੂਪ ਵਿੱਚ ਦਰਸਾਉਣ ਲਈ ਵੀਡੀਓ ਦੀ ਨਿੰਦਾ ਕੀਤੀ ਗਈ ਸੀ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (SGPC) ਨੇ YouTuber ਧਰੁਵ ਰਾਠੀ ਦੀ ਵੀਡੀਓ ਦੀ ਸਖ਼ਤ ਨਿਖੇਧੀ ਕੀਤੀ ਹੈ । ਵਿਵਾਦ ਵਧਣ ਤੋਂ ਬਾਅਦ, ਯੂਟਿਊਬਰ ਧਰੁਵ ਰਾਠੀ ਨੇ ਆਪਣੇ ਚੈਨਲ ਤੋਂ ਵੀਡੀਓ ਡਿਲੀਟ ਕਰ ਦਿੱਤਾ ਹੈ। ਇਸ ਵੀਡੀਓ ਵਿੱਚ ਸਿੱਖ ਗੁਰੂਆਂ ਨੂੰ ਮਨੁੱਖੀ ਸਰੂਪ ਵਿੱਚ ਦਰਸਾਉਣ ਲਈ ਵਿਆਪਕ ਤੌਰ 'ਤੇ ਨਿੰਦਾ ਕੀਤੀ ਗਈ ਸੀ, ਜਿਸ ਨੂੰ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਅਣਉਚਿਤ ਕਰਾਰ ਦਿੱਤਾ ਅਤੇ ਕਿਹਾ, ਸਿੱਖ ਗੁਰੂਆਂ ਨੂੰ ਮਨੁੱਖੀ ਸਰੂਪ ਵਿੱਚ ਜਾਂ ਫਿਲਮਾਂ ਵਿੱਚ ਨਹੀਂ ਦਿਖਾਇਆ ਜਾਣਾ ਚਾਹੀਦਾ।ਧ ਰੁਵ ਰਾਠੀ ਵੱਲੋਂ ਪੋਸਟ ਕੀਤੇ ਗਏ ਇੱਕ ਇੰਸਟਾਗ੍ਰਾਮ ਪੋਸਟ ਵਿੱਚ, ਧਰੁਵ ਰਾਠੀ ਨੇ ਦੱਸਿਆ ਕਿ ਉਸਦੇ ਵੀਡੀਓ ਨੂੰ ਸਕਾਰਾਤਮਕ ਹੁੰਗਾਰਾ ਮਿਲਣ ਦੇ ਬਾਵਜੂਦ, ਉਸਨੇ ਇਸਨੂੰ ਹਟਾਉਣ ਦਾ ਫੈਸਲਾ ਕੀਤਾ ਕਿਉਂਕਿ ਕੁਝ ਦਰਸ਼ਕ ਪੱਕਾ ਵਿਸ਼ਵਾਸ ਕਰਦੇ ਹਨ ਕਿ ਸਿੱਖ ਗੁਰੂਆਂ ਦਾ ਕੋਈ ਵੀ ਐਨੀਮੇਟਡ ਚਿੱਤਰਣ ਉਨ੍ਹਾਂ ਦੇ ਵਿਸ਼ਵਾਸਾਂ ਨਾਲ ਟਕਰਾਉਂਦਾ ਹੈ।ਰਾਠੀ ਦੇ ਸਿੱਖ ਇਤਿਹਾਸ 'ਤੇ ਵੀਡੀਓ ਦੀ ਆਲੋਚਨਾ ਕਰਦੇ ਹੋਏ ਸਭ ਨੇਤਾਵਾਂ ਨੇ ਇਸਨੂੰ ਅਪਮਾਨਜਨਕ ਅਤੇ ਸਿੱਖ ਗੁਰੂਆਂ ਅਤੇ ਸ਼ਹੀਦਾਂ ਦੀ ਵਿਰਾਸਤ ਨੂੰ ਵਿਗਾੜਨ ਦੀ ਕੋਸ਼ਿਸ਼ ਦੱਸਿਆ ਹੈ ।ਯੂਟਿਊਬਰ ਰਾਠੀ ਦੀ ਇਸ ਘਿਣਾਉਣੀ ਹਰਕਤ ਤੇ ਸਮੁੱਚੇ ਵਿਸ਼ਵ ਵਿੱਚ ਅਫ਼ਸੋਸ ਹੈ ਅਤੇ ਇਸ 'ਤੇ ਤਿੱਖੀ ਪ੍ਰਤਿਕਿਰਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਉਸ ਨੂੰ ਅਕਾਲ ਤਖ਼ਤ 'ਤੇ ਤਲਬ ਕਰਕੇ ਕੋਈ ਅਜਿਹੀ ਮਿਸਾਲੀ ਸਜ਼ਾ ਦਾ ਪ੍ਰਗਟਾਵਾ ਕਰਨਗੇ ਤਾਂ ਕਿ ਆਉਣ ਵਾਲੇ ਸਮੇਂ ਦੇ ਵਿੱਚ ਕੋਈ ਵੀ ਸੋਸ਼ਲ ਮੀਡੀਆ ਇਨਫਲੂਐਂਸਰ ਅਤੇਯੂਟਿਊਬਰ ਕਿਸੇ ਵੀ ਡਿਜ਼ੀਟਲ ਪਲੇਟਫਾਰਮ 'ਤੇ ਇਸ ਤਰ੍ਹਾਂ ਕਰਨ ਦੀ ਹਿਮਾਕਤ ਨਾ ਕਰ ਸਕੇ ।

# ਆਪ੍ਰੇਸ਼ਨ ਸਿੰਦੂਰ: ਰਾਸ਼ਟਰੀ ਸੁਰੱਖਿਆ ਅਤੇ ਰਾਸ਼ਟਰੀ ਸਨਮਾਨ ਦਾ ਸੰਗਮ

ਸ਼੍ਰੀ ਲਕਸ਼ਮੀ ਪੁਰੀ

ਆਪ੍ਰੇਸ਼ਨ ਸਿੰਦੂਰ ਨੇ ਸਪੱਸ਼ਟ ਕੀਤਾ ਹੈ ਕਿ ਭਾਰਤ ਪ੍ਰਮਾਣਿਕਤਾ ਨਹੀਂ ਚਾਹੁੰਦਾ ਹੈ। ਦੇਸ਼ ਨਿਆਂ ਚਾਹੁੰਦਾ ਹੈ । ਭਾਰਤੀ ਸੰਜਮ ਨੂੰ ਕਦੇ ਵੀ ਕਮਜ਼ੋਰੀ ਨਹੀਂ ਸਝਿਆ ਜਾਣਾ ਚਾਹੀਦਾ ਹੈ । ਪਹਿਲਗਾਮ ਵਿੱਚ ਪਾਕਿਸਤਾਨ ਦੁਆਰਾ ਪ੍ਰਾਯੋਜਿਤ ਅੱਤਵਾਦੀ ਹਮਲੇ ਦੇ ਪ੍ਰਤੀ ਭਾਰਤੀ ਦੀ ਜਵਾਬੀ ਪ੍ਰਤੀਕਿਰਿਆ-ਆਪ੍ਰੇਸ਼ਨ ਸਿੰਦੂਰ, ਜੋ ਹੁਣ ਵੀ ਜਾਰੀ ਹੈ - ਅੱਤਵਾਦ-ਰੋਧੀ ਅਤੇ ਸੈਨਾ ਸਿਧਾਂਤ ਅਤੇ ਹਾਲਾਤ ਵਿੱਚ ਇੱਕ ਵੱਡੇ ਬਦਲਾਅ ਦਾ ਸੰਕੇਤ ਦਿੰਦਾ ਹੈ । ਆਪਣੇ ਜੋਸ਼ੀਲੇ ਭਾਸ਼ਣ ਵਿੱਚ, ਜਿਸ ਦੀ ਗੂੰਜ ਪੂਰੇ ਭਾਰਤ ਅਤੇ ਦੁਨੀਆ ਦੇ ਵਿਭਿੰਨ ਦੇਸ਼ਾਂ ਦੀਆਂ ਰਾਜਧਾਨੀਆਂ ਵਿੱਚ ਸੁਣਾਈ ਦਿੱਤੀ, ਪ੍ਰਧਾਨ ਮੰਤਰੀ ਨੇ ਐਲਾਨ ਕਰਦੇ ਹੋਏ ਕਿਹਾ ਕਿ ਸੀਮਾ-ਪਾਰ ਅੱਤਵਾਦ ਦੇ ਕਿਸੇ ਵੀ ਹਮਲੇ ਦੇ ਖਿਲਾਫ ਨਿਰਣਾਇਕ ਸੈਨਾ ਕਾਰਵਾਈ ਦੀ ਇੱਕ ਨਵੀਂ ਸਧਾਰਣ ਸਥਿਤੀ ਸਥਾਪਤ ਕੀਤੀ ਗਈ ਹੈ। ਕੋਈ ਵੀ ਦੇਸ਼, ਜੋ ਅੱਤਵਾਦੀ ਇਨਫ੍ਰਾਸਟ੍ਰਕਚਰ ਨੂੰ ਪਨਾਹ ਦਿੰਦਾ ਹੈ, ਉਸ ਨੂੰ ਵਿੱਤੀ ਮਦਦ ਦਿੰਦਾ ਹੈ ਅਤੇ ਉਸ ਦਾ ਪੋਸ਼ਣ ਕਰਦਾ ਹੈ, ਉਸ ਨੂੰ ਆਪਣੇ ਸੈਨਾ ਬਲਾਂ ਦੇ ਨਾਲ ਜੋੜਦਾ ਹੈ ਅਤੇ ਨਿਰਦੋਸ਼ ਨਾਗਰਿਕਾਂ ਦੇ ਖਿਲਾਫ ਕਰੂਰ ਹਮਲਿਆਂ ਦੇ ਲਈ ਭਾਰਤ ਨੂੰ ਨਿਸ਼ਾਨਾ ਬਣਾਉਂਦਾ ਹੈ, ਉਸ ਨੂੰ ਤੇਜ਼, ਦੰਡਾਤਮਕ ਅਤੇ ਪ੍ਰਤੀਸ਼ੋਧੀ ਪਰਿਣਾਮਾਂ ਦਾ ਸਾਹਮਣਾ ਕਰਨਾ ਪਵੇਗਾ। ਸੋਚੀ-ਸਮਝੀ ਸੈਨਾ ਕਾਰਵਾਈ ਨਾਲ ਨਾ ਕੇਵਲ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਵਿੱਚ ਸਗੋਂ ਅੰਤਰਰਾਸ਼ਟਰੀ ਸੀਮਾ ਦੇ ਪਾਰ ਪਾਕਿਸਤਾਨ ਦੇ ਪੰਜਾਬ ਪ੍ਰਾਂਤ ਦੇ ਵਿੱਚ ਵੀ ਅੱਤਵਾਦੀ ਨੈੱਟਵਰਕ ਤਬਾਹ ਹੋ ਜਾਣਗੇ, ਭਲੇ ਹੀ ਰਾਜ ਪ੍ਰਾਯੋਜਿਤ ਅੱਤਵਾਦੀ ਟਿਕਾਣੇ ਅਧਿਕਾਰਿਕ ਸੁਰੱਖਿਆ ਸੰਰਚਨਾਵਾਂ ਦੇ ਨਾਲ ਕਿੰਨੇ ਵੀ ਜੁੜੇ ਹੋਏ ਹੋਣ। ਸਿੰਦੂਰ ਸਿਧਾਂਤ, ਭਾਰਤੀ ਦੀ ਪ੍ਰਭੂਸੱਤਾ ਅਤੇ ਸੱਭਿਆਗਤ ਲੋਕਾਚਾਰ ਨੂੰ ਬਣਾਏ ਰੱਖਣ ਵਿੱਚ ਸ਼ਾਮਲ ਹੈ। ਇਸ ਦਾ ਉਦੇਸ਼ ਇਸ ਦੀ ਖੇਤਰੀ ਅਖੰਡਤਾ ਦੀ ਰੱਖਿਆ ਕਰਨਾ, ਆਂਤਰਿਕ ਏਕਤਾ, ਸਦਭਾਵ ਅਤੇ ਸ਼ਾਂਤੀ ਯਕੀਨੀ ਬਣਾਉਣਾ ਅਤੇ 2047 ਤੱਕ ਵਿਕਸਿਤ ਭਾਰਤ ਬਣਾਉਣ ਦੇ ਲਈ ਦੇਸ਼ ਨੂੰ ਤੇਜ਼ ਆਰਥਿਕ ਵਿਕਾਸ ਦੇ ਰਾਹ 'ਤੇ ਅੱਗੇ ਵਧਾਉਣਾ ਹੈ। ਇਹ ਸੀਮਾ-ਪਾਰ ਅੱਤਵਾਦ ਦੇ ਪ੍ਰਤੀ ਜ਼ੀਰੋ-ਟੌਲਰੈਂਸ ਦੇ ਰੁਖ ਦੀ ਪੁਸ਼ਟੀ ਕਰਦਾ ਹੈ ਅਤੇ ਭਾਰਤ ਨੂੰ ਆਪਣੇ ਸੁਰੱਖਿਆ ਹਿੱਤਾਂ ਦੀ ਰੱਖਿਆ ਵਿੱਚ ਨਿਰਣਾਇਕ ਤੌਰ 'ਤੇ ਕਾਰਜ ਕਰਨ ਦੇ ਲਈ ਪ੍ਰਤੀਬੱਧ ਕਰਦਾ ਹੈ, ਜਿਸ ਨੂੰ ਮੁੜ-ਪਰਿਭਾਸ਼ਿਤ ਅਤੇ ਵਿਸਤ੍ਰਿਤ ਕੀਤਾ ਗਿਆ ਹੈ।ਪ੍ਰਧਾਨ ਮੰਤਰੀ ਮੋਦੀ ਨੇ ਸਪੱਸ਼ਟ ਕਿਹਾ ਹੈ: ਭਾਰਤ ਦੇ ਖਿਲਾਫ ਕਿਸੇ ਵੀ ਤਰ੍ਹਾਂ ਦੀ ਅੱਤਵਾਦੀ ਕਾਰਵਾਈ ਯੁੱਧ ਮੰਨੀ ਜਾਵੇਗੀ-ਹੁਣ ਕੋਈ ਸ਼ੱਕ ਦੀ ਸਥਿਤੀ ਨਹੀਂ ਹੈ, ਕਿਸੇ ਦੂਸਰੇ ਤਰੀਕੇ ਨਾਲ ਯੁੱਧ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਅੱਤਵਾਦ ਨਾਲ ਹੋਣ ਵਾਲੇ ਨੁਕਸਾਨ ਦੇ ਅੱਗੇ ਹਾਰ ਨਹੀਂ ਮੰਨੀ ਜਾਵੇਗੀ । ਆਪ੍ਰੇਸ਼ਨ ਦੇ ਬਾਅਦ ਰਾਸ਼ਟਰ ਅਤੇ ਅੰਤਰਰਾਸ਼ਟਰੀ ਭਾਈਚਾਰੇ ਦੇ ਸਾਹਮਣੇ ਪ੍ਰਧਾਨ ਮੰਤਰੀ ਦਾ ਸੰਬੋਧਨ ਸਫਲਤਾ ਦੀ ਪੁਸ਼ਟੀ ਤੋਂ ਕਿਤੇ ਵੱਧ ਸੀ । ਬੁੱਧ ਪੂਰਨਿਮਾ ਦੇ ਪਾਵਨ ਅਵਸਰ 'ਤੇ ਦਿੱਤੇ ਗਏ ਇਸ ਸੰਬੋਧਨ ਨੇ ਇੱਕ ਨਵੀਂ ਰਣਨੀਤਕ ਵਿਵਸਥਾ ਦਾ ਅਨਾਵਰਣ ਕੀਤਾ-ਦ੍ਰਿੜ੍ਹ, ਮਾਣ-ਮੱਤਾ ਅਤੇ ਭਾਰਤ ਦੇ ਸੱਭਿਆਗਤ ਕਦਰਾਂ-ਕੀਮਤਾਂ 'ਤੇ ਅਧਾਰਿਤ।

ਇਸ ਨੇ ਇੱਕ ਸਰਲ ਲੇਕਿਨ ਦ੍ਰਿੜ੍ਹ ਸੰਦੇਸ਼ ਦਿੱਤਾ: ਭਾਰਤ ਸ਼ਾਂਤੀ ਵਿੱਚ ਵਿਸ਼ਵਾਸ ਕਰਦਾ ਹੈ, ਲੇਕਿਨ ਸ਼ਾਂਤੀ ਨੂੰ ਸ਼ਕਤੀ ਦਾ ਸਮਰਥਨ ਹੋਣਾ ਚਾਹੀਦਾ ਹੈ । ਆਪਣੇ ਮੂਲ ਵਿੱਚ, ਪ੍ਰਧਾਨ ਮੰਤਰੀ ਮੋਦੀ ਦਾ ਸਿੰਦੂਰ ਸਿਧਾਂਤ ਤਿੰਨ ਅਲੱਗ ਸਿਧਾਂਤਾਂ 'ਤੇ ਜ਼ੋਰ ਦਿੰਦਾ ਹੈ, ਜਿਨ੍ਹਾਂ 'ਤੇ ਕਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਪਹਿਲਾ, ਭਾਰਤ ਉਨ੍ਹਾਂ ਦੇਸ਼ਾਂ ਦੇ ਨਾਲ ਕੋਈ ਗੱਲਬਾਤ ਨਹੀਂ ਕਰੇਗਾ, ਜੋ ਅੱਤਵਾਦ ਨੂੰ ਹੁਲਾਰਾ ਦਿੰਦੇ ਹਨ; ਜਦੋਂ ਗੱਲਬਾਤ ਫਿਰ ਤੋਂ ਸ਼ੁਰੂ ਹੋਵੇਗੀ, ਤਾਂ ਇਹ ਦੁਵੱਲੀ ਹੋਵੇਗੀ ਅਤੇ ਇਸ ਵਿੱਚ ਕੇਵਲ ਅੱਤਵਾਦ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ 'ਤੇ ਚਰਚਾ ਹੋਵੇਗੀ। ਦੂਸਰਾ, ਭਾਰਤ ਅੱਤਵਾਦ ਦਾ ਸਮਰਥਨ ਕਰਨ ਵਾਲੇ ਦੇਸ਼ਾਂ ਦੇ ਨਾਲ ਆਰਥਿਕ ਸਬੰਧਾਂ ਨੂੰ ਸਪੱਸ਼ਟ ਤੌਰ 'ਤੇ ਅਸਵੀਕਾਰ ਕਰਦਾ ਹੈ ਅਤੇ ਵਪਾਰ ਅਤੇ ਰਾਸ਼ਟਰੀ ਸਨਮਾਨ ਦਰਮਿਆਨ ਇੱਕ ਮਜ਼ਬੂਤ ਲਕੀਰ ਖਿੱਚਦਾ ਹੈ । ਅੰਤ ਵਿੱਚ, ਭਾਰਤ ਹੁਣ ਪਰਮਾਣੂ ਧਮਕੀ ਨੂੰ ਬਰਦਾਸ਼ਤ ਨਹੀਂ ਕਰੇਗਾ- ਆਪ੍ਰੇਸ਼ਨ ਸਿੰਦੂਰ ਨੇ ਨਿਰਣਾਇਕ ਤੌਰ 'ਤੇ ਉਨ੍ਹਾਂ ਸਾਰੇ ਭਰਮਾਂ ਨੂੰ ਤੋੜ ਦਿੱਤਾ ਹੈ ਕਿ ਪਰਮਾਣੂ ਖ਼ਤਰੇ, ਅੱਤਵਾਦੀ ਹਮਲਿਆਂ ਦੀ ਢਾਲ ਬਣ ਸਕਦੇ ਹਨ।

ਸਿੰਦੂਰ ਨਾਮ ਦੀ ਚੋਣ ਗਹਿਰੀ ਸੱਭਿਆਚਾਰਕ ਪ੍ਰਤੀਕਾਤਮਕਤਾ ਨੂੰ ਰੇਖਾਂਕਿਤ ਕਰਦਾ ਹੈ । ਵਿਆਹੀ ਹਿੰਦੂ ਮਹਿਲਾਵਾਂ ਦੁਆਰਾ ਪਹਿਨੇ ਜਾਣ ਵਾਲਾ ਲਾਲ ਸਿੰਦੂਰ- ਪੀੜਤ ਹੋਣ ਦੇ ਰੂਪਕ ਦੇ ਰੂਪ ਵਿੱਚ ਨਹੀਂ, ਸਗੋਂ ਪਵਿੱਤਰ ਕਰਤੱਵ ਅਤੇ ਰਾਸ਼ਟਰੀ ਮਾਣ ਦੇ ਪ੍ਰਤੀਕ ਦੇ ਰੂਪ ਵਿੱਚ ਇਸਤੇਮਾਲ ਕੀਤਾ ਗਿਆ। ਅੱਤਵਾਦੀਆਂ ਨੇ ਇਸ ਸਨਮਾਨ ਨੂੰ ਅਪਵਿੱਤਰ ਕਰਨ ਦੀ ਕੋਸ਼ਿਸ਼ ਕੀਤੀ; ਭਾਰਤ ਨੇ ਪੂਰੀ ਤਕਾਤ ਦੇ ਨਾਲ ਜਵਾਬ ਦਿੱਤਾ । ਵਿਅਕਤੀਗਤ ਰਾਜਨੀਤਕ ਹੋ ਗਿਆ, ਸੱਭਿਆਚਾਰਕ ਰਣਨੀਤਕ ਹੋ ਗਿਆ। ਕਿਉਂਕਿ ਅੱਤਵਾਦੀ ਹਮਲਾ ਕਸ਼ਮੀਰ ਵਿੱਚ ਹੋਇਆ ਸੀ, ਜੋ ਭਾਰਤ ਮਾਤਾ ਦਾ ਭੂਗੋਲਿਕ ਅਤੇ ਪ੍ਰਤੀਕਾਤਮਕ ਸਿਰ ਹੈ, ਇਸ ਲਈ ਆਪ੍ਰੇਸ਼ਨ ਸਿੰਦੂਰ ਭਾਰਤ ਮਾਤਾ ਦੀ ਰੱਖਿਆ ਕਰਨ ਅਤੇ ਉਸ ਨੂੰ ਸਲਾਮ ਕਰਨ ਦੇ ਲਈ ਹੈ। ਭਾਰਤੀ ਦੀ ਪ੍ਰਤੀਕਿਰਿਆ ਇੱਕ ਸਿਧਾਂਤਕ ਵਿਰਾਸਤ ਦਾ ਅਨੁਸਰਣ ਕਰਦੀ ਹੈ ।ਪਹਿਲਗਾਮ ਦੇ ਬਾਅਦ, ਸੰਤੋਸ਼ਜਨਕ ਗੱਲ ਇਹ ਸੀ ਕਿ ਸਾਡੇ ਭਾਗੀਦਾਰਾਂ ਦੁਆਰਾ ਅੱਤਵਾਦੀ ਹਮਲਿਆਂ ਦੀ ਵਿਆਪਕ ਨਿੰਦਾ ਕੀਤੀ ਗਈ। ਹਾਲਾਂਕਿ, ਆਪ੍ਰੇਸ਼ਨ ਸਿੰਦੂਰ ਦੇ ਜਵਾਬ ਵਿੱਚ ਪਾਕਿਸਤਾਨ ਦੀ ਤੇਜ਼ ਕਾਰਵਾਈ ਦੇ ਬਾਅਦ, ਪਰਮਾਣੂ-ਸੰਪੰਨ ਪੜੋਸੀਆਂ ਦਰਮਿਆਨ ਤਣਾਅ ਵਧਣ ਬਾਰੇ ਚਿੰਤਾਵਾਂ ਵਿਅਕਤ ਕੀਤੀਆਂ ਗਈਆਂ। ਪ੍ਰਤੀਕਿਰਿਆਵਾਂ ਇਸ ਗੱਲ ਤੋਂ ਵੀ ਪ੍ਰਭਾਵਿਤ ਸੀ ਕਿ ਇਸ ਸੈਨਾ ਸੰਘਰਸ਼ ਵਿੱਚ ਉਨ੍ਹਾਂ ਦੇ ਹਥਿਆਰ ਪ੍ਰਣਾਲੀਆਂ ਨੇ ਕਿਹੋ ਜਿਹਾ ਪ੍ਰਦਰਸ਼ਨ ਕੀਤਾ ਸੀ ਕਿ ਕੀ ਪ੍ਰਦਰਸ਼ਨ ਕਰਨ ਵਿੱਚ ਨਾਕਾਮ ਰਹੇ। ਜਿਵੇਂ-ਜਿਵੇਂ ਅਸੀਂ ਅੱਗੇ ਵਧ ਰਹੇ ਹਾਂ, ਸਾਨੂੰ ਨਾ ਕੇਵਲ ਆਪਣੇ ਰਣਨੀਤਕ ਸਾਂਝੇਦਾਰਾਂ ਨੂੰ ਸਾਵਧਾਨੀ ਨਾਲ ਚੁਣਨਾ ਚਾਹੀਦਾ ਹੈ, ਸਗੋਂ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਸਾਂਝੇਦਾਰੀਆਂ ਸਿੰਦੂਰ ਸਿਧਾਂਤ ਨੂੰ ਸ਼ਾਮਲ ਕਰਦੀਆਂ ਹੋਣ ।ਇਸ ਦਾ ਮਤਲਬ ਇਹ ਹੈ ਕਿ ਉਨ੍ਹਾਂ ਨੂੰ ਪਾਕਿਸਤਾਨ 'ਤੇ ਆਪਣੇ ਪ੍ਰਭਾਅ ਦਾ ਇਸਤੇਮਾਲ ਕਰਕੇ ਉਸ ਦੇ ਅੱਤਵਾਦੀ ਟਿਕਾਣਿਆਂ ਨੂੰ ਖਤਮ ਕਰਨਾ ਚਾਹੀਦਾ ਹੈ ਅਤੇ ਰਾਜ-ਨੀਤੀ ਦੇ ਰੂਪ ਵਿੱਚ ਅੱਤਵਾਦ ਦਾ ਤਿਆਗ ਕਰਨਾ ਚਾਹੀਦਾ ਹੈ। ਜੇਕਰ ਸਾਨੂੰ ਪਾਕਿਸਤਾਨੀ ਅੱਤਵਾਦੀ-ਸੈਨਾ ਢਾਂਚੇ ਦੇ ਖਿਲਾਫ ਕਾਰਵਾਈ ਕਰਨ ਦੇ ਲਈ ਸੈਨਾ ਬਲ ਦਾ ਇਸਤੇਮਾਲ ਕਰਨਾ ਪੈਂਦਾ ਹੈ, ਤਾਂ ਉਨ੍ਹਾਂ ਨੂੰ ਸਾਡੇ ਨਾਲ ਇਕਜੁੱਟਤਾ ਦਿਖਾਉਣੀ ਚਾਹੀਦੀ ਹੈ। ਦੁਸ਼ਟਾਂ ਦੇ ਲਈ ਕੋਈ ਸ਼ਰਣਸਥਲੀ ਨਹੀਂ, ਕੋਈ ਬਚਾਅ ਨਹੀਂ। ਮਹੱਤਵਪੂਰਨ ਗੱਲ ਇਹ ਹੈ ਕਿ ਭਾਰਤ ਜਿਸ ਅੱਤਵਾਦੀ ਢਾਂਚੇ ਨੂੰ ਨਿਸ਼ਾਨਾ ਬਣਾ ਰਿਹਾ ਹੈ, ਉਹ ਨਾ ਸਿਰਫ ਭਾਰਤ ਅਤੇ ਲੋਕਤੰਤਰ ਦੇ ਲਈ, ਸਗੋਂ ਆਲਮੀ ਆਰਥਿਕ ਵਾਧੇ ਅਤੇ ਵਿਕਾਸ ਦੇ ਇੰਜਣ ਦੇ ਰੂਪ ਵਿੱਚ ਦੇਸ਼ ਦੀ ਭੂਮਿਕਾ ਦੇ ਲਈ ਵੀ ਖਤਰਾ ਹੈ।

ਪਾਕਿਸਤਾਨ ਤੋਂ ਅੱਤਵਾਦ ਨੂੰ ਆਲਮੀ ਪੱਧਰ 'ਤੇ ਨਿਰਯਾਤ ਕੀਤਾ ਜਾਂਦਾ ਹੈ- ਯੂਰੋਪ, ਯੂਕੇ, ਸੰਯੁਕਤ ਰਾਜ ਅਮਰੀਕਾ ਅਤੇ ਉਸ ਤੋਂ ਅੱਗੇ । ਫਿਰ ਵੀ, ਅੰਤਰਰਾਸ਼ਟਰੀ ਭਾਈਚਾਰੇ ਦਾ ਜ਼ਿਆਦਾਤਰ ਹਿੱਸਾ ਅੱਖਾਂ ਬੰਦ ਕਰਕੇ ਬੈਠਾ ਹੈ, ਜਦਕਿ ਸੰਯੁਕਤ ਰਾਸ਼ਟਰ ਦੁਆਰਾ ਨਾਮਿਤ ਅੱਤਵਾਦੀ ਸਮੂਹ ਪਾਕਿਸਤਾਨ ਵਿੱਚ ਖੁੱਲ੍ਹੇਆਮ ਕੰਮ ਕਰਦੇ ਹਨ। ਪਾਕਿਸਤਾਨ ਪਹਿਲਾਂ ਵੀ ਅੱਤਵਾਦੀ ਸਮੂਹਾਂ ਦੀ ਸ਼ਰਣਸਥਲੀ ਸੀ ਅਤੇ ਹੁਣ ਵੀ ਹੈ । ਆਪ੍ਰੇਸ਼ਨ ਸਿੰਦੂਰ 1.0 ਦੌਰਾਨ, ਪਾਕਿਸਤਾਨ ਦੇ ਰੱਖਿਆ ਅਤੇ ਵਿਦੇਸ਼ ਮੰਤਰੀਆਂ ਨੇ ਜਨਤਕ ਤੌਰ 'ਤੇ ਇੰਨਾ ਸਵੀਕਾਰ ਕੀਤਾ। ਭਾਰਤ ਨੇ ਅੱਤਵਾਦ ਦੇ ਇਸ ਹਾਇਡ੍ਰਾ-ਹੈਡੇਡ ਰਾਕਸ਼ਸ ਦੇ ਖਿਲਾਫ ਕਾਰਵਾਈ ਕਰਕੇ ਆਲਮੀ ਸੇਵਾ ਕੀਤੀ ਹੈ।ਭਾਰਤ ਦੀ ਸੈਨਾ ਤਾਕਤ ਘਰੇਲੂ ਇਨੋਵੇਸ਼ਨ ਦੀ ਮਦਦ ਨਾਲ ਤੇਜ਼ੀ ਨਾਲ ਵਧ ਰਹੀ ਹੈ। ਹਾਲਾਂਕਿ, ਕੁਝ ਵਿਦੇਸ਼ੀ ਪ੍ਰਣਾਲੀਆਂ ਦਾ ਇਸਤੇਮਾਲ ਕੀਤਾ ਗਿਆ ਸੀ, ਸਵਦੇਸ਼ੀ ਮਿਜ਼ਾਈਲਾਂ, ਡ੍ਰੋਨ ਅਤੇ ਨਿਗਰਾਨੀ ਉਪਕਰਣਾਂ ਦੀ ਸਫਲ ਤੈਨਾਤੀ, ਰੱਖਿਆ ਵਿੱਚ ਆਤਮਨਿਰਭਰਤਾ ਦੀ ਸੰਚਾਲਨ ਪਰਿਪੱਕਤਾ ਨੂੰ ਉਜਾਗਰ ਕਰਦੀ ਹੈ । ਇਹ ਸਾਡੇ ਨਿਰਯਾਤ ਜ਼ੋਰ ਅਤੇ ਮੰਗ ਨੂੰ ਵਧਾਉਂਦਾ ਹੈ। ਅਸੀਂ ਭਾਰਤ ਵਿੱਚ ਆਯਾਤਿਤ ਅਤੇ ਸਹਿ-ਨਿਰਮਿਤ ਹਥਿਆਰ ਪ੍ਰਣਾਲੀਆਂ ਦੇ ਨਾਲ-ਨਾਲ ਪਾਕਿਸਤਾਨ ਦੁਆਰਾ ਇਸਤੇਮਾਲ ਕੀਤੀਆਂ ਜਾਣ ਵਾਲੀਆਂ ਹਥਿਆਰ ਪ੍ਰਣਾਲੀਆਂ ਦੀ ਵੀ ਟੈਸਟਿੰਗ ਕੀਤੀ ਅਤੇ ਇਨ੍ਹਾਂ ਤੋਂ ਸਾਡੇ ਦੁਆਰਾ ਲਏ ਗਏ ਸਹੀ ਫੈਸਲਿਆਂ ਦੀ ਪੁਸ਼ਟੀ ਹੋਈ । ਆਪ੍ਰੇਸ਼ਨ ਸਿੰਦੂਰ ਤੋਂ ਇਹ ਸਪੱਸ਼ਟ ਹੋ ਗਿਆ ਕਿ ਭਾਰਤ ਵੈਧਤਾ ਨਹੀਂ ਚਾਹੁੰਦਾ - ਉਹ ਨਿਆਂ ਚਾਹੁੰਦਾ ਹੈ।

ਭਾਰਤੀ ਸੰਜਮ ਨੂੰ ਕਦੇ ਵੀ ਕਮਜ਼ੋਰੀ ਨਹੀਂ ਸਮਝਿਆ ਜਾਣਾ ਚਾਹੀਦਾ ਹੈ। ਸਿੰਦੂਰ ਸਿਧਾਂਤ ਕੇਵਲ ਪ੍ਰਤੀਕਿਰਿਆਸ਼ੀਲ ਨਹੀਂ ਹੈ; ਇਹ ਸਿਧਾਂਤਕ ਸਪੱਸ਼ਟਤਾ ਦਾ ਇੱਕ ਸਰਗਰਮ ਦਾਅਵਾ ਹੈ । ਭਾਰਤ ਦੇ ਨਾਗਰਿਕਾਂ ਦੇ, ਖਾਸ ਤੌਰ 'ਤੇ ਮਹਿਲਾਵਾਂ ਦੇ ਜੀਵਨ, ਗਰਿਮਾ, ਭਲਾਈ ਅਤੇ ਸਨਮਾਨ ਦੇ ਨਾਲ ਕੋਈ ਸਮਝੌਤਾ ਨਹੀਂ ਕੀਤਾ ਜਾਵੇਗਾ । ਇਸੇ ਬਿੰਦੂ 'ਤੇ ਰਾਸ਼ਟਰੀ ਸੁਰੱਖਿਆ ਦਾ ਰਾਸ਼ਟਰੀ ਸਨਮਾਨ ਦੇ ਨਾਲ ਸੰਗਮ ਹੁੰਦਾ ਹੈ । ਇੱਥੇ ਪ੍ਰਾਚੀਨ ਕਦਰਾਂ-ਕੀਮਤਾਂ, ਆਧੁਨਿਕ ਤਾਕਤ ਦੇ ਨਾਲ ਮਿਲਦੀਆਂ ਹਨ। ਅਤੇ ਇੱਥੇ ਭਾਰਤ ਖੜ੍ਹਾ ਹੈ- ਨਿਡਰ, ਅਡਿੱਗ ਅਤੇ ਇਕਜੁੱਟ।

**ਸੰਯੁਕਤ ਰਾਸ਼ਟਰ ਦੀ ਸਾਬਕਾ ਸਹਾਇਕ ਜਨਰਲ ਸਕੱਤਰ ਅਤੇ ਸੰਯੁਕਤ ਰਾਸ਼ਟਰ ਮਹਿਲਾ ਦੀ ਉਪ ਕਾਰਜਕਾਰੀ ਨਿਰਦੇਸ਼ਕ ਅਤੇ ਭਾਰਤ ਦੀ ਸਾਬਕਾ ਰਾਜਦੂਤ**

# ਮਾਝਾ-ਦੁਆਬਾ
ਆਸ ਪਾਸ

## ਸ਼ਾਨਦਾਰ ਨਤੀਜਿਆਂ ਕਾਰਨ ਲੋਕਾਂ 'ਚ ਸਰਕਾਰੀ ਸਕੂਲਾਂ ਪ੍ਰਤੀ ਗ਼ਲਤ ਧਾਰਨਾ ਟੁੱਟੀ : ਧਾਲੀਵਾਲ



ਅਜਨਾਲਾ, 20 ਮਈ, (ਸੁਖਦੇਵ ਸਿੰਘ ਖਾਲਸਾ) : ਅੱਜ ਪ੍ਰਵਾਸੀ ਭਾਰਤੀ ਮਾਮਲਿਆਂ ਦੇ ਮੰਤਰੀ ਪੰਜਾਬ ਸ: ਕੁਲਦੀਪ ਸਿੰਘ ਧਾਲੀਵਾਲ ਨੇ ਸਿੱਖਿਆ ਕ੍ਰਾਂਤੀ ਪੰਜਾਬ ਤਹਿਤ ਸਰਕਾਰੀ ਹਾਈ ਸਕੂਲ ਮੁੱਢਾਂਗਾ ਵਿਖੇ 2.20 ਲੱਖ , ਸਰਕਾਰੀ ਐਲੀਮੈਂਟਰੀ ਸਕੂਲ ਵਿਖੇ 1.24 ਲੱਖ ਰੁਪਏ , ਸਰਕਾਰੀ ਪ੍ਰਾਇਮਰੀ ਸਕੂਲ ਕੋਟ ਮੁਗਲ ਵਿਖੇ 2.40 ਲੱਖ ਰੁਪਏ , ਸਰਕਾਰੀ ਪ੍ਰਾਇਮਰੀ ਸਕੂਲ ਤਲਵੰਡੀ ਭੰਗਵਾਂ ਵਿਖੇ ਕਰੀਬ 1.90 ਲੱਖ ਰੁਪਏ, ਸਰਕਾਰੀ ਮਿਡਲ ਸਕੂਲ ਮਾਕੋਵਾਲ ਵਿਖੇ 10.21 ਲੱਖ ਰੁਪਏ ਦੀ ਲਾਗਤ ਨਾਲ ਬੁਨਿਆਦੀ ਢਾਂਚੇ ਦੇ ਨੇਪਰੇ ਚੜ੍ਹੇ ਵਿਕਾਸ ਕਾਰਜਾਂ ਦਾ ਪੂਰੇ ਜੋਸ਼ ਖਰੋਸ਼ ਨਾਲ ਉਦਘਾਟਨ ਕੀਤਾ, ਅਤੇ ਉਦਘਾਟਨੀ ਸਮਾਗਮਾਂ ਨੂੰ ਸੰਬੋਧਨ ਕਰਦਿਆਂ ਮੰਤਰੀ ਸ: ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਦੀ ਅਗਵਾਈ 'ਚ ਸਿੱਖਿਆ ਸੁਧਾਰਾਂ ਲਈ ਲਾਗੂ ਕੀਤੀ ਗਈ ਸਿੱਖਿਆ ਕ੍ਰਾਂਤੀ ਪੰਜਾਬ ਤਹਿਤ ਉਨ੍ਹਾਂ ਸਾਰੇ ਸਕੂਲਾਂ ਦੀ ਬੁਨਿਆਦੀ ਢਾਂਚੇ ਦੇ ਵਿਕਾਸ ਪੱਖੋਂ ਤਸਵੀਰ ਹੀ ਬਦਲ ਕੇ ਰੱਖ ਦਿੱਤੀ ਹੈ। ਜਿਨ੍ਹਾਂ ਸਰਕਾਰੀ ਸਕੂਲਾਂ ਦੇ ਪਖਾਨਿਆਂ ਦੀਆਂ ਟੁੱਟੀਆਂ ਕੰਧਾਂ, ਖੰਡਰ ਹੋ ਰਹੀਆਂ ਇਮਾਰਤਾਂ, ਗੰਦੇ ਕਲਾਸ ਰੂਮ, ਬੁਰੀ ਤਰ੍ਹਾਂ ਖਸਤਾ ਹਾਲਤ ਖੇਡ ਮੈਦਾਨ ਸਨ, ਉਹ ਸਕੂਲ ਹੁਣ ਨਿੱਜੀ ਸਕੂਲਾਂ ਨੂੰ ਮਾਤ ਪਾ ਰਹੇ ਹਨ।

ਉਨ੍ਹਾਂ ਕਿਹਾ ਕਿ ਸਰਕਾਰੀ ਅਧਿਆਪਕਾਂ ਦੀ ਮਿਹਨਤ ਸਦਕਾ ਸਰਕਾਰੀ ਸਕੂਲਾਂ ਦੇ ਨਤੀਜੇ ਬਹੁਤ ਵਧੀਆ ਆਏ ਹਨ, ਸਰਕਾਰੀ ਸਕੂਲਾਂ 'ਚ ਦਾਖਲਾ ਪ੍ਰਤੀਸ਼ਤਤਾ 'ਚ ਵੀ ਵਾਧਾ ਦਰਜ ਹੋਇਆ ਹੈ। ਇਸ ਮੌਕੇ 'ਤੇ ਹਲਕਾ ਪੱਧਰੀ ਸਿੱਖਿਆ ਕੋਆਰਡੀਨੇਟਰ ਅਮਨਦੀਪ ਕੌਰ ਧਾਲੀਵਾਲ, ਖੁਸ਼ਪਾਲ ਸਿੰਘ ਧਾਲੀਵਾਲ, ਮਾਰਕੀਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਮਹਿਲਾ ਆਗੂ ਹਰਿੰਦਰ ਕੌਰ ਮੋਤੇਨੰਗਲ ਤੋਂ ਇਲਾਵਾ ਸਿੱਖਿਆ ਵਿਭਾਗ ਦੇ ਅਧਿਕਾਰੀ, ਸਕੂਲਾਂ ਦੇ ਮੁੱਖੀ, ਅਧਿਆਪਕ ਤੇ ਸਕੂਲ ਕਮੇਟੀਆਂ ਦੇ ਆਹੁਦੇਦਾਰਾਂ ਸਮੇਤ ਵਿਦਿਆਰਥੀਆਂ ਦੇ ਮਾਪੇ ਵੱਡੀ ਪੱਧਰ 'ਤੇ ਮੌਜੂਦ ਸਨ।

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵਿਸ਼ੇਸ਼ ਸਨਮਾਨ ਸਮਾਗਮਅੱਜ



ਅੰਮ੍ਰਿਤਸਰ, 20 ਮਈ, (ਬਬਲੂ ਮਹਾਜਨ) : ਪੰਜ ਸਿੰਘ ਸਾਹਿਬਾਨ ਦੀ 8 ਅਪ੍ਰੈਲ 2025 ਨੂੰ ਹੋਈ ਇਕੱਤਰਤਾ ਵਿੱਚ ਲਏ ਗਏ ਫੈਸਲੇ ਦੀ ਰੋਸ਼ਨੀ ਵਿੱਚ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਹਰਪਾਲ ਸਿੰਘ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਪੰਜ ਪਿਆਰੇ ਗੁਰਪੁਰਵਾਸੀ ਗਿਆਨੀ ਮਲਕੀਤ ਸਿੰਘ ਖੰਡੂਰ ਦਾ ਵਿਸ਼ੇਸ਼ ਸਨਮਾਨ ਸਮਾਗਮ 21 ਮਈ ਨੂੰ ਸਵੇਰੇ 10 ਵਜੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਵੇਗਾ। ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਸ. ਬਗੀਚਾ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਮਾਗਮ ਤਹਿਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਗੁਰਬਾਣੀ ਕੀਰਤਨ ਉਪਰੰਤ ਅਰਦਾਸ ਕਰਕੇ ਗਿਆਨੀ ਹਰਪਾਲ ਸਿੰਘ ਅਤੇ ਗਿਆਨੀ ਮਲਕੀਤ ਸਿੰਘ ਖੰਡੂਰ ਦੀ ਸੁਪਤਨੀ ਬੀਬੀ ਹਰਜਿੰਦਰ ਕੌਰ ਦਾ ਵਿਸ਼ੇਸ਼ ਸਨਮਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤਾ ਜਾਵੇਗਾ।

## ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਮਾਗਮ

### *ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸਜੇ ਜਲੌਅ*



ਅੰਮ੍ਰਿਤਸਰ, 20 ਮਈ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਤਾਗੱਦੀ ਦਿਵਸ ਸ਼ਰਧਾ ਨਾਲ ਮਨਾਇਆ ਗਿਆ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਗੁਰਦੁਆਰਾ ਬਾਬਾ ਅਟੱਲ ਰਾਇ ਸਾਹਿਬ ਵਿਖੇ ਜਲੌ ਸਜਾਏ ਗਏ। ਵੱਡੀ ਗਿਣਤੀ ਸੰਗਤਾਂ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਨੂੰ ਸਤਿਕਾਰ ਭੇਟ ਕੀਤਾ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਤਾਗੱਦੀ ਦਿਹਾੜੇ ਦੇ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ, ਜਿਸ ਮਗਰੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ। ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ ਅਤੇ ਸੰਗਤ ਨੂੰ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਹੈੱਡ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਸਰਵਣ ਕਰਵਾਇਆ। ਉਨ੍ਹਾਂ ਸੰਗਤਾਂ ਨਾਲ ਗੁਰੂ ਸਾਹਿਬ ਦੇ ਜੀਵਨ ਇਤਿਹਾਸ ਬਾਰੇ ਵਿਚਾਰਾਂ ਵੀ ਕੀਤੀਆਂ। ਉਨ੍ਹਾਂ ਕਿਹਾ ਕਿ ਛੇਵੇਂ ਪਾਤਸ਼ਾਹ ਜੀ ਨੇ ਮੀਰੀ ਪੀਰੀ ਦੀਆਂ ਕਿਰਪਾਨਾਂ ਧਾਰਨ ਕਰਕੇ ਸਿੱਖਾਂ ਅੰਦਰ ਜ਼ੁਲਮ ਖਿਲਾਫ਼ ਲੜਨ ਦਾ ਜਜ਼ਬਾ ਪੈਦਾ ਕੀਤਾ।

ਇਸੇ ਦੌਰਾਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸਮਾਗਮ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਤਾਗੱਦੀ 'ਤੇ ਬਿਰਾਜਮਾਨ ਹੋਣ ਸਮੇਂ ਸੰਗਤਾਂ ਨੂੰ ਜੋ ਹੁਕਮ ਕੀਤੇ ਸਨ, ਉਹ ਹੁਕਮ ਅੱਜ ਵੀ ਲਾਗੂ ਹਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਅੱਜ ਵੀ ਉਵੇਂ ਹੀ ਕਾਇਮ ਹੈ। ਜਥੇਦਾਰ ਸਾਹਿਬ ਨੇ ਸਮੁੱਚੀ ਸਿੱਖ ਕੌਮ ਨੂੰ ਇੱਕ ਨਿਸ਼ਾਨ ਸਾਹਿਬ ਹੇਠ ਇਕੱਠੇ ਹੋਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਹਰੇਕ ਸਿੱਖ ਆਪਣੇ ਕੋਲ ਸ਼ਸਤਰ ਰੱਖੇ, ਜੋ ਇਹ ਸਾਡੇ ਗੁਰੂ ਦਾ ਹੁਕਮ ਹੈ।

ਉਨ੍ਹਾਂ ਕਿਹਾ ਕਿ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋਏ, ਤਾਂ ਉਨ੍ਹਾਂ ਨੇ 52 ਰਾਜਿਆਂ ਨੂੰ ਵੀ ਕੈਦ 'ਚੋਂ ਰਿਹਾਅ ਕਰਵਾਇਆ। ਜਥੇਦਾਰ ਗੜਗੱਜ ਨੇ ਗੁਰੂ ਸਾਹਿਬ ਦੇ ਗੁਰਿਆਈ ਪੁਰਬ ਮੌਕੇ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਸਿੰਘਾਂ ਦੀ ਰਿਹਾਈ ਲਈ ਅਰਦਾਸ ਕੀਤੀ ਅਤੇ ਸਮੁੱਚੀ ਕੌਮ ਨੂੰ ਅਪੀਲ ਕੀਤੀ ਕਿ ਸਿੱਖਾਂ ਦੀ ਨੁਮਾਇੰਦਾ ਸੰਸਥਾ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਉਪਰਾਲਿਆਂ ਵਿੱਚ ਹਰ ਸਿੱਖ ਨੂੰ ਵੱਧ ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਸੰਗਤਾਂ ਨੂੰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਗੁਰਤਾ ਗੱਦੀ ਦਿਵਸ ਦੀ ਵਧਾਈ ਦਿੰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇਕੱਠੇ ਹੋਣ ਅਤੇ ਗੁਰੂ ਸਾਹਿਬ ਦੇ ਉਪਦੇਸ਼ਾਂ ਤੇ ਚੱਲਣ ਦੀ ਅਪੀਲ ਕੀਤੀ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ, ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜੈਬ ਸਿੰਘ ਅਭਿਆਸੀ, ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਤੇਜਿੰਦਰ ਸਿੰਘ ਪੱਡਾ, ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਪ੍ਰੋ. ਸੁਖਦੇਵ ਸਿੰਘ, ਹਰਭਜਨ ਸਿੰਘ ਵਕਤਾ, ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਰਜਿੰਦਰ ਸਿੰਘ ਰੂਬੀ, ਵਧੀਕ ਮੈਨੇਜਰ ਜਸਪਾਲ ਸਿੰਘ ਢੱਡੇ, ਬਿਕਰਮਜੀਤ ਸਿੰਘ ਝੰਗੀ, ਗੁਰਵਿੰਦਰ ਸਿੰਘ ਦੇਵੀਦਾਸਪੁਰ, ਨਿਸ਼ਾਨ ਸਿੰਘ ਜਫ਼ਰਵਾਲ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਸ਼ਹਿਰ ਦੀ ਦਿੱਖ ਨੂੰ ਸਵਾਰਨ ਲਈ ਨਗਰ ਨਿਗਮ ਕਰ ਰਹੀ ਹਰ ਸੰਭਵ ਉਪਰਾਲੇ : ਕਮਿਸ਼ਨਰ



ਅੰਮ੍ਰਿਤਸਰ, 20 ਮਈ, (ਗੁਰਦਿਆਲ ਸਿੰਘ) : ਨਗਰ ਨਿਗਮ, ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਵੱਲੋਂ ਰੋਜ਼ਾਨਾਂ ਅਧਿਕਾਰੀਆਂ ਦੀ ਟੀਮ ਦੇ ਨਾਲ ਸ਼ਹਿਰ ਦੀਆਂ ਮੁੱਖ ਸੜਕਾਂ ਦੀ ਸਾਫ ਸਫਾਈ ਅਤੇ ਰੱਖ-ਰੱਖਾਵ ਸਬੰਧੀ ਕੀਤੇ ਗਏ ਕੰਮਾਂ ਦਾ ਨਿੱਜੀ ਤੌਰ 'ਤੇ ਮੁਆਇਨਾ ਕੀਤਾ ਜਾ ਰਿਹਾ ਹੈ। ਅੱਜ ਮਿਤੀ 20/05/2025 ਦਿਨ ਮੰਗਲਵਾਰ ਨੂੰ ਇਸੇ ਕੜੀ ਵਿੱਚ ਨਿਗਮ ਕਮਿਸ਼ਨਰ ਵਲੋਂ ਆਪਣੇ ਦੌਰੇ ਦੀ ਸ਼ੁਰੂਆਤ ਗੋਲਡਨ ਗੇਟ ਜੀ.ਟੀ ਰੋਡ ਤੇ ਕੀਤੀ ਗਈ ਜਿਸ ਤੋਂ ਹੁੰਦੇ ਹੋਏ ਤਾਰਾਂ ਵਾਲਾ ਪੁੱਲ, 100 ਫੁੱਟੀ ਰੋਡ, ਚਮਰੰਗ ਰੋਡ, ਰਾਮ ਤਲਾਈ , ਬੁਰਜ ਫੁਲਾ ਸਿੰਘ, ਸ਼ੇਰਾ ਵਾਲਾ ਗੇਟ , ਮਾਨ ਸਿੰਘ ਗੇਟ, ਬੱਸ ਸਟੈਂਡ ਅਤੇ ਮੌਰਾਂ ਵਾਲਾ ਚੌਕ , ਰਾਮ ਬਾਗ ਤੱਕ ਸੜਕਾਂ ਦਾ ਨਿਰੀਖਣ ਕੀਤਾ ਗਿਆ।

ਆਪਣੇ ਦੌਰੇ ਦੌਰਾਨ ਕਮਿਸ਼ਨਰ ਵਲੋਂ ਜੀ.ਟੀ ਰੋਡ ਤੇ ਗੋਲਡਨ ਗੇਟ ਤੋਂ ਤਾਰਾਂ ਵਾਲਾ ਪੁੱਲ ਤੱਕ ਸੜਕ ਦੇ ਦੋਨੋ ਪਾਸੇ ਅਤੇ ਸੈਂਟਰਲ ਵਰਜ 'ਤੇ ਘਾਹ ਅਤੇ ਜੰਗਲੀ ਬੂਟੀ ਦੀ ਸਾਫ-ਸਫਾਈ ਲਈ ਬਾਗਬਾਨੀ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ । ਸੜਕਾਂ ਦੇ ਆਲੇ ਦੁਆਲੇ ਲਗੇ ਮਲਬੇ ਦੇ ਢੇਰ ਚੁੱਕਣ ਅਤੇ ਹੋਰ ਸਿਵਲ ਦੇ ਕੰਮਾ ਲਈ ਸਿਵਲ ਵਿਭਾਗ ਦੇ ਆਧਿਕਾਰੀਆਂ ਨੂੰ ਕਿਹਾ ਗਿਆ । ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਕਿ ਇਹ ਮੁੱਖ ਸੜਕਾਂ ਤੇ ਕੂੜੇ ਦੇ ਢੇਰ ਬਿਲਕੁਲ ਨਜਰ ਨਹੀ ਆਉਣੇ ਚਾਹੀਦੇ ਅਤੇ ਰੋਜ਼ਾਨਾ ਬਿਨ੍ਹਾਂ ਕਿਸੇ ਦੇਰੀ ਦੇ ਇਹ ਕੂੜਾ ਚੁੱਕਿਆ ਜਾਵੇ । ਚਮਰੰਗ ਰੋਡ ਦੇ ਬਾਹਰ ਲੱਗੀਆਂ ਰੇਤ ਦੀਆਂ ਟਰਾਲੀਆਂ , ਸ਼ੇਰਾ ਵਾਲਾ ਗੇਟ ਦੇ ਬਾਹਰ ਨਿਗਮ ਦੀਆ ਦੁਕਾਨਾਂ ਅਤੇ ਬਸ ਸਟੈਂਡ ਸੂਰਜ ਚੰਦਾ ਸਿਨੇਮਾ ਦੇ ਸਾਹਮਣੇ ਲੱਗੀਆਂ ਰੇਹੜੀਆਂ ਦੇ ਸਬੰਧ ਵਿੱਚ ਅਸਟੇਟ ਅਫਸਰ ਨੂੰ ਤੁਰੰਤ ਲੋੜੀਂਦੀ ਕਾਰਵਾਈ ਕਰਨ ਦੀ ਹਦਾਇਤ ਕੀਤੀ ਗਈ। ਅੱਜ ਦੇ ਇਸ ਨਿਰੀਖਣ ਦੌਰਾਨ ਵਧੀਕ ਕਮਿਸ਼ਨਰ ਸੁਰਿੰਦਰ ਸਿੰਘ, ਨਿਗਰਾਨ ਇੰਜੀਨਿਅਰ ਸੰਦੀਪ ਸਿੰਘ, ਕਾਰਜਕਾਰੀ ਇੰਜੀਨਿਅਰ ਭਲਿੰਦਰ ਸਿੰਘ , ਮਨਜੀਤ ਸਿੰਘ , ਸਿਹਤ ਅਫਸਰ ਡਾ. ਕਿਰਨ , ਡਾ. ਯੋਗੇਸ਼ ਅਰੋੜਾ, ਅਸਟੇਟ ਅਫਸਰ ਧਰਮਿੰਦਰ ਜੀਤ ਸਿੰਘ ਅਤੇ ਹੋਰ ਅਧਿਕਾਰੀ ਸ਼ਾਮਲ ਸਨ ।

ਕਮਿਸ਼ਨਰ ਗੁਲਪ੍ਰੀਤ ਸਿੰਘ ਜੀ ਨੇ ਦੱਸਿਆ ਕਿ ਉਹਨਾਂ ਵਲੋਂ ਕੀਤੀ ਜਾ ਰਹੀ ਰੌਜ਼ਾਨਾਂ ਚੈਕਿੰਗ ਦਾ ਮੁੱਖ ਮੰਤਵ ਸ਼ਹਿਰ ਦੀ ਦਿੱਖ ਨੂੰ ਹੋਰ ਸੁੰਦਰ ਬਣਾਉਣਾ ਹੈ ਜਿਸ ਲਈ ਉਹਨਾਂ ਅਤੇ ਉਹਨਾ ਦੀ ਟੀਮ ਵੱਲੋਂ ਦਿਨ ਰਾਤ ਉਪਰਾਲੇ ਕੀਤੇ ਜਾ ਰਹੇ ਹਨ । ਉਹਨਾ ਵਲੋਂ ਮੁੱਖ ਸ਼ੜਕਾ ਦੇ ਰੱਖ ਰਖਾਵ ਲਈ 44 ਕਰਮਚਾਰੀਆਂ ਦੇ ਤਿੰਨ ਰੋਡ ਗੈਂਗ ਬਣਾਏ ਗਏ ਹਨ ਜੋ ਕਿ ਰੋਸਟਰ ਵਾਇਸ ਇਨ੍ਹਾਂ ਸੜਕਾਂ 'ਤੇ ਆਪਣੀ ਪੱਕੀਆਂ ਡਿਊਟੀਆਂ ਦੇਣਗੇ ਅਤੇ ਇਹਨਾਂ ਕਰਮਚਾਰੀਆਂ ਨੂੰ ਲੋੜੀਂਦੀ ਮਸ਼ੀਨਰੀ ਵੀ ਮੁਹੱਈਆ ਕਰਵਾਈ ਜਾ ਰਹੀ ਹੈ । ਉਹਨਾ ਕਿਹਾ ਕਿ ਉਹ ਦਿਨ ਦੂਰ ਨਹੀ ਜਦੋਂ ਸ਼ਹਿਰ ਦੀ ਦਿੱਖ ਹੋਰ ਸੁੰਦਰ ਹੋਵੇਗੀ ਅਤੇ ਅੰਮ੍ਰਿਤਸਰ ਸ਼ਹਿਰ ਸਹੀ ਮਾਇਨੇ ਵਿੱਚ ਸਿਫਤੀ ਦੀ ਘਰ ਬਣੇਗਾ ।

## ਸੱਤ ਸਾਲ ਦੀ ਬੱਚੀ ਨਾਲ ਜਬਰ-ਜਨਾਹ ਦੇ ਦੋਸ਼ 'ਚ 20 ਸਾਲ ਦੀ ਸਜ਼ਾ

ਅੰਮ੍ਰਿਤਸਰ, 20 ਮਈ, (ਬਬਲੂ ਮਹਾਜਨ) : ਮਾਨਯੋਗ ਜੱਜ ਸ੍ਰੀਮਤੀ ਤ੍ਰਿਪਤਜੋਤ ਕੌਰ, ਵਧੀਕ ਜ਼ਿਲ੍ਹਾ ਤੇ ਸੈਸ਼ਨਜ਼ ਜੱਜ (ਫਾਸਟ ਟਰੈਕ ਸਪੈਸਲ ਕੋਰਟ), ਅੰਮ੍ਰਿਤਸਰ ਦੀ ਅਦਾਲਤ ਦੁਆਰਾ ਮੁਕੱਦਮਾ ਨੰਬਰ 141 ਮਿਤੀ 0705.2023 U/s 376 AB IPC and 6 ਪੋਸਕੋ ਐਕਟ ਥਾਣਾ ਸਦਰ, ਜਿਲ੍ਹਾ ਅੰਮ੍ਰਿਤਸਰ ਵਿੱਚ ਦੋਸ਼ੀ ਉਮੇਸ਼ ਯਾਦਵ ਨੂੰ ਸੱਤ ਸਾਲ ਦੀ ਨਾਬਾਲਗ ਬੱਚੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਵਿੱਚ 20 ਸਾਲ ਦੀ ਸਜਾ ਅਤੇ 40,000/- ਰੁਪਏ ਦਾ ਜੁਰਮਾਨਾ ਕੀਤਾ ਗਿਆ ਹੈ। ਅਦਾਲਤ ਨੇ ਕਿਹਾ ਕਿ ਦੋਸ਼ੀ, ਜੋ ਕਿ ਟਾਈਲਾਂ ਲਗਾਉਣ ਲਈ ਲੇਬਰ ਵਜੋਂ ਕੰਮ ਕਰਦਾ ਸੀ, ਸ਼ਿਕਾਇਤਕਰਤਾ ਦੇ ਘਰ ਕੰਮ ਕਰਨ ਲਈ ਆਇਆ ਸੀ ਅਤੇ ਨਾਬਾਲਗ ਨਾਲ ਬਲਾਤਕਾਰ ਅਤੇ ਜਿਨਸੀ ਸ਼ੋਸ਼ਣ ਕੀਤਾ, ਜਦੋਂ ਉਸਦੀ ਉਮਰ ਕਰੀਬ ਸੱਤ ਸਾਲ ਦੀ ਸੀ।

## ਸਾਲਾਨਾ ਪ੍ਰਿੰਸੀਪਲਜ਼ ਮੀਟਿੰਗ ਕਰਵਾਈ

ਅੰਮ੍ਰਿਤਸਰ, 20 ਮਈ, (ਬਬਲੂ ਮਹਾਜਨ) : ਚੀਫ਼ ਖ਼ਾਲਸਾ ਦੀਵਾਨ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ੍ਰੀ ਕਲਗੀਧਰ ਆਡੀਟੋਰੀਅਮ ਵਿਖੇ ਨਵੇਂ ਅਕਾਦਮਿਕ ਸੈਸ਼ਨ 2025–2026 ਲਈ ਸਾਲਾਨਾ ਪ੍ਰਿੰਸੀਪਲਜ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਤਹਿਤ ਰਾਸ਼ਟਰੀ ਸਿੱਖਿਆ ਨੀਤੀ ਦੇ ਤਹਿਤ ਚੀਫ਼ ਖ਼ਾਲਸਾ ਦੀਵਾਨ ਵੱਲੋਂ ਨਵੀਨਤਾ ਅਤੇ ਰਚਨਾਤਮਕਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਵਿਜ਼ਨਰੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਉਪਰਾਲੇ ਦਾ ਮਕਸਦ ਸਿੱਖਣ, ਪੜ੍ਹਨ ਦੇ ਢੰਗਾਂ ਵਿਚ ਬਦਲਾਅ ਲਿਆਉਣਾ ਅਤੇ ਵਿਦਿਆਰਥੀਆਂ ਨੂੰ ਸੋਚ—ਵਿਚਾਰ ਵਾਲੇ ਹੁਨਰਮੰਦ ਅਤੇ ਜ਼ਿੰਮੇਵਾਰ ਨਾਗਰਿਕਾਂ ਵਜੋਂ ਤਿਆਰ ਕਰਨਾ ਹੈ।

ਮੀਟਿੰਗ ਦਾ ਆਰੰਭ ਮੂਲ ਮੰਤਰ ਦੇ ਪਾਠ ਨਾਲ ਕਰਨ ਉਪਰੰਤ ਡਾਇਰੈਕਟਰ ਡਾ.ਏ.ਪੀ.ਐਸ ਚਾਵਲਾ ਵੱਲੋਂ ਦੇ ਸੁਆਗਤੀ ਸ਼ਬਦਾਂ ਨਾਲ ਹੋਈ, ਜਿਸ ਤਹਿਤ ਉਹਨਾਂ ਸਾਰੇ ਪ੍ਰਿੰਸੀਪਲਜ਼ ਨੂੰ "ਸ਼ੇਅਰਿੰਗ ਅਤੇ ਕੇਅਰਿੰਗ" (ਸਾਂਝਾਕਰਨ ਅਤੇ ਸਮੂਹਿਕ ਸੰਭਾਲ) ਸਿਧਾਂਤ ਦੀ ਪਾਲਣਾ ਕਰਦਿਆਂ ਇਕ ਦੂਸਰੇ ਦਾ ਸਮਰਥਨ ਕਰਕੇ ਰਲ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਨਵੇਂ ਵਿੱਦਿਅਕ ਸੈਸ਼ਨ ਲਈ ਨਵੀਆਂ ਯੋਜਨਾਵਾਂ, ਪਹਿਲ—ਕਦਮੀਆਂ ਅਤੇ ਰਣਨੀਤੀਆਂ ਸਾਂਝੀਆਂ ਕੀਤੀਆਂ। ਉਹਨਾਂ ਪ੍ਰਿੰਸੀਪਲਜ਼ ਨੂੰ ਬਿਹਤਰ ਕਾਰਗੁਜ਼ਾਰੀ ਲਈ ਪੂਰੇ ਅਨੁਸ਼ਾਸਨ, ਸਮਰਪਨ ਅਤੇ ਯੋਜਨਾਬੰਦੀ ਨਾਲ ਕੰਮ ਕਰਨ ਲਈ ਕਿਹਾ। ਉਹਨਾਂ ਵਿਦਿਆਰਥੀ ਦੀ ਓਵਰਆਲ ਸਖ਼ਸ਼ੀਅਤ ਨੂੰ ਨਿਖਾਰਣ ਲਈ ਅਕਾਦਮਿਕ ਐਕਸੀਲੈਂਸ ਦੇ ਨਾਲ—ਨਾਲ ਨੈਤਿਕ ਸਿੱਖਿਆ ਅਤੇ ਸਕੂਲਾਂ ਵਿਚ ਵਿਦਿਆਰਥੀਆਂ ਲਈ ਸੁਖਾਵਾਂ, ਦਿਲਚਸਪ ਵਾਤਾਵਰਣ ਤਿਆਰ ਕਰਨ ਦੀ ਲੋੜ੍ਹ ਤੇ ਜ਼ੋਰ ਦਿੱਤਾ। ਇਸ ਮੌਕੇ ਵੱਖ—ਵੱਖ ਸੀ.ਕੇ.ਡੀ ਸਕੂਲਾਂ ਵੱਲੋਂ ਨਵੀਆਂ ਗਤੀਵਿਧੀਆਂ ਕਰਵਾਈਆਂ ਗਈਆਂ।

## ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਮਝੈਲ ਜੱਥੇਬੰਦੀ ਦੀ ਮੀਟਿੰਗ



ਭਿੱਖੀਵਿੰਡ, 20 ਮਈ, (ਸਵਿੰਦਰ ਬਲੇਹਰ, ਮਨਜੀਤ ਸਿੰਘ) : ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਮਝੈਲ ਜੱਥੇਬੰਦੀ ਦੀ ਸੂਬਾ ਕਮੇਟੀ ਤੇ ਜ਼ਿਲਾ ਆਗੂਆਂ ਦੀ ਹਲਕਾ ਖੇਮਕਰਨ ਦੇ ਪਿੰਡ ਛੰਨਾ ਵਿੱਚ ਕਿਸਾਨ ਆਗੂ ਮਨਪ੍ਰੀਤ ਸਿੰਘ ਦੇ ਗ੍ਰਹਿ ਵਿਖੇ ਮੀਟਿੰਗ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਸਤਨਾਮ ਸਿੰਘ ਤੇ ਜ਼ਿਲਾ ਆਗੂ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਤੇ ਬਲਾਕ ਦੀ ਨਵੀਂ ਕਮੇਟੀ ਦਾ ਗਠਨ ਕਰਕੇ ਮਝੈਲ ਜੱਥੇਬੰਦੀ ਵਿਚ ਵੱਡਾ ਵਾਧਾ ਕੀਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦਿਆ ਪਿੰਡ ਛੰਨਾ ਦੇ ਕਿਸਾਨ ਆਗੂ ਮਨਪ੍ਰੀਤ ਸਿੰਘ, ਪਗਟ ਸਿੰਘ, ਬਲਵਿੰਦਰ ਸਿੰਘ ਗੁਰਸੇਵਕ ਸਿੰਘ ਤੇ ਹੋਰ ਸਾਥਿਆ ਵੱਲੋਂ ਕਿਹਾ ਗਿਆ ਕਿ ਜੱਥੇਬੰਦੀ ਦੇ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਅੱਜ ਵੱਡੇ ਪੱਧਰ 'ਤੇ ਪਿੰਡ ਵਾਸੀ ਜੱਥੇਬੰਦੀ ਵਿੱਚ ਸ਼ਾਮਿਲ ਹੋ ਰਹੇ ਹਨ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵਿਸ਼ਵਾਸ ਦਵਾਇਆ ਗਿਆ ਕਿ ਆਪਣੀਆਂ ਹੱਕੀ ਮੰਗਾਂ ਨੂੰ ਲੈਕੇ ਸਰਕਾਰ ਵਿਰੁੱਧ ਡੱਟਕੇ ਸੰਘਰਸ਼ ਕਰਨਗੇ ਤੇ ਜੱਥੇਬੰਦੀ ਦੇ ਮੋਢੇ ਨਾਲ ਮੋਢਾ ਜੋੜ ਕੇ ਚੱਲਣਗੇ। ਭਾਰਤੀ ਕਿਸਾਨ ਮਜ਼ਦੂਰ ਮਝੈਲ ਜੱਥੇਬੰਦੀ ਵੱਡੇ ਪੱਧਰ 'ਤੇ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਰਹੇਗੀ ਚਾਹੇ ਪੰਜਾਬ ਦੀ ਸਰਕਾਰ ਹੋਵੇ, ਜਾਂ ਕੇਂਦਰ ਸਰਕਾਰ ਹੋਵੇ। ਸਰਕਾਰਾਂ ਵੱਲੋਂ ਆਮ ਲੋਕਾਂ ਲਈ ਕੀਤੀਆਂ ਵਧੀਕੀਆਂ ਅਤੇ ਧੱਕੇਸ਼ਾਹੀ ਵਿਰੁੱਧ ਜੱਥੇਬੰਦੀ ਅਵਾਜ਼ ਬੁਲੰਦ ਕਰਦੀ ਰਹੇਗੀ। ਉਥੇ ਮਝੈਲ ਜੱਥੇਬੰਦੀ ਦੇ ਸੂਬਾ ਆਗੂ ਸੀਨੀਅਰ ਮੀਤ ਪ੍ਰਧਾਨ ਜੱਜਬੀਰ ਸਿੰਘ ਚੇਲਾ ਹੀਰਾ ਸਿੰਘ ਭਿੱਖੀਵਿੰਡ, ਹਰਮੀਤ ਸਿੰਘ ਭਿੱਖੀਵਿੰਡ ਤੇ ਜ਼ਿਲਾ ਦੇ ਮੀਡੀਆ ਇੰਚਾਰਜ ਸਤਨਾਮ ਸਿੰਘ ਜੰਡ ਖਾਲੜਾ ਨੇ ਕਿਹਾ ਕਿ ਭਾਰਤੀ ਕਿਸਾਨ ਮਜ਼ਦੂਰ ਮਝੈਲ ਯੂਨੀਅਨ ਪਹਿਲੀ ਜਥੇਬੰਦੀ ਹੋਵੇਗੀ ਜੋ ਕਿਸਾਨਾ ਦੇ ਨਾਲ ਮਜ਼ਦੂਰ ਭੈਣ ਭਰਾਵਾ ਨੂੰ ਪਹਿਲ ਦੇ ਅਧਾਰ 'ਤੇ ਨਾਲ ਲੈ ਕੇ ਚੱਲੇਗੀ। ਇਸ ਮੌਕੇ ਅਮਰਜੀਤ ਸਿੰਘ ਰੱਤਾ ਗੁੱਦਾ, ਲਖਬੀਰ ਸਿੰਘ ਰੱਤਾ ਗੁੱਦਾ, ਗੁਰਜੰਟ ਸਿੰਘ ਰੱਤਾ ਗੁੱਦਾ, ਚਾਨਣ ਸਿੰਘ ਅਲਗੋ ਖੁਰਦ, ਦਵਿੰਦਰ ਸਿੰਘ ਅਲਗੋ ਖੁਰਦ, ਸੁਖਦੇਵ ਸਿੰਘ ਰੱਤਾ ਗੁੱਦਾ, ਗੁਰਜੰਟ ਸਿੰਘ ਸਭਰਾ, ਸੁਖਵਿੰਦਰ ਸਿੰਘ ਰੱਤਾ ਗੁੱਦਾ, ਦਿਲਬਾਗ ਸਿੰਘ ਰੱਤਾ ਗੁੱਦਾ, ਮਾਸਟਰ ਕਵਰਰਾਜ ਸਿੰਘ ਰੱਤਾ ਗੁੱਦਾ, ਭਜਨ ਸਿੰਘ ਰੂੜੀ ਵਾਲ, ਨਰਿੰਦਰ ਸਿੰਘ ਕਿਰਤੋਵਾਲ, ਗੁਰਜੰਟ ਸਿੰਘ ਚੇਲਾ,

ਨਿਰਮਲ ਸਿੰਘ,ਗੁਰਬੀਰ ਸਿੰਘ, ਅਮਰਜੀਤ ਸਿੰਘ ਸਭਰਾ,ਆਤਮਾ ਸਿੰਘ ਗੰਡੀਵਿੰਡ, ਬਲਵੰਤ ਸਿੰਘ ਜਿਊਣ ਕੇ, ਕਾਰਜ ਸਿੰਘ ਘਰਿਆਲਾ, ਲਵਪ੍ਰੀਤ ਸਿੰਘ ਬਾਸਰਕੇ, ਸੁਖਮਨ ਸਿੰਘ ਦਰਾਜਕੇ, ਰਣਜੋਧ ਸਿੰਘ ਬਾਸਰਕੇ, ਸਰਵਨ ਸਿੰਘ ਰੱਤਾ ਗੁੱਦਾ, ਜੁਗਰਾਜ ਸਿੰਘ ਜੱਗਾ, ਸੁਖਬੀਰ ਸਿੰਘ ਬਾਬੇ, ਜਗਰੂਪ ਸਿੰਘ, ਜੱਸਾ ਸਿੰਘ, ਹਰਦੀਪ ਸਿੰਘ ਕਿਰਤੋਵਾਲ, ਗੁਰਸੇਵਕ ਸਿੰਘ ਵਾਂ, ਜਸਪਾਲ ਸਿੰਘ ਵਾਂ, ਗੁਰਦਿੱਤ ਸਿੰਘ ਚੇਲਾ, ਬਖਸ਼ੀਸ ਸਿੰਘ, ਗੁਰਦੇਵ ਸਿੰਘ,ਆਦਿ ਸਾਥੀ ਹਾਜ਼ਰ ਸਨ ।

## ਸੁਮਿੱਤਰਾ ਦੇਵੀ ਸਕੂਲ 'ਚ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ




ਦੀਨਾਨਗਰ, 20 ਮਈ, (ਡਾ.ਰਮੇਸ਼ ਸਰੰਗਲ) : ਸੁਮਿਤਰਾ ਦੇਵੀ ਆਰਿਆ ਸੀਨੀਅਰ ਸੈਕੰਡਰੀ ਸਕੂਲ ਦੀਨਾਨਗਰ ਵਿੱਚ ਪ੍ਰਿੰਸੀਪਲ ਜੋਤੀ ਬਾਲਾ ਦੀ ਪ੍ਰਧਾਨਗੀ ਹੇਠ ਦੱਸਵੀ ਅਤੇ ਬਾਰਵੀਂ ਜਮਾਤ ਦੇ ਸ਼ਤ ਪ੍ਰਤੀਸ਼ਤ ਨਤੀਜੇ ਆਉਣ ਦੇ ਮੌਕੇ ਤੇ ਪੁਜ਼ੀਸ਼ਨ ਹੋਲਡਰ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਸਕੂਲ ਦੇ ਵਿਹੜੇ ਵਿੱਚ ਸੱਦਿਆ ਗਿਆ। ਮੈਨੇਜਮੈਂਟ ਕਮੇਟੀ ਵੱਲੋ ਸੈਕਟਰੀ ਸ਼੍ਰੀ ਧਰਮ ਇੰਦੂ ਗੁਪਤਾ ਜੀ ਅਤੇ ਸ਼੍ਰੀ ਮਤੀ ਨਮਿਤਾ ਗੁਪਤਾ ਜੀ ਅਤੇ ਸ਼੍ਰੀ ਮਤੀ ਮਿਸ਼ਾ ਗੁਪਤਾ ਜੀ ਨੇ ਵਿਦਿਆਰਥੀਆਂ ਦੀ ਕੜੀ ਮਿਹਨਤ ਦੀ ਸਫ਼ਲਤਾ ਤੇ ਉਨ੍ਹਾਂ ਨੂੰ ਹਾਰਦਿਕ ਵਧਾਈ ਦਿੱਤੀ। ਪ੍ਰਿੰਸੀਪਲ ਜੋਤੀ ਬਾਲਾ ਅਤੇ ਸਮੂਹ ਸਟਾਫ ਨੇ ਵਿਦਿਆਰਥੀਆਂ ਨੂੰ ਫੁੱਲਾਂ ਦੇ ਹਾਰ ਪਾ ਕੇ ਸਨਮਾਨਿਤ ਕਰਕੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਹਾਰਦਿਕ ਸ਼ੁਭਕਾਮਨਾਵਾਂ ਦਿੱਤੀਆਂ। ਅੰਤ ਵਿੱਚ ਪ੍ਰਿੰ ਜੋਤੀ ਬਾਲਾ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਪੂਰੇ ਸਾਲ ਕੜੀ ਮਿਹਨਤ ਕਰਕੇ ਆਪਣੇ ਮਾਪਿਆਂ, ਸਕੂਲ ਅਤੇ ਅਪਣੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ ਹੈ।

## ਡਰੇਨ 'ਤੇ ਪੁੱਲ ਬਣਾਉਣ ਲਈ ਧੱਕੇ ਨਾਲ ਪੋਰੇ ਪਾਉਣ ਦੀ ਕੀਤੀ ਕੋਸ਼ਿਸ਼

### *ਪਿੰਡ ਵਾਲਿਆਂ ਕੀਤਾ ਵਿਰੋਧ ਅਤੇ ਪੁਲਿਸ ਪਹੁੰਚਣ 'ਤੇ ਵਿਅਕਤੀ ਹੋਏ ਫਰਾਰ*



ਤਰਸਿੱਕਾ, 20 ਮਈ, (ਦਵਿੰਦਰ ਸਿੰਘ ਤਰਸਿੱਕਾ) : ਕਸਬਾ ਚਵਿੰਡਾ ਦੇਵੀ ਦੇ ਬਾਈਪਾਸ ਨੇੜਿਓਂ ਦੀ ਨਿਕਲਦੀ ਡਰੇਨ, ਜਿਸ ਦੇ ਉਪਰ ਕੁਝ ਅਣਪਛਾਤੇ ਵਿਅਕਤੀਆਂ ਵੱਲੋਂ ਪੋਰੇ ਪਾ ਕੇ ਬਿਨ੍ਹਾਂ ਮਨਜ਼ੂਰੀ ਆਰਜੀ ਪੁਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜਿਸ 'ਤੇ ਪਤਾ ਲੱਗਣ 'ਤੇ ਕਸਬਾ ਚਵਿੰਡਾ ਦੇਵੀ ਦੇ ਸਾਬਕਾ ਸਰਪੰਚ ਸਵਰਨਜੀਤ ਸਿੰਘ ਕੁਰਾਲੀਆ, ਕੁਲਜੀਤ ਸਿੰਘ ਬੱਲ, ਅਜੈਪਾਲ ਸਿੰਘ ਏ.ਪੀ. ਵੱਲੋਂ ਹੋਰ ਪਿੰਡ ਵਾਸੀਆਂ ਨੂੰ ਨਾਲ ਲੈ ਕੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਪੁਲਿਸ ਨੂੰ ਤੁਰੰਤ ਸੂਚਿਤ ਕਰ ਦਿੱਤਾ। ਇਸ ਮੌਕੇ ਉਨ੍ਹਾਂ ਦੋਸ਼ ਲਗਾਇਆ ਕਿ ਹਰ ਸਾਲ ਬਾਰਿਸ਼ ਕਾਰਨ ਡਰੇਨ ਵਿੱਚ ਪਾਣੀ ਭਰ ਜਾਂਦਾ ਹੈ ਅਤੇ ਫਸਲਾਂ ਖਰਾਬ ਹੋ ਜਾਂਦੀਆਂ ਸਨਪਰ ਪੋਰੇ ਪਾਉਣ ਨਾਲ ਡਰੇਨ ਵਿੱਚ ਹੋਰ ਜ਼ਿਆਦਾ ਰੁਕਾਵਟ ਹੋਣ ਦਾ ਡਰ ਬਣ ਗਿਆ ਸੀ ਅਤੇ ਸਬੰਧਤ ਵਿਅਕਤੀਆ ਵੱਲੋਂ ਬਿਨ੍ਹਾਂ ਵਿਭਾਗ ਦੀ ਮਨਜ਼ੂਰੀ ਲਏ ਇਹ ਪੋਰੇ ਪਾਉਣਾ ਨਿਯਮਾਂ ਦੇ ਵਿਰੁੱਧ ਸੀ। ਇਸ ਸਬੰਧੀ ਜਦ ਪੁਲਿਸ ਨੂੰ ਮੌਕੇ 'ਤੇ ਸੂਚਿਤ ਕੀਤਾ ਤਾਂ ਉਕਤ ਵਿਅਕਤੀ ਆਪਣੀ ਜੇ.ਸੀ.ਬੀ. ਮਸ਼ੀਨ ਅਤੇ ਹੋਰ ਵਹੀਕਲਾਂ ਸਮੇਤ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਦੂਜੀ ਧਿਰ ਨੰਬਰਦਾਰ ਸੁਖਦੇਵ ਸਿੰਘ ਨਾਲ ਸੰਪਰਕ ਕਰਨ ਦੀ ਕੋਸ਼ਿਸ ਕੀਤੀ ਤਾਂ ਉਨ੍ਹਾਂ ਦੀ ਧਰਮ ਪਤਨੀ ਜਗਦੀਪ ਕੌਰ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਜ਼ਮੀਨ ਕਲੋਨੀ ਕੱਟਣ ਲਈ ਕਿਸੇ ਵਿਅਕਤੀ ਨਾਲ ਗੱਲਬਾਤ ਚਲ ਰਹੀ ਸੀ ਅਤੇ ਉਸਨੇ ਕਿਹਾ ਸੀ ਕਿ ਉਹ ਮਹਿਕਮੇ ਤੋਂ ਮਨਜ਼ੂਰੀ ਲੈ ਕੇ ਇਸ ਕਲੋਨੀ ਨੂੰ ਰਸਤਾ ਬਣਾਉਣ ਲਈ ਪੁਲ ਬਣਾ ਦੇਵੇਗਾ ਪਰ ਉਹ ਆਪਣੇ ਇਕਰਾਰ ਤੋਂ ਭੱਜ ਚੁੱਕਾ ਹੈ। ਇਸ ਸਬੰਧੀ ਜਦ ਡਰੇਨ ਵਿਭਾਗ ਦੇ ਐਕਸੀਅਨ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਵਿਭਾਗ ਦੇ ਅਧਿਕਾਰੀਆਂ ਨੂੰ ਮੌਕਾ ਦੇਖਣ ਲਈ ਭੇਜਿਆ ਗਿਆ ਸੀ, ਜਿਸ ਉਪਰੰਤ ਸਾਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

## ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰ.ਐਮ.ਪੀ.ਆਈ. ਨੇ ਸਾਲਾਨਾ ਬਰਸੀ ਮਨਾਈ



ਭਿੱਖੀਵਿੰਡ, 20 ਮਈ, (ਸਵਿੰਦਰ ਬਲੇਹਰ) : ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਆਰ ਐਮ ਪੀ ਆਈ ਵੱਲੋ ਦੇਸ਼ ਦੀ ਏਕਤਾ ਖੰਡਤਾ ਦੀ ਰੱਖੀ ਕਰਦਿਆਂ ਸ਼ਹੀਦ ਹੋਏ ਕਾਮਰੇਡ ਦੀਪਕ ਧਵਨ,ਡਾਕਟਰ ਅਵਤਾਰ ਸਿੰਘ ਚੁਤਾਲਾ,ਗੁਰਪ੍ਰਤਾਪ ਸਿੰਘ ਜਾਮਰਾਏ,ਸੁੱਚਾ ਸਿੰਘ ਨਾਰਲਾ,ਜਗੀਰ ਸਿੰਘ ਧਾਰੜ,ਬਲਕਾਰ ਸਿੰਘ ਧਾਰੜ, ਸੁਖਵਿੰਦਰ ਸਿੰਘ ਭਿੱਖੀਵਿੰਡ,ਜਗਵਿੰਦਰ ਸਿੰਘ ਚੇਲਾ ਅਤੇ ਕੁਦਰਤੀ ਮੌਤ ਨਾਲ ਪਿੱਛਲੇ ਸਮੇਂ ਦੌਰਾਨ ਵਿੱਛੜ ਚੁੱਕੇ ਸਾਥੀਆਂ ਦੀ ਸਾਲਾਨਾ ਬਰਸੀਂ ਬੱਸ ਅੱਡਾ ਤਰਨ ਤਾਰਨ ਨਜਦੀਕ ਮਨਾਈ ਗਈ, ਜਿਸ ਦੀ ਪ੍ਰਧਾਨਗੀ ਚਮਨ ਲਾਲ ਦਰਾਜਕੇ, ਬਲਦੇਵ ਸਿੰਘ ਪੰਡੋਰੀ, ਸੁਲੱਖਣ ਸਿੰਘ ਤੁੜ,ਧਰਮ ਸਿੰਘ ਪੱਟੀ ਨੇ ਕੀਤੀ, ਜਿਸ ਵਿੱਚ ਵੱਡੀ ਗਿਣਤੀ ਵਿੱਚ ਔਰਤਾਂ ਸ਼ਾਮਲ ਹੋਈਆਂ।ਇਸ ਮੌਕੇ ਪਾਰਟੀ ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਧਾਰਮਿਕ ਕੱਟੜਤਾ ਅਤੇ ਫਿਰਕੂ ਰੰਗ ਵਿੱਚ ਰੰਗੀ ਦਹਿਸ਼ਤਗਰਦੀ ਨੇ ਹਮੇਸ਼ਾ ਬੇਗੁਨਾਹ ਲੋਕਾਂ ਦਾ ਖੂਨ ਵਹਾਇਆ ਹੈ। ਸਾਥੀ ਦੀਪਕ ਧਵਨ ਅਤੇ ਸਾਥੀਆਂ ਨੇ ਸੱਚ ਦੀ ਅਵਾਜ਼ ਨੂੰ ਬਲੰਦ ਕਰਦਿਆ ਭਾਈਚਾਰਕ ਸਾਂਝ ਲਈ ਕੁਰਬਾਨੀਆਂ ਦਿੱਤੀਆਂ। ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਦੇ ਦਰਸਾਏ ਰਾਹ 'ਤੇ ਚੱਲਣ ਦਾ ਯਤਨ ਕੀਤਾ । ਸਾਥੀ ਪਾਸਲਾ ਨੇ ਕਿਹਾ ਕਿ ਉਹ ਸਮਾਜ ਵਿੱਚ ਨਾ ਬਰਾਬਰੀ, ਜਾਤੀ ਪਾਤੀ ਵੰਡ ਅਤੇ ਕਿਰਤੀਆਂ ਕਿਸਾਨਾਂ ਦੇ ਹੱਕਾਂ ਲਈ ਆਖਰੀ ਤੱਕ ਲੜੇ ਉਹਨਾਂ ਕਿਹਾ ਕਿ ਮੋਦੀ ਸਰਕਾਰ ਦੇਸ਼ ਅੰਦਰ ਆਰ ਐਸ ਐਸ ਦੇ ਕੱਟੜ ਹਿੰਦੂ ਰਾਸਟਰ ਬਣਾਉਣ ਦੇ ਨਿਸਾਨੇ ਲਈ ਕੰਮ ਕਰ ਰਹੀ ਹੈ ਅਤੇ ਦੇਸ ਦੇ ਸਵਿਧਾਨ ਨੂੰ ਬਦਲ ਕੇ ਮੰਨੂਵਾਦੀ ਵਿਵਸਥਾ ਲਾਗੂ ਕਰਨਾ ਚਹੁੰਦੀ ਹੈ । ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤਕੇ ਰਾਜਸਤਾ ਦੀ ਪ੍ਰਾਪਤੀ ਨਾਲ ਦੇਸ ਦਾ ਸਰਮਾਇਆ ਅਤੇ ਕੁਦਰਤੀ ਸਰੋਤ ਦੇਸੀ ਵਿਦੇਸੀ ਕਾਰਪੋਰੇਟਾ ਹਵਾਲੇ ਕਰ ਰਹੀ ਹੈ। ਉਹਨਾਂ ਕਿਹਾ ਕਿ ਜਿੱਥੇ ਧਰਮ ਦੇ ਨਾਂ ਉੱਪਰ ਕੀਤੇ ਜਾ ਰਹੇ ਕਤਲ ਨਿੰਦਣਯੋਗ ਹਨ ਓਥੇ ਫਿਰਕੂ ਰਾਜਨੀਤੀ ਵੀ ਦੇਸ਼ ਦਾ ਭਲਾ ਨਹੀਂ ਕਰਦੀ । ਉਹਨਾਂ ਕਿਹਾ ਕਿ ਦੇਸ਼ ਦੇ ਲੋਕਾਂ ਨੂੰ ਰੋਜ਼ਗਾਰ, ਤਰੱਕੀ ਅਤੇ ਭਾਈਚਾਰਕ ਸਾਂਝ ਦੀ ਲੋੜ ਹੈ ਨਾ ਕਿ ਜੰਗ ਜਾਂ ਜੰਗੀ ਮਹੌਲ ਦੀ, ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਸਗੋਂ ਨਵੇਂ ਮਸਲੇ ਪੈਦਾ ਕਰਦੀ ਹੈ। ਉਹਨਾਂ ਅਮਨ ਅਤੇ ਭਾਈਚਾਰੇ ਲਈ ਕੰਮ ਕਰਨ ਦੀ ਅਪੀਲ ਕੀਤੀ । ਇਸ ਮੌਕੇ ਸੂਬਾ ਸਕੱਤਰ ਪ੍ਰਗਟ ਸਿੰਘ ਜਾਮਾਰਾਏ, ਸੂਬਾ ਪ੍ਰਧਾਨ ਰਤਨ ਸਿੰਘ ਰੰਧਾਵਾ ਨੇ ਕਿਹਾ ਕਿ ਹਾਕਮ ਜਮਾਤ ਦੀਆਂ ਸਰਮਾਏਦਾਰ ਪਾਰਟੀਆਂ ਪੰਜਾਬ ਦੇ ਪਾਣੀਆਂ ਦੇ ਮੁੱਦੇ ਤੇ ਸੌੜੀ ਰਾਜਨੀਤੀ ਕਰਦੀਆਂ ਆਈਆਂ ਹਨ। ਪੰਜਾਬ ਦੇ ਪਾਣੀਆਂ ਦੇ ਸਰੋਤਾਂ ਦੀ ਸਾਭ ਸੰਭਾਲ ਕਰਨ ਅਤੇ ਅੰਤਰਰਾਜੀ ਮਸਲਿਆਂ 'ਤੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਨਕਾਮ ਰਹੀਆਂ ਹਨ। ਉਹਨਾਂ ਕਿਹਾ ਕਿ ਕੁਦਰਤ ਨੇ ਪੰਜਾਬ ਨੂੰ ਦਰਿਆਵਾਂ, ਨਾਲਿਆਂ ਅਤੇ ਧਰਤੀ ਹੇਠਲੇ ਪਾਣੀ ਦੇ ਭੰਡਾਰਾ ਨਾਲ ਨਵਾਜਿਆ ਪ੍ਰੰਤੂ ਸਮੇਂ ਸਮੇਂ ਰਹੀਆਂ ਸਰਕਾਰਾਂ ਨੇ ਸਮੇਂ ਸਿਰ ਧਿਆਨ ਨਹੀਂ ਦਿੱਤਾ ਅੱਜ ਬਰਸਾਤ ਦੇ ਪਾਣੀ ਨੂੰ ਸਾਂਭਣ ਦਾ ਕੋਈ ਪ੍ਰਬੰਧ ਨਹੀਂ ਹੈ । ਪੰਜਾਬ ਦੇ ਹਿੱਸੇ ਦਾ ਪਾਣੀ ਵਰਤਣ ਲਈ ਨਹਿਰੀ ਪਰਬੰਧ ਦਾ ਢਾਚਾ ਤਬਾਹ ਹੋਇਆ ਹੈ, ਜਿਸ ਨੂੰ ਮੁੜ ਉਸਾਰਨ ਅਤੇ ਨਵਿਆਉਣ ਦੀ ਲੋੜ ਹੈ । ਡਾਕਟਰ ਵਿਆਪਕ ਧਵਨ, ਦਲਜੀਤ ਸਿੰਘ ਦਿਆਲਪੁਰ, ਮਨਜੀਤ ਸਿੰਘ ਬੱਗੂ, ਰੇਸ਼ਮ ਸਿੰਘ ਫੈਲੋਕੇ, ਦਾਰਾ ਸਿੰਘ ਮੁੰਡਾ ਪਿੰਡ, ਜਸਬੀਰ ਸਿੰਘ ਵੈਰੋਵਾਲ, ਭਜਨ ਸਿੰਘ, ਜਗੀਰ ਸਿੰਘ ਗੰਡਿਵਿੰਡ,ਨਰਿੰਦਰ ਕੌਰ ਪੱਟੀ ਨੇ ਸੰਬੋਧਨ ਕੀਤ। ਸਟੇਜ ਦੇ ਫਰਜ ਜਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲ੍ਹਾ ਨੇ ਨਿਭਾਏ।

## ਝੋਨੇ ਦੀ ਸਿੱਧੀ ਬਿਜਾਈ ਵਾਲੇ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਸਰਕਾਰ ਦੇਵੇਗੀ ਸਹਾਇਤਾ : ਮੁੱਖ ਖੇਤੀਬਾੜੀ ਅਫ਼ਸਰ



ਅੰਮ੍ਰਿਤਸਰ, 20 ਮਈ, (ਬਬਲੂ ਮਹਾਜਨ) : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਬਲਾਕ ਵੇਰਕਾ ਦੇ ਵੱਖ-ਵੱਖ ਪਿੰਡਾਂ ਦੇ ਵਿਚ ਝੋਨੇ ਦੀ ਸਿੱਧੀ ਬਿਜਾਈ ਕਰਵਾਈ ਗਈ। ਇਹ ਬਿਜਾਈ ਡਾ. ਬਲਜਿੰਦਰ ਸਿੰਘ ਭੁੱਲਰ ਮੁੱਖ ਖੇਤੀਬਾੜੀ ਅਫ਼ਸਰ ਅੰਮ੍ਰਿਤਸਰ ਦੇ ਦਿਸ਼ਾ ਨਿਰਦੇਸ਼ ਅਤੇ ਡਾ. ਹਰਪ੍ਰੀਤ ਸਿੰਘ ਖੇਤੀਬਾੜੀ ਅਫ਼ਸਰ, ਵੇਰਕਾ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਮਨਦੀਪ ਸਿੰਘ ਖੇਤੀਬਾੜੀ ਵਿਸਥਾਰ ਅਫ਼ਸਰ , ਸਰਕਲ ਮੂਧਲ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਸਮੇਂ ਦੀ ਲੋੜ ਹੈ। ਜ਼ਮੀਨ ਹੇਠਲੇ ਪਾਣੀ ਦੇ ਡਿਗਦੇ ਪੱਧਰ ਨੂੰ ਵੇਖਦੇ ਹੋਏ ਕਿਸਾਨ ਵੀਰਾਂ ਨੂੰ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਨੂੰ ਤਰਜੀਹ ਦੇਣੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ 20-25 ਫੀਸਦੀ ਮਜ਼ਦੂਰੀ ਅਤੇ 15-20 ਫ਼ੀਸਦ ਪਾਣੀ ਦੀ ਬੱਚਤ ਹੁੰਦੀ ਹੈ। ਉਹਨਾਂ ਅੱਗੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਕਿਸਾਨਾਂ ਨੂੰ ਝੋਨੇ ਦੀ ਨਾੜ ਨੂੰ ਸਾਂਭਣ ਲਈ ਇੱਕ ਹਫਤੇ ਦਾ ਵੱਧ ਸਮਾ ਮਿਲ ਜਾਦਾ ਹੈ। ਝੋਨੇ ਦੀ ਬਿਜਾਈ ਇਸ ਢੰਗ ਨਾਲ ਕਰਨ ਨਾਲ ਬਿਮਾਰੀਆ ਦਾ ਹਮਲਾ ਵੀ ਘੱਟ ਹੁੰਦਾ ਹੈ। ਹਾੜੀ ਦੇ ਸੀਜਨ ਵਿੱਚ ਕਣਕ ਦਾ ਝਾੜ ਵੀ ਝੋਨੇ ਦੀ ਸਿੱਧੀ ਬਿਜਾਈ ਵਾਲੇ ਖੇਤਾਂ ਵਿੱਚ ਲਗਪਗ ਇੱਕ ਕੁਇੰਟਲ ਵੱਧ ਨਿਕਲਦਾ ਹੈ।

ਮੁੱਖ ਖੇਤੀਬਾੜੀ ਅਫਸਰ ਡਾ. ਬਲਜਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਅਪਣਾਉਣ ਵਾਲੇ ਕਿਸਾਨਾਂ ਨੂੰ ਪੰਜਾਬ ਸਰਕਾਰ ਵੱਲੋਂ 1500 ਰੁਪਏ ਪ੍ਰਤੀ ਏਕੜ ਦੀ ਸਹਾਇਤਾ ਵੀ ਦਿੱਤੀ ਜਾ ਰਹੀ ਹੈ ਤੇ ਇਹ ਸਹਾਇਤਾ ਪ੍ਰਾਪਤ ਕਰਨ ਲਈ ਕਿਸਾਨ ਪੋਰਟਲ ਤੇ ਜਾ ਕੇ ਆਪਣੇ ਆਪ ਨੂੰ ਰਜਿਸਟਰ ਕਰਨ । ਇਸ ਮੌਕੇ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨ ਜਸਤਿੰਦਰ ਸਿੰਘ ਬੱਲ ਖੁਰਦ, ਗੁਰਸੰਗਮ ਸਿੰਘ, ਮਲੂਕ ਸਿੰਘ ਅਤੇ ਕਾਬਲ ਸਿੰਘ ਆਦਿ ਹਾਜ਼ਰ ਸਨ ।

## ਸ੍ਰੀ ਗੁਰੂ ਹਰਗੋਬਿੰਦ ਹਾਈ ਸਕੂਲ ਚਵਿੰਡਾ ਦੇਵੀ ਦੇ ਵਿਦਿਆਰਥੀਆਂ ਮਾਰੀਆਂ ਮੱਲਾਂ



ਤਰਸਿੱਕਾ, 20 ਮਈ, (ਦਵਿੰਦਰ ਸਿੰਘ ਤਰਸਿੱਕਾ) : ਸਥਾਨਕ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ੍ਰੀ ਗੁਰੂ ਹਰਗੋਬਿੰਦ ਹਾਈ ਸਕੂਲ ਚਵਿੰਡਾ ਦੇਵੀਂ ਬੋਰਡ ਦੀਆ ਜਮਾਤਾਂ ਅੱਠਵੀਂ ਅਤੇ ਦਸਵੀਂ ਦਾ ਨਤੀਜਾ ਸ਼ਾਨਦਾਰ ਰਿਹਾ। ਇਨ੍ਹਾ ਸ਼ਬਦਾ ਦਾ ਪ੍ਰਗਟਾਵਾ ਸਕੂਲ ਦੀ ਪ੍ਰਿੰਸੀਪਲ ਸੁਖਦੀਪ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ। ਉਨ੍ਹਾਂ ਕਿਹਾ ਕਿ ਅੱਠਵੀਂ ਅਤੇ ਦਸਵੀਂ ਜਮਾਤ ਦੇ ਵਿਦਿਆਰਥੀ ਨੇ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ ਅੱਠਵੀਂ ਜਮਾਤ ਦਾ ਹਰਮਨਪ੍ਰੀਤ ਸਿੰਘ 92 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਦਰਜਾ ਅਤੇ ਨਿਧੀ ਜਿਸਨੇ 90 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਦਰਜਾ ਅਤੇ ਮਨਰੀਤ ਕੌਰ 89 ਅੰਕ ਪ੍ਰਾਪਤ ਕਰਕੇ ਤੀਜਾ ਦਰਜਾ ਹਾਸਲ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ। ਇਸ ਤਰ੍ਹਾਂ ਦਸਵੀਂ ਜਮਾਤ ਦੇ 27 ਵਿਦਿਆਰਥੀਆਂ ਨੇ ਪੇਪਰ ਦਿੱਤੇ ਤੇ 27 ਵਿਦਿਆਰਥੀਆਂ ਨੇ ਹੀ ਪਹਿਲਾ ਦਰਜਾ ਹਾਂਸਲ ਕੀਤਾ। ਜਿਨ੍ਹਾ ਵਿਚੋਂ ਪਹਿਲਾ ਦਰਜਾ ਸਮੀਸਾ, ਦੂਜਾ ਦਰਜਾ ਦਵਿੰਦਰ ਸਿੰਘ ਤੇ ਤੀਜਾ ਦਰਜਾ ਪ੍ਰੀਆ ਨੇ ਹਾਸਲ ਕਰਕੇ ਸਕੂਲ ਦਾ ਰੋਸ਼ਨ ਕੀਤਾ। ਪ੍ਰਿੰਸੀਪਲ ਸੁਖਦੀਪ ਕੌਰ ਵੱਲੋਂ ਇਸ ਕਾਮਯਾਬੀ ਦਾ ਸਿਹਰਾ ਮਿਹਨਤੀ ਸਟਾਫ਼ ਅਤੇ ਵਿਦਿਆਰਥੀਆ ਦੀ ਮਿਹਨਤ ਨੂੰ ਦਿੱਤਾ।

## ਪੰਜਾਬ ਸਰਕਾਰ ਵੱਲੋਂ ਡੋਰਸਟੈੱਪ ਡਿਲੀਵਰੀ ਸੇਵਾ ਫ਼ੀਸ 'ਚ ਕਟੌਤੀ



ਲੁਧਿਆਣਾ, 20 ਮਈ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਹਿਮਾਂਸ਼ੂ ਜੈਨ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਨਾਗਰਿਕ ਕੇਂਦਰਿਤ ਸੇਵਾਵਾਂ ਨੂੰ ਸਾਰੇ ਨਾਗਰਿਕਾਂ ਲਈ ਵਧੇਰੇ ਪਹੁੰਚਯੋਗ ਬਣਾਉਣ ਦੇ ਮੰਤਵ ਨਾਲ ਪੰਜਾਬ ਸਰਕਾਰ ਵੱਲੋਂ ਡੋਰਸਟੈੱਪ ਡਿਲੀਵਰੀ ਫੀਸ 120 ਰੁਪਏ ਤੋਂ ਘਟਾ ਕੇ 50 ਰੁਪਏ ਕਰ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਜੈਨ ਨੇ ਦੱਸਿਆ ਕਿ ਇਸ ਪਹਿਲਕਦਮੀ ਤਹਿਤ ਸੂਬੇ ਦੇ ਵਸਨੀਕ ਹੈਲਪਲਾਈਨ ਨੰਬਰ 1076 'ਤੇ ਕਾਲ ਕਰਕੇ ਘਰ ਬੈਠੇ 406 ਸੇਵਾਵਾਂ ਦਾ ਲਾਹਾ ਲੈ ਸਕਦੇ ਹਨ। ਡਿਲੀਵਰੀ ਫੀਸ ਵਿੱਚ ਕਟੌਤੀ ਕਰਨ ਦਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਵਿੱਤੀ ਤੌਰ 'ਤੇ ਕਮਜ਼ੋਰ ਨਾਗਰਿਕ ਵੀ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਣ। ਉਨ੍ਹਾਂ ਦੱਸਿਆ ਕਿ 'ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ' ਸਕੀਮ ਤਹਿਤ ਘਰ-ਘਰ ਜਾ ਕੇ ਸੇਵਾਵਾਂ ਪ੍ਰਦਾਨ ਕਰਨ (ਡੋਰਸਟੈੱਪ ਡਲਿਵਰੀ) ਦੀ ਸ਼ੁਰੂਆਤ ਕੀਤੀ ਹੋਈ ਹੈ, ਜਿਸ ਨਾਲ ਸਰਕਾਰ ਤੋਂ ਨਾਗਰਿਕ ਤੱਕ ਸੇਵਾਵਾਂ (ਗਵਰਮੈਂਟ-ਟੂ-ਸਿਟੀਜ਼ਨ) ਨਿਰਵਿਘਨ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਇਹ ਪਹਿਲਕਦਮੀ ਸੂਬੇ ਦੇ ਨਾਗਰਿਕਾਂ ਨੂੰ ਉਨ੍ਹਾਂ ਦੀਆਂ ਬਰੂਹਾਂ ਉੱਤੇ ਮਹੱਤਵਪੂਰਨ ਜੀ2ਸੀ ਸੇਵਾਵਾਂ-ਜਿਵੇਂ ਜਨਮ ਅਤੇ ਮੌਤ ਦੇ ਸਰਟੀਫਿਕੇਟ, ਆਮਦਨ, ਰਿਹਾਇਸ਼, ਜਾਤੀ, ਪੈਨਸ਼ਨ, ਬਿਜਲੀ ਬਿੱਲ ਭੁਗਤਾਨ ਅਤੇ ਹੋਰ ਸੇਵਾਵਾਂ ਪ੍ਰਦਾਨ ਕਰਦੀ ਹੈ। ਸੂਬੇ ਦੇ ਨਾਗਰਿਕ ਇੱਕ ਸਮਰਪਿਤ ਹੈਲਪਲਾਈਨ ਨੰਬਰ 1076 'ਤੇ ਕਾਲ ਕਰਕੇ ਆਪਣੀ ਸਹੂਲਤ ਅਨੁਸਾਰ ਪੂਰਵ-ਮੁਲਾਕਾਤ ਦਾ ਸਮਾਂ ਤੈਅ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਇਕ ਵੇਲੇ ਇਕ ਸਿਟੀਜਨ ਵੱਧ ਤੋਂ ਵੱਧ ਚਾਰ ਸੇਵਾਵਾਂ ਹਾਸਲ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਨਾਗਰਿਕ ਸੇਵਾਵਾਂ ਵਿੱਚ ਜਨਮ, ਐਨ.ਏ.ਸੀ. ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਮ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ, ਐਨ.ਏ.ਸੀ. ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟਰੇਸ਼ਨ ਮੌਤ ਦੇ ਸਰਟੀਫਿਕੇਟ (ਸਿਹਤ) ਵਿੱਚ ਸੋਧ, ਆਮਦਨ ਦਾ ਸਰਟੀਫਿਕੇਟ, ਹਲਫੀਆ ਬਿਆਨ ਤਸਦੀਕ ਕਰਨਾ, ਮਾਲ ਰਿਕਾਰਡ ਦੀ ਜਾਂਚ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਤ ਕਾਪੀਆਂ (ਨਕਲ ਪ੍ਰਦਾਨ ਕਰਨਾ), ਫਰਦ ਤਿਆਰ ਕਰਨ ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਬੈਕਵਰਡ ਏਰੀਆ ਸਰਟੀਫਿਕੇਟ ਆਦਿ ਸੇਵਾਵਾਂ ਦਾ ਲਾਭ ਲੈ ਸਕਦੇ ਹਨ।

## ਟ੍ਰਾਂਸਪੋਰਟ ਮਹਿਕਮੇ ਦੀ ਢਿਲੀ ਕਾਰਗੁਜ਼ਾਰੀ ਸਦਕਾ ਜਨਤਾ ਨੂੰ ਨਹੀਂ ਮਿਲ ਰਹੀ ਆਰ.ਸੀ. ਅਤੇ ਡੀ.ਐਲ.




ਲੁਧਿਆਣਾ, 20 ਮਈ (ਵਿਸ਼ਾਲ ਸ਼ਰਮਾ) : ਟਰਾਂਸਪੋਰਟ ਮਹਿਕਮੇ ਦੀ ਢਿੱਲੀ ਕਾਰਗੁਜ਼ਾਰੀ ਦਾ ਸਦਕਾ ਲੋਕਾਂ ਨੂੰ ਨਹੀਂ ਮਿਲ ਰਹੀਆਂ ਆਰਸੀਆਂ ਅਤੇ ਡਰਾਈਵਿੰਗ ਲਾਈਸੈਂਸ, ਦਸੰਬਰ 2024 ਤੋਂ ਲਗਾਤਾਰ ਇਸ ਸਮੱਸਿਆ ਦਾ ਆਮ ਜਨਤਾ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਮੱਸਿਆ ਦੇ ਨਿਵਾਰਨ ਲਈ ਮਾਰਚ ਮਹੀਨੇ ਟਰਾਂਸਪੋਰਟ ਮਹਿਕਮੇ ਦੇ ਮੰਤਰੀ ਲਾਲਜੀਤ ਭੁੱਲਰ ਤੋਂ ਪੰਜਾਬ ਵਿਧਾਨ ਸਭਾ ਵਿੱਚ ਸਵਾਲ ਵੀ ਪੁੱਛਿਆ ਗਿਆ ਸੀ। ਅਤੇ ਮੰਤਰੀ ਜੀ ਨੇ ਅਸ਼ਵਾਸ਼ਨ ਦਿੱਤਾ ਸੀ ਕਿ ਇਸ ਸਮੱਸਿਆ ਨੂੰ ਅਪ੍ਰੈਲ ਮਹੀਨੇ ਤੱਕ ਖਤਮ ਕਰ ਦਿੱਤਾ ਜਾਵੇਗਾ। ਪਰ ਇਹ ਸਮੱਸਿਆ ਜਿਉਂ ਦੀ ਤਿਉਂ ਹੀ ਬਣੀ ਹੋਈ ਹੈ, ਜਿਸ ਕਾਰਨ ਆਮ ਜਨਤਾ ਨੂੰ ਟ੍ਰੈਫਿਕ ਚਲਾਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਪ੍ਰੈਲ ਮਹੀਨੇ ਦੇ ਪਹਿਲੇ ਹਫਤੇ ਵਿੱਚ ਪ੍ਰਿੰਟਿੰਗ ਦਾ ਕੰਮ ਦੁਬਾਰਾ ਸ਼ੁਰੂ ਹੋਇਆ ਸੀ ਥੋੜ੍ਹਾ ਸਮਾਂ ਚੱਲਣ ਤੋਂ ਬਾਅਦ ਤਕਰੀਬਨ ਇੱਕ ਮਹੀਨੇ ਤੋਂ ਫਿਰ ਇਸ ਸਮੱਸਿਆ ਦਾ ਪੰਜਾਬ ਵਾਸੀਆਂ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਹਲੇ ਵੀ ਦਸੰਬਰ 24 ਤੋਂ ਲੈ ਕੇ ਹੁਣ ਤੱਕ ਬਹੁਤ ਸਾਰੇ ਲੋਕਾਂ ਦੀਆਂ ਆਰ.ਸੀ. ਅਤੇ ਡਰਾਈਵਿੰਗ ਲਾਈਸੈਂਸ ਪੈਂਡਿੰਗ ਚੱਲੇ ਆ ਰਹੇ ਹਨ। 15 ਮਈ ਤੋਂ ਆਵੇਦਕ ਕਿਸੇ ਵੀ ਕੰਮ ਲਈ ਆਨਲਾਈਨ ਟੈਕਸ ਭਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਐਸ.ਬੀ.ਆਈ ਬੈਂਕ ਉੱਪਰ ਜਾ ਕੇ ਸਾਈਟ ਰੁਕ ਜਾਂਦੀ ਹੈ ਅਤੇ ਉਹ ਆਪਣਾ ਟੈਕਸ ਨਹੀਂ ਭਰ ਪਾਉਂਦਾ ਆਈ.ਐਫ.ਐਮ.ਐਸ ਅਤੇ ਐਸ.ਬੀ.ਆਈ ਦੇ ਵਿੱਚ 15 ਮਈ ਤੋਂ ਨਵੀਂ ਮੁਸ਼ਕਿਲ ਚੱਲ ਰਹੀ ਹੈ। ਜਿਸ ਕਾਰਨ ਆਵੇਦਕ ਆਪਣਾ ਟੈਕਸ ਨਹੀਂ ਭਰ ਪਾਉਂਦਾ ਹੁਣ ਇਥੇ ਇਹ ਦੇਖਣ ਯੋਗ ਹੋਵੇਗਾ ਕਿ ਟਰਾਂਸਪੋਰਟ ਮਹਿਕਮਾ ਇਹਨਾਂ ਸਮੱਸਿਆਵਾਂ ਨੂੰ ਲੈ ਕੇ ਕਦੋਂ ਕੁੰਭਕਰਨੀ ਨੀਂਦ ਤੋਂ ਉੱਠੇਗਾ।

## ਵਿਧਾਇਕ ਬੱਗਾ ਵੱਲੋਂ ਦਾਨਾ ਮੰਡੀ 'ਚ ਵਿਕਾਸ ਕਾਰਜਾਂ ਦਾ ਉਦਘਾਟਨ



ਲੁਧਿਆਣਾ, 20 ਮਈ (ਵਿਸ਼ਾਲ ਸ਼ਰਮਾ) : ਵਿਧਾਨ ਸਭਾ ਹਲਕਾ ਲੁਧਿਆਣਾ ਉੱਤਰੀ ਤੋਂ ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵਲੋਂ ਵਾਰਡ ਨੰਬਰ 1 ਅਧੀਨ ਦਾਨਾ ਮੰਡੀ ਵਿਖੇ ਸੀਵਰੇਜ਼ ਤੇ ਸੜਕ ਨਿਰਮਾਣ ਕਾਰਜ਼ਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਉਨ੍ਹਾਂ ਦੇ ਨਾਲ ਮਾਰਕੀਟ ਕਮੇਟੀ ਲੁਧਿਆਣਾ ਦੇ ਚੇਅਰਮੈਨ ਗੁਰਜੀਤ ਸਿੰਘ ਗਿੱਲ, ਕੌਂਸਲਰ ਰਣਜੀਤ ਸਿੰਘ ਸਿਵੀਆ, ਕੌਂਸਲਰ ਅਮਨ ਬੱਗਾ ਖੁਰਾਣਾ, ਦਾਣਾ ਮੰਡੀ ਆੜਤੀ ਐਸੋਸੀਏਸ਼ਨ ਦੇ ਪ੍ਰਧਾਨ ਮਨਜੀਤ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ, ਸਚਿਨ ਅਰੋੜਾ, ਮਨਿੰਦਰ ਅਹੂਜਾ, ਵਿਕਾਸ ਗੋਇਲ ਤੇ ਹੋਰ ਮੌਜੂਦ ਸਨ। ਵਿਧਾਇਕ ਮਦਨ ਲਾਲ ਬੱਗਾ ਨੇ ਦੱਸਿਆ ਕਿ ਇਸ ਪ੍ਰੋਜੈਕਟ ਤਹਿਤ ਕਰੀਬ 75 ਲੱਖ ਰੁਪਏ ਖਰਚ ਕੀਤੇ ਜਾਣਗੇ। ਕਾਬਿਲੇਗੌਰ ਹੈ ਕਿ ਅਨਾਜ ਮੰਡੀ ਦਾ ਏਰੀਆ ਪੰਜਾਬ ਮੰਡੀ ਬੋਰਡ ਦੇ ਅਧੀਨ ਪੈਂਦਾ ਹੈ ਅਤੇ ਇਸ ਸਬੰਧੀ ਵਿਧਾਇਕ ਬੱਗਾ ਵੱਲੋਂ ਕਰੀਬ ਦੋ ਮਹੀਨੇ ਪਹਿਲਾਂ ਵਿਧਾਨ ਸਭਾ ਸੈਸ਼ਨ ਵਿੱਚ ਇਹ ਮੁੱਦਾ ਚੁੱਕਿਆ ਗਿਆ ਸੀ ਕਿ ਨਿਗਮ ਵੱਲੋਂ ਮੰਡੀ ਦੇ ਵਿਕਾਸ ਕਾਰਜ਼ ਨਹੀਂ ਕਰਵਾਏ ਜਾ ਰਹੇ। ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਅਨਾਜ ਮੰਡੀ ਦੇ ਵਿਕਾਸ ਪ੍ਰੋਜੈਕਟ ਨੂੰ ਹਰੀ ਝੰਡੀ ਦਿੰਦਿਆਂ ਗ੍ਰਾਂਟ ਜਾਰੀ ਕਰਵਾਈ ਗਈ ਹੈ। ਵਿਧਾਇਕ ਚੌਧਰੀ ਮਦਨ ਲਾਲ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ।

## ਲੈਕਚਰਾਰ ਕੇਡਰ ਯੂਨੀਅਨ ਕਰੇਗੀ ਮੈਰਿਟ ਜੇਤੂ ਵਿਦਿਆਰਥੀਆਂ ਦਾ ਸਨਮਾਨ : ਸੇਖੋਂ, ਢਿੱਲੋਂ



ਮੁੱਲਾਂਪੁਰ ਦਾਖਾ, 20 ਮਈ (ਦਵਿੰਦਰ ਸਿੰਘ ਲੰਮੇਂ) : ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਐਲਾਨੇ ਨਤੀਜਿਆਂ ਵਿੱਚ ਜਾਰੀ ਕੀਤੀਆਂ ਮੈਰਿਟ ਸੂਚੀਆਂ ਵਿੱਚ ਸਥਾਨ ਹਾਸਲ ਕਰਨ ਵਾਲੇ ਸਾਰੇ ਵਿਦਿਆਰਥੀਆਂ ਨੂੰ ਲੈਕਚਰਾਰ ਕੇਡਰ ਯੂਨੀਅਨ ਪੰਜਾਬ ਵੱਲੋਂ 'ਉੱਤਮ ਵਿਦਿਆਰਥੀ ਸਨਮਾਨ' ਨਾਲ ਸਨਮਾਨਿਤ ਕੀਤਾ ਜਾਵੇਗਾ। ਪੰਜਾਬ ਦੇ ਸੂਬਾ ਵਿੱਤ ਸਕੱਤਰ ਅਤੇ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਧਰਮਜੀਤ ਸਿੰਘ ਢਿੱਲੋਂ, ਲੇਡੀਜ਼ ਵਿੰਗ ਦੀ ਜ਼ਿਲ੍ਹਾ ਪ੍ਰਧਾਨ ਸ਼ਿਵਾਨੀ ਅਤੇ ਪ੍ਰੈੱਸ ਸਕੱਤਰ ਮਨਦੀਪ ਸਿੰਘ ਸੇਖੋਂ ਨੇ ਮੈਰਿਟ ਜੇਤੂ ਵਿਦਿਆਰਥੀਆਂ, ਵਧੀਆ ਨਤੀਜਾ ਦੇਣ ਵਾਲੇ ਸਾਰੇ ਅਧਿਆਪਕਾਂ ਅਤੇ ਸਮੂਹ ਸਕੂਲ ਮੁਖੀਆਂ ਨੂੰ ਵਧਾਈ ਦਿੰਦਿਆਂ ਦੱਸਿਆ ਕਿ ਸਾਰੇ ਮੈਰਿਟ ਜੇਤੂ ਵਿਦਿਆਰਥੀਆਂ ਨੂੰ ਲੈਕਚਰਾਰ ਕੇਡਰ ਯੂਨੀਅਨ ਵੱਲੋਂ ਸਰਟੀਫਿਕੇਟ ਅਤੇ 1100 ਰੁਪਏ ਦੇ ਨਕਦ ਇਨਾਮ ਨਾਲ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀ ਹੀ ਸਾਡੀ ਪਹਿਚਾਣ ਹਨ। ਇਹ ਸਨਮਾਨ ਜਿੱਥੇ ਇਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜ਼ਾਈ ਕਰਨਗੇ। ਉੱਥੇ ਹੋਰਨਾਂ ਵਿਦਿਆਰਥੀਆਂ ਲਈ ਪ੍ਰੇਰਨਾ ਸ੍ਰੋਤ ਵੀ ਸਾਬਤ ਹੋਣਗੇ। ਯੂਨੀਅਨ ਆਗੂ ਦਵਿੰਦਰ ਸਿੰਘ ਗੁਰੂ, ਜਸਪਾਲ ਸਿੰਘ, ਜਗਦੀਪ ਸਿੰਘ, ਅਲਬੇਲ ਸਿੰਘ, ਪ੍ਰਮੋਦ ਜੋਸ਼ੀ, ਹਰਦੀਪ ਸਿੰਘ, ਹਰਪ੍ਰੀਤ ਸਿੰਘ, ਮੈਡਮ ਹੇਮਲਤਾ, ਰੇਖਾ ਬਹਿਲ, ਕੁਲਜੀਤ ਕੌਰ ਅਤੇ ਮਨਜੀਤ ਨਾਹਰ ਨੇ ਯੂਨੀਅਨ ਦੇ ਇਸ ਫੈਸਲੇ ਨੂੰ ਵਿਦਿਆਰਥੀਆਂ ਦੀ ਬਿਹਤਰੀ ਅਤੇ ਭਲਾਈ ਲਈ ਸ਼ਲਾਘਾਯੋਗ ਯਤਨ ਆਖਿਆ ਅਤੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਮੈਰਿਟ ਜੇਤੂ ਸਾਰੇ ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਲਈ ਵਿਸ਼ੇਸ਼ ਵਿੱਤੀ ਮਦਦ ਅਤੇ ਹਰ ਤਰ੍ਹਾਂ ਦੀ ਫੀਸ ਮਾਫ਼ ਕੀਤੀ ਜਾਵੇ, ਤਾਂ ਜੋ ਇਹ ਵਿਦਿਆਰਥੀ ਆਪਣੇ ਸੁਪਨੇ ਸਾਕਾਰ ਕਰ ਸਕਣ।

## ਲੁਧਿਆਣਾ ਦਿਹਾਤੀ ਪੁਲਿਸ ਨਾਲ ਮੁੱਠਭੇੜ 'ਚ ਇੱਕ ਗੈਂਗਸਟਰ ਜ਼ਖ਼ਮੀ



ਜਗਰਾਓਂ, 20 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ): ਪੁਲਿਸ ਜਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸ ਪੀ ਡਾਕਟਰ ਅੰਕੁਰ ਗੁਪਤਾ ਅਤੇ ਉਨ੍ਹਾਂ ਦੀ ਪੁਲਿਸ ਪਾਰਟੀ ਹੱਥ ਅੱਜ ਵੱਡੀ ਸਫਲਤਾ ਲੱਗੀ। ਜਾਣਕਾਰੀ ਦਿੰਦੇ ਹੋਏ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਦੱਸਿਆ ਕਿ ਪਿਛਲੇ ਦਿਨੀਂ ਲੁਧਿਆਣਾ ਦਿਹਾਤੀ ਪੁਲਿਸ ਨੇ ਤਿੰਨ ਵਿਅਕਤੀਆਂ ਨੂੰ ਹੈਰੋਇਨ ਅਤੇ ਅਸਲੇ ਸਮੇਤ ਗ੍ਰਿਫਤਾਰ ਕੀਤਾ। ਉਨ੍ਹਾਂ ਤੋਂ ਪੁੱਛਗਿੱਛ ਦੇ ਦੌਰਾਨ ਉਹਨਾਂ ਦਾ ਸਾਥੀ ਰੋਸ਼ਨ ਨੂੰ ਪੁਲਿਸ ਨੇ ਨਾਮਜਦ ਕੀਤਾ। ਪੁਲਿਸ ਨੇ ਉਸ ਦੀ ਭਾਲ ਵਿੱਚ ਛਾਪੇਮਾਰੀ ਸ਼ੁਰੂ ਕਰ ਦਿੱਤੀ। ਅੱਜ ਸਵੇਰੇ ਪੁਲਿਸ ਪਾਰਟੀ ਨਾਨਕਸਰ ਤੋਂ ਥੋੜ੍ਹੀ ਦੂਰ ਪੈਂਦੀ ਡਰੇਨ ਦੇ ਕੋਲ ਗਸ਼ਤ ਕਰ ਰਹੀ ਸੀ ਤਾਂ ਇੱਕ ਮੋਟਰਸਾਈਕਲ 'ਤੇ ਸਵਾਰ ਨੌਜਵਾਨ ਪੁਲਿਸ ਪਾਰਟੀ ਨੂੰ ਦੇਖ ਕੇ ਘਬਰਾ ਗਿਆ। ਜਦ ਉਹ ਮੋਟਰਸਾਈਕਲ ਮੋੜ ਕੇ ਭੱਜਣ ਲੱਗਾ ਤਾਂ ਮੋਟਰਸਾਈਕਲ ਸਲਿਪ ਕਰ ਗਿਆ ਅਤੇ ਉਹ ਡਿੱਗ ਪਿਆ। ਡਿੱਗਦੇ ਹੀ ਉਸ ਨੇ ਆਪਣੇ ਡੱਬ ਵਿੱਚੋਂ ਪਿਸਟਲ ਕੱਢਿਆ ਅਤੇ ਪੁਲਿਸ ਉੱਪਰ ਫਾਇਰਿੰਗ ਕਰ ਦਿੱਤੀ। ਇਸ ਦੌਰਾਨ ਪੁਲਿਸ ਪਾਰਟੀ ਬਾਲ ਬਾਲ ਬਚੀ। ਜਵਾਬੀ ਕਾਰਵਾਈ ਦੇ ਦੌਰਾਨ ਪੁਲਿਸ ਨੇ ਫਾਇਰਿੰਗ ਕੀਤੀ ਅਤੇ ਗੋਲੀ ਉਸ ਦੀ ਸੱਜੀ ਲੱਤ ਤੇ ਲੱਗੀ। ਪੁਲਿਸ ਨੇ ਉਸ ਨੂੰ ਕਾਬੂ ਕਰ ਲਿਆ। ਉਸ ਨੇ ਆਪਣਾ ਨਾਮ ਰੋਸ਼ਨ ਦੱਸਿਆ ਜਿਸ ਦੀ ਪੁਲਿਸ ਨੂੰ ਪਹਿਲਾਂ ਹੀ ਭਾਲ ਸੀ। ਪੁਲਿਸ ਨੇ ਜਖਮੀ ਹਾਲਾਤ ਵਿੱਚ ਉਸ ਨੂੰ ਸਿਵਲ ਹਸਪਤਾਲ ਵਿਖੇ ਭਰਤੀ ਕਰਵਾਇਆ। ਜਾਣਕਾਰੀ ਦਿੰਦੇ ਹੋਏ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਦੱਸਿਆ ਕਿ ਇਹਨਾਂ ਦੇ ਅਮਰੀਕਾ ਰਹਿੰਦੇ ਇੱਕ ਵਿਅਕਤੀ ਨਾਲ ਤਾਰ ਜੁੜੇ ਹੋਏ ਹਨ। ਉਹਨਾਂ ਦੱਸਿਆ ਕਿ ਰੌਸ਼ਨ ਉੱਪਰ ਪਹਿਲਾਂ ਵੀ 15 ਵੱਖ-ਵੱਖ ਧਰਾਵਾਂ ਦੇ ਹੇਠ ਮੁਕੱਦਮੇ ਦਰਜ ਹਨ। ਉਹਨਾਂ ਦੱਸਿਆ ਕਿ ਇਸ ਕੋਲੋਂ ਇੱਕ ਲਾਈਸੈਂਸੀ ਪਿਸਟਲ 32 ਬੋਰ ਅਤੇ ਇੱਕ ਦੇਸੀ ਕੱਟਾ 315 ਬੋਰ ਅਤੇ 2 ਜਿੰਦਾ ਰੌਂਦ 315 ਬੋਰ, 1 ਖਾਲੀ ਰੌਂਦ 315 ਬੋਰ ਬਰਾਮਦ ਹੋਏ ਹਨ। ਉਹਨਾਂ ਕਿਹਾ ਕਿ ਪੁਲਿਸ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

### ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 3 ਹੈਰੋਇਨ ਸਮੇਤ ਕਾਬੂ

ਜਗਰਾਓਂ, 20 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਪੁਲਿਸ ਜਿਲ੍ਹਾ ਲੁਧਿਆਣਾ ਦਿਹਾਤੀ ਦੇ ਐਸਐਸਪੀ ਡਾਕਟਰ ਅੰਕੁਰ ਗੁਪਤਾ ਅਤੇ ਥਾਣਾ ਦਾਖਾ ਦੇ ਡੀਐਸਪੀ ਵਰਿੰਦਰ ਸਿੰਘ ਖੋਸਾ ਦੀ ਪੁਲਿਸ ਪਾਰਟੀ ਹੱਥ ਵੱਡੀ ਸਫਲਤਾ ਲੱਗੀ। ਜਾਣਕਾਰੀ ਦਿੰਦੇ ਹੋਏ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਕਿਹਾ ਕਿ ਥਾਣਾ ਜੋਧਾਂ ਦੇ ਐਸਐਚਓ ਸਾਹਿਬ ਮੀਤ ਸਿੰਘ ਅਤੇ ਐਸ ਆਈ ਗੁਰਚਰਨ ਸਿੰਘ ਆਪਣੀ ਪੁਲਿਸ ਪਾਰਟੀ ਨਾਲ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਮੇਨ ਬਾਜ਼ਾਰ ਜੋਧਾਂ ਵਿਖੇ ਮੌਜੂਦ ਸਨ।

ਮੁਖਬਰ ਨੇ ਇਤਲਾਹ ਦਿੱਤੀ ਕਿ ਬਿਕਰਮਜੀਤ ਸਿੰਘ ਆਰਮੀ ਵਿੱਚ ਆਪਣੀ ਸੇਵਾ ਨਿਭਾ ਰਿਹਾ ਹੈ, ਉਸ ਕੋਲ ਭਾਰੀ ਮਾਤਰਾ ਵਿੱਚ ਹੈਰੋਇਨ ਹੈ। ਪੁਲਿਸ ਨੇ ਬਿਕਰਮਜੀਤ ਸਿੰਘ ਨੂੰ 255 ਗ੍ਰਾਮ ਹੈਰੋਇਨ ਸਮੇਤ ਗਿਰਫਤਾਰ ਕਰ ਲਿਆ ਅਤੇ ਪੁੱਛਗਿੱਛ ਸ਼ੁਰੂ ਕਰ ਦਿੱਤੀ। ਪੁੱਛ ਗਿੱਛ ਦੇ ਦੌਰਾਨ ਗੁਰਦੇਵ ਸਿੰਘ, ਬਲਜਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਨੂੰ ਨਾਮਜਦ ਕੀਤਾ। ਗ੍ਰਿਫਤਾਰ ਕੀਤੇ ਬਲਜਿੰਦਰ ਸਿੰਘ ਅਤੇ ਜਸਵਿੰਦਰ ਸਿੰਘ ਆਰਮੀ ਵਿੱਚ ਸੇਵਾ ਨਿਭਾ ਰਹੇ ਹਨ। ਜਾਣਕਾਰੀ ਦਿੰਦੇ ਹੋਏ ਐਸਐਸਪੀ ਡਾਕਟਰ ਅੰਕੁਰ ਗੁਪਤਾ ਨੇ ਦੱਸਿਆ ਕਿ ਤਿੰਨ ਹੋਰ ਦੋਸ਼ੀਆਂ ਨੂੰ ਨਾਮਜਦ ਕੀਤਾ ਗਿਆ ਹੈ ਜਿਨ੍ਹਾਂ ਦੀ ਭਾਲ ਕੀਤੀ ਜਾ ਰਹੀ ਹੈ।

## ਰੇਲ ਮਾਰਗ ਪਾਰ ਕਰਕੇ ਜਾਨ ਨੂੰ ਖ਼ਤਰੇ 'ਚ ਪਾ ਰਹੇ ਨੇ ਨਾਬਾਲਗ਼ ਵਿਦਿਆਰਥੀ, ਚਿੰਤਾ ਦਾ ਵਿਸ਼ਾ : ਐਡਵੋਕੇਟ ਘੁੰਮਣ



ਲੁਧਿਆਣਾ, 20 ਮਈ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਪੱਛਮੀ ਦੀ ਉਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਨੇ ਚਿੰਤਾ ਜ਼ਾਹਰ ਕਰਦੇ ਹੋਏ ਕਿਹਾ ਕਿ ਸ਼ਹਿਰ ਅੰਦਰ ਕਈ ਸਕੂਲ ਐਸੇਆਂ ਥਾਵਾਂ 'ਤੇ ਸਥਿਤ ਹਨ, ਜਿੱਥੇ ਰੇਲਵੇ ਲਾਈਨਾਂ ਬਿਲਕੁਲ ਨੇੜੇ ਹਨ। ਇਹ ਸਥਿਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਗੰਭੀਰ ਚਿੰਤਾ ਦਾ ਵਿਸ਼ਾ ਬਣੀ ਹੋਈ ਹੈ। ਉਨ੍ਹਾਂ ਕਿਹਾ ਕਿ ਪਿਛਲੇ ਇੱਕ ਸਾਲ ਦੌਰਾਨ ਸ਼ਹਿਰ ਅਤੇ ਪੰਜਾਬ ਵਿੱਚ ਇਨ੍ਹਾਂ ਹਾਲਾਤਾਂ ਕਰਕੇ ਕਈ ਨਾਬਾਲਗ ਬੱਚਿਆਂ ਦੇ ਜਾਨਾਂ ਜਾਣ ਦੀਆਂ ਘਟਨਾਵਾਂ ਸਾਹਮਣੇ ਆਈਆ ਹਨ। ਐਡਵੋਕੇਟ ਘੁੰਮਣ ਨੇ ਕਿਹਾ ਕਿ ਸੈਕਰਡ ਹਾਰਟ ਕਾਨਵੈਂਟ ਸਕੂਲ, ਸਰਾਭਾ ਨਗਰ, ਬੀਸੀਐਮ ਆਰੀਆ ਮਾਡਲ ਸੀਨੀਅਰ ਸੈਕੰਡਰੀ ਸਕੂਲ, ਸ਼ਾਸਤਰੀ ਨਗਰ ਵਿਖੇ ਵੀ ਇਹ ਸਥਿਤੀ ਚਿੰਤਾ ਜਨਕ ਬਣੀ ਹੋਈ ਹੈ ਕਿਉਂ ਕਿ ਲੋਕ ਲੰਬੇ ਰਸਤੇ ਤੋਂ ਬਚਣ ਲਈ ਅਪਣੇ ਬੱਚਿਆਂ ਸਮੇਤ ਰੇਲ ਮਾਰਗ ਪਾਰ ਕਰਕੇ ਅਪਣੀ ਜਾਨ ਨੂੰ ਖਤਰੇ ਵਿੱਚ ਪਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਮੰਤਰੀਆਂ ਵੱਲੋਂ ਸ਼ਹਿਰ ਦੀ ਡਿਵੈਲਪਮੈਂਟ ਦੇ ਨਾਂ 'ਤੇ ਗਲਤ ਉਸਾਰੀ ਕਰਕੇ ਜਨਤਕ ਪੈਸੇ ਦੀ ਬਰਬਾਦੀ ਕੀਤੀ ਗਈ ਹੈ ਜਿਸ ਨਾਲ ਦੁਰਘਟਨਾ ਸੰਭਾਵੀ ਖੇਤਰਾਂ ਦਾ ਨਿਰਮਾਣ ਹੋ ਚੁੱਕਿਆ ਹੈ। ਐਡਵੋਕੇਟ ਘੁੰਮਣ ਨੇ ਕਿਹਾ ਕਿ ਜਿਨ੍ਹਾਂ ਸਕੂਲਾਂ ਨਜ਼ਦੀਕ ਜਿੱਥੇ ਵੀ ਰੇਲਵੇ ਲਾਈਨਾਂ ਹਨ ਉੱਥੇ ਸਰਕਾਰ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਬੱਚਿਆਂ ਦੀ ਜਿੰਦਗੀ ਦੀ ਰੱਖਿਆ ਨੂੰ ਮੁੱਖ ਰੱਖਦੇ ਹੋਏ ਅੰਡਰਪਾਸ ਜਾਂ ਵਿਕਲਪਿਕ ਲਈ ਕਦਮ ਚੁੱਕੇ ਜਾਣੇ ਚਾਹੀਦੇ ਹਨ ਅਤੇ ਫੌਰੀ ਤੌਰ 'ਤੇ ਸਥਾਨਕ ਪ੍ਰਸ਼ਾਸਨ ਅਤੇ ਰੇਲਵੇ ਵਿਭਾਗ ਵੱਲੋਂ ਵਿਦਿਆਰਥੀਆਂ ਦੀ ਸੁਰੱਖਿਅਤ ਆਵਾਜਾਈ ਦੀ ਵਿਵਸਥਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਅਤੇ ਹੋਣ ਵਾਲੀਆਂ ਘਟਨਾਵਾਂ ਨੂੰ ਰੋਕਣ ਲਈ ਸਕੂਲਾਂ ਵੱਲੋਂ ਟ੍ਰੈਫਿਕ ਪੁਲਿਸ ਦੇ ਅਧਿਕਾਰੀਆਂ ਨੂੰ ਕਲਿਕ ਕਰਕੇ ਭੇਜੀਆਂ ਤਸ਼ਵੀਰਾਂ ਤੋਂ ਬਾਅਦ ਵੀ ਕੋਈ ਢੁੱਕਵੀਂ ਕਾਰਵਾਈ ਨਾ ਹੋਣਾ ਬੇਨਤੀਆਂ ਪ੍ਰਤੀ ਲਾਹਪ੍ਰਵਾਹੀ ਨੂੰ ਦਰਸਾਉਂਦੀਆਂ ਹਨ।

## ਪਾਹਵਾ ਨੂੰ ਪਦਮ ਸ਼੍ਰੀ ਮਿਲਣਾ ਮਾਣ ਵਾਲੀ ਗੱਲ : ਬਾਵਾ, ਦਾਖਾ



ਲੁਧਿਆਣਾ, 20 ਮਈ (ਰਵਿੰਦਰ ਸਿੰਘ ਨਿੱਝਰ) : ਅੱਜ ਮਾਲਵਾ ਸਭਿਆਚਾਰਕ ਮੰਚ ਪੰਜਾਬ ਵੱਲੋਂ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਅਤੇ ਸਰਪ੍ਰਸਤ ਮਲਕੀਤ ਸਿੰਘ ਦਾਖਾ ਨੇ ਏਵਨ ਸਾਈਕਲ ਦੇ ਦਫਤਰ ਜਾ ਕੇ ਸ਼ਾਂਤੀ, ਸਹਿਜ ਅਤੇ ਸਹਿਨਸ਼ੀਲਤਾ ਦੇ ਧਾਰਨੀ ਓਂਕਾਰ ਸਿੰਘ ਪਾਹਵਾ ਨੂੰ ਭਾਰਤ ਸਰਕਾਰ ਵੱਲੋਂ ਪਦਮਸ਼੍ਰੀ ਮਿਲਣ 'ਤੇ ਫੁੱਲਾਂ ਦਾ ਗੁਲਦਸਤਾ ਦੇ ਕੇ ਵਧਾਈ ਦਿੱਤੀ। ਬਾਵਾ ਅਤੇ ਦਾਖਾ ਨੇ ਕਿਹਾ ਕਿ ਓਂਕਾਰ ਸਿੰਘ ਪਾਹਵਾ ਨੂੰ ਪਦਮਸ਼੍ਰੀ ਮਿਲਣਾ ਲੁਧਿਆਣਾ ਦੀ ਸਮੁੱਚੀ ਸਨਅਤ ਅਤੇ ਵਪਾਰੀ ਵਰਗ ਦਾ ਸਨਮਾਨ ਹੈ। ਉਹਨਾਂ ਕਿਹਾ ਕਿ ਇਸ ਨਾਲ ਲੁਧਿਆਣਾ ਨੂੰ ਮਾਣ ਮਿਲਿਆ ਹੈ ਅਤੇ ਪੰਜਾਬੀਆਂ ਦੀ ਸਾਨ ਵਿੱਚ ਵਾਧਾ ਹੋਇਆ ਹੈ।

## ਰਵਿੰਦਰ ਪਾਲ ਸਿੰਘ 'ਪਾਲੀ' ਬਣੇ ਵੇਅਰਹਾਊਸਿੰਗ ਨਿਗਮ ਦੇ ਡਾਇਰੈਕਟਰ



ਲੁਧਿਆਣਾ, 20 ਮਈ (ਰਵਿੰਦਰ ਸਿੰਘ ਨਿੱਝਰ) : ਸੂਬੇ ਦੀ ਮਾਨ ਸਰਕਾਰ ਵੱਲੋਂ ਲੁਧਿਆਣਾ ਵਿੱਚ ਆਮ ਆਦਮੀ ਪਾਰਟੀ ਦੇ ਟਕਸਾਲੀ ਵਲੰਟੀਅਰਾਂ ਨੂੰ ਵੱਡੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਜਿਨ੍ਹਾਂ ਵਿੱਚ ਡਾਕਟਰ ਤੇਜਪਾਲ ਸਿੰਘ ਗਿੱਲ ਚੇਅਰਮੈਨ ਪਨਗਰੇਨ, ਰਵਿੰਦਰ ਪਾਲ ਸਿੰਘ ਪਾਲੀ ਨੂੰ ਪੰਜਾਬ ਸਟੇਟ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ (ਕੋਨਵੇਅਰ) ਦਾ ਡਾਇਰੈਕਟਰ ਨਿਯੁਕਤ ਕੀਤਾ ਹੈ, ਉੱਥੇ ਹੀ ਐਡਵੋਕੇਟ ਪ੍ਰਭਜੀਤ ਸਿੰਘ ਕਰਨ ਨੂੰ ਡਾਇਰੈਕਟਰ ਪਨਬਸ ਅਤੇ ਡਾਕਟਰ ਦੀਪਕ ਬੰਸਲ ਨੂੰ ਵਾਈਸ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਇੱਥੇ ਜ਼ਿਕਰ ਯੋਗ ਹੈ ਕਿ ਸਾਰੇ ਹੀ ਵਲੰਟੀਅਰ ਅੰਨਾ ਅੰਦੋਲਨ ਤੋਂ ਹੀ ਪਾਰਟੀ ਨਾਲ ਜੁੜੇ ਹੋਏ ਸਨ, ਜਿੱਥੇ ਡਾਕਟਰ ਤੇਜਪਾਲ ਸਿੰਘ ਗਿੱਲ ਨੇ 2019 ਵਿੱਚ ਲੋਕ ਸਭਾ ਲੁਧਿਆਣਾ ਤੋਂ ਆਮ ਆਦਮੀ ਪਾਰਟੀ ਵੱਲੋਂ ਉਮੀਦਵਾਰ ਵੀ ਰਹੇ ਉੱਥੇ ਹੀ ਰਵਿੰਦਰ ਪਾਲ ਸਿੰਘ ਪਾਲੀ ਹਲਕਾ ਆਤਮ ਨਗਰ ਤੋਂ ਹਲਕਾ ਇੰਚਾਰਜ ਵੀ ਰਹੇ ਹਨ ਅਤੇ ਐਡਵੋਕੇਟ ਪ੍ਰਭਜੀਤ ਸਿੰਘ ਕਰਨ ਕਾਫੀ ਲੰਬੇ ਸਮੇਂ ਤੋਂ ਲੀਗਲ ਵਿੰਗ ਵਿੱਚ ਪਾਰਟੀ ਦਾ ਕਾਰ ਕੰਮ ਦੇਖਦੇ ਰਹੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸਾਰੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਸਖਤ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣ ਦੀ ਸਲਾਹ ਦਿੱਤੀ। ਮੁੱਖ ਮੰਤਰੀ ਨੇ ਟਵੀਟ ਵਿੱਚ ਲਿਖਿਆ, ਸਾਥੀਆਂ ਨੂੰ ਨਵੀਂ ਜ਼ਿੰਮੇਵਾਰੀ ਲਈ ਸੁਭਕਾਮਨਾਵਾਂ। 'ਰੰਗਲਾ ਪੰਜਾਬ' ਟੀਮ ਵਿੱਚ ਤੁਹਾਡਾ ਸਵਾਗਤ ਹੈ। ਉਮੀਦ ਕਰਦੇ ਹਾਂ ਕਿ ਸਾਰੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

## ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਕਾਰਟੂਨ ਫੈਂਸੀ ਡ੍ਰੈੱਸ ਮੁਕਾਬਲਾ ਕਰਵਾਇਆ




ਜਗਰਾਓਂ, 20 ਮਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਯੂ.ਕੇ.ਜੀ ਜਮਾਤ ਦੇ ਵਿਦਿਆਰਥੀਆਂ ਵਿਚਕਾਰ ਅੱਜ ਇੱਕ ਕਾਰਟੂਨ ਵਿਸ਼ੇ ਨੂੰ ਲੈ ਕੇ ਫੈਂਸੀ ਡਰੈੱਸ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਬਹੁਤ ਸਾਰੇ ਵਿਦਿਆਰਥੀ ਕਈ ਰੂਪ ਧਾਰ ਕੇ ਸਕੂਲ ਵਿੱਚ ਪਹੁੰਚੇ। ਜਿਨਾਂ ਵਿੱਚੋਂ ਐਸ਼ਨੂਰ ਕੌਰ ਪਹਿਲੇ ਤਾਨਿਸ਼ ਸਹਿਗਲ ਤੇ ਕੀਰਤਮਾਨ ਕੌਰ ਦੂਸਰੇ ਗੁਰਦਿੱਤ ਸਿੰਘ, ਜੁਝਾਰ ਸਿੰਘ ਤੀਸਰੇ ਅਤੇ ਕੌਂਸੋਲੇਸ਼ਨ ਪ੍ਰਾਈਜ਼ ਨਿਤਿਆ ਤੇ ਏਕਨੂਰ ਸਿੰਘ ਨੂੰ ਦਿੱਤਾ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਇਹਨਾਂ ਵਿਦਿਆਰਥੀਆਂ ਨੂੰ ਇਨਾਮ ਦਿੰਦਿਆਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਦਾ ਮਨੋਬਲ ਵਧਾਉਂਦੀਆਂ ਹਨ ਅਤੇ ਉਹ ਵੱਡੇ ਮੰਚ 'ਤੇ ਜਾਣ ਲਈ ਤਿਆਰ ਹੋ ਜਾਂਦੇ ਹਨ। ਇਸ ਦੇ ਨਾਲ ਹੀ ਹੈੱਡ ਮਿਸਟਰਿਸ ਪਰੀਤ ਕਮਲ ਨੇ ਕਿਹਾ ਕਿ ਅਸੀਂ ਇਹਨਾਂ ਦੇ ਆਉਣ ਵਾਲੇ ਭਵਿੱਖ ਨੂੰ ਸੁਨਹਿਰੀ ਕਰਨ ਲਈ ਇਹਨਾਂ ਦੇ ਜੀਵਨ ਨੂੰ ਰੰਗਾਂ ਭਰਿਆ ਬਣਾਉਣ ਲਈ ਹਰ ਸੰਭਵ ਯਤਨ ਕਰ ਰਹੇ ਹਾਂ। ਇਸ ਮੌਕੇ ਸਕੂਲ ਦੇ ਪ੍ਰੈਜੀਡੈਂਟ ਸ. ਮਨਪ੍ਰੀਤ ਸਿੰਘ ਬਰਾੜ ਨੇ ਵੀ ਇਹਨਾਂ ਛੋਟੇ ਛੋਟੇ ਵਿਦਿਆਰਥੀਆਂ ਨੂੰ ਵਧਾਈ ਦੇ ਪਾਤਰ ਦੱਸਿਆ।

## ਸਕੂਲ ਆਫ਼ ਐਮੀਨੈਂਸ ਸਮਰਾਲਾ ਨੇ 10ਵੀਂ ਜਮਾਤ ਦੇ ਨਤੀਜਿਆਂ 'ਚ 100 ਪ੍ਰਤੀਸ਼ਤ ਪਾਸ ਦਰ ਹਾਸਲ ਕੀਤੀ



ਸਮਰਾਲਾ, 20 ਮਈ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) : ਸਕੂਲ ਆਫ਼ ਐਮੀਨੈਂਸ ਸਮਰਾਲਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੇ 10ਵੀਂ ਕਲਾਸ ਦੇ ਨਤੀਜਿਆਂ ਵਿੱਚ 100% ਪਾਸ ਦਰ ਹਾਸਲ ਕਰਕੇ ਖੇਤਰ ਵਿੱਚ ਮਾਣਯੋਗ ਉਪਲੱਬਧੀ ਦਰਜ ਕੀਤੀ ਹੈ। ਇਹ ਨਤੀਜਾ ਪੰਜਾਬ ਵਿੱਚ ਸਿੱਖਿਆ ਖੇਤਰ ਵਿੱਚ ਹੋ ਰਹੇ ਸੁਧਾਰਾਂ ਅਤੇ ਗੁਣਵੱਤਾ ਵਾਲੀ ਪੜ੍ਹਾਈ ਦੀ ਸਫਲਤਾ ਦਾ ਪ੍ਰਮਾਣ ਹੈ। ਇਹ ਉਪਲੱਬਧੀ ਸਾਡੇ ਸਿੱਖਣ-ਸਿਖਾਉਣ ਦੇ ਉੱਚ ਮਾਪਦੰਡਾਂ ਅਤੇ ਵਿਦਿਆਰਥੀਆਂ ਦੀ ਲਗਨ ਦਾ ਪਰਿਣਾਮ ਹੈ। ਅਸੀਂ ਭਵਿੱਖ ਵਿੱਚ ਵੀ ਇਨ੍ਹਾਂ ਦੀ ਅੱਗੇ ਵਧਣ ਵਿੱਚ ਪੂਰੀ ਮਦਦ ਕਰਾਂਗੇ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਕੂਲ ਪ੍ਰਿੰਸੀਪਲ ਸੁਮਨ ਲਤਾ ਨੇ ਦਸਵੀਂ ਜਮਾਤ ਦੇ ਨਤੀਜੇ ਉਪਰੰਤ ਪਾਸ ਹੋਏ ਵਿਦਿਆਰਥੀਆਂ ਨੂੰ ਵਧਾਈ ਦੇਣ ਮੌਕੇ ਕਹੇ। ਉਨ੍ਹਾਂ ਅੱਗੇ ਕਿਹਾ ਕਿ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਅਤੇ ਸਕੂਲ ਦੀ ਵਿਦਿਆਰਥਣ ਪਰਨੀਤ ਕੌਰ ਸਪੁੱਤਰੀ ਜਸਵੀਰ ਸਿੰਘ ਨੇ 598/650 ਅੰਕ ਲੈ ਕੇ ਸਕੂਲ ਵਿੱਚ ਪਹਿਲਾ ਸਥਾਨ, ਦੀਪਕਪ੍ਰੀਤ ਕੌਰ ਸਪੁੱਤਰੀ ਬਲਵਿੰਦਰ ਸਿੰਘ ਨੇ 594/650 ਨਾਲ ਦੂਜਾ ਸਥਾਨ ਅਤੇ ਕੁਨਾਲ ਮੌਰਿਆ ਪੁੱਤਰ ਓਮ ਪ੍ਰਕਾਸ਼ ਨੇ 574/650 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।

## ਮੰਤਰੀ ਮੁੰਡੀਆਂ ਨੇ 6 ਕਰੋੜ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ



ਲੁਧਿਆਣਾ, 20 ਮਈ (ਵਿਸ਼ਾਲ ਸ਼ਰਮਾ) : ਸਾਹਨੇਵਾਲ ਹਲਕੇ ਦੇ ਵੱਖ-ਵੱਖ ਵਾਰਡਾਂ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਵੱਡਾ ਹੁਲਾਰਾ ਦਿੰਦੇ ਹੋਏ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਮੰਗਲਵਾਰ ਨੂੰ ਸਾਹਨੇਵਾਲ ਹਲਕੇ ਦੇ ਅਧੀਨ ਆਉਂਦੇ ਵੱਖ-ਵੱਖ ਵਾਰਡਾਂ ਵਿੱਚ 6 ਕਰੋੜ ਰੁਪਏ ਤੋਂ ਵੱਧ ਦੇ ਵੱਖ-ਵੱਖ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ। ਮੰਗਲਵਾਰ ਨੂੰ ਗਣਪਤੀ ਵਿਹਾਰ (ਵਾਰਡ ਨੰਬਰ 22) ਵਿੱਚ ਸੀਵਰ ਲਾਈਨਾਂ ਵਿਛਾਉਣ ਲਈ ਲੱਗਭੱਗ 98 ਲੱਖ ਰੁਪਏ ਦੇ ਪ੍ਰੋਜੈਕਟ ਦਾ ਉਦਘਾਟਨ ਕਰਦੇ ਹੋਏ ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਪਾਣੀ-ਸੀਵਰ ਲਾਈਨਾਂ, ਸੜਕੀ ਬੁਨਿਆਦੀ ਢਾਂਚੇ ਆਦਿ ਨੂੰ ਅਪਗ੍ਰੇਡ ਕਰਨ ਲਈ ਕਰੋੜਾਂ ਰੁਪਏ ਦੇ ਕਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਉਦਘਾਟਨ ਸਮਾਰੋਹ ਦੌਰਾਨ ਕੌਂਸਲਰ ਜਸਪਾਲ ਸਿੰਘ ਗਰੇਵਾਲ, ਐਸ.ਡੀ.ਓ. ਕਮਲ ਸਮੇਤ ਹੋਰ ਵੀ ਮੌਜੂਦ ਸਨ। ਵੇਰਵੇ ਦੱਸਦੇ ਹੋਏ, ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਸਾਹਨੇਵਾਲ ਹਲਕੇ ਦੇ ਅਧੀਨ ਆਉਣ ਵਾਲੇ ਵਾਰਡ ਨੰਬਰ 21, 22, 23, 24 ਅਤੇ 25 ਦੇ ਵੱਖ-ਵੱਖ ਇਲਾਕਿਆਂ ਵਿੱਚ ਸੀਵਰ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਜਾਂ ਨਵੀਆਂ ਪਾਣੀ-ਸੀਵਰ ਲਾਈਨਾਂ ਵਿਛਾਉਣ ਲਈ ਕਈ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ। ਗਰਮੀਆਂ ਦੇ ਮੌਸਮ ਦੌਰਾਨ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਲਈ ਜਿੱਥੇ ਵੀ ਲੋੜ ਹੋਵੇ, ਉੱਥੇ ਹੋਰ ਟਿਊਬਵੈੱਲ ਵੀ ਲਗਾਏ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਸੂਬੇ ਭਰ ਵਿੱਚ ਟਿਕਾਊ ਵਿਕਾਸ ਨੂੰ ਯਕੀਨੀ ਬਣਾਉਣ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਕੈਬਨਿਟ ਮੰਤਰੀ ਮੁੰਡੀਆਂ ਨੇ ਕਿਹਾ ਕਿ ਸ਼ਹਿਰ ਭਰ ਵਿੱਚ ਗੁਣਵੱਤਾ ਵਾਲਾ ਬੁਨਿਆਦੀ ਢਾਂਚਾ ਵਿਕਸਤ ਕੀਤਾ ਜਾ ਰਿਹਾ ਹੈ। ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ, ਕਿ ਉਹ ਨਿਰਧਾਰਤ ਸਮੇਂ ਦੇ ਅੰਦਰ ਪ੍ਰੋਜੈਕਟਾਂ ਨੂੰ ਪੂਰਾ ਕਰਨ, ਤਾਂ ਜੋ ਜਨਤਾ ਨੂੰ ਵੱਡੀ ਪੱਧਰ 'ਤੇ ਸਹੂਲਤ ਮਿਲ ਸਕੇ। ਉਨ੍ਹਾਂ ਅੱਗੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਕਰੋੜਾਂ ਰੁਪਏ ਦੇ ਹੋਰ ਪ੍ਰੋਜੈਕਟ ਵੀ ਸ਼ੁਰੂ ਕੀਤੇ ਜਾਣਗੇ। ਕੈਬਨਿਟ ਮੰਤਰੀ ਮੁੰਡੀਆਂ ਨੇ ਅੱਗੇ ਕਿਹਾ ਕਿ ਸਫਾਈ ਨੂੰ ਯਕੀਨੀ ਬਣਾਉਣ ਲਈ ਸ਼ਹਿਰ ਭਰ ਵਿੱਚ ਵਿਸ਼ੇਸ਼ ਸਫਾਈ ਮੁਹਿੰਮਾਂ ਵੀ ਚਲਾਈਆਂ ਜਾ ਰਹੀਆਂ ਹਨ।

ਉਨ੍ਹਾਂ ਜਨਤਾ ਨੂੰ ਸ਼ਹਿਰ ਨੂੰ ਸਾਫ਼ ਅਤੇ ਹਰਿਆ-ਭਰਿਆ ਰੱਖਣ ਵਿੱਚ ਅਧਿਕਾਰੀਆਂ ਦਾ ਸਮਰਥਨ ਕਰਨ ਦੀ ਅਪੀਲ ਕੀਤੀ।

## ਲੁਧਿਆਣਾ 'ਚ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਲਈ ਛੋਟਾਂ ਦੇ ਕੇ 'ਆਪ' ਸਰਕਾਰ ਨੇ ਬਹੁ-ਸੈਂਕੜੇ ਕਰੋੜੀ ਰੁਪਏ ਦਾ ਘੁਟਾਲਾ ਕੀਤਾ : ਸੁਖਬੀਰ



ਲੁਧਿਆਣਾ, 20 ਮਈ (ਰਵਿੰਦਰ ਸਿੰਘ ਨਿੱਝਰ) : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸਹਿਰ ਦੇ ਨੇੜਲੇ ਪਿੰਡਾਂ ਵਿੱਚ ਜ਼ਮੀਨ ਐਕਵਾਇਰ ਕਰਨ ਵਿੱਚ ਛੋਟਾਂ ਹਾਸਲ ਕਰਨ ਲਈ ਮੱਦਦ ਵਾਸਤੇ ਜ਼ਮੀਨ ਮਾਲਕਾਂ ਨੂੰ ਪਿਛਲੀਆਂ ਤਾਰੀਕਾਂ ਵਿਚ ਜ਼ਮੀਨ ਤਬਦੀਲੀ (ਚੇਂਜ ਆਫ ਲੈਂਡ ਯੂਜ) ਸਰਟੀਫਿਕੇਟ ਲੈਣ ਵਾਸਤੇ ਕਰੋੜਾਂ ਰੁਪਏ ਖਰਚਣ ਲਈ ਮਜਬੂਰ ਕਰ ਕੇ ਬਹੁ ਸੈਂਕੜੇ ਕਰੋੜੀ ਘੁਟਾਲਾ ਕੀਤਾ ਹੈ। ਇੱਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ, ਕਿ ਜਦੋਂ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਦੇ ਯੋਗ ਨਹੀਂ, ਉਸ ਵੇਲੇ ਇਸਨੇ ਲੁਧਿਆਣਾ ਦੇ ਨੇੜਲੇ ਪਿੰਡਾਂ ਦੀ 24311 ਏਕੜ ਜ਼ਮੀਨ ਐਕਵਾਇਰ ਕਰਨ ਦਾ ਫੈਸਲਾ ਲਿਆ ਹੈ। ਉਹਨਾਂ ਕਿਹਾ ਕਿ ਜਦੋਂ ਇਕ ਵਾਰ ਜ਼ਮੀਨ ਐਕਵਾਇਰ ਕਰਨ ਦਾ ਨੋਟਿਸ ਜਾਰੀ ਹੋ ਗਿਆ, ਤਾਂ ਜ਼ਮੀਨ ਮਾਲਕ ਆਪਣੀ ਜ਼ਮੀਨ ਵੇਚ ਨਹੀਂ ਸਕਦੇ। ਉਹਨਾਂ ਕਿਹਾ ਕਿ ਇਸੇ ਵਾਸਤੇ ਆਪ ਦੇ ਖਜ਼ਾਨੇ ਭਰਨ ਵਾਸਤੇ 1 ਕਰੋੜ ਰੁਪਏ ਪ੍ਰਤੀ ਏਕੜ ਦੇਣ ਵਾਸਤੇ ਨੂੰ ਛੋਟਾਂ ਦੇਣ ਦੇ ਘੁਟਾਲੇ ਦੀ ਸ਼ੁਰੂਆਤ ਕੀਤੀ ਗਈ। ਉਹਨਾਂ ਕਿਹਾ ਕਿ ਇਹ ਘੁਟਾਲਾ ਮੁਹਾਲੀ ਸਮੇਤ ਹੋਰ ਸਹਿਰਾਂ ਵਿਚ ਵੀ ਚੱਲ ਰਿਹਾ ਹੈ, ਜਿੱਥੇ ਆਪ ਸਰਕਾਰ ਨੇ ਜ਼ਮੀਨ ਐਕਵਾਇਰ ਕਰਨ ਦੇ ਨੋਟਿਸ ਜਾਰੀ ਕੀਤੇ ਹਨ। ਹਾਲਾਂਕਿ ਇਹ ਪਹਿਲਾਂ ਐਕਵਾਇਰ ਕੀਤੀ 6 ਹਜਾਰ ਏਕੜ ਜ਼ਮੀਨ ਨੂੰ ਵਿਕਸਤ ਨਹੀਂ ਕਰ ਸਕੀ।

## ਗੀਨਾ ਗੁਪਤਾ ਨੂੰ ਪੰਜਾਬ ਪ੍ਰਦੂਸ਼ਨ ਕੰਟਰੋਲ ਬੋਰਡ ਦਾ ਚੇਅਰਮੈਨ ਨਾਮਜ਼ਦ ਕਰਨਾ ਪੰਜਾਬੀਆਂ ਨਾਲ ਧੋਖਾ : ਰਜਨੀਸ਼ ਧੀਮਾਨ



ਲੁਧਿਆਣਾ, 20 ਮਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਦੀ ਭਗਵੰਤ ਮਾਨ ਸਰਕਾਰ ਵੱਲੋਂ ਆਮ ਆਦਮੀ ਪਾਰਟੀ ਦਿੱਲੀ ਦੀ ਬੁਲਾਰਾ ਗੀਨਾ ਗੁਪਤਾ ਨੂੰ ਪੰਜਾਬ ਪ੍ਰਦੂਸਨ ਕੰਟਰੋਲ ਬੋਰਡ ਦਾ ਚੇਅਰਮੈਨ ਨਾਮਜਦ ਕਰਨ 'ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ 'ਆਪ' ਸਰਕਾਰ 'ਤੇ ਦੋਸ਼ ਲਗਾਉਂਦੇ ਹੋਏ ਕਿਹਾ ਕਿ ਭਗਵੰਤ ਮਾਨ ਸਰਕਾਰ ਕੇਜਰੀਵਾਲ ਦੀ ਕਠਪੁਤਲੀ ਬਣ ਕੇ ਕੰਮ ਕਰ ਰਹੀ ਹੈ। ਦਿੱਲੀ ਵਿੱਚ 'ਆਪ' ਸਰਕਾਰ ਦੀ ਹਾਰ ਤੋਂ ਬਾਅਦ, ਕੇਜਰੀਵਾਲ ਨੇ ਹੁਣ ਆਪਣਾ ਮੂੰਹ ਪੰਜਾਬ ਵੱਲ ਮੋੜ ਲਿਆ ਹੈ ਅਤੇ ਦਿੱਲੀ ਦੀ 'ਆਪ' ਸਰਕਾਰ ਦੇ ਮੈਂਬਰਾਂ ਨੂੰ ਪੰਜਾਬ ਵਿੱਚ ਵੱਡੇ ਅਹੁਦੇ ਦੇ ਕੇ, ਪੰਜਾਬੀਆਂ ਦੇ ਹੱਕ ਖੋਹੇ ਜਾ ਰਹੇ ਹਨ। ਧੀਮਾਨ ਨੇ ਕਿਹਾ ਕਿ 'ਆਪ' ਸਰਕਾਰ ਦਾ ਇਹ ਫੈਸਲਾ ਪੰਜਾਬ ਦੇ ਲੋਕਾਂ ਨਾਲ ਧੋਖਾ ਹੈ, ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਪੰਜਾਬ ਵਿੱਚ ਸਮਰੱਥਾ ਦੀ ਘਾਟ ਹੈ। ਸੱਤਾ ਵਿੱਚ ਆਉਣ ਤੋਂ ਪਹਿਲਾਂ, ਭਗਵੰਤ ਮਾਨ ਨੇ ਪੰਜਾਬੀਆਂ ਨਾਲ ਜਿਹੜੇ ਵਾਅਦੇ ਕੀਤੇ ਸਨ। ਸੱਤਾ ਵਿੱਚ ਆਉਣ ਤੋਂ ਬਾਅਦ ਉਹ ਸਾਰੇ ਹਵਾ ਹਵਾ ਹੋ ਗਏ।

## 16 ਲੱਖ 50 ਹਜ਼ਾਰ ਦੀ ਲਾਗਤ ਵਾਲੀ ਸਵੀਪਿੰਗ ਮਸ਼ੀਨ ਸ਼ਹਿਰ ਵਾਸੀਆਂ ਨੂੰ ਸੌਂਪੀ



ਮੁੱਲਾਂਪੁਰ ਦਾਖਾ, 20 ਮਈ (ਦਵਿੰਦਰ ਸਿੰਘ ਲੰਮੇਂ) : ਨਗਰ ਕੌਂਸਲ ਮੁੱਲਾਂਪੁਰ ਦਾਖਾ ਵੱਲੋਂ ਸ਼ਹਿਰ ਦੀ ਸਫਾਈ ਵਾਸਤੇ 16 ਲੱਖ 50 ਹਜ਼ਾਰ ਰੁਪਏ ਦੀ ਖਰੀਦੀ ਹੋਈ ਸਵੀਪਿੰਗ ਮਸ਼ੀਨ (ਸਫਾਈ ਕਰਨ ਵਾਲੀ) ਪ੍ਰਧਾਨ ਜਸਵਿੰਦਰ ਸਿੰਘ ਹੈਪੀ ਵੱਲੋਂ ਸਮੂਹ ਕੌਂਸਲਰਾਂ ਦੀ ਹਾਜਰੀ ਵਿੱਚ ਅੱਜ ਸ਼ਹਿਰ ਵਾਸੀਆਂ ਨੂੰ ਸੌਂਪੀ ਗਈ। ਉੱਕਤ ਮਸ਼ੀਨ ਨਾਲ ਸ਼ਹਿਰ ਦੇ ਸਮੂਹ ਵਾਰਡਾਂ ਵਿੱਚ ਸਫਾਈ ਕੀਤੀ ਜਾਵੇਗੀ। ਇਸ ਮੌਕੇ ਪ੍ਰਧਾਨ ਜਸਵਿੰਦਰ ਸਿੰਘ ਹੈਪੀ ਨੇ ਦੱਸਿਆ ਕਿ ਸਮੁੱਚੇ ਸ਼ਹਿਰ ਦੀ ਸਫਾਈ ਕਰਨ ਲਈ ਕਿਸੇ ਵੀ ਵਾਰਡ ਨਾਲ ਕੋਈ ਵੀ ਵਿਤਕਰਾ ਨਹੀਂ ਕੀਤਾ ਜਾਵੇਗਾ, ਕਿਉਂਕਿ ਨਗਰ ਕੌਂਸਲ ਸਮੁੱਚੇ ਸ਼ਹਿਰ ਨਿਵਾਸੀਆਂ ਲਈ ਹੈ ਅਤੇ ਇਹ ਮਸ਼ੀਨ ਸਫਾਈ ਮੁਹਿੰਮ ਲਈ ਸਹਾਈ ਸਿੱਧ ਹੋਵੇਗੀ। ਉਹਨਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮਸ਼ੀਨ ਸ਼ਹਿਰ ਦੀਆਂ ਸੜਕਾਂ ਅਤੇ ਆਲੇ ਦੁਆਲੇ ਪਈ ਮਿੱਟੀ ਵੀ ਚੁੱਕਣ ਲਈ ਸਹਾਈ ਹੋਵੇਗੀ। ਇਸ ਮੌਕੇ ਮੀਤ ਪ੍ਰਧਾਨ ਬਿਮਲਾ ਰਾਣੀ, ਕੌਂਸਲਰ ਸੁਭਾਸ਼ ਕੁਮਾਰ, ਕੌਂਸਲਰ ਅਮਨਦੀਪ ਸਿੰਘ, ਕੌਂਸਲਰ ਤਰਸੇਮ ਕੌਰ, ਪਰਵਿੰਦਰ ਸਿੰਘ ਮੁੱਲਾਂਪੁਰ ਤੋਂ ਇਲਾਵਾ ਸਾਬਕਾ ਕੌਂਸਲਰ ਬਲਵੀਰ ਚੰਦ, ਬਲਜਿੰਦਰ ਸਿੰਘ, ਹਰਵਿੰਦਰ ਕੌਰ ਸਿੱਧੂ ਅਤੇ ਰਾਕੇਸ਼ ਕਾਲਾ ਆਦਿ ਹਾਜਰ ਸਨ।

## ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਵਾਂ ਮਹਾਨ ਕੀਰਤਨ ਸਮਾਗਮ



ਲੁਧਿਆਣਾ, 20 ਮਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ ਲੁਧਿਆਣਾ ਵਿਖੇ ਸ਼੍ਰੀ ਗੁਰੂ ਅਮਰਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਵਾਂ ਮਹਾਨ ਕੀਰਤਨ ਸਮਾਗਮ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਅਤੇ ਗੁਰੂ ਅਮਰਦਾਸ ਸੇਵਾ ਸੋਸਾਇਟੀ ਦੇ ਸਹਿਯੋਗ ਸਦਕਾ ਕਰਵਾਏ ਗਏ। ਜਿਨ੍ਹਾਂ ਵਿੱਚ ਪੰਥ ਪ੍ਰਸਿੱਧ ਕੀਰਤਨੀ ਜੱਥਿਆਂ ਨੇ ਹਾਜ਼ਰੀਆਂ ਭਰੀਆਂ। ਇਹ ਸਮਾਗਮ ਐਤਵਾਰ ਅੰਮ੍ਰਿਤ ਵੇਲੇ ਤੋਂ ਆਰੰਭ ਹੋਏ ਜਿਨ੍ਹਾਂ ਵਿੱਚ ਸਵੇਰੇ ਆਸਾ ਜੀ ਦੀ ਵਾਰ ਅਤੇ ਨਿੱਤਨੇਮ ਸੰਗਤੀ ਰੂਪ ਵਿੱਚ ਕੀਤੇ ਗਏ। ਸ਼ਾਮ ਦੇ ਸਮਾਗਮ ਵਿੱਚ ਰਹਿਰਾਸ ਅਤੇ ਸੋਦਰ ਦੀ ਚੌਂਕੀ ਤੋਂ ਬਾਅਦ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਜਸਵੰਤ ਸਿੰਘ ਦੇ ਜੱਥੇ ਨੇ ਸੰਗਤਾਂ ਨੂੰ ਨਿਹਾਲ ਕੀਤਾ। ਬਾਅਦ ਵਿੱਚ ਭਾਈ ਸੁਖਜੀਤ ਸਿੰਘ ਕੋਹਾੜਕਾ ਹਜ਼ੂਰੀ ਰਾਗੀ ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਦੇ ਕੀਰਤਨੀ ਜੱਥੇ ਨੇ ਇਲਾਹੀ ਬਾਣੀ ਦੇ ਕੀਰਤਨ ਸ੍ਰਵਨ ਕਰਵਾਏ ਅਤੇ ਗੁਰੂ ਜੱਸ ਨਾਲ ਜੋੜਿਆ। ਬਾਅਦ ਵਿੱਚ ਪੰਥ ਪ੍ਰਸਿੱਧ ਮੀਰੀ ਪੀਰੀ ਜੱਥਾ ਜਗਾਧਰੀ ਵਾਲਿਆਂ ਨੇ ਕੀਰਤਨ ਦੀਆਂ ਛਹਿਬਰਾਂ ਲਾਈਆਂ। ਭਾਰੀ ਗਿਣਤੀ ਵਿੱਚ ਸੰਗਤਾਂ ਨੇ ਨਤਮਸਤਕ ਹੋ ਕੇ ਕੀਰਤਨ ਦਾ ਲਾਹਾ ਲਿਆ ਅਤੇ ਆਪਣਾ ਜੀਵਨ ਸਫਲਾ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦੀਆਂ ਕਿਹਾ ਕਿ ਸ਼੍ਰੀ ਗੁਰੂ ਅਮਰਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ 'ਤੇ ਵੱਧ ਚੜ੍ਹ ਕੇ ਪ੍ਰਚਾਰ ਕੀਤਾ ਅਤੇ ਉਚ ਨੀਚ ਦੇ ਭੇਦ-ਭਾਵ ਨੂੰ ਖਤਮ ਕਰਨ ਵਾਸਤੇ ਅਹਿਮ ਯੋਗਦਾਨ ਪਾਇਆ। ਸਾਨੂੰ ਵੀ ਅੱਜ ਗੁਰੂ ਘਰਾਂ ਵਿੱਚ ਨੌਜਵਾਨ ਪੀੜ੍ਹੀ ਨੂੰ ਅੱਗੇ ਲਿਆਉਣਾ ਚਾਹੀਦਾ ਹੈ ਤਾ ਜੋ ਸਾਡੀ ਨੌਜਵਾਨ ਪੀੜ੍ਹੀ ਬਾਣੀ ਬਾਣੇ ਨਾਲ ਜੁੜ ਸਕੇ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਪੰਜਵੇਂ ਮਹਾਨ ਕੀਰਤਨ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਇਕੱਤਰ ਹੋਈਆਂ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਕੀਤਾ। ਸਮਾਗਮ ਦੌਰਾਨ ਸਾਰੇ ਰਾਗੀ ਜਥਿਆਂ ਦਾ ਅਤੇ ਸ਼ਹਿਰ ਦੀਆਂ ਪ੍ਰਮੁੱਖ ਸ਼ਖਸ਼ੀਅਤਾਂ ਦਾ ਸਨਮਾਨ ਗੁਰੂ ਘਰ ਦੀ ਬਖਸ਼ਿਸ਼ਾਂ ਸਿਰੋਪਾਉ ਨਾਲ ਗੁਰੂ ਘਰ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਮੁੱਖ ਅਹੁਦੇਦਾਰ ਅਤੇ ਸ਼੍ਰੀ ਗੁਰੂ ਅਮਰਦਾਸ ਸੇਵਾ ਸੋਸਾਇਟੀ ਦੇ ਮੈਂਬਰਾਂ ਵੱਲੋਂ ਸਾਝੇ ਤੌਰ 'ਤੇ ਕੀਤਾ ਗਿਆ।

## ਸੌ ਫ਼ੀਸਦੀ ਰਿਹਾ ਡਾ. ਏ.ਵੀ.ਐਮ. ਪਬਲਿਕ ਸੀ: ਸੈ: ਸਕੂਲ ਈਸਾ ਨਗਰੀ ਪੁਲੀ ਦਾ 10ਵੀਂ ਦਾ ਨਤੀਜਾ



ਲੁਧਿਆਣਾ, 20 ਮਈ (ਰਵਿੰਦਰ ਸਿੰਘ ਨਿੱਝਰ) : ਈਸਾ ਨਗਰੀ ਪੁਲ ਵਿਖੇ ਸਥਿਤ ਡਾ. ਏ.ਵੀ.ਐਮ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦਾ ਦਸਵੀਂ ਜਮਾਤ ਦਾ ਨਤੀਜਾ 100% ਰਿਹਾ। ਇਸ ਦੌਰਾਨ ਸਕੂਲ ਦੇ ਡਾਇਰੈਕਟਰ ਰਾਜੀਵ ਕੁਮਾਰ ਲਵਲੀ ਅਤੇ ਪ੍ਰਿੰਸੀਪਲ ਮਨੀਸਾ ਗਾਬਾ ਨੇ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਸੁਭਕਾਮਨਾਵਾਂ ਦਿੱਤੀਆਂ।

ਦਸਵੀਂ ਜਮਾਤ ਦੀ ਪ੍ਰੀਖਿਆ ਦੇ ਨਤੀਜਿਆਂ ਵਿੱਚ, ਅੰਜਲੀ ਸਿੰਘ ਨੇ 89.38 ਪ੍ਰਤੀਸ਼ਤ ਅੰਕਾਂ ਨਾਲ ਪਹਿਲਾ ਸਥਾਨ, ਦਾਨਿਕਾ ਨੇ 88.92 ਪ੍ਰਤੀਸ਼ਤ ਅੰਕਾਂ ਨਾਲ ਦੂਜਾ ਸਥਾਨ ਅਤੇ ਪਰੀ ਨੇ 85.84 ਪ੍ਰਤੀਸ਼ਤ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਜਦਕਿ ਗੁਰਲੀਨ ਕੌਰ ਨੇ 85.38 ਪ੍ਰਤੀਸ਼ਤ ਅੰਕਾਂ ਨਾਲ ਚੌਥਾ ਸਥਾਨ, ਗੁਰਵਿੰਦਰ ਕੌਰ ਨੇ 85.23 ਪ੍ਰਤੀਸ਼ਤ ਅੰਕਾਂ ਨਾਲ ਪੰਜਵਾਂ ਸਥਾਨ, ਰਾਜਵੀਰ ਕੌਰ ਨੇ 84.15 ਪ੍ਰਤੀਸ਼ਤ ਅੰਕਾਂ ਨਾਲ ਛੇਵਾਂ ਸਥਾਨ, ਸ਼ਿਵਾਂਗੀ ਅਤੇ ਧੇਰਿਆ ਮਹਿਰਾ ਨੇ 83.38 ਪ੍ਰਤੀਸਤ ਅੰਕਾਂ ਨਾਲ ਸੱਤਵਾਂ ਸਥਾਨ, ਸਾਹਿਬਜੋਤ ਸਿੰਘ ਨੇ 81.53 ਪ੍ਰਤੀਸਤ ਅੰਕਾਂ ਨਾਲ ਅੱਠਵਾਂ ਸਥਾਨ, ਨੰਦਿਨੀ ਨੇ 80.15 ਪ੍ਰਤੀਸਤ ਅੰਕਾਂ ਨਾਲ ਨੌਵਾਂ ਸਥਾਨ, ਲੰਸ਼ਿਕਾ ਨੇ 77.53%, ਪ੍ਰਸ਼ਾਂਤ ਝਾਅ ਨੇ 75.84%, ਸਿਮਰਨ ਨੇ 75.53%, ਮੁਸਕਾਨ ਨੇ 75% ਅਤੇ ਬਲਜੀਤ ਸਿੰਘ ਨੇ 74.61% ਅੰਕ ਪ੍ਰਾਪਤ ਕਰਕੇ ਸਕੂਲ ਅਤੇ ਉਨ੍ਹਾਂ ਦੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ। ਇਸ ਮੌਕੇ ਸਕੂਲ ਡਾਇਰੈਕਟਰ ਰਾਜੀਵ ਕੁਮਾਰ ਲਵਲੀ ਨੇ ਕਿਹਾ ਕਿ ਸਿੱਖਿਆ ਸਾਨੂੰ ਮਜਬੂਤ ਬਣਾਉਂਦੀ ਹੈ ਅਤੇ ਸਿਰਫ ਇੱਕ ਪੜ੍ਹਿਆ-ਲਿਖਿਆ ਵਿਅਕਤੀ ਹੀ ਇੱਕ ਸੱਭਿਅਕ ਸਮਾਜ ਦੀ ਸਿਰਜਣਾ ਕਰ ਸਕਦਾ ਹੈ।

## ਰਾੜਾ ਸਾਹਿਬ ਹਸਪਤਾਲ ਵਿਖੇ ਵਿਸ਼ੇਸ਼ ਮੈਗਾ ਕੈਂਪ ਲਗਾਇਆ



ਰਾੜਾ ਸਾਹਿਬ, 20 ਮਈ (ਬਲਵਿੰਦਰ ਸਿੰਘ ਮਹਿਮੀ): ਸੰਤ ਬਲਜਿੰਦਰ ਸਿੰਘ ਜੀ ਰਾੜਾ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਸੰਤ ਈਸ਼ਰ ਸਿੰਘ ਜੀ ਮੈਮੋਰੀਅਲ ਹਸਪਤਾਲ ਜੋ ਕਿ ਰਾੜਾ ਸਾਹਿਬ ਦੇ ਪੇਂਡੂ ਇਲਾਕੇ ਦਾ ਮਲਟੀ ਸਪੈਸ਼ਲਿਟੀ NABH Accredited ਹਸਪਤਾਲ ਹੈ, ਵਿੱਚ ਵਿਸ਼ੇਸ਼ ਮੈਗਾ ਕੈਂਪ 19 ਮਈ ਦਿਨ ਸੋਮਵਾਰ ਨੂੰ ਲਗਾਇਆ ਗਿਆ, ਜਿਸ ਵਿੱਚ ਜਨਾਨਾ ਰੋਗਾਂ ਦੇ ਮਾਹਿਰ ਡਾ. ਜੀਨੀ ਚੀਮਾ MBBS MD, ਜਨਰਲ ਸਰਜਨ ਡਾ. ਰਿੱਕੀ ਸਿੰਗਲ MBBS MS, ਬੱਚਿਆਂ ਦੇ ਸਪੈਸ਼ਲਿਸਟ ਡਾ. ਤਰੁਣ ਕੁਮਾਰ ਸ਼ਰਮਾ MBBS MD (PEDIATRICS) ਅਤੇ ਅੱਖਾਂ ਦੇ ਮਾਹਿਰ ਡਾ. ਅੰਜਨਾ ਸਚਦੇਵ ਗੁਪਤਾ DNB DOMS FMRF ਵੱਲੋਂ ਲੱਗਭੱਗ 250 ਤੋਂ ਵਧੇਰੇ ਮਰੀਜ਼ਾਂ ਦੀ ਮੁਫ਼ਤ ਜਾਂਚ ਕੀਤੀ। ਨਾਮਵਰ ਆਰਥੋ ਸਰਜਨ, ਹਸਪਤਾਲ ਦੇ ਚੀਫ਼ ਅਪਰੇਟਿੰਗ ਅਫ਼ਸਰ ਡਾ. ਹਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਇਸ ਮੈਗਾ ਕੈਂਪ ਵਿੱਚ ਆਏ ਮਰੀਜ਼ਾਂ ਨੂੰ ਜਿੱਥੇ ਕਿਸੇ ਵੀ ਤਰ੍ਹਾਂ ਦੇ ਖੂਨ ਟੈਸਟ, ਅਲਟਰਾਸਾਊਂਡ ਸਕੈਨ ਜਾਂ ਐਕਸ-ਰੇ ਕਰਵਾਉਣ ਤੇ 25% ਤੱਕ ਦੀ ਛੂਟ ਦਿੱਤੀ ਉੱਥੇ ਹਸਪਤਾਲ ਵੱਲੋਂ ਮੁਫ਼ਤ ਦਵਾਈਆਂ ਵੀ ਦਿੱਤੀਆਂ ਗਈਆਂ। ਹਸਪਤਾਲ ਦੇ ਟਰੱਸਟੀ ਮਲਕੀਤ ਸਿੰਘ ਪਨੇਸਰ ਨੇ ਦੱਸਿਆ ਕਿ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਟਰੱਸਟ ਦੇ ਅਧੀਨ ਚੱਲ ਰਿਹਾ ਇਹ ਅਤਿ ਆਧੁਨਿਕ ਸਹੂਲਤਾਂ ਵਾਲਾ ਹਸਪਤਾਲ ਇਲਾਕੇ ਦੇ ਲੋਕਾਂ ਦੀ ਸੇਵਾ ਅਤੇ ਮਨੁੱਖਤਾ ਦੇ ਭਲੇ ਲਈ ਹਮੇਸ਼ਾ ਹੀ ਤੱਤਪਰ ਹੈ।

ਇਸ ਪੇਂਡੂ ਖੇਤਰ ਵਿੱਚ ਘੱਟ ਖਰਚੇ ਤੇ ਵੱਡੇ ਸ਼ਹਿਰਾਂ ਵਰਗਾ ਇਲਾਜ਼ ਅਤੇ ਸਹੂਲਤਾਂ ਪ੍ਰਦਾਨ ਕਰਨਾ, ਇਸ ਸੰਸਥਾ ਅਤੇ ਰਾੜਾ ਸਾਹਿਬ ਸੰਪ੍ਰਦਾਇ ਦੇ ਮੌਜੂਦਾ ਮੁਖੀ ਸੰਤ ਬਲਜਿੰਦਰ ਸਿੰਘ ਜੀ ਦੀ ਉੱਚੀ ਸੋਚ ਹੈ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਦੱਸਿਆ ਕਿ ਕੈਂਪ ਦੌਰਾਨ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਦਾ ਇਲਾਜ਼ ਅਤੇ ਸਰਜਰੀ ਬਹੁਤ ਹੀ ਘੱਟ ਖਰਚੇ 'ਤੇ ਕੀਤੀ ਜਾਵੇਗੀ।

## ਥਾਣਾ ਡੇਹਲੋਂ ਵਿਖੇ ਨਵੇਂ ਬਣੇ ਵਾਇਰਲੈਸ ਸੀ.ਸੀ. ਕੈਮਰੇ ਕੰਟਰੋਲ ਰੂਮ ਦਾ ਉਦਘਾਟਨ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕੀਤਾ




ਡੇਹਲੋਂ, 20 ਮਈ (ਅਮਰਜੀਤ ਸਿੰਘ ਸੰਧੂ/ਰਣਬੀਰ ਸਿੰਘ ਮਹਿਮੀ) : ਥਾਣਾ ਡੇਹਲੋਂ ਵਿਖੇ ਨਵੇਂ ਬਣੇ ਵਾਇਰਲੈਸ ਸੀ.ਸੀ ਕੈਮਰੇ ਕੰਟਰੋਲ ਰੂਮ ਦਾ ਉਦਘਾਟਨ ਭਾਰਤ ਸਰਕਾਰ ਦੇ ਰੇਲ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵੱਲੋਂ ਕੀਤਾ ਗਿਆ। ਯਾਦ ਰਹੇ ਕਿ ਇਨ੍ਹਾਂ ਕੈਮਰਿਆ ਨੂੰ ਲਗਵਾਉਣ ਲਈ ਵਿਸ਼ੇਸ਼ ਗ੍ਰਾਂਟਾਂ ਦਾ ਪ੍ਰਬੰਧ ਉਸ ਸਮੇਂ ਦੇ ਲੁਧਿਆਣਾ ਤੋਂ ਐਮ.ਪੀ ਰਹੇ ਬਿੱਟੂ ਵੱਲੋਂ ਕੀਤਾ ਗਿਆ ਸੀ। ਇਹ ਕੈਮਰੇ ਜੋ ਕਿ ਬਹੁਤ ਹੀ ਹਾਈ ਫਾਈ ਕੁਆਇਲਟੀ ਦੇ ਹਨ। ਡੇਹਲੋਂ ਵਿਖੇ ਥਾਣਾ ਨਾਲ ਸਬੰਧਿਤ ਸਾਰੇ ਪਿੰਡਾਂ ਵਿੱਚ ਲਗਾਏ ਗਏ। ਇਹ ਸੀ.ਸੀ ਕੈਮਰਿਆਂ ਦਾ ਕੰਟਰੋਲ ਰੂਮ ਬਣਾਇਆ ਗਿਆ ਹੈ। ਸ੍ਰੀ ਬਿੱਟੂ ਵੱਲੋਂ ਲੁਧਿਆਣਾ ਪਾਰਲੀਮੈਂਟਰੀ ਪਿੰਡਾਂ ਵਿੱਚ ਇਹ ਕੈਮਰੇ ਲਗਾਏ ਗਏ ਹਨ। ਡੇਹਲੋਂ ਵਿਖੇ ਕੰਟਰੋਲ ਰੂਮ ਦਾ ਉਦਘਾਟਨ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੇਲ ਮੰਤਰੀ ਬਿੱਟੂ ਨੇ ਕਿਹਾ ਕਿ ਇਹ ਕੈਮਰੇ ਲਗਾਉਣ ਨਾਲ ਪਿੰਡਾਂ ਵਿੱਚ ਚੋਰੀਆਂ, ਕ੍ਰਾਇਮ ਅਤੇ ਨਸ਼ਿਆਂ ਤੇ ਠੱਲ੍ਹ ਪਾਉਣ ਲਈ ਕਾਫੀ ਸਹਾਇਤਾ ਮਿਲੇਗੀ। ਉਨ੍ਹਾਂ ਇਹ ਵੀ ਦੱਸਿਆਂ ਕਿ 7-8 ਪਿੰਡਾਂ ਦਾ ਇੱਕ ਵੱਖਰਾ-ਵੱਖਰਾ ਕਲਾਸਟਰ ਕੰਟਰੋਲ ਰੂਮ ਵੀ ਬਣਾਇਆ ਗਿਆ ਹੈ। ਜਿਸ ਨਾਲ ਇਨ੍ਹਾਂ ਪਿੰਡਾਂ ਦਾ ਕੰਟਰੋਲ ਇਕ ਪਿੰਡ ਵਿੱਚ ਕਰ ਦਿੱਤਾ ਗਿਆ ਹੈ। ਪਰ ਡੇਹਲੋਂ ਥਾਣੇ ਨਾਲ ਸੰਬੰਧਿਤ ਸਾਰੇ ਕੈਮਰਿਆਂ ਦਾ ਕੰਟਰੋਲ ਰੂਮ ਡੇਹਲੋਂ ਵਿਖੇ ਬਣਾਇਆ ਗਿਆ ਹੈ।

ਉਨ੍ਹਾਂ ਇਹ ਵੀ ਦੱਸਿਆ ਕਿ ਇਸਨੂੰ ਅੱਗੇ ਚਲਾਉਣ ਲਈ ਕਿਸੇ ਕਿਸਮ ਦੀ ਗ੍ਰਾਂਟ ਦੀ ਲੋੜ ਪਈ ਤਾਂ ਮੈਂ ਜਲਦ ਹੀ ਭੇਜਾਂਗਾ। ਪਿੰਡ ਕਿਲ੍ਹਾ ਰਾਇਪੁਰ ਦੇ ਵਸਨੀਕਾਂ ਦਾ ਇਕ ਵਫਦ ਰਣਜੀਤ ਸਿੰਘ ਮਾਂਗਟ ਦੀ ਅਗਵਾਈ ਹੇਠ ਰੇਲ ਮੰਤਰੀ ਰਵਨੀਤ ਬਿੱਟੂ ਨੂੰ ਮਿਲਿਆਂ ਜਿਸ ਵਿੱਚ ਉਨ੍ਹਾਂ ਤੋਂ ਮੰਗ ਕੀਤੀ ਗਈ ਕਿ ਅੰਗਰੇਜ਼ਾਂ ਦੇ ਸਮੇਂ ਤੋਂ ਬਣੇ ਰੇਲਵੇ ਸਟੇਸ਼ਨ ਦਾ ਨਵਨੀਕਰਨ ਕੀਤਾ ਜਾਵੇ।

# ਚੀਨ ਨੇ ਪਾਕਿ 'ਚ ਬਣ ਰਹੇ ਮੋਹਮੰਦ ਡੈਮ ਪ੍ਰੋਜੈਕਟ ਦੇ ਕੰਮ ਨੂੰ ਕੀਤਾ ਤੇਜ਼

## ☛ ਦੁਨੀਆਂ ਦੇ 5 ਸਭ ਤੋਂ ਉਚੇ ਡੈਮਾਂ 'ਚੋਂ ਇੱਕ ਹੋਵੇਗਾ 'ਮੋਹਮੰਦ ਡੈਮ'



ਅੰਮ੍ਰਿਤਸਰ, 20 ਮਈ (ਚ.ਨ.ਸ): ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਪਾਕਿ ਵਿਚ ਬਣੇ ਤਾਜ਼ਾ ਤਣਾਅ ਦੇ ਮੱਦੇਨਜ਼ਰ ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕੀਤੇ ਜਾਣ ਤੋਂ ਪ੍ਰੇਸ਼ਾਨ ਪਾਕਿ ਦੀ ਮਦਦ ਲਈ ਚੀਨ ਅੱਗੇ ਆਇਆ ਹੈ। ਚੀਨ ਨੇ ਪਾਕਿ ਵਿਚ ਬਣ ਰਹੇ ਮੋਹਮੰਦ ਡੈਮ ਪ੍ਰੋਜੈਕਟ ਨੂੰ ਤੇਜ਼ ਕਰ ਦਿੱਤਾ ਹੈ। ਇਹ ਮੋਹਮੰਦ ਡੈਮ ਪਾਕਿ ਦੇ ਖੈਬਰ ਪਖਤੂਨਖਵਾ ਸੂਬੇ ਦੇ ਮੋਹਮੰਦ ਜ਼ਿਲ੍ਹੇ ਵਿਚ ਸਵਾਤ ਨਦੀ 'ਤੇ ਬਣਾਇਆ ਜਾ ਰਿਹਾ ਹੈ। ਇਕ ਰਿਪੋਰਟ ਦੇ ਅਨੁਸਾਰ ਮੋਹਮੰਦ ਡੈਮ ਦਾ ਪੂਰਾ ਸੰਚਾਲਨ ਸਾਲ 2027 ਤੱਕ ਸ਼ੁਰੂ ਹੋ ਸਕਦਾ ਹੈ। ਇਸ ਸਮੇਂ ਬਿਜਲੀ ਅਤੇ ਸਿੰਚਾਈ ਸੁਰੰਗਾਂ ਦੀ ਖੁਦਾਈ, ਸਪਿਲਵੇਅ ਅਤੇ ਉਪਰਲੇ ਕੋਫਰਡੈਮਾਂ ਦੀ ਉਸਾਰੀ ਸਮੇਤ ਕਈ ਹਿੱਸਿਆਂ ਵਿਚ ਚੰਗੀ ਪੱਧਰ 'ਤੇ ਕੰਮ ਸਮੇਂ ਤੋਂ ਪਹਿਲਾਂ ਹੀ ਚੱਲ ਰਿਹਾ ਹੈ। ਚੀਨ ਨੇ ਭਾਰਤ ਪਾਕਿ ਵਿਚ ਬਣੇ ਹਾਲੀਆ ਤਣਾਅ ਦੇ ਦੌਰਾਨ ਇਸ ਪ੍ਰੋਜੈਕਟ ਦੀ ਸਮਾਂ ਸੀਮਾ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਸ ਤੋਂ ਇਲਾਵਾ ਚੀਨ ਪਾਕਿ ਵਿਚ ਸਿੰਧੂ ਨਦੀ 'ਤੇ ਡਾਇਮਰ ਭਾਸ਼ਾ ਡੈਮ ਵੀ ਬਣ ਰਿਹਾ ਹੈ, ਜਿਸ ਨਾਲ ਪਾਕਿਸਤਾਨ ਦੀ ਜਲ ਸੰਭਾਲ ਸਮਰੱਥਾ ਹੋਰ ਵਧੇਗੀ। ਰਿਪੋਰਟਾਂ ਅਨੁਸਾਰ ਪਣ ਬਿਜਲੀ ਪੈਦਾ ਕਰਨ ਤੋਂ ਇਲਾਵਾ ਇਹ ਡੈਮ ਪਾਕਿ ਦੀ ਜਲ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹੈ। ਇਸ ਬਹੁ ਮੰਤਵੀ ਡੈਮ ਦਾ ਉਦੇਸ਼ ਹੜ੍ਹ ਸੁਰੱਖਿਆ, ਸਿੰਚਾਈ, ਪੀਣ ਵਾਲਾ ਪਾਣੀ ਤੇ ਬਿਜਲੀ ਸਪਲਾਈ ਪ੍ਰਦਾਨ ਕਰਨਾ ਹੈ। ਇਹ ਡੈਮ ਦੁਨੀਆਂ ਦੇ 5 ਸਭ ਤੋਂ ਉਚੇ ਡੈਮਾਂ ਵਿਚੋਂ ਇਕ ਹੋਵੇਗਾ, ਜਿਸ ਦੀ ਉਚਾਈ 700 ਫੁੱਟ ਹੋਵੇਗੀ।

### ਕੀ ਹੈ ਸਿੰਧੂ ਜਲ ਸੰਧੀ ?

ਪਾਣੀਆਂ ਦੀ ਵੰਡ ਨੂੰ ਲੈ ਕੇ ਵਿਸ਼ਵ ਬੈਂਕ ਦੀ ਵਿਚੋਲਗੀ ਵਿਚ ਸਿੰਧੂ ਜਲ ਸੰਧੀ 1960 'ਤੇ ਭਾਰਤ ਅਤੇ ਪਾਕਿ ਵੱਲੋਂ ਦਸਤਖਤ ਕੀਤੇ ਗਏ ਸਨ। ਇਹ ਸੰਧੀ ਦੋਵਾਂ ਦੇਸ਼ਾਂ ਵਿਚਕਾਰ 6 ਦਰਿਆਵਾਂ ਦੇ ਪਾਣੀਆਂ ਦੀ ਵੰਡ ਕਰਦੀ ਹੈ। ਇਸ ਦੇ ਤਹਿਤ ਭਾਰਤ ਨੂੰ ਪੂਰਬੀ ਦਰਿਆਵਾਂ ਰਾਵੀ, ਬਿਆਸ ਅਤੇ ਸਤਲੁਜ 'ਤੇ ਕੰਟਰੋਲ ਦਿੱਤਾ ਗਿਆ ਸੀ, ਜਦਕਿ ਪਾਕਿਸਤਾਨ ਨੂੰ ਪੱਛਮੀ ਦਰਿਆਵਾਂ ਭਾਵ ਸਿੰਧੂ, ਚਨਾਬ ਅਤੇ ਜਿਹਲਮ 'ਤੇ ਅਧਿਕਾਰ ਪ੍ਰਾਪਤ ਹੋਏ ਸਨ। ਪਹਿਲਗਾਮ ਅੱਤਵਾਦੀ ਹਮਲੇ ਦੇ ਬਦਲੇ ਵਿਚ ਭਾਰਤ ਨੇ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਐਲਾਨ ਕੀਤਾ।

# ਸ੍ਰੀ ਹੇਮਕੁੰਟ ਸਾਹਿਬ ਯਾਤਰਾ ਲਈ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ

## ☛ ਯਾਤਰੀਆਂ ਦੀ ਸਹੂਲਤ ਲਈ ਮਾਰਗ ਦਾ ਕੀਤਾ ਨਿਰੀਖਣ

ਚਮੋਲੀ, 20 ਮਈ (ਚ.ਨ.ਸ): ਉੱਤਰਾਖੰਡ ਪੁਲਿਸ ਨੇ 25 ਮਈ ਤੋਂ ਸ਼ੁਰੂ ਹੋਣ ਵਾਲੀ ਹੇਮਕੁੰਟ ਸਾਹਿਬ ਯਾਤਰਾ ਦੇ ਪੈਦਲ ਮਾਰਗ ਦਾ ਨਿਰੀਖਣ ਕੀਤਾ ਅਤੇ ਯਾਤਰਾ ਲਈ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਵੀ ਕੀਤੀ ਹੈ। ਸੂਬਾਈ ਪੁਲਿਸ ਨੇ ਐਕਸ 'ਤੇ ਲਿਖਿਆ, 'ਹੇਮਕੁੰਟ ਸਾਹਿਬ ਯਾਤਰਾ 2025: ਕਿਵਾੜ ਖੁੱਲ੍ਹਣ ਤੋਂ ਪਹਿਲਾਂ ਚਮੋਲੀ ਪੁਲਿਸ ਨੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਯਾਤਰਾ ਦੇ ਪੈਦਲ ਮਾਰਗ ਦਾ ਨਿਰੀਖਣ ਕੀਤਾ ਗਿਆ ਅਤੇ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕੀਤੀ ਗਈ ਹੈ।' ਯਾਤਰਾ ਲਈ ਰਜਿਸਟਰੇਸ਼ਨ ਪ੍ਰਕਿਰਿਆ ਸੁਚਾਰੂ ਬਣਾਉਣ ਲਈ ਉੱਤਰਾਖੰਡ ਸੈਰ-ਸਪਾਟਾ ਵਿਕਾਸ ਬੋਰਡ (ਯੂਟੀਡੀਬੀ) ਨੇ ਭਾਰਤ 'ਚ ਸਭ ਤੋਂ ਅਹਿਮ ਤੀਰਥ ਯਾਤਰਾਵਾਂ 'ਚੋਂ ਇੱਕ ਚਾਰ ਧਾਮ ਤੇ ਹੇਮਕੁੰਟ ਸਾਹਿਬ ਯਾਤਰਾ ਲਈ ਰਜਿਸਟਰੇਸ਼ਨ ਕਰਨ ਲਈ ਆਧਾਰ ਪੁਸ਼ਟੀਕਰਨ ਤੇ ਈਕੇਵਾਈਸੀ ਦੀ ਸ਼ੁਰੂਆਤ ਕੀਤੀ ਹੈ। ਇਸ ਦਾ ਮਕਸਦ ਰਜਿਸਟਰੇਸ਼ਨ ਸਮੇਂ ਨੂੰ ਘਟਾਉਣਾ ਤੇ ਤੀਰਥ ਯਾਤਰੀਆਂ ਨੂੰ ਸਹੂਲਤ ਦੇਣਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਆਨਲਾਈਨ ਰਜਿਸਟਰੇਸ਼ਨ ਨਾਲ ਅਧਿਕਾਰੀ ਤੀਰਥ ਯਾਤਰੀਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖ ਸਕਦੇ ਹਨ, ਮੰਦਰਾਂ 'ਚ ਭੀੜ ਘਟਾਉਣ ਲਈ ਬਿਹਤਰ ਤਿਆਰੀ ਕਰ ਸਕਦੇ ਹਨ ਤੇ ਮੌਸਮ ਸਬੰਧੀ ਸੂਚਨਾ ਪਹੁੰਚਾਉਣ 'ਚ ਸੁਧਾਰ ਕਰ ਸਕਦੇ ਹਨ। ਨਿਰਧਾਰਤ ਕੇਂਦਰਾਂ 'ਤੇ ਸ਼ਰਧਾਲੂਆਂ ਲਈ ਆਫਲਾਈਨ ਰਜਿਸਟਰੇਸ਼ਨ ਦੀ ਸਹੂਲਤ ਵੀ ਜਾਰੀ ਰਹੇਗੀ।



# ਕੰਡਿਆਲੀ ਤਾਰ ਦੇ ਪਾਰ ਖੇਤੀ ਲਈ ਅੱਜ ਖੁੱਲ੍ਹਣਗੇ ਗੇਟ

## ☛ ਬੀਐੱਸਐੱਫ ਨੇ ਕਿਸਾਨਾਂ ਨੂੰ ਦਿੱਤਾ ਭਰੋਸਾ, ਮੰਤਰੀ ਧਾਲੀਵਾਲ ਨੇ ਦਿੱਤੀ ਜਾਣਕਾਰੀ

ਅੰਮ੍ਰਿਤਸਰ/ਰਮਦਾਸ/ਅਜਨਾਲਾ, 20 ਮਈ (ਚ.ਨ.ਸ): ਭਾਰਤ ਅਤੇ ਪਾਕਿਸਤਾਨ ਵਿਚਾਲੇ ਗੋਲੀਬੰਦੀ ਹੋਣ ਮਗਰੋਂ ਸਰਹੱਦ 'ਤੇ ਕੰਡਿਆਲੀ ਤਾਰ ਤੋਂ ਪਾਰ ਜ਼ਮੀਨ ਵਿੱਚ ਖੇਤੀ ਕਰਨ ਵਾਸਤੇ ਗੇਟ ਭਲਕੇ ਮੰਗਲਵਾਰ ਤੋਂ ਖੋਲ੍ਹ ਦਿੱਤੇ ਜਾਣਗੇ। ਇਹ ਜਾਣਕਾਰੀ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦਿੱਤੀ। ਇਸ ਤੋਂ ਇਲਾਵਾ ਕਿਸਾਨ ਆਗੂ ਰਤਨ ਸਿੰਘ ਰੰਧਾਵਾ ਨੇ ਵੀ ਦੱਸਿਆ ਕਿ ਬੀਐੱਸਐੱਫ ਨੇ ਕਿਸਾਨਾਂ ਨੂੰ ਕੰਡਿਆਲੀ ਤਾਰ ਦੇ ਪਾਰ ਖੇਤੀ ਲਈ ਭਲਕੇ ਤੋਂ ਗੇਟ ਖੁੱਲ੍ਹਣ ਦਾ ਭਰੋਸਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਕਿਸਾਨ ਆਗੂਆਂ ਦਾ ਇਕ ਵਫ਼ਦ ਬੀਐੱਸਐੱਫ ਦੇ ਅਧਿਕਾਰੀਆਂ ਨੂੰ ਮਿਲਿਆ ਸੀ ਅਤੇ ਉਨ੍ਹਾਂ ਨੂੰ ਗੋਲੀਬੰਦੀ ਤੋਂ ਬਾਅਦ ਸਰਹੱਦ 'ਤੇ ਕੰਡਿਆਲੀ ਤਾਰ 'ਤੋਂ ਪਾਰ ਖੇਤਾਂ ਵਿੱਚ ਕੰਮ ਕਰਨ ਦੀ ਆਗਿਆ ਦੇਣ ਦੀ ਪ੍ਰਵਾਨਗੀ ਦੇਣ ਲਈ ਆਖਿਆ ਸੀ। ਉਨ੍ਹਾਂ ਦੱਸਿਆ ਕਿ ਬੀਐੱਸਐੱਫ ਨੇ ਕੰਡਿਆਲੀ ਤਾਰ ਤੋਂ ਪਾਰ ਜ਼ਮੀਨ ਤੇ ਖੇਤੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਕਿਸਾਨਾਂ ਦੇ ਵਫ਼ਦ ਨੇ ਮੰਗ ਕੀਤੀ ਸੀ ਕਿ ਕੰਡਿਆਲੀ ਤਾਰ ਤੋਂ ਪਾਰ ਜ਼ਮੀਨ 'ਤੇ ਕਣਕ ਦੀ ਕੱਟੀ ਹੋਈ ਫ਼ਸਲ ਦੇ ਰਹਿੰਦ-ਖੂੰਹਦ ਦੀ ਤੂੜੀ ਤਿਆਰ ਕਰਨ ਅਤੇ ਝੋਨੇ ਦੀ ਫ਼ਸਲ ਵਾਸਤੇ ਪਨੀਰੀ ਤਿਆਰ ਕਰਨ ਦੀ ਲੋੜ ਹੈ। ਇਸ ਦੌਰਾਨ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਰਹੱਦ 'ਤੇ ਸ਼ਾਹਪੁਰ ਚੌਕੀ ਵਿਖੇ ਪਹੁੰਚ ਕੇ ਬੀਐੱਸਐੱਫ ਦੇ ਜਵਾਨਾਂ ਨੂੰ ਮਠਿਆਈਆਂ ਅਤੇ ਫਲਾਂ ਦੇ ਟੋਕਰੇ ਭੇਟ ਕੀਤੇ ਅਤੇ ਦੇਸ਼ 'ਤੇ ਆਏ ਸੰਕਟ ਸਮੇਂ ਜਵਾਨਾਂ ਵੱਲੋਂ ਸਰਹੱਦ ਉੱਤੇ ਸਖ਼ਤੀ ਨਾਲ ਪਹਿਰਾ ਦੇਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਸਰਹੱਦ ਉੱਤੇ ਕੰਡਿਆਲੀ ਤਾਰ ਤੋਂ ਪਾਰ ਖੇਤੀ ਕਰਦੇ ਕਿਸਾਨਾਂ ਦੀਆਂ ਮੁਸ਼ਕਲਾਂ ਬਾਰੇ ਬੀਐੱਸਐੱਫ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ ਅਤੇ ਬੀਐੱਸਐੱਫ ਨੇ ਕਿਸਾਨਾਂ ਵਾਸਤੇ ਭਲਕੇ ਤੋਂ ਗੇਟ ਖੋਲ੍ਹਣ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਹੁਣ ਆਪਣੇ ਖੇਤਾਂ ਵਿੱਚ ਜਾ ਕੇ ਕੰਮ ਕਰ ਸਕਣਗੇ। ਜ਼ਿਕਰਯੋਗ ਹੈ ਕਿ ਭਾਰਤ ਅਤੇ ਪਾਕਿਸਤਾਨ ਦਰਮਿਆਨ ਤਣਾਅ ਵਧਣ ਮਗਰੋਂ ਸਰਹੱਦ 'ਤੇ ਗੇਟ ਬੰਦ ਕਰ ਦਿੱਤੇ ਗਏ ਸਨ ਅਤੇ ਆਵਾਜਾਈ ਬੰਦ ਕਰ ਦਿੱਤੀ ਗਈ ਸੀ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਪਾਕਿਸਤਾਨ ਨਾਲ ਲੱਗਦੀ ਸਰਹੱਦ ਤਕਰੀਬਨ 532 ਕਿਲੋਮੀਟਰ ਖੇਤਰ ਵਿੱਚ 30 ਹਜ਼ਾਰ ਏਕੜ ਤੋਂ ਵੱਧ ਵਾਹੀਯੋਗ ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਹੈ। ਜ਼ਮੀਨ ਕੰਡਿਆਲੀ ਤਾਰ ਤੋਂ ਪਾਰ ਹੋਣ ਕਾਰਨ ਕਿਸਾਨਾਂ ਨੂੰ ਖੇਤੀਬਾੜੀ ਕਰਨ ਵਿੱਚ ਕਈ ਮੁਸ਼ਕਲਾਂ ਪੇਸ਼ ਆਉਂਦੀਆਂ ਹਨ।



# ਭਾਰਤ ਦੀਆਂ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਏਜੰਸੀਆਂ 'ਤੇ ਅਮਰੀਕਾ ਨੇ ਕੀਤੀ ਸਖ਼ਤਾਈ

## ☛ ਆਉਣ ਵਾਲੇ ਸਮੇਂ 'ਚ ਹੋਰ ਸਖ਼ਤ ਕਾਰਵਾਈ ਦੀ ਚਿਤਾਵਨੀ



ਵਾਸ਼ਿੰਗਟਨ, 20 ਮਈ (ਚ.ਨ.ਸ): ਸੰਯੁਕਤ ਰਾਜ ਅਮਰੀਕਾ ਨੇ ਐਲਾਨ ਕੀਤਾ ਹੈ ਕਿ ਉਹ ਅਮਰੀਕਾ ਵਿੱਚ ਗੈਰ-ਕਾਨੂੰਨੀ ਇਮੀਗ੍ਰੇਸ਼ਨ ਦੀ ਸਹੂਲਤ ਦੇਣ ਵਾਲੀਆਂ ਭਾਰਤੀ ਟ੍ਰੈਵਲ ਏਜੰਸੀਆਂ ਵਿਰੁੱਧ ਕਾਰਵਾਈ ਕਰ ਰਿਹਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਕਿਹਾ ਕਿ ਉਨ੍ਹਾਂ ਦਾ ਵਿਭਾਗ ਭਾਰਤ ਸਥਿਤ ਟਰੈਵਲ ਏਜੰਸੀਆਂ ਦੇ ਮਾਲਕਾਂ, ਅਧਿਕਾਰੀਆਂ ਅਤੇ ਸੀਨੀਅਰ ਅਧਿਕਾਰੀਆਂ 'ਤੇ ਵੀਜ਼ਾ ਪਾਬੰਦੀਆਂ ਲਗਾਉਣ ਲਈ ਕਦਮ ਚੁੱਕ ਰਿਹਾ ਹੈ ਜੋ ਜਾਣਬੁੱਝ ਕੇ ਅਮਰੀਕਾ ਵਿਚ ਗੈਰ-ਕਾਨੂੰਨੀ ਪਰਵਾਸ ਦੀ ਸਹੂਲਤ ਦਿੰਦੇ ਹਨ। ਅਮਰੀਕਾ ਨੇ ਕਿਹਾ ਹੈ ਕਿ ਇਹ ਏਜੰਸੀਆਂ ਗੈਰਕਾਨੂੰਨੀ ਢੰਗ ਨਾਲ ਭਾਰਤ ਤੋਂ ਕਈ ਨੌਜਵਾਨਾਂ ਨੂੰ ਅਮਰੀਕਾ ਭੇਜਦੀਆਂ ਸਨ ਤੇ ਉਨ੍ਹਾਂ ਤੋਂ ਮੋਟੀਆਂ ਰਕਮਾਂ ਵਸੂਲਦੀਆਂ ਸਨ ਤੇ ਇਸ ਦੇ ਇਵਜ਼ ਵਿਚ ਨੌਜਵਾਨਾਂ ਦੀ ਜ਼ਿੰਦਗੀ ਨੂੰ ਖ਼ਤਰੇ ਵਿਚ ਪਾ ਕੇ ਅਮਰੀਕਾ ਭੇਜਿਆ ਜਾਂਦਾ ਸੀ। ਵਿਦੇਸ਼ ਵਿਭਾਗ ਨੇ ਕਿਹਾ ਕਿ ਉਨ੍ਹਾਂ ਦੀ ਇਮੀਗ੍ਰੇਸ਼ਨ ਨੀਤੀ ਦਾ ਉਦੇਸ਼ ਨਾ ਸਿਰਫ਼ ਵਿਦੇਸ਼ੀ ਨਾਗਰਿਕਾਂ ਨੂੰ ਸੰਯੁਕਤ ਰਾਜ ਵਿੱਚ ਗੈਰਕਾਨੂੰਨੀ ਪਰਵਾਸ ਦੇ ਖ਼ਤਰਿਆਂ ਬਾਰੇ ਸੂਚਿਤ ਕਰਨਾ ਹੈ, ਸਗੋਂ ਗੈਰਕਾਨੂੰਨੀ ਇਮੀਗ੍ਰੇਸ਼ਨ ਦੇ ਸਾਧਨਾਂ ਸਮੇਤ ਸਾਡੇ ਕਾਨੂੰਨਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਨੂੰ ਜਵਾਬਦੇਹ ਬਣਾਉਣਾ ਹੈ।

# ਪਾਕਿਸਤਾਨੀ ਨਾਗਰਿਕ ਜਬਰ-ਜਨਾਹ, ਕਤਲ ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ 'ਚ ਵੱਖ-ਵੱਖ ਦੇਸ਼ਾਂ ਦੀਆਂ ਜੇਲ੍ਹਾਂ 'ਚ ਭੁਗਤ ਰਹੇ ਨੇ ਸਜ਼ਾ

ਅੰਮ੍ਰਿਤਸਰ, 20 ਮਈ (ਚ.ਨ.ਸ): ਪਾਕਿਸਤਾਨ ਦੇ 23 ਹਜ਼ਾਰ ਤੋਂ ਵੱਧ ਨਾਗਰਿਕ ਜਬਰ ਜਨਾਹ, ਕਤਲ ਤੇ



ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਗੰਭੀਰ ਦੋਸ਼ਾਂ ਲਈ ਇਸ ਸਮੇਂ ਦੁਨੀਆਂ ਦੇ ਕਈ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਕੈਦ ਹਨ। ਇਸ ਬਾਰੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਵਿਚ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ। ਆਪਣੇ ਲਿਖਤੀ ਜਵਾਬ ਵਿਚ ਮੰਤਰਾਲੇ ਨੇ ਕਿਹਾ ਕਿ ਕੁੱਲ 23,456 ਪਾਕਿਸਤਾਨੀ ਨਾਗਰਿਕ ਵਿਦੇਸ਼ੀ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ 12,156 ਕੈਦੀ ਸਾਊਦੀ ਅਰਬ ਵਿਚ ਕੈਦ ਹਨ। ਸਾਊਦੀ ਅਰਬ ਤੋਂ ਬਾਅਦ ਸੰਯੁਕਤ ਅਰਬ ਅਮੀਰਾਤ ਯੂਏਈ ਦੂਜੇ ਸਥਾਨ 'ਤੇ ਹੈ, ਜਿੱਥੇ 5292 ਪਾਕਿਸਤਾਨੀ ਜੇਲ੍ਹ ਦੀ ਸਜ਼ਾ ਕੱਟ ਰਹੇ ਹਨ। ਦੱਸਿਆ ਜਾ ਰਿਹਾ ਹੈ ਕਿ 400 ਪਾਕਿਸਤਾਨੀ ਚੀਨੀ ਜੇਲ੍ਹਾਂ ਵਿਚ ਵੀ ਕੈਦ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰ ਜਨਾਹ, ਡਕੈਤੀ ਅਤੇ ਕਤਲ ਵਰਗੇ ਗੰਭੀਰ ਅਪਰਾਧਾਂ ਦਾ ਦੋਸ਼ੀ ਪਾਇਆ ਗਿਆ ਹੈ। ਬਹਿਰੀਨ ਵਿਚ ਹਿਰਾਸਤ ਵਿਚ ਲਏ ਗਏ 450 ਪਾਕਿਸਤਾਨੀ ਨਾਗਰਿਕਾਂ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ, ਨਸ਼ੀਲੇ ਪਦਾਰਥ ਰੱਖਣ ਅਤੇ ਧੋਖਾਧੜੀ ਦੇ ਦੋਸ਼ਾਂ ਵਿਚ ਦੋਸ਼ੀ ਠਹਿਰਾਇਆ ਗਿਆ ਹੈ। ਇਸ ਦੌਰਾਨ ਅਫ਼ਗਾਨਿਸਤਾਨ ਨੇ 88 ਪਾਕਿਸਤਾਨੀ ਨਾਗਰਿਕਾਂ ਨੂੰ ਓਵਰ ਸਟੇਅ ਅਤੇ ਸੁਰੱਖਿਆ ਨਾਲ ਸਬੰਧਤ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਹੈ। ਇਸਲਾਮੀ ਦੇਸ਼ ਕਤਰ ਵਿਚ 338, ਓਮਾਨ ਵਿਚ 309 ਅਤੇ ਮਲੇਸ਼ੀਆ ਵਿਚ 255 ਪਾਕਿਸਤਾਨੀ ਵੱਖ ਵੱਖ ਅਪਰਾਧਾਂ ਲਈ ਸਜ਼ਾ ਭੁਗਤ ਰਹੇ ਹਨ। ਯੂਰਪ ਦੇ ਕਈ ਦੇਸ਼ਾਂ ਵਿਚ ਵੀ ਪਾਕਿਸਤਾਨੀ ਅਪਰਾਧੀਆਂ ਦੀ ਗਿਣਤੀ ਵੱਧ ਰਹੀ ਹੈ। ਫਰਾਂਸ ਵਿਚ 168 ਅਤੇ ਜਰਮਨੀ ਵਿਚ 94 ਪਾਕਿਸਤਾਨੀ ਜੇਲ੍ਹਾਂ ਵਿਚ ਹਨ। ਆਸਟਰੀਆ ਵਿਚ ਵੀ ਪਾਕਿਸਤਾਨੀਆਂ ਨੂੰ ਗੈਰ ਕਾਨੂੰਨੀ ਇਮੀਗ੍ਰੇਸ਼ਨ, ਮਨੁੱਖੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ, ਕਤਲ ਅਤੇ ਜਿਨਸੀ ਹਮਲੇ ਵਰਗੇ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਹੈ, ਹਾਲਾਂਕਿ ਗਿਣਤੀ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਨਾਰਵੇ ਵਿਚ 3, ਫਿਨਲੈਂਡ ਵਿਚ 2, ਕੈਨੇਡਾ ਵਿਚ 9 ਅਤੇ ਡੈਨਮਾਰਕ ਵਿਚ 27 ਪਾਕਿਸਤਾਨੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਹੈ।

# ਮੋਦੀ ਵੱਲੋਂ ਬਾਈਡਨ ਦੀ ਸਿਹਤਯਾਬੀ ਲਈ ਅਰਦਾਸ

## ☛ ਜੋਅ ਬਾਈਡਨ ਜੂਝ ਰਹੇ ਨੇ ਪ੍ਰੋਸਟੇਟ ਕੈਂਸਰ ਨਾਲ



ਨਵੀਂ ਦਿੱਲੀ, 20 ਮਈ (ਚ.ਨ.ਸ): ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜੋਅ ਬਾਈਡਨ ਇਸ ਸਮੇਂ ਗੰਭੀਰ ਪ੍ਰੋਸਟੇਟ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੇ ਹਨ। ਉਨ੍ਹਾਂ ਦੇ ਡਾਕਟਰਾਂ ਨੇ ਦੱਸਿਆ ਕਿ ਇਹ ਤੇਜ਼ੀ ਨਾਲ ਫੈਲਣ ਵਾਲਾ ਹੈ, ਜ਼ਿਕਰਯੋਗ ਹੈ ਕਿ 2015 ਵਿਚ ਉਨ੍ਹਾਂ ਦੇ ਬੇਟੇ ਬਿਊ ਦੀ ਕੈਂਸਰ ਕਾਰਨ ਮੌਤ ਹੋ ਗਈ ਸੀ। ਹੁਣ 10 ਸਾਲ ਬਾਅਦ ਸਾਬਕਾ ਰਾਸ਼ਟਰਪਤੀ ਬਾਈਡਨ ਕੈਂਸਰ ਨਾਲ ਗ੍ਰਸਤ ਹਨ। ਉਥੇ ਹੀ ਉਨ੍ਹਾਂ ਦੀ ਤਬੀਅਤ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਡੂੰਘੀ ਚਿੰਤਾ ਜਤਾਈ ਹੈ। ਮੋਦੀ ਨੇ 'ਐਕਸ' 'ਤੇ ਟਵੀਟ ਕਰਕੇ ਕਿਹਾ ਕਿ ਜੋਅ ਬਾਈਡਨ ਦੀ ਸਿਹਤ ਬਾਰੇ ਸੁਣ ਕੇ ਬਹੁਤ ਚਿੰਤਤ ਹਾਂ, ਮੈਂ ਉਨ੍ਹਾਂ ਦੇ ਜਲਦ ਸਿਹਤਯਾਬ ਹੋਣ ਦੀ ਕਾਮਨਾ ਕਰਦਾ ਹਾਂ, ਸਾਡੀਆਂ ਸੰਵੇਦਨਾਵਾਂ ਡਾ. ਜਿਲ ਬਾਈਡਨ ਤੇ ਉਨ੍ਹਾਂ ਦੇ ਪਰਿਵਾਰ ਨਾਲ ਹਨ। ਦਰਅਸਲ ਪਿਛਲੇ ਹਫਤੇ ਬਾਈਡਨ 'ਚ ਯੂਰੀਨ ਸਬੰਧੀ ਸਮੱਸਿਆਵਾਂ ਵੇਖੀਆਂ ਗਈਆਂ ਸਨ, ਜਾਂਚ ਵਿਚ ਉਨ੍ਹਾਂ ਦੇ ਪ੍ਰੋਸਟੇਟ ਵਿਚ ਇਕ ਗੰਢ ਪਾਈ ਗਈ ਅਤੇ ਫਿਰ ਉਨ੍ਹਾਂ ਨੂੰ ਪ੍ਰੋਸਟੇਟ ਕੈਂਸਰ ਦੀ ਪੁਸ਼ਟੀ ਹੋਈ। ਇਹ ਕੈਂਸਰ ਹੱਡੀਆਂ ਤਕ ਫੈਲ ਚੁੱਕਿਆ ਹੈ ਅਤੇ ਇਸ ਨੂੰ ਕਾਫੀ ਗੰਭੀਰ ਮੰਨਿਆ ਜਾ ਰਿਹਾ ਹੈ। ਅਜਿਹੇ ਵਿਚ ਬਾਈਡਨ ਤੇ ਉਨ੍ਹਾਂ ਦੇ ਪਰਿਵਾਰ ਦੇ ਮੈਂਬਰ ਡਾਕਟਰਾਂ ਨਾਲ ਇਲਾਜ ਦੇ ਵਿਕਲਪਾਂ 'ਤੇ ਵਿਚਾਰ ਕਰ ਰਹੇ ਹਨ।

# ਦੋ ਵਿਦਿਆਰਥੀਆਂ ਦਾ ਗਲਾ ਵੱਢ ਕੇ ਕਤਲ

ਕੈਥਲ, 20 ਮਈ (ਚ.ਨ.ਸ): ਪਿੰਡ ਘਨੌਰ ਵਿਚ ਦੋ ਸਕੂਲੀ ਵਿਦਿਆਰਥੀਆਂ ਦਾ ਗਲਾ ਵੱਢ ਕੇ ਕਤਲ ਕਰ ਦਿੱਤਾ ਗਿਆ। ਦੋਵੇਂ ਮ੍ਰਿਤਕ ਪ੍ਰਿੰਸ ਤੇ ਅਰਮਾਨ ਪਿੰਡ ਬਰਟਾ ਦੇ ਨਿਵਾਸੀ ਸਨ। ਅਰਮਾਨ ਪੰਜ ਭੈਣਾਂ ਦਾ ਇਕਲੌਤਾ ਭਰਾ ਸੀ। ਪਿੰਡ ਦੇ ਬਾਹਰ ਘਨੌਰੀ ਨਾਲੇ ਕੋਲ ਦੋਵਾਂ ਦੀਆਂ ਖੂਨ ਨਾਲ ਲਥਪਥ ਲਾਸ਼ਾਂ ਮਿਲੀਆਂ। ਦੋਵੇਂ ਗੂੜ੍ਹੇ ਮਿੱਤਰ ਸਨ ਤੇ ਇਕ 10ਵੀਂ ਅਤੇ ਦੂਜਾ 9ਵੀਂ ਦਾ ਵਿਦਿਆਰਥੀ ਸੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਐਸ ਪੀ ਆਸਥਾ ਮੋਦੀ ਪੁਲਿਸ ਸਮੇਤ ਮੌਕੇ ਉਤੇ ਪਹੁੰਚੇ। ਪੁਲਿਸ ਨੇ ਕੁਝ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਹੈ। ਪਰਿਵਾਰ ਮੈਂਬਰਾਂ ਅਨੁਸਾਰ ਪ੍ਰਿੰਸ ਤੇ ਅਰਮਾਨ ਸ਼ਾਮ ਨੂੰ ਘੁੰਮਣ ਲਈ ਨਿਕਲੇ ਸਨ, ਪਰ ਦੇਰ ਰਾਤ ਤੱਕ ਘਰ ਨਹੀਂ ਆਏ। ਪਰਿਵਾਰ ਮੈਂਬਰ ਸਾਰੀ ਰਾਤ ਉਨ੍ਹਾਂ ਨੂੰ ਲੱਭਦੇ ਰਹੇ ਅਤੇ ਅੱਜ ਨਾਲੇ ਕੋਲ ਦੋਵਾਂ ਦੀਆਂ ਲਾਸ਼ਾਂ ਮਿਲੀਆਂ। ਲਾਸ਼ਾਂ ਨੂੰ ਵੇਖ ਕੇ ਲੱਗ ਰਿਹਾ ਸੀ ਕਿ ਉਨ੍ਹਾਂ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਹੈ। ਲਾਸ਼ਾਂ ਤੋਂ ਕੁਝ ਦੂਰੀ 'ਤੇ ਲੋਹੇ ਦੀ ਪਾਈਪ, ਮੋਟਰਸਾਈਕਲ ਦੀ ਚੇਨ, ਦੋ ਮੋਬਾਇਲ ਫੋਨ ਤੇ ਚੱਪਲਾਂ ਮਿਲੀਆਂ ਹਨ। ਪੁਲਿਸ ਨੇ ਲਾਸ਼ਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਮਾਮਲੇ ਦੀ ਜਾਂਚ ਜਾਰੀ ਹੈ।

# ਦੇਸ਼ ਭਗਤ ਯੂਨੀਵਰਸਿਟੀ ਨੇ ਕੱਢੀ 'ਰਾਸ਼ਟਰ ਪ੍ਰਥਮ' ਜਾਗਰੂਕਤਾ ਰੈਲੀ




ਮੰਡੀ ਗੋਬਿੰਦਗੜ੍ਹ, 20 ਮਈ (ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਐਨਐਸਐਸ ਸੈੱਲ ਵੱਲੋਂ 'ਰਾਸ਼ਟਰ ਪ੍ਰਥਮ' ਵਿਸ਼ੇ 'ਤੇ ਪ੍ਰਭਾਵਸ਼ਾਲੀ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਦਾ ਉਦੇਸ਼ ਨੌਜਵਾਨਾਂ ਵਿੱਚ ਖਾਸ ਕਰਕੇ ਦੇਸ਼ ਭਗਤੀ ਅਤੇ ਰਾਸ਼ਟਰੀ ਏਕਤਾ ਦੀ ਡੂੰਘੀ ਭਾਵਨਾ ਪੈਦਾ ਕਰਨਾ ਸੀ। ਇਹ ਰੈਲੀ ਯੂਨੀਵਰਸਿਟੀ ਕੈਂਪਸ ਤੋਂ ਸ਼ੁਰੂ ਹੋ ਕੇ ਪਿੰਡ ਸੌਂਟੀ ਵਿਖੇ ਸਮਾਪਤ ਹੋਈ, ਜਿਸ ਵਿਚ ਵੱਡੀ ਗਿਣਤੀ ਵਿੱਚ ਵਿਦਿਆਰਥੀ, ਫ਼ੈਕਲਟੀ, ਸਟਾਫ਼ ਤੇ ਲੋਕਾਂ ਨੇ ਭਾਗ ਲਿਆ ਤੇ 'ਭਾਰਤ ਮਾਤਾ ਕੀ ਜੈ' ਵਰਗੇ ਦੇਸ਼ ਭਗਤੀ ਦੇ ਨਾਅਰੇ ਲਗਾਏ ਅਤੇ ਰਾਸ਼ਟਰੀ ਮਾਣ, ਏਕਤਾ ਅਤੇ ਨਾਗਰਿਕ ਜ਼ਿੰਮੇਵਾਰੀ ਨੂੰ ਉਤਸ਼ਾਹਿਤ ਕਰਨ ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਰੈਲੀ ਨੂੰ ਚਾਂਸਲਰ ਡਾ. ਜ਼ੋਰਾ ਸਿੰਘ ਅਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ, ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ, ਡਾ. ਸੁਰਜੀਤ ਪਥੇਜਾ, ਡਾਇਰੈਕਟਰ ਮੀਡੀਆ ਅਤੇ ਫੈਕਲਟੀ ਮੈਂਬਰ ਮੌਜੂਦ ਸਨ। ਸਮਾਪਤੀ ਮੌਕੇ ਡਾ. ਸਦਾਵਰਤੀ ਨੇ ਧੰਨਵਾਦ ਕਰਦਿਆਂ ਇੱਕ ਮਜ਼ਬੂਤ ਤੇ ਸੰਯੁਕਤ ਭਾਰਤ ਦੇ ਨਿਰਮਾਣ ਵਿੱਚ ਸਮੂਹਿਕ ਰਾਸ਼ਟਰੀ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

# ਯੁੱਧ ਨਸ਼ਿਆਂ ਵਿਰੁੱਧ ਸਰਾਹੁਣਯੋਗ ਕਦਮ: ਨਿਰਭੈ ਮਾਲੋਵਾਲ

ਅਮਲੋਹ, 20 ਮਈ (ਜਸਵੰਤ ਸਿੰਘ): ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਚਲਾਈ ਜੰਗ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਹਨਾਂ ਗੱਲਾਂ ਦਾ ਪ੍ਰਗਟਾਵਾ ਈਟੀਟੀ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਮਾਲੋਵਾਲ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਹ ਨਿਵੇਕਲਾ ਕਦਮ ਚੁੱਕਿਆ ਗਿਆ ਹੈ, ਜਿਸ ਦੇ ਤਹਿਤ ਵੱਟਸਐਪ ਨੰਬਰ ਵੀ ਜਾਰੀ ਕੀਤਾ ਹੈ ਅਤੇ ਨਸ਼ਾ ਤਸਕਰਾਂ ਦੇ ਘਰਾਂ ਉਪਰ ਬੁਲਡੋਜ਼ਰ ਚਲਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਇਹ ਜੰਗ ਏਦਾਂ ਹੀ ਜਾਰੀ ਰਹਿੰਦੀ ਹੈ ਤਾਂ ਉਹ ਦਿਨ ਦੂਰ ਨਹੀਂ ਜਿਸ ਦਿਨ ਪੰਜਾਬ ਮੁੜ ਸੋਨੇ ਦੀ ਚਿੜੀ ਬਣ ਜਾਵੇਗਾ ਅਤੇ ਉਡਤਾ ਪੰਜਾਬ ਜਿਹੀ ਫਿਲਮ ਬਣਾਉਣ ਵਾਲਿਆਂ ਦੇ ਮੂੰਹ 'ਤੇ ਵੱਡੀ ਚਪੇੜ ਵਜੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨੌਜਵਾਨ ਨਸ਼ੇ ਦੀ ਦਲਦਲ ਵਿੱਚ ਫਸ ਚੁੱਕਿਆ ਹੈ ਤਾਂ ਉਸ ਲਈ ਫਰੀ ਓਟ ਸੈਂਟਰ ਖੋਲ੍ਹੇ ਗਏ ਜਿਨ੍ਹਾਂ ਵਿੱਚ ਛੇ ਮਹੀਨੇ ਤੱਕ ਦੀ ਦਵਾਈ ਹਮੇਸ਼ਾ ਰਹਿੰਦੀ ਹੈ ਅਤੇ ਨੌਜਵਾਨਾਂ ਨੂੰ ਪੁਨਰਵਾਸ ਕਰਨ ਲਈ ਸਰਕਾਰ ਸਹਾਇਤਾ ਕਰਦੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਥੇ ਸਰਕਾਰ ਆਪਣੇ ਤੌਰ 'ਤੇ ਉਪਰਾਲੇ ਕਰ ਰਹੀ ਹੈ ਉਥੇ ਸਾਨੂੰ ਵੀ ਇਸ ਮੁਹਿੰਮ ਵਿਚ ਸਰਕਾਰ ਦਾ ਸਾਥ ਬਿਨਾਂ ਦਬਾਅ ਤੋਂ ਦੇਣਾ ਚਾਹੀਦਾ ਹੈ ਅਤੇ ਨਸ਼ਾ ਤਸਕਰਾਂ ਬਾਰੇ ਪ੍ਰਸ਼ਾਸਨ ਨੂੰ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਜੋ ਨਸ਼ਿਆਂ ਦੀ ਦੱਲਦਲ ਨੂੰ ਹਮੇਸ਼ਾ ਲਈ ਖਤਮ ਕੀਤਾ ਜਾ ਸਕੇ।



# ਲੋਕਾਂ ਦੀ ਭਾਗੀਦਾਰੀ ਨਾਲ ਨਸ਼ਾ ਮੁਕਤੀ ਯਾਤਰਾ ਸਫਲਤਾ ਵੱਲ ਵੱਧ ਰਹੀ ਹੈ: ਗੈਰੀ ਬੜਿੰਗ




ਅਮਲੋਹ, 20 ਮਈ (ਜਸਵੰਤ ਸਿੰਘ): ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਸ਼ਹਿਰ ਦੇ ਵਾਰਡ ਨੰਬਰ 6 ਅਤੇ 10 ਸਮੇਤ ਅੱਧੀ ਦਰਜਨ ਦੇ ਕਰੀਬ ਵਾਰਡਾਂ ਵਿਚ ਸਰਕਾਰ ਵਲੋਂ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਜਾਗਰੂਕਤਾ ਸਮਾਗਮ ਕਰਕੇ ਲੋਕਾਂ ਨੂੰ ਨਸ਼ਿਆਂ ਖਿਲਾਫ਼ ਜਾਗਰੂਕ ਕਰਦੇ ਹੋਏ ਨਸ਼ੇ ਨਾ ਕਰਨ ਦੀ ਸਹੁੰ ਚੁਕਵਾਈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਦੀ ਕਾਮਯਾਬੀ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਜੇਕਰ ਕੋਈ ਨਸ਼ੇ ਦਾ ਕਾਰੋਬਾਰ ਕਰਦਾ ਹੈ ਤਾਂ ਉਸ ਦੀ ਇਤਲਾਹ ਦਿੱਤੀ ਜਾਵੇ ਜਿਸ ਦਾ ਨਾਮ ਪਤਾ ਗੁਪਤ ਰਖਿਆ ਜਾਵੇਗਾ। ਉਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਵੱਲ ਵਿਸ਼ੇਸ਼ ਧਿਆਨ ਦੇਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਰਕਾਰ ਦੀ ਨੀਅਤ ਪੂਰੀ ਤਰ੍ਹਾਂ ਸਾਫ ਹੈ ਅਤੇ ਹਰੇਕ ਮੰਚ ਤੋਂ ਇੱਕੋ ਹੀ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਨਸ਼ਿਆਂ ਦਾ ਕਾਲਾ ਕਾਰੋਬਾਰ ਕਰਨ ਵਾਲੇ ਲੋਕ ਜਾਂ ਤਾਂ ਨਸ਼ਿਆਂ ਦਾ ਧੰਦਾ ਛੱਡ ਦੇਣ ਜਾਂ ਫਿਰ ਪੰਜਾਬ ਛੱਡ ਜਾਣ। ਇਸ ਮੌਕੇ ਹਲਕਾ ਅਮਲੋਹ ਦੇ ਕੋਆਰਡੀਨੇਟਰ ਇਕਬਾਲ ਸਿੰਘ ਰਾਏ, ਨਗਰ ਕੌਂਸਲ ਦੇ ਪ੍ਰਧਾਨ ਸਿਕੰਦਰ ਸਿੰਘ ਗੋਗੀ, ਸੀਨੀਅਰ ਮੀਤ ਪ੍ਰਧਾਨ ਵਿੱਕੀ ਮਿੱਤਲ, ਮਾਰਕੀਟ ਕਮੇਟੀ ਦੀ ਚੇਅਰਪਰਸਨ ਸੁਖਵਿੰਦਰ ਕੌਰ ਗਹਿਲੋਤ, ਸਨੀ ਮਾਹੀ, ਥਾਣਾ ਮੁਖੀ ਬਲਜਿੰਦਰ ਸਿੰਘ, ਕਾਰਜਸਾਧਕ ਅਫ਼ਸਰ ਬਲਜਿੰਦਰ ਸਿੰਘ, ਜੱਗਾ ਭੋਲੀਆਂ, ਮੀਤ ਪ੍ਰਧਾਨ ਜਗਤਾਰ ਸਿੰਘ, ਲਵਪ੍ਰੀਤ ਸਿੰਘ ਲਵੀ, ਹਰਚੰਦ ਸਿੰਘ, ਬੰਤ ਸਿੰਘ ਅਤੇ ਮੋਨੀ ਪੰਡਤ ਆਦਿ ਹਾਜ਼ਰ ਸਨ।

# 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਦੇ ਸਮਰੱਥ: ਵਿਧਾਇਕ ਰਾਏ



ਫ਼ਤਹਿਗੜ੍ਹ ਸਾਹਿਬ, 20 ਮਈ (ਹਰਪ੍ਰੀਤ ਕੌਰ ਟਿਵਾਣਾ): ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਅੱਜ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਕੀਤੇ ਜਾ ਰਹੇ ਵੱਖ ਵੱਖ ਉਪਰਾਲੇ, ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਦੇ ਸਮਰੱਥ ਹਨ। ਸਰਕਾਰੀ ਪ੍ਰਾਇਮਰੀ ਸਕੂਲ ਰੁੜਕੀ ਵਿਖੇ ਬੈਡਮਿੰਟਨ ਗਰਾਊਂਡ ਤੇ ਪਾਥਵੇ, ਚਾਰਦੀਵਾਰੀ ਦੀ ਮੁਰੰਮਤ ਸਮੇਤ ਹੋਰ ਕਾਰਜਾਂ ਦਾ ਉਦਘਾਟਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਸਰਕਾਰ ਹਰ ਸੰਭਵ ਯਤਨ ਕਰ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਕੂਲਾਂ ਵਿੱਚ ਜਿੱਥੇ ਉਸਾਰੂ ਵਿਦਿਅਕ ਮਾਹੌਲ ਪ੍ਰਦਾਨ ਕੀਤਾ ਜਾ ਰਿਹਾ ਹੈ, ਉੱਥੇ ਨਾਲ ਹੀ ਖੇਡਾਂ ਲਈ ਲੋੜੀਂਦੀਆਂ ਸੁਵਿਧਾਵਾਂ ਵੀ ਉਪਲਬਧ ਕਰਵਾਈਆਂ ਜਾ ਰਹੀਆਂ ਹਨ ਤਾਂ ਕਿ ਵਿਦਿਆਰਥੀ ਖੇਡ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਸਰੀਰਕ ਤੇ ਮਾਨਸਿਕ ਤੌਰ 'ਤੇ ਤੰਦਰੁਸਤ ਰਹਿ ਸਕਣ। ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸਕੂਲਾਂ ਦੇ ਮੁਖੀਆਂ ਨੂੰ ਇਹ ਵੀ ਹਦਾਇਤ ਕੀਤੀ ਜਾ ਰਹੀ ਹੈ ਕਿ ਉਹ ਸਕੂਲਾਂ ਵਿੱਚ ਚੌਗਿਰਦੇ ਨੂੰ ਹਰਿਆਵਲ ਭਰਪੂਰ ਬਣਾਉਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਉਹਨਾਂ ਬੂਟਿਆਂ ਦੀ ਨਿਯਮਤ ਦੇਖਭਾਲ ਯਕੀਨੀ ਬਣਾਉਣ। ਉਹਨਾਂ ਕਿਹਾ ਕਿ ਵਿਕਾਸ ਕਾਰਜਾਂ ਦੇ ਉਦਘਾਟਨੀ ਸਮਾਗਮਾਂ ਦੌਰਾਨ ਇਹ ਵੀ ਦੇਖਣ ਵਿੱਚ ਆ ਰਿਹਾ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀ ਸੱਭਿਆਚਾਰਕ ਗਤੀਵਿਧੀਆਂ ਵਿੱਚ ਵੀ ਬਹੁਤ ਉਤਸ਼ਾਹ ਨਾਲ ਭਾਗ ਲੈਂਦੇ ਹਨ ਜੋ ਕਿ ਸ਼ਲਾਘਾਯੋਗ ਉਪਰਾਲਾ ਹੈ। ਉਹਨਾਂ ਕਿਹਾ ਕਿ ਮਿਹਨਤੀ ਅਤੇ ਤਜਰਬੇਕਾਰ ਅਧਿਆਪਕਾਂ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਦੀ ਸਮੁੱਚੀ ਕਾਰਗੁਜ਼ਾਰੀ ਵਿੱਚ ਲਗਾਤਾਰ ਵੱਡਾ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਸਰਪੰਚ ਅਰਸ਼ ਰੁੜਕੀ, ਤਰਸੇਮ ਉੱਪਲ, ਰਾਜੇਸ਼ ਉੱਪਲ, ਰਾਜਦੀਪ ਰਾਜੂ, ਗੁਰਪ੍ਰੀਤ ਭਿੰਡਰ, ਸੈਕਟਰੀ ਮਨਵੀਰ, ਸਨੀ ਚੋਪੜਾ, ਮਾਨਵ ਟਿਵਾਣਾ, ਸਤੀਸ਼ ਲਟੌਰ, ਗੁਰਮੇਲ ਸਿੰਘ, ਜਿੰਦੂ ਚਨਾਰਥਲ, ਬੱਗਾ ਨਲੀਨੀ, ਭਰਪੂਰ ਸਿੰਘ ਸਮੇਤ ਪਿੰਡ ਦੇ ਵਸਨੀਕ, ਅਧਿਆਪਕ ਤੇ ਵਿਦਿਆਰਥੀ ਹਾਜ਼ਰ ਸਨ।

# ਫਿਰੋਜ਼ਪੁਰ ਛਾਉਣੀ ਸਥਿਤ ਜੈਨ ਭਵਨ ਵਿਖੇ 24 ਤੋਂ ਸ਼ੁਰੂ ਹੋਵੇਗਾ ਸ਼੍ਰੀਮਦ ਭਾਗਵਤ ਸਪਤਾਹ ਗਿਆਨ ਯੱਗ: ਗੌਰਵ ਗੌੜ ਜੌਲੀ

ਜ਼ੀਰਾ, 20 ਮਈ (ਦੀਪਕ ਭਾਰਗੋ): ਸ਼੍ਰੀਮਦ ਭਾਗਵਤ ਸਪਤਾਹ ਗਿਆਨ ਯੱਗ ਦਾ ਆਯੋਜਨ 24 ਮਈ ਨੂੰ ਫਿਰੋਜ਼ਪੁਰ ਛਾਉਣੀ ਦੇ ਖਾਲਸਾ ਗੁਰਦੁਆਰਾ ਦੇ ਨਜ਼ਦੀਕ ਜੈਨ ਭਵਨ ਵਿੱਚ ਸ਼ੁਰੂ ਹੋਵੇਗਾ ਜੋ 30 ਮਈ ਤੱਕ ਜਾਰੀ ਰਹੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼ਿਵ ਸ਼ਕਤੀ ਯੋਗ ਮਿਸ਼ਨ ਦੇ ਪ੍ਰਧਾਨ ਅਸ਼ੋਕ ਪਲਤਾ, ਜਰਨਲ ਸਕੱਤਰ ਓਮ ਪ੍ਰਕਾਸ਼ ਪੁਰੀ, ਖਜ਼ਾਨਚੀ ਜੁਗਲ ਕਿਸ਼ੋਰ, ਗੁਲਸ਼ਨ ਸ਼ਰਮਾ, ਜਨਕ ਰਾਜ ਝਾਂਬ ਨੇ ਦੱਸਿਆ ਕਿ ਸ਼੍ਰੀਮਦ ਭਾਗਵਤ ਸੱਤਾ ਗਿਆਨ ਯੱਗ ਦਾ ਆਯੋਜਨ ਸ਼੍ਰੀ ਬਿਹਾਰੀ ਜੀ ਮੰਦਰ ਵੈਲਫੇਅਰ ਸੁਸਾਇਟੀ ਅਤੇ ਬਜ਼ਾਰ ਨੰ. 5, ਫਿਰੋਜ਼ਪੁਰ ਛਾਉਣੀ ਅਤੇ ਸਮੂਹ ਨਿਵਾਸੀਆਂ ਵੱਲੋਂ ਕਰਵਾਇਆ ਜਾ ਰਿਹਾ ਹੈ। ਇਸ ਦੌਰਾਨ ਸ੍ਰੀ ਸ੍ਰੀ 1008 ਆਚਾਰੀਆ ਮਹਾਂਮੰਡਲੇਸ਼ਵਰ ਸਵਾਮੀ ਆਤਮਾਨੰਦ ਪੁਰੀ ਜੀ ਮਹਾਰਾਜ (ਜ਼ੀਰਾ /ਹਰਿਦੁਆਰ) ਵਾਲੇ ਕਥਾ ਕਰਨਗੇ। ਇਸ ਪ੍ਰੋਗਰਾਮ ਦੌਰਾਨ ਸੁਆਮੀ ਆਤਮਾ ਨੰਦ ਪੁਰੀ ਜੀ ਮਹਾਰਾਜ 24 ਤੋਂ 30 ਮਈ ਤੱਕ, ਸ਼ਾਮ 4:15 ਵਜੇ ਤੋਂ 7:15 ਵਜੇ ਤੱਕ, ਕਥਾ ਸੁਣਾਉਣਗੇ ਅਤੇ 27 ਮਈ ਨੂੰ ਸ਼੍ਰੀ ਕ੍ਰਿਸ਼ਨ ਦਾ ਜਨਮ ਅਤੇ 29 ਮਈ ਨੂੰ ਰੁਕਮਣੀ ਦਾ ਵਿਆਹ ਆਕਰਸ਼ਣ ਦੇ ਵਿਸ਼ੇਸ਼ ਕੇਂਦਰ ਹੋਣਗੇ ਅਤੇ 30 ਮਈ ਨੂੰ ਸਵੇਰੇ 11:30 ਵਜੇ ਤੋਂ ਭਗਵਾਨ ਦੀ ਇੱਛਾ ਤੱਕ, ਹਵਨ ਯੱਗ ਅਤੇ ਭੰਡਾਰੇ ਦਾ ਆਯੋਜਨ ਕੀਤਾ ਜਾਵੇਗਾ।

# ਵਿਧਾਇਕ ਰਜਨੀਸ਼ ਦਹੀਯਾ ਵੱਲੋਂ ਵੱਖ-ਵੱਖ ਸਰਕਾਰੀ ਸਕੂਲਾਂ 'ਚ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ

ਫ਼ਿਰੋਜ਼ਪੁਰ, 20 ਮਈ (ਤਿਵਾੜੀ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਅਤਿ-ਆਧੁਨਿਕ ਬੁਨਿਆਦੀ ਢਾਂਚੇ ਨੂੰ ਯਕੀਨੀ ਬਣਾ ਕੇ ਰਾਜ ਦੀ ਸਿੱਖਿਆ ਪ੍ਰਣਾਲੀ ਦੀ ਨੁਹਾਰ ਬਦਲਣ ਦੇ ਉਦੇਸ਼ ਨਾਲ ਕੀਤੇ ਜਾ ਰਹੇ ਯਤਨਾਂ ਤਹਿਤ ਫ਼ਿਰੋਜ਼ਪੁਰ ਦਿਹਾਤੀ ਹਲਕੇ ਦੇ ਵਿਧਾਇਕ ਰਜਨੀਸ਼ ਦਹੀਯਾ ਨੇ ਅੱਜ ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਚੰਗਾਲੀ ਜਦੀਦ, ਸਰਕਾਰੀ ਮਿਡਲ ਸਕੂਲ ਸੱਦੂ ਸ਼ਾਹ ਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਰੁਕਣ ਸ਼ਾਹ ਵਾਲਾ ਵਿਖੇ ਵਿਕਾਸ ਪ੍ਰਾਜੈਕਟਾਂ ਦੇ ਉਦਘਾਟਨ ਕੀਤੇ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਘੱਲ ਖੁਰਦ ਅੰਮ੍ਰਿਤਪਾਲ ਸਿੰਘ ਬਰਾੜ ਹਾਜ਼ਰ ਸਨ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਅਤੇ ਸਿੱਖਿਆ ਮੰਤਰੀ ਸ. ਹਰਜੋਤ ਸਿੰਘ ਬੈਂਸ ਦੇ ਯਤਨਾਂ ਨਾਲ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੀ ਨੁਹਾਰ ਬਦਲਣ ਅਤੇ ਸੂਬੇ ਵਿੱਚ ਵਿਦਿਅਕ ਮਿਆਰਾਂ ਨੂੰ ਉੱਚਾ ਚੁੱਕਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ 'ਪੰਜਾਬ ਸਿੱਖਿਆ ਕ੍ਰਾਂਤੀ' ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਪ੍ਰਾਪਤ ਕਰਨ ਵਾਲੇ ਲੋੜਵੰਦ ਅਤੇ ਆਮ ਘਰਾਂ ਦੇ ਬੱਚੇ ਵੀ ਵਿਸ਼ਵ ਪੱਧਰੀ ਮੁਕਾਬਲੇ ਦੇ ਇਸ ਯੁੱਗ ਵਿੱਚ ਆਪਣਾ ਅਹਿਮ ਸਥਾਨ ਬਣਾ ਸਕਣ। ਉਨ੍ਹਾਂ ਕਿਹਾ ਕਿ ਹੁਣ ਸਰਕਾਰੀ ਸਕੂਲ ਆਧੁਨਿਕ ਸਹੂਲਤਾਂ ਨਾਲ ਲੈਸ ਹਨ, ਜਿਸ ਵਿੱਚ ਹਾਈ-ਸਪੀਡ ਵਾਈ-ਫਾਈ ਕਨੈਕਸ਼ਨ, ਪੀਣ ਵਾਲਾ ਸਾਫ਼ ਪਾਣੀ, ਲੜਕੇ ਅਤੇ ਲੜਕੀਆਂ ਲਈ ਵੱਖਰੇ ਪਖਾਨੇ, ਚਾਰਦੀਵਾਰੀ, ਸਮਾਰਟ ਕਲਾਸਰੂਮ, ਏਕੀਕ੍ਰਿਤ ਵਿਗਿਆਨ ਲੈਬਾਂ, ਇੰਟਰਐਕਟਿਵ ਪੈਨਲ, ਖੇਡ ਦੇ ਮੈਦਾਨ ਅਤੇ ਆਧੁਨਿਕ ਫਰਨੀਚਰ ਸ਼ਾਮਲ ਹੈ। ਇਸ ਮੌਕੇ ਪਲਵਿੰਦਰ ਸਿੰਘ ਬਰਾੜ ਹਲਕਾ ਕੋਆਰਡੀਨੇਟਰ, ਰੁਪਿੰਦਰ ਕੌਰ ਸ਼ੇਰਖਾ ਨੋਡਲ ਅਫਸਰ, ਪਰਮਜੀਤ ਸਿੰਘ ਜੰਮੂ, ਤਲਵਿੰਦਰ ਸਿੰਘ ਖਾਲਸਾ, ਰੇਸ਼ਮ ਸਿੰਘ ਸਾਬਕਾ ਸਰਪੰਚ, ਨਿਸ਼ਾਨ ਸਿੰਘ ਖਾਰਾ, ਪਰਵਿੰਦਰ ਸਿੰਘ ਚੰਦੀ, ਲਖਵਿੰਦਰ ਸਿੰਘ ਹੈੱਡ ਟੀਚਰ, ਗੁਰਪ੍ਰੀਤ ਸਿੰਘ ਸੰਧੂ ਰੁਕਨਸ਼ਾਹ ਵਾਲਾ, ਸੁਖਚੈਨ ਸਿੰਘ ਸਰਪੰਚ, ਬਿੱਕਰ ਸਿੰਘ ਸਾਬਕਾ ਸਰਪੰਚ, ਰਣਜੀਤ ਸਿੰਘ, ਰੂੜ ਸਿੰਘ, ਕਾਬਲ ਸਿੰਘ, ਗੁਰਮੀਤ ਸਿੰਘ ਰੁਕਨਸ਼ਾਹ, ਬੂਟਾ ਸਿੰਘ, ਹਰਪਾਲ ਸਿੰਘ, ਜਤਿੰਦਰ ਸਿੰਘ, ਹੀਰਾ ਸਿੰਘ, ਸ਼ਮਸ਼ੇਰ ਸਿੰਘ ਬੌਸ ਕਾਦਾ ਬੋੜਾ, ਲਖਵਿੰਦਰ ਸਿੰਘ ਹਾਂਡਾ, ਮਨਜੀਤ ਸਿੰਘ ਸੇਖੋਂ, ਇੰਦਰਜੀਤ ਸਿੰਘ, ਹਰਪ੍ਰੀਤ ਸਿੰਘ ਸੇਖੋਂ, ਅਮਰਜੀਤ ਕੌਰ ਸੁਰ ਸਿੰਘ, ਕੁਲਦੀਪ ਕੌਰ ਫਰੀਦੇ ਵਾਲਾ ਹਾਜ਼ਰ ਸਨ।



# ਪਤਾਇਆ 2025 ਵਰਲਡ ਬੋਸ਼ੀਆ ਚੈਂਪੀਅਨਸ਼ਿਪ 'ਚ ਹਿੱਸਾ ਲੈਣ ਲਈ ਭਾਰਤ ਦੇ 4 ਖਿਡਾਰੀ ਪਹੁੰਚੇ

ਜੈਤੋ, 20 ਮਈ (ਸੰਜੀਵ ਗੋਇਲ/ਵਿਪਨ ਗੋਇਲ): ਪਤਾਇਆ 2025 ਵਰਲਡ ਬੋਸ਼ੀਆ ਏਸ਼ੀਆ-ਓਸ਼ੀਨੀਆ ਚੈਂਪੀਅਨਸ਼ਿਪ ਥਾਈਲੈਂਡ ਵਿਖੇ ਮਿਤੀ 19 ਮਈ ਤੋਂ 28 ਮਈ 2025 ਤੱਕ ਸ਼ਾਨੋ ਸ਼ੌਕਤ ਨਾਲ ਕਰਵਾਈ ਜਾ ਰਹੀ ਹੈ। ਬੋਸ਼ੀਆ ਫੈਡਰੇਸ਼ਨ ਆਫ ਇੰਡੀਆ ਪ੍ਰਧਾਨ ਜਸਪ੍ਰੀਤ ਸਿੰਘ ਧਾਲੀਵਾਲ ਅਤੇ ਜਨਰਲ ਸੈਕਟਰੀ ਸ਼ਮਿੰਦਰ ਸਿੰਘ ਢਿੱਲੋਂ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਅੰਤਰਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਕੁੱਲ 16 ਦੇਸ਼ਾਂ ਦੇ ਖਿਡਾਰੀ ਹਿੱਸਾ ਲੈਣ ਲਈ ਪਹੁੰਚੇ ਹੋਏ ਹਨ ਅਤੇ ਭਾਰਤ ਦੀ ਬੋਸ਼ੀਆ ਇੰਡੀਆ ਟੀਮ ਵੱਲੋਂ ਕੁੱਲ ਚਾਰ ਖਿਡਾਰੀ ਇਸ ਅੰਤਰਰਾਸ਼ਟਰੀ ਚੈਂਪੀਅਨਸ਼ਿਪ ਵਿੱਚ ਹਿੱਸਾ ਲੈਣ ਲਈ ਕੋਚ ਦਵਿੰਦਰ ਸਿੰਘ ਟਫੀ ਬਰਾੜ ਅਤੇ ਮੀਡੀਆ ਇੰਚਾਰਜ ਪ੍ਰਮੋਦ ਧੀਰ ਦੀ ਅਗਵਾਈ ਹੇਠ ਪਹੁੰਚੇ ਹੋਏ ਹਨ। ਜਿਨ੍ਹਾਂ ਵਿੱਚ ਬੀਸੀ-3 ਕੈਟੇਗਰੀ ਦੇ ਮੇਲ ਖਿਡਾਰੀ ਸਚਿਨ ਚਾਮਰੀਆ, ਫੀਮੇਲ ਕੈਟਾਗਰੀ ਦੀ ਅੰਜਲੀ ਦੇਵੀ ਅਤੇ ਬੀ ਸੀ-4 ਮੇਲ ਕੈਟਾਗਰੀ ਦੇ ਖਿਡਾਰੀ ਜਤਿਨ ਕੁਸ਼ਵਾ ਤੇ ਫੀਮੇਲ ਕੈਟੇਗਰੀ ਦੀ ਅੰਨਾਪੂਰਨਾ ਪਹੁੰਚੇ ਹੋਏ ਹਨ। ਇਹਨਾਂ ਸਾਰੇ ਖਿਡਾਰੀਆਂ ਦੀ ਚੋਣ ਬੋਸ਼ੀਆ ਇੰਡੀਆ ਵੱਲੋਂ ਭਾਰਤ ਵਿੱਚ ਕਰਵਾਈਆਂ ਗਈਆਂ ਬੋਸ਼ੀਆ ਨੈਸ਼ਨਲ ਚੈਂਪੀਅਨਸ਼ਿਪਸ ਅਤੇ ਨੈਸ਼ਨਲ ਟ੍ਰੇਨਿੰਗ ਕੈਂਪਾਂ ਵਿੱਚ ਵਧੀਆ ਪ੍ਰਦਰਸ਼ਨ ਕਰਕੇ ਹੋਈ ਹੈ। ਉਮੀਦ ਹੈ ਕਿ ਸਾਰੇ ਖਿਡਾਰੀ ਇਸ ਅੰਤਰਰਾਸ਼ਟਰੀ ਪੱਧਰ ਦੀ ਚੈਂਪੀਅਨਸ਼ਿਪ ਵਿੱਚ ਵੀ ਵਧੀਆ ਪ੍ਰਦਰਸ਼ਨ ਕਰਕੇ ਭਾਰਤ ਦਾ ਨਾਮ ਰੌਸ਼ਨ ਕਰਨਗੇ। ਇਸ ਮੌਕੇ ਬੋਸੀਆ ਇੰਡੀਆ ਦੇ ਚੇਅਰਮੈਨ ਅਸ਼ੋਕ ਬੇਦੀ ਅਤੇ ਅਹੁਦੇਦਾਰਾਂ ਜਗਰੂਪ ਸਿੰਘ ਸੂਬਾ ਬਰਾੜ, ਗੁਰਪ੍ਰੀਤ ਸਿੰਘ ਧਾਲੀਵਾਲ, ਡਾਕਟਰ ਰਮਨਦੀਪ ਸਿੰਘ, ਜਸਇੰਦਰ ਸਿੰਘ, ਅਮਨਦੀਪ ਸਿੰਘ ਆਦਿ ਨੇ ਭਾਰਤ ਦੇ ਸਾਰੇ ਖਿਡਾਰੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



# ਸੈਕਰਡ ਹਾਰਟ ਸਕੂਲ ਦਾ ਸਭ ਤੋਂ ਛੋਟਾ ਕਬੱਡੀ ਸਟਾਰ: ਕਰਮਨਜੋਤ ਸਿੰਘ

ਮੰਡੀ ਗੋਬਿੰਦਗੜ੍ਹ, 20 ਮਈ (ਸੂਦ): ਸੈਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ



ਜਲਾਲਪੁਰ ਦੇ ਸਮਰਪਿਤ ਪਹਿਲੀ ਜਮਾਤ ਦੇ ਕਰਮਨਜੋਤ ਸਿੰਘ ਨੇ ਧੰਨ ਧੰਨ ਬਾਬਾ ਅੱਤਰ ਦਾਸ ਜੀ ਕਬੱਡੀ ਕਲੱਬ ਭਮਾਰਸੀ ਜ਼ੇਰ ਵਿਖੇ 22 ਕਿਲੋਗ੍ਰਾਮ ਭਾਰ ਵਿਚ 'ਉਤਮ ਰੇਡਰ' ਦਾ ਖਿਤਾਬ ਜਿੱਤ ਕੇ ਆਪਣੇ ਭਾਈਚਾਰੇ ਦਾ ਮਾਣ ਵਧਾਇਆ। ਉਸਦੇ ਸ਼ਾਨਦਾਰ ਪ੍ਰਦਰਸ਼ਨ ਨੂੰ ਮਾਨਤਾ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਦਿਵਿਆ ਮਹਿਤਾ ਨੇ ਨਿੱਜੀ ਤੌਰ 'ਤੇ ਕਰਮਨਜੋਤ ਦਾ ਸਨਮਾਨ ਕਰਦੇ ਹੋਏ ਵਧਾਈ ਦਿੱਤੀ ਅਤੇ ਉਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕਰਦਿਆਂ ਹੋਰ ਵਿਦਿਆਰਥੀਆਂ ਨੂੰ ਵੀ ਸੇਧ ਲੈਣ ਦੀ ਅਪੀਲ ਕੀਤੀ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਜੇਪੀਐਸ ਜੌਲੀ, ਡਿਪਟੀ ਮੈਨੇਜਿੰਗ ਡਾਇਰੈਕਟਰ ਸਤਿੰਦਰਜੀਤ ਜੌਲੀ ਅਤੇ ਪ੍ਰੈਜੀਡੈਂਟ ਮਿਸ ਨਵੇਰਾ ਨੇ ਇਸ ਵਿਦਿਆਰਥੀ ਦੀ ਕਾਰਗੁਜ਼ਾਰੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਸ਼ੁਭਕਾਮਨਾਵਾਂ ਦਿੱਤੀਆਂ।

# ਸੁਖਨਾ ਝੀਲ ਦੇ ਵਿਕਾਸ ਲਈ ਆਈ.ਐੱਮ.ਪੀ. ਦਾ ਖਰੜਾ ਤਿਆਰ

ਚੰਡੀਗੜ੍ਹ,20 ਮਈ (ਚ. ਨ. ਸ.): ਯੂਟੀ ਪ੍ਰਸ਼ਾਸਨ ਨੇ ਸੁਖਨਾ ਝੀਲ ਦੇ ਵਿਕਾਸ ਲਈ ਪੰਜ ਸਾਲਾ ਏਕੀਕ੍ਰਿਤ ਪ੍ਰਬੰਧਨ ਯੋਜਨਾ (ਆਈਐੱਮਪੀ) ਦਾ ਖਰੜਾ ਤਿਆਰ ਕੀਤਾ ਹੈ। ਇਸ ਵਿੱਚ ਝੀਲ 'ਤੇ ਵੱਖ-ਵੱਖ ਗਤੀਵਿਧੀਆਂ ਕਰਨ ਲਈ ਜੰਗਲਾਤ ਵਿਭਾਗ, ਨਗਰ ਨਿਗਮ, ਇੰਜੀਨੀਅਰਿੰਗ ਵਿਭਾਗ, ਚੰਡੀਗੜ੍ਹ ਉਦਯੋਗਿਕ ਅਤੇ ਸੈਰ-ਸਪਾਟਾ ਵਿਕਾਸ ਨਿਗਮ (ਸਿਟਕੋ) ਸਣੇ ਵੱਖ-ਵੱਖ ਵਿਭਾਗਾਂ ਦੇ ਸੁਝਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇੰਜਨੀਅਰਿੰਗ ਵਿਭਾਗ ਨੇ ਝੀਲ ਵਿੱਚੋਂ ਗਾਦ ਘਟਾਉਣ ਅਤੇ ਕੈਚਮੈਂਟ ਖੇਤਰ ਨੂੰ ਹੋਰ ਵਧੀਆ ਬਣਾਉਣ ਬਾਰੇ ਜ਼ੋਰ ਦਿੱਤਾ ਗਿਆ ਹੈ। ਇਸ ਪੰਜ ਸਾਲਾ ਯੋਜਨਾ ਵਿੱਚ ਝੀਲ ਦੇ ਅਸਲ ਰੂਪ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ ਜਦੋਂਕਿ ਸੈਲਾਨੀਆਂ ਲਈ ਸਹੂਲਤਾਂ ਵਿੱਚ ਵਾਧਾ ਕੀਤਾ ਜਾਵੇਗਾ। ਯੂਟੀ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਕਿਹਾ ਕਿ ਯੋਜਨਾ ਦਾ ਖਰੜਾ ਜਲਦ ਹੀ ਪ੍ਰਸ਼ਾਸਕ ਦੀ ਅਗਵਾਈ ਵਾਲੀ ਸੁਖਨਾ ਵੈਟਲੈਂਡ ਅਥਾਰਟੀ ਦੇ ਸਾਹਮਣੇ ਪ੍ਰਵਾਨਗੀ ਲਈ ਪੇਸ਼ ਕੀਤਾ ਜਾਵੇਗਾ।



# ਸੂਬੇ ਦੇ 800 ਤੋਂ ਵੱਧ ਯੂ-ਟਿਊਬਰ ਤੇ ਟ੍ਰੈਵਲ ਬਲਾਗਰ ਪੁਲਿਸ ਦੇ ਨਿਸ਼ਾਨੇ 'ਤੇ

ਚੰਡੀਗੜ੍ਹ, 20 ਮਈ (ਚ.ਨ.ਸ.): ਪੰਜਾਬ ਦੇ ਯੂ-ਟਿਊਬਰਾਂ ਤੇ ਟ੍ਰੈਵਲ ਬਲਾਗਰਾਂ ਲਈ ਖ਼ਤਰੇ ਦੀ ਘੰਟੀ ਵੱਜ ਗਈ ਹੈ। ਦਰਅਸਲ ਸੂਬੇ ਦੇ 800 ਤੋਂ ਜ਼ਿਆਦਾ ਯੂ-ਟਿਊਬਰ ਅਤੇ ਟ੍ਰੈਵਲ ਬਲਾਗਰ ਪੁਲਿਸ ਦੇ ਨਿਸ਼ਾਨੇ 'ਤੇ ਹਨ। ਪੁਲਿਸ ਨੇ ਅਜਿਹੇ ਯੂ-ਟਿਊਬਰਾਂ ਤੇ ਟ੍ਰੈਵਲ ਬਲਾਗਰਾਂ ਨੂੰ ਨਿਸ਼ਾਨੇ 'ਤੇ ਲਿਆ ਹੈ, ਜਿਨ੍ਹਾਂ ਦੇ ਵੀਡੀਓ 'ਚ ਪਾਕਿਸਤਾਨ ਨਾਲ ਸਬੰਧਿਤ ਕੰਟੈਂਟ ਰਹਿੰਦਾ ਹੈ ਅਤੇ ਉਨ੍ਹਾਂ ਨੂੰ ਗੁਆਂਢੀ ਮੁਲਕ 'ਚ ਜ਼ਿਆਦਾ ਪਸੰਦ ਕੀਤਾ ਜਾਂਦਾ ਹੈ। ਸਿਰਫ ਇੰਨਾ ਹੀ ਨਹੀਂ, ਇਨ੍ਹਾਂ ਯੂ-ਟਿਊਬਰਾਂ ਤੇ ਟ੍ਰੈਵਲ ਬਲਾਗਰਾਂ ਵੱਲੋਂ ਸੂਬੇ ਦੇ ਸਰਹੱਦੀ ਇਲਾਕਿਆਂ ਤੋਂ ਲੈ ਕੇ ਧਾਰਮਿਕ ਸਥਾਨਾਂ, ਕਾਰੀਡੋਰ ਅਤੇ ਅਤਿ-ਸੰਵੇਦਨਸ਼ੀਲ ਫ਼ੌਜੀ ਟਿਕਾਣਿਆਂ ਦੇ ਨੇੜੇ ਟਿਕਾਣਿਆਂ 'ਤੇ ਵੀਡੀਓ ਸਾਂਝੀਆਂ ਕਰਦੇ ਹਨ। ਇਸ ਤਰ੍ਹਾਂ ਇਹ ਲੋਕ ਕੌਮੀ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ। ਇਸ ਲਈ ਪੰਜਾਬ ਪੁਲਿਸ ਹੁਣ ਉਕਤ ਅਜਿਹੇ ਲੋਕਾਂ ਖ਼ਿਲਾਫ਼ ਕਾਰਵਾਈ 'ਚ ਜੁੱਟ ਗਈ ਹੈ। ਪੰਜਾਬ ਦੇ ਡੀ. ਜੀ. ਪੀ. ਗੌਰਵ ਯਾਦਵ ਦਾ ਕਹਿਣਾ ਹੈ ਕਿ ਸਪੈਸ਼ਲ ਟੈਕਨੀਕਲ ਮਾਹਿਰਾਂ ਦੀ ਟੀਮ ਇਸ ਦੀ ਮਾਨੀਟਰਿੰਗ ਕਰ ਰਹੀ ਹੈ। ਇਕ ਹਿੰਦੀ ਅਖ਼ਬਾਰ ਦੀ ਖ਼ਬਰ ਮੁਤਾਬਕ ਪੰਜਾਬ ਪੁਲਿਸ ਨੇ ਇਸ ਸਾਲ 10 ਅਪ੍ਰੈਲ ਤੱਕ 121 ਸੋਸ਼ਲ ਮੀਡੀਆ ਅਕਾਊਂਟਾਂ ਨੂੰ ਬਲਾਕ ਕੀਤਾ ਹੈ, ਜੋ ਵਿਦੇਸ਼ ਬੈਠੇ ਗੈਂਗਸਟਰਾਂ ਨਾਲ ਜੁੜੀਆਂ ਪੋਸਟਾਂ ਅਤੇ ਉਨ੍ਹਾਂ ਦੇ ਨੈੱਟਵਰਕ ਵਿਚਕਾਰ ਇਕ ਤਰ੍ਹਾਂ ਦਾ ਡਾਟਾ ਸ਼ੇਅਰਿੰਗ ਅਤੇ ਗੱਲਬਾਤ ਦਾ ਮਾਧਿਅਮ ਬਣੇ ਹੋਏ ਸਨ। ਬੀਤੇ ਸਾਲ ਪੰਜਾਬ ਪੁਲਿਸ ਨੇ 483 ਸੋਸ਼ਲ ਮੀਡੀਆ ਅਕਾਊਂਟਾਂ ਨੂੰ ਬਲਾਕ ਕੀਤਾ ਸੀ, ਜੋ ਗੈਂਗਸਟਰਾਂ ਨਾਲ ਜੁੜੇ ਹੋਏ ਸਨ।

# ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਹਾਈਕੋਰਟ 'ਚ ਸੁਣਵਾਈ

## ☛ਬੀ.ਬੀ.ਐੱਮ.ਬੀ. ਨੇ ਦਾਇਰ ਕੀਤਾ ਜਵਾਬ

ਚੰਡੀਗੜ੍ਹ,20 ਮਈ (ਚ. ਨ. ਸ.): ਪਾਣੀਆਂ ਦੇ ਮੁੱਦੇ 'ਤੇ ਬੀ. ਬੀ. ਐੱਮ. ਬੀ. ਨੂੰ ਲੈ ਕੇ ਅੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ 'ਚ ਸੁਣਵਾਈ ਹੋਈ। ਇਸ ਦੌਰਾਨ ਅਦਾਲਤ 'ਚ ਕੇਂਦਰ ਸਰਕਾਰ, ਹਰਿਆਣਾ ਸਰਕਾਰ ਅਤੇ ਬੀ. ਬੀ. ਐੱਮ. ਬੀ. ਨੇ ਆਪਣੇ ਜਵਾਬ ਦਾਇਰ ਕੀਤੇ। ਪੰਜਾਬ ਸਰਕਾਰ ਨੇ ਆਪਣਾ ਜਵਾਬ ਦਾਇਰ ਕਰਨ ਲਈ ਅਦਾਲਤ ਤੋਂ 2 ਦਿਨਾਂ ਦਾ ਸਮਾਂ ਮੰਗਿਆ ਹੈ। ਅਦਾਲਤ ਨੇ ਇਸ 'ਤੇ ਸਹਿਮਤੀ ਜਤਾਉਂਦੇ ਹੋਏ ਮਾਮਲੇ ਦੀ ਅਗਲੀ ਸੁਣਵਾਈ 22 ਮਈ ਨੂੰ ਤੈਅ ਕੀਤੀ ਹੈ। **ਜਾਣੋ ਪੂਰਾ ਮਾਮਲਾ**: ਦੱਸਣਯੋਗ ਹੈ ਕਿ ਬੀ. ਬੀ. ਐੱਮ. ਬੀ. ਵਲੋਂ ਰਾਤੋ-ਰਾਤ ਹਰਿਆਣਾ ਨੂੰ ਪੰਜਾਬ ਸਰਕਾਰ ਦੀ ਮਨਜ਼ੂਰੀ ਤੋਂ ਬਿਨਾਂ ਪਾਣੀ ਦੇਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਪਾਣੀਆਂ ਨੂੰ ਲੈ ਕੇ ਪੁਨਰਵਿਚਾਰ ਪਟੀਸ਼ਨ ਅਦਾਲਤ 'ਚ ਦਾਇਰ ਕੀਤੀ ਸੀ, ਜਿਸ 'ਤੇ ਸੁਣਵਾਈ ਕਰਦਿਆਂ ਹਾਈਕੋਰਟ ਨੇ ਕੇਂਦਰ ਸਰਕਾਰ, ਬੀ. ਬੀ. ਐੱਮ. ਬੀ. ਅਤੇ ਹਰਿਆਣਾ ਸਰਕਾਰ ਤੋਂ ਜਵਾਬ ਮੰਗਿਆ ਸੀ, ਜਿਸ ਦੇ ਚੱਲਦਿਆਂ ਅੱਜ ਅਦਾਲਤ 'ਚ ਸੁਣਵਾਈ ਹੋਈ।



# ਨੰਗਲ ਤੋਂ ਬਚਾਏ ਜ਼ਖਮੀ ਤੇਂਦੂਏ ਨੂੰ ਛੱਤਬੀੜ ਚਿੜੀਆਘਰ 'ਚ ਕੀਤਾ ਤਬਦੀਲ

ਜ਼ੀਰਕਪੁਰ, 20 ਮਈ (ਚ. ਨ. ਸ.): ਨੰਗਲ ਕਸਬੇ ਤੋਂ ਇੱਕ ਛੋਟੇ ਨਰ ਤੇਂਦੂਏ ਨੂੰ ਬਚਾਏ ਜਾਣ ਤੋਂ ਤਿੰਨ ਦਿਨ ਬਾਅਦ, ਜੰਗਲੀ ਬਿੱਲੀ ਨੂੰ ਛੱਤਬੀੜ ਚਿੜੀਆਘਰ ਵਿੱਚ ਇਲਾਜ ਲਈ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ ਅਤੇ ਫਿਰ ਉਸਨੂੰ ਜੰਗਲ ਵਿੱਚ ਵਾਪਸ ਛੱਡ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਨੰਗਲ ਦੇ ਇੱਕ ਵਿਅਸਤ ਇਲਾਕੇ ਵਿੱਚ ਇੱਕ ਦਰੱਖਤ ਤੋਂ ਬਚਾਏ ਜਾਣ ਦੌਰਾਨ ਤੇਂਦੂਏ ਨੂੰ ਸੱਟਾਂ ਲੱਗੀਆਂ ਸਨ। ਜੰਗਲੀ ਬਿੱਲੀ ਅਜੇ ਵੀ ਛੱਤਬੀੜ ਚਿੜੀਆਘਰ ਵਿੱਚ ਹਸਪਤਾਲ ਵਿੱਚ ਦਾਖਲ ਹੈ ਤੇ ਇਸਦੀ ਸੱਟ ਦੀ ਸਥਿਤੀ ਦੀ ਰਿਪੋਰਟ ਅਜੇ ਆਉਣੀ ਬਾਕੀ ਹੈ। ਚਿੜੀਆਘਰ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਪਸ਼ੂਆਂ ਦੇ ਡਾਕਟਰ ਜਾਨਵਰ ਨੂੰ ਜਲਦੀ ਤੋਂ ਜਲਦੀ ਉਸਦੇ ਨਿਵਾਸ ਸਥਾਨ ਵਿੱਚ ਵਾਪਸ ਛੱਡਣ ਤੋਂ ਪਹਿਲਾਂ ਉਸਦੀ ਸਿਹਤ ਦਾ ਮੁਲਾਂਕਣ ਕਰਨਗੇ। ਤੇਂਦੂਏ ਨੇ ਵੀਰਵਾਰ ਰਾਤ ਨੂੰ ਇਲਾਕੇ ਵਿੱਚ ਇੱਕ ਕੁੱਤੇ ਨੂੰ ਮਾਰ ਦਿੱਤਾ ਸੀ ਅਤੇ ਸ਼ੁੱਕਰਵਾਰ ਸਵੇਰੇ ਨੰਗਲ ਵਿੱਚ ਭਾਖੜਾ ਰੋਡ 'ਤੇ ਇੱਕ ਦਰੱਖਤ 'ਤੇ ਫਸਿਆ ਹੋਇਆ ਪਾਇਆ ਗਿਆ। ਇਸਨੂੰ ਸ਼ਾਂਤ ਕਰਨ ਅਤੇ ਹੇਠਾਂ ਲਿਆਉਣ ਲਈ ਇੱਕ ਟਰੈਂਕਵਾਈਲਾਈਜ਼ਰ ਬੰਦੂਕ ਦੀ ਵਰਤੋਂ ਕੀਤੀ ਗਈ ਸੀ।



# ਸੰਗਤ ਨੇ ਚੋਣਾਂ ਕਰਵਾਉਣ ਲਈ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਦਿੱਤਾ ਧਰਨਾ

## ਸਕੱਤਰ ਤੇ ਮੈਂਬਰਾਂ ਨੇ ਕੀਤੀ ਸ਼ਮੂਲੀਅਤ



ਪਟਨਾ ਸਾਹਿਬ,20 ਮਈ (ਚ. ਨ. ਸ.): ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਮੁੱਖ ਗੇਟ 'ਤੇ ਸਿੱਖ ਸੰਗਤਾਂ ਵੱਲੋਂ ਕਨਵੀਨਰ ਸਰਦਾਰ ਜਗਜੀਵਨ ਸਿੰਘ ਦੀ ਪ੍ਰਧਾਨਗੀ ਅਤੇ ਸਰਦਾਰ ਅਵਤਾਰ ਸਿੰਘ ਦੇ ਨਿਰਦੇਸ਼ਾਂ ਹੇਠ ਧਰਨਾ ਦਿੱਤਾ ਗਿਆ। ਪ੍ਰਬੰਧਕ ਕਮੇਟੀ ਦੇ ਸਕੱਤਰ ਹਰਵੰਸ਼ ਸਿੰਘ, ਤਿੰਨ ਮੈਂਬਰ ਸਰਦਾਰ ਰਾਜਾ ਸਿੰਘ, ਮਹਿੰਦਰ ਪਾਲ ਸਿੰਘ ਢਿੱਲੋਂ ਅਤੇ ਹਰਪਾਲ ਸਿੰਘ ਜੌਹਲ ਨੇ ਵੀ ਵਿਰੋਧ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਕਨਵੀਨਰ ਨੇ ਕਿਹਾ ਕਿ ਜੇਕਰ ਪ੍ਰਬੰਧਕ ਕਮੇਟੀ ਇੱਕ ਹਫ਼ਤੇ ਦੇ ਅੰਦਰ ਚੋਣ ਪ੍ਰਕਿਰਿਆ ਦਾ ਐਲਾਨ ਨਹੀਂ ਕਰਦੀ ਹੈ ਤਾਂ ਇੱਕ ਮਹੀਨੇ ਬਾਅਦ ਅਣਮਿੱਥੇ ਸਮੇਂ ਲਈ ਧਰਨਾ ਪ੍ਰਦਰਸ਼ਨ, ਅੰਤਿਮ ਸੰਸਕਾਰ ਅਤੇ ਪੁਤਲਾ ਸਾੜਿਆ ਜਾਵੇਗਾ। ਸਕੱਤਰ ਨੇ ਕਿਹਾ ਕਿ ਕਮੇਟੀ ਦਾ ਕਾਰਜਕਾਲ ਖਤਮ ਹੋ ਗਿਆ ਹੈ। ਅਜਿਹੀ ਸਥਿਤੀ ਵਿੱਚ ਚੋਣਾਂ ਹੋਣੀਆਂ ਚਾਹੀਦੀਆਂ ਹਨ। ਮੈਂਬਰ ਰਾਜਾ ਸਿੰਘ ਨੇ ਕਿਹਾ ਕਿ ਚੋਣਾਂ ਕਰਵਾਉਣ ਦੀ ਮੰਗ 'ਤੇ ਸ਼ੁਰੂ ਕੀਤਾ ਗਿਆ ਅੰਦੋਲਨ ਰੁਕੇਗਾ ਨਹੀਂ, ਅਹੁਦੇਦਾਰਾਂ ਵਿਰੁੱਧ ਅੰਤਿਮ ਸੰਸਕਾਰ ਕੱਢੇ ਜਾਣਗੇ ਤੇ ਉਨ੍ਹਾਂ ਦੇ ਪੁਤਲੇ ਸਾੜੇ ਜਾਣਗੇ। ਮੈਂਬਰ ਮਹਿੰਦਰ ਪਾਲ ਸਿੰਘ ਢਿੱਲੋਂ ਅਤੇ ਹਰਪਾਲ ਸਿੰਘ ਜੌਹਲ ਵੀ ਧਰਨੇ 'ਤੇ ਬੈਠੇ ਅਤੇ ਲਿਖਤ ਚੋਣਾਂ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਕੋ-ਕਨਵੀਨਰ ਦਮਨਜੀਤ ਸਿੰਘ ਰਾਣੂ, ਅਮਰਜੀਤ ਸਿੰਘ ਸੰਮੀ, ਨਾਮਜ਼ਦ ਮੈਂਬਰ ਰਣਜੀਤ ਸਿੰਘ ਕਾਲੜਾ, ਹੀਰਾ ਸਿੰਘ, ਜਜੀਤ ਸਿੰਘ ਢਿੱਲ, ਗੁਰਪ੍ਰੀਤ ਸਿੰਘ, ਦਲਿਆ ਸਿੰਘ, ਰਾਜੇਸ਼ ਸਿੰਘ ਅਕਾਲੀ, ਇੰਦਰਜੀਤ ਸਿੰਘ ਬੱਗਾ, ਸਤਨਾਮ ਸਿੰਘ ਬੱਗਾ, ਕੰਵਲਜੀਤ ਸਿੰਘ ਬੱਗਾ, ਅੰਮ੍ਰਿਤਪਾਲ ਸਿੰਘ ਬੱਬੂ, ਗੁਰਪ੍ਰੀਤ ਕੌਰ, ਰਣਜੀਤ ਸਿੰਘ, ਕਵੀਤਾ, ਪ੍ਰੀਤਮ ਸਿੰਘ, ਰਣਵੀਰ ਸਿੰਘ, ਹਰਵਿੰਦਰ ਕੌਰ ਆਦਿ ਹਾਜ਼ਰ ਸਨ। ਇਸ ਧਰਨੇ ਵਿੱਚ 150 ਦੇ ਕਰੀਬ ਸਿੱਖ ਮਰਦ ਅਤੇ ਔਰਤਾਂ ਹਾਜ਼ਰ ਸਨ। ਰੋਸ ਪ੍ਰਦਰਸ਼ਨ ਦੀ ਸਮਾਪਤੀ ਤੋਂ ਬਾਅਦ, ਸੰਗਤ ਵੱਲੋਂ ਦਸਤਖ਼ਤ ਕੀਤੇ ਗਏ ਮੰਗ ਪੱਤਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਜਨਰਲ ਸਕੱਤਰ ਨੂੰ ਸੌਂਪੇ ਗਏ। ਜਿਸਦੀ ਇੱਕ ਕਾਪੀ ਤਖ਼ਤ ਸਾਹਿਬ ਦੇ ਨਿਗਰਾਨ ਕਮ ਜ਼ਿਲ੍ਹਾ ਤੇ ਸੈਸ਼ਨ ਜੱਜ, ਐਸਡੀਓ ਪਟਨਾ ਸ਼ਹਿਰ ਨੂੰ ਵੀ ਦਿੱਤੀ ਗਈ ਹੈ।

# ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਕੱਟੜਪੰਥੀ ਗਿਰੋਹ ਦਾ ਪਰਦਾਫਾਸ਼, 6 ਮੈਂਬਰ ਕਾਬੂ



ਬਟਾਲਾ, 20 ਮਈ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ/ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਬਟਾਲਾ ਪੁਲਿਸ ਨੂੰ ਕੱਟੜਪੰਥੀ ਤਾਕਤਾਂ ਵਿਰੁੱਧ ਲੜਾਈ ਵਿੱਚ ਇੱਕ ਵੱਡੀ ਸਫਲਤਾ ਹਾਸਲ ਕਰਦਿਆਂ, ਪੰਜਾਬ ਪੁਲਿਸ ਨੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਦੇ ਮੈਂਬਰ ਮੰਨੂ ਅਗਵਾਨ ਦੇ ਆਦੇਸ਼ 'ਤੇ ਚੱਲ ਰਹੇ ਇੱਕ ਕੱਟੜਪੰਥੀ ਗਿਰੋਹ ਦਾ ਪਰਦਾਫਾਸ਼ ਕੀਤਾ ਹੈ, ਜਿਸ ਵਿੱਚ 6 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਗ੍ਰਿਫ਼ਤਾਰੀਆਂ ਨਾਲ ਆਈ.ਐੱਸ.ਆਈ.-ਸਹਾਇਕ ਬੱਬਰ ਖ਼ਾਲਸਾ ਇੰਟਰਨੈਸ਼ਨਲ ਨੈੱਟਵਰਕ ਨੂੰ ਵੱਡਾ ਝਟਕਾ ਲੱਗਾ ਹੈ, ਜੋ ਪੰਜਾਬ ਵਿੱਚ ਅਸ਼ਾਂਤੀ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਬਾਬਤ ਅੱਜ ਪੁਲਿਸ ਲਾਈਨ ਬਟਾਲਾ ਵਿਖੇ ਐੱਸ.ਐੱਸ.ਪੀ. ਬਟਾਲਾ, ਸੁਹੇਲ ਕਾਸਿਮ ਮੀਰ ਵੱਲੋਂ ਪੱਤਰਕਾਰਾਂ ਨਾਲ ਪ੍ਰੈੱਸ ਕਾਨਫਰੰਸ ਕਰਕੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਐੱਸ.ਪੀ. (ਡੀ) ਗੁਰਪ੍ਰਤਾਪ ਸਿੰਘ ਸਹੋਤਾ, ਡੀ.ਐੱਸ.ਪੀ. (ਸਿਟੀ) ਸੰਜੀਵ ਕੁਮਾਰ, ਐੱਸ.ਐੱਚ.ਓ. ਸੁਖਰਾਜ ਸਿੰਘ ਤੇ ਗੁਰਦੇਵ ਸਿੰਘ ਵੀ ਮੌਜੂਦ ਸਨ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐੱਸ.ਐੱਸ.ਪੀ. ਬਟਾਲਾ ਨੇ ਦੱਸਿਆ ਕਿ ਹਰਪ੍ਰੀਤ ਸਿੰਘ ਉਰਫ਼ ਹੈਪੀ ਪੱਸ਼ੀਆ ਦੀ ਅਮਰੀਕਾ ਵਿੱਚ ਐੱਫ.ਬੀ.ਆਈ. ਵੱਲੋਂ ਹੋਈ ਗ੍ਰਿਫ਼ਤਾਰੀ ਤੋਂ ਬਾਅਦ ਮੰਨੂ ਅਗਵਾਨ ਨੇ ਖਾਲੀ ਹੋਈ ਥਾਂ ਨੂੰ ਭਰਨ ਤੇ ਮੀਡੀਆ ਵਿੱਚ ਆਉਣ ਲਈ ਪੰਜਾਬ ਵਿੱਚ ਹਮਲੇ ਕਰਨ ਦੀ ਜ਼ਿੰਮੇਵਾਰੀ ਲੈ ਲਈ। ਉਹ ਹਾਲ ਹੀ ਵਿੱਚ ਬਾਦਸ਼ਾਹਪੁਰ ਚੌਕੀ ਤੇ ਥਾਣਾ ਕਿਲਾ ਲਾਲ ਸਿੰਘ 'ਤੇ ਹੋਏ ਗ੍ਰਨੇਡ ਹਮਲਿਆਂ ਨਾਲ ਵੀ ਜੁੜਿਆ ਹੋਇਆ ਹੈ। ਉਨ੍ਹਾਂ ਦੱਸਿਆ ਕਿ ਉਕਤ ਗਿਰੋਹ ਨੇ ਬਟਾਲਾ ਦੇ ਫੋਕਲ ਪੁਆਇੰਟ ਵਿੱਚ ਸਥਿਤ ਰਿਪਲ ਗਰੁੱਪ ਦੇ ਸ਼ਰਾਬ ਦੇ ਠੇਕੇ ਉੱਤੇ ਗ੍ਰਨੇਡ ਸੁੱਟਿਆ ਸੀ, ਪਰ ਗਲਤ ਤਰੀਕੇ ਨਾਲ ਜੋੜੇ ਜਾਣ ਕਾਰਨ, ਇਹ ਧਮਾਕਾ ਨਹੀਂ ਹੋ ਸਕਿਆ ਤੇ ਕੋਈ ਹਾਨੀ ਨਹੀਂ ਹੋਈ। ਇਸ ਸੰਬੰਧੀ ਮੁਕੱਦਮਾ ਨੰਬਰ 148 ਮਿਤੀ 17-05-2025 ਜੁਰਮ 3,4 ਐਕਸਪਲੋਸਿਵ ਐਕਟ ਤੇ ਧਾਰਾ 111, 61 (2) ਬੀ.ਐੱਨ.ਐੱਸ. ਵਾਧਾ ਜੁਰਮ 13, 14, 16, 17, 18, 18-2 ਬੀ ਤੇ 20 ਯੂ.ਏ.ਪੀ.ਏ. ਥਾਣਾ ਸਿਵਲ ਲਾਈਨ ਬਟਾਲਾ ਦਰਜ ਕੀਤਾ ਗਿਆ ਹੈ।

# ਚੇਅਰਮੈਨ ਸੇਖਵਾਂ ਨੇ ਨਸ਼ਾ ਮੁਕਤੀ ਯਾਤਰਾ ਤਹਿਤ ਪਿੰਡ ਚੱਕ ਸ਼ਰੀਫ਼ ਤੇ ਗੁਨੋਪੁਰ ਦੀਆਂ ਮੀਟਿੰਗਾਂ 'ਚ ਕੀਤੀ ਸ਼ਮੂਲੀਅਤ



ਕਾਹਨੂੰਵਾਨ, 20 ਮਈ (ਕੁਲਜੀਤ ਸਿੰਘ ਖੋਖਰ): ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਦਿਨ-ਰਾਤ ਇੱਕ ਕਰਕੇ ਕੰਮ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਵਿੱਢੀ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ, ਨਸ਼ਿਆਂ ਦੇ ਖ਼ਾਤਮੇ ਵਿੱਚ ਅਹਿਮ ਯੋਗਦਾਨ ਪਾ ਰਹੀ ਹੈ ਤੇ ਲੋਕ ਆਪ ਮੁਹਾਰੇ ਵੱਡੀ ਗਿਣਤੀ ਵਿੱਚ ਇਸ ਮੁਹਿੰਮ ਨਾਲ ਜੁੜ ਰਹੇ ਹਨ। ਇਹ ਪ੍ਰਗਟਾਵਾ ਜ਼ਿਲ੍ਹਾ ਯੋਜਨਾ ਕਮੇਟੀ ਗੁਰਦਾਸਪੁਰ ਦੇ ਚੇਅਰਮੈਨ ਜਗਰੂਪ ਸਿੰਘ ਸੇਖਵਾਂ ਨੇ ਅੱਜ ਸ਼ਾਮ ਵਿਧਾਨ ਸਭਾ ਹਲਕਾ ਕਾਦੀਆਂ ਦੇ ਪਿੰਡ ਚੱਕ ਸ਼ਰੀਫ਼ ਤੇ ਗੁਨੋਪੁਰ ਵਿਖੇ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੁੰਦਿਆਂ ਕੀਤਾ। ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸੇਖਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਿਆਂ ਦੇ ਖ਼ਾਤਮੇ ਲਈ ਫ਼ੈਸਲਾਕੁੰਨ ਲੜਾਈ ਆਰੰਭੀ ਗਈ ਹੈ ਤੇ ਨਸ਼ਾ ਤਸਕਰਾਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਉਨ੍ਹਾਂ ਦੀਆਂ ਗੈਰ-ਕਾਨੂੰਨੀ ਜਾਇਦਾਦਾਂ 'ਤੇ ਬੁਲਡੋਜ਼ਰ ਚਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨੇ ਨਸ਼ਾ ਤਸਕਰਾਂ ਨੂੰ ਸਪੱਸ਼ਟ ਕਹਿ ਦਿੱਤਾ ਹੈ ਕਿ ਉਹ ਜਾਂ ਤਾਂ ਨਸ਼ੇ ਦਾ ਕਾਰੋਬਾਰ ਛੱਡ ਦੇਣ ਜਾਂ ਪੰਜਾਬ ਛੱਡ ਦੇਣ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਵੱਲੋਂ ਕਿਸੇ ਵੀ ਸੂਰਤ ਵਿੱਚ ਨਸ਼ਾ ਤਸਕਰਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਚੇਅਰਮੈਨ ਸੇਖਵਾਂ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਜਿਸ ਵਿੱਚ ਹਰੇਕ ਵਰਗ ਦਾ ਸਹਿਯੋਗ ਲੈ ਕੇ ਨਸ਼ਿਆਂ ਦੀ ਮੁਕੰਮਲ ਰੋਕਥਾਮ ਲਈ ਲੋਕ ਲਹਿਰ ਚਲਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਤਾਂ ਹੀ ਸਫਲ ਸਾਬਤ ਹੋ ਸਕਦੇ ਹਨ, ਜੇਕਰ ਹਰੇਕ ਨਾਗਰਿਕ ਆਪਣਾ ਸਹਿਯੋਗ ਦੇਵੇ। ਸੇਖਵਾਂ ਨੇ ਕਿਹਾ ਕਿ ਇਨ੍ਹਾਂ ਮੀਟਿੰਗਾਂ ਵਿੱਚ ਵੱਡੀ ਗਿਣਤੀ ਵਿੱਚ ਪੁੱਜ ਰਹੇ ਲੋਕਾਂ ਸਰਕਾਰ ਦੁਆਰਾ ਨਸ਼ਿਆਂ ਦੇ ਖ਼ਾਤਮੇ ਨੂੰ ਯਕੀਨੀ ਬਣਾਉਣ ਦੇ ਮਿਥੇ ਟੀਚੇ ਨੂੰ ਪ੍ਰਾਪਤ ਕਰਨ ਦੇ ਉੱਦਮਾਂ ਉੱਤੇ ਸਫਲਤਾ ਦੀ ਮੋਹਰ ਲਗਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਦੀ ਦਲਦਲ ਵਿੱਚ ਫਸੇ ਲੋਕਾਂ ਨੂੰ ਤੰਦਰੁਸਤ ਕਰਕੇ ਸਮਾਜ ਦੀ ਮੁੱਖ ਧਾਰਾ ਵਿੱਚ ਸ਼ਾਮਲ ਕਰਨ ਲਈ ਹਰੇਕ ਵਿਅਕਤੀ ਆਪਣਾ ਵਡਮੁੱਲਾ ਯੋਗਦਾਨ ਪਾ ਸਕਦਾ ਹੈ। ਇਸ ਮੌਕੇ ਸੇਖਵਾਂ ਨੇ ਹਾਜ਼ਰੀਨ ਨੂੰ ਨਸ਼ਾ ਮੁਕਤੀ ਦੀ ਸਹੁੰ ਵੀ ਚੁਕਾਈ। ਇਸ ਮੌਕੇ ਪਿੰਡਾਂ ਦੇ ਪੰਚ, ਸਰਪੰਚ ਤੇ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਸਮੇਤ ਵੱਖੋ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਵੱਡੀ ਗਿਣਤੀ ਲੋਕ ਹਾਜ਼ਰ ਸਨ। ਇਸ ਮੌਕੇ ਹਰਜੀਤ ਸਿੰਘ ਟਿੱਕਾ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਨਸ਼ਾ ਮੁਕਤੀ ਯਾਤਰਾ ਬਣੀ ਲੋਕ ਲਹਿਰ, ਹੁਣ ਜਲਦੀ ਹੋਵੇਗਾ ਨਸ਼ਿਆਂ ਦਾ ਸਫ਼ਾਇਆ: ਜੋਨੀ ਘੁਮਾਣ

ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 20 ਮਈ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰ ਵੱਲੋਂ ਨਸ਼ਾ ਤਸਕਰਾਂ ਉੱਪਰ ਸਖ਼ਤ ਕਾਰਵਾਈ ਕਰਕੇ ਬਹੁਤ ਹੱਦ ਤੱਕ ਨਸ਼ੇ ਦੀ ਸਪਲਾਈ ਚੇਨ ਨੂੰ ਤੋੜ ਦਿੱਤਾ ਹੈ। ਨਸ਼ਾ ਤਸਕਰ ਜਾਂ ਤਾਂ ਜੇਲ੍ਹਾਂ ਵਿਚ ਹਨ ਤੇ ਜਾਂ ਫਿਰ ਹੁਣ ਪੰਜਾਬ ਛੱਡ ਕੇ ਭੱਜ ਚੁੱਕੇ ਹਨ। ਹੁਣ ਇਹ ਮੁਹਿੰਮ ਜ਼ਮੀਨੀ ਪੱਧਰ ਭਾਵ ਪਿੰਡਾਂ ਤੇ ਵਾਰਡਾਂ ਵਿਚੋਂ ਚੱਲਣ ਲੱਗੀ ਹੈ, ਜਿਸਨੂੰ ਨਸ਼ਾ ਮੁਕਤੀ ਯਾਤਰਾ ਦਾ ਨਾਮ ਦਿੱਤਾ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪੱਤਰਕਾਰਾਂ ਨਾਲ ਪ੍ਰਗਟਾਵਾ ਕਰਦਿਆਂ ਹਲਕਾ ਵਿਧਾਇਕ ਸ੍ਰੀ ਹਰਗੋਬਿੰਦਪੁਰ ਸਾਹਿਬ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਦੇ ਅੱਤ ਨਜ਼ਦੀਕੀ ਸਾਥੀ ਤੇ ਸਿੱਖਿਆ ਸੁਧਾਰ ਕਮੇਟੀ ਦੇ ਕੋਆਰਡੀਨੇਟਰ ਜੋਨੀ ਘੁਮਾਣ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਲੋਕ ਲਹਿਰ ਬਣ ਗਈ ਹੈ ਤੇ ਹੁਣ ਜਲਦੀ ਹੀ ਪੰਜਾਬ ਵਿਚੋਂ ਨਸ਼ਿਆਂ ਦਾ ਸਫਾਇਆ ਹੋਵੇਗਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਉਹ ਪੰਜਾਬ ਸਰਕਾਰ ਦਾ ਨਸ਼ਾ ਵਿਰੋਧੀ ਮੁਹਿੰਮ ਵਿਚ ਬਿਨਾਂ ਕਿਸੇ ਦਬਾਅ ਤੋਂ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਜੇਕਰ ਹਰੇਕ ਵਾਰਡ ਜਾਂ ਪਿੰਡਾਂ ਦੀਆਂ ਪੰਚਾਇਤਾਂ ਨਸ਼ਾ ਮੁਕਤੀ ਦਾ ਪ੍ਰਣ ਲੈ ਲੈਣਗੀਆਂ ਤਾਂ ਨਸ਼ਾ ਜਾਂ ਨਸ਼ਾ ਤਸਕਰਾਂ ਦਾ ਨਾਮੋ ਨਿਸ਼ਾਨ ਵੀ ਨਹੀਂ ਰਹੇਗਾ। ਹੁਣ ਕਿਸੇ ਵੀ ਨਸ਼ਾ ਤਸਕਰ ਨੂੰ ਸਿਆਸੀ ਜਾਂ ਹੋਰ ਕੋਈ ਸਹਿਯੋਗ ਨਹੀਂ ਮਿਲ ਰਿਹਾ, ਇਸ ਲਈ ਬਹੁਤ ਜਲਦ ਪੰਜਾਬ ਨਸ਼ਾ ਮੁਕਤ ਹੋਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਸਮੇਤ ਨਗਰ ਕੌਂਸਲਾਂ ਨੂੰ ਨਸ਼ਾ ਮੁਕਤੀ ਮੁਹਿੰਮ ਵਿਚ ਆਪਣਾ ਪੂਰਨ ਸਹਿਜੋਗ ਦੇਣ ਦਾ ਪ੍ਰਣ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਨਸ਼ਾ ਪੀੜਤਾਂ ਦਾ ਸਹੀ ਇਲਾਜ ਕਰਕੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਲ ਕਰਨ ਲਈ ਸਾਰਥਿਕ ਯਤਨ ਕੀਤੇ ਜਾ ਰਹੇ ਹਨ। ਜੋਨੀ ਘੁਮਾਣ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਾ ਮੁਕਤ ਪੰਜਾਬ ਦੀ ਸਿਰਜਨਾ ਸਬੰਧੀ ਪ੍ਰਸ਼ਾਸ਼ਨ ਤੇ ਪੁਲਿਸ ਵਿਭਾਗ ਨੂੰ ਸਹਿਯੋਗ ਦੇਣ।



# ਸੀਟੂ ਦੇ ਸੱਦੇ 'ਤੇ ਆਂਗਨਵਾੜੀ, ਆਸ਼ਾ ਵਰਕਰਾਂ ਤੇ ਮਨਰੇਗਾ ਮਜ਼ਦੂਰਾਂ ਨੇ ਰੋਸ ਰੈਲੀ ਕੱਢੀ




ਗੜ੍ਹਸ਼ੰਕਰ, 20 ਮਈ (ਅਜਮੇਰ ਸਿੰਘ ਭਨੋਟ): ਅੱਜ ਇੱਥੇ ਸੀਟੂ ਦੇ ਸੱਦੇ 'ਤੇ ਮਜ਼ਦੂਰਾਂ ਮੁਲਾਜ਼ਮਾਂ ਦੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਆਂਗਨਵਾੜੀ ਮਨਰੇਗਾ ਆਸ਼ਾ ਵਰਕਰਾਂ ਭੱਠਾ ਮਜ਼ਦੂਰਾਂ ਨੇ ਇਕੱਠੇ ਹੋ ਕੇ ਸ਼ਹਿਰ ਅੰਦਰ ਰੋਸ ਰੈਲੀ ਕੀਤੀ। ਇਸ ਮੌਕੇ ਸੀਟੂ ਦੇ ਵਾਈਸ ਪ੍ਰਧਾਨ ਪੰਜਾਬ ਮਹਿੰਦਰ ਕੁਮਾਰ ਬੱਡੋਆਣ ਗੁਰਬਖਸ਼ ਕੌਰ ਚੱਕ ਗੁਰੂ ਆਸ਼ਾ ਵਰਕਰਾਂ ਦੀ ਆਗੂ ਜੋਗਿੰਦਰ ਕੌਰ ਨੇ ਕਿਹਾ ਕਿ ਮੋਦੀ ਸਰਕਾਰ ਮਜ਼ਦੂਰਾਂ ਮੁਲਾਜ਼ਮਾਂ ਕਿਸਾਨਾਂ ਦੇ ਵਿਰੋਧ ਵਿੱਚ ਨੀਤੀਆਂ ਘੜ ਰਹੀ ਹੈ। ਅੰਡਾਨੀਆਂ-ਅੰਬਾਨੀਆਂ ਦੀਆਂ ਜੇਬਾਂ ਭਰ ਰਹੀ ਹੈ, ਜਿਸ ਕਰਕੇ ਲੋਕਾਂ ਦੀ ਖਰੀਦ ਸ਼ਕਤੀ ਘੱਟ ਰਹੀ ਹੈ, ਕਾਰੋਬਾਰ ਫੇਲ ਹੋ ਰਹੇ ਹਨ, ਅਮੀਰੀ ਤੇ ਗਰੀਬੀ ਦਾ ਪਾੜਾ ਡੂੰਘਾ ਹੁੰਦਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਕਿ 9 ਜੁਲਾਈ ਨੂੰ ਮਜ਼ਦੂਰ ਮੁਲਾਜ਼ਮ ਕਿਸਾਨ ਇਕੱਠੇ ਹੋ ਕੇ ਆਪਣੀਆਂ ਭਖਦੀਆਂ ਮੰਗਾਂ ਨੂੰ ਲੈ ਕੇ ਜਨਰਲ ਹੜਤਾਲ ਕਰ ਰਹੇ ਹਨ। ਮੰਗਾਂ 4 ਲੇਬਰ ਕੋਡ ਰੱਦ ਕਰੋ, ਠੇਕਾ ਸਿਸਟਮ ਬੰਦ ਕਰੋ, ਸਾਰੇ ਕਰਮਚਾਰੀਆਂ ਨੂੰ ਪੱਕੇ ਕਰੋ, 12 ਘੰਟੇ ਡਿਊਟੀ ਰੱਦ ਕਰੋ, ਸਕੀਮ ਵਰਕਰਾਂ ਨੂੰ ਪੱਕੇ ਕਰੋ, ਦਿਹਾੜੀ 700 ਰੁਪਏ ਕਰੋ, ਘੱਟੋ-ਘੱਟ ਉਜਰਤ 26000 ਮਹੀਨਾ ਕਰੋ, ਆਗੂਆਂ ਨੇ ਅਪੀਲ ਕਰਦੇ ਹੋਏ ਕਿਹਾ ਕਿ 9 ਜੁਲਾਈ ਨੂੰ ਹੁਸ਼ਿਆਰਪੁਰ ਗਰੀਨ ਪਾਰਕ ਵਹੀਰਾ ਘੱਤ ਕੇ ਪੁੱਜੋ ਤਾਂ ਕਿ ਕੇਂਦਰ ਸਰਕਾਰ ਦੀਆਂ ਮਜ਼ਦੂਰਾਂ ਮੁਲਾਜ਼ਮਾਂ ਵਿਰੋਧੀ ਨੀਤੀਆਂ ਨੂੰ ਮੋੜਾ ਦੇਈਏ। ਇਸ ਮੌਕੇ ਨੀਲਮ ਬੱਡੋਆਣ ਪਾਲੋ ਸੁੰਨੀ ਰਾਜ ਦਿਹਾਣਾ ਅਮਰਜੀਤ ਕੌਰ ਮਾਹਿਲਪੁਰ ਬਲਜਿੰਦਰ ਕੌਰ ਬਲਦੇਵ ਸਤਨੌਰ ਬੇਬੀ ਸਤਨੌਰ ਬਲਦੇਵ ਰਾਜ ਬਿੱਲੂ ਜਗਮੋਹਣ ਜਗਦੀਸ਼ ਡੇਰੋ ਪਰਮਜੀਤ ਇੰਬਰਾਹੀਮ ਸੁਖਵਿੰਦਰ ਕੌਰ ਛਿੰਦੋ ਗੁਰਬਖਸ਼ ਪਨਾਮ ਨੇ ਵੀ ਸਬੋਧਨ ਕੀਤਾ।

# ਸਿੱਖਿਆ ਪ੍ਰੋਵਾਈਡਰ ਐਸੋਸੀਏਟ ਵੱਲੋਂ 25 ਨੂੰ ਸਿੱਖਿਆ ਮੰਤਰੀ ਦੇ ਹਲਕੇ 'ਚ ਕੱਢਿਆ ਜਾਵੇਗਾ ਰੋਸ ਮਾਰਚ



ਗੁਰਦਾਸਪੁਰ, 20 ਮਈ (ਸੰਧੂ/ਬਸਰਾ): ਸਿੱਖਿਆ ਪ੍ਰੋਵਾਈਡਰ (ਐਸੋਸੀਏਟ ਟੀਚਰ) ਯੂਨੀਅਨ ਦੇ ਸਟੇਟ ਆਗੂਆਂ ਨੇ ਪ੍ਰੈੱਸ ਨੋਟ ਜਾਰੀ ਕਰਦਿਆਂ ਦੱਸਿਆ ਕਿ 18/5/25 ਨੂੰ ਲੁਧਿਆਣਾ ਵਿਖੇ ਸਟੇਟ ਦੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਅਗਲੀ ਰਣਨੀਤੀ ਤਿਆਰ ਕੀਤੀ ਗਈ। ਆਗੂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕੱਚੇ ਅਧਿਆਪਕਾਂ ਨੂੰ ਰੈਗੂਲਰ ਕੀਤਾ ਪਰ ਨਾਂ ਦਾ ਹੀ ਕੀਤਾ ਕਿਉਂਕਿ ਕਿਸੇ ਵੀ ਪ੍ਰਕਾਰ ਦੀ ਮਿਲਦੀ ਸਰਕਾਰੀ ਸਹੂਲਤ ਨਹੀਂ ਦਿੱਤੀ ਗਈ ਸਿਰਫ ਨਾਂ ਮਾਤਰ ਤਨਖਾਹ ਵਧਾ ਕੇ ਹੀ ਡੰਗ ਸਾਰਿਆ। ਸਾਨੂੰ ਸਰਕਾਰ ਵੱਲੋਂ ਕੀਤੇ ਵਾਅਦੇ ਅਨੁਸਾਰ ਸੀ.ਐੱਸ. ਰੂਲ ਲਾਗੂ ਕਰਕੇ ਪ੍ਰੋਪਰ ਰੈਗੂਲਰ ਕਰਮਚਾਰੀ ਦਾ ਦਰਜਾ ਦੇਵੇ। ਆਗੂਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਨੇ 12 ਜਨਵਰੀ 2024 ਨੂੰ ਮੀਟਿੰਗ ਦੌਰਾਨ ਕਿਹਾ ਸੀ ਕਿ ਬਹੁਤ ਜਲਦ ਤੁਹਾਡੀਆਂ ਰਹਿੰਦੀਆਂ ਮੰਗਾਂ ਹੱਲ ਕਰ ਰਹੇ ਹਾਂ ਪਰ ਅਫਸੋਸ ਅਜੇ ਤੱਕ ਸਰਕਾਰ ਦੇ ਕੰਨਾਂ 'ਤੇ ਜੂੰ ਨਹੀਂ ਸਰਕੀ। ਸੋ ਮਜਬੂਰਨ ਸਾਨੂੰ ਸਰਕਾਰ ਨੂੰ ਜਗਾਉਣ ਲਈ ਮੁੜ ਸੰਘਰਸ਼ ਦਾ ਰਸਤਾ ਅਖ਼ਤਿਆਰ ਕਰਨਾ ਪੈ ਰਿਹਾ। ਸੋ ਸੰਘਰਸ਼ ਦੀ ਸ਼ੁਰੂਆਤ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਹਲਕੇ ਵਿੱਚ ਰੋਸ ਮਾਰਚ ਕਰਕੇ ਸ਼ੁਰੂਆਤ ਕੀਤੀ ਜਾਵੇਗੀ। ਇਸ ਮੌਕੇ ਸੰਦੀਪ ਸਿੰਘ ਬਾਜੇ ਚੱਕ ਗੁਰਮੀਤ ਸਿੰਘ ਪੱਡਾ ਦਵਿੰਦਰ ਸਿੰਘ ਅਨੁਭਵ ਗੁਪਤਾ ਗੁਰਪਿੰਦਰ ਸਿੰਘ ਅਨਿਲ ਕੁਮਾਰ ਗੁਰਨੇਕ ਸਿੰਘ ਪ੍ਰਗਟ ਸਿੰਘ ਕੁਲਵਿੰਦਰ ਸਿੰਘ ਸੁਖਜਿੰਦਰ ਸਿੰਘ ਜਗਰੂਪ ਕੌਰ ਹਰਪ੍ਰੀਤ ਕੌਰ ਰਵਿੰਦਰ ਕੌਰ ਰਮਨਦੀਪ ਕੌਰ ਅਮਨਦੀਪ ਕੌਰ ਆਦਿ ਆਗੂ ਹਾਜ਼ਰ ਸਨ।

# ਦਲਜੀਤ ਸਿੰਘ ਮਿਆਦੀਆਂ ਪੰਜਾਬ ਡੇਅਰੀ ਡਿਵੈਲਪਮੈਂਟ ਬੋਰਡ ਦੇ ਡਾਇਰੈਕਟਰ ਨਿਯੁਕਤ

ਚੋਗਾਵਾਂ, 20 ਮਈ (ਸੁਬੇਗ ਸਿੰਘ ਸੋਨਾ): ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ 'ਆਪ' ਵਰਕਰਾਂ ਨੂੰ ਦਿੱਤੀਆਂ ਗਈਆਂ ਅਹਿਮ ਜ਼ਿੰਮੇਵਾਰੀਆਂ ਤਹਿਤ ਜ਼ਿਲ੍ਹਾ ਅੰਮ੍ਰਿਤਸਰ ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਮਿਆਦੀਆਂ ਦੇ ਦਲਜੀਤ ਸਿੰਘ ਮਿਆਦੀਆਂ ਨੂੰ ਪੰਜਾਬ ਡੇਅਰੀ ਡਿਵੈਲਪਮੈਂਟ ਬੋਰਡ ਦਾ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਦਲਜੀਤ ਸਿੰਘ ਮਿਆਦੀਆਂ ਪਾਰਟੀ ਦੇ ਕਈ ਅਹੁਦਿਆਂ ਉਤੇ ਪਿਛਲੇ ਲੰਮੇ ਸਮੇਂ ਤੋਂ ਕੰਮ ਕਰ ਰਹੇ ਹਨ, ਜਿਨ੍ਹਾਂ ਦਾ ਇਲਾਕੇ ਵਿਚ ਚੰਗਾ ਪ੍ਰਭਾਵ ਤੇ ਅਸਰ ਰਸੂਖ ਹੈ। ਉਹ ਆਮ ਆਦਮੀ ਪਾਰਟੀ ਦੀਆਂ ਸਰਗਰਮੀਆਂ ਵਿਚ ਲੰਮੇ ਸਮੇਂ ਤੋਂ ਜੁੜੇ ਹੋਏ ਹਨ, ਜਿਸ ਨੂੰ ਹੁਣ 'ਆਪ' ਸਰਕਾਰ ਨੇ ਪੰਜਾਬ ਡੇਅਰੀ ਡਿਵੈਲਪਮੈਂਟ ਬੋਰਡ ਦਾ ਡਾਇਰੈਕਟਰ ਬਣਾ ਕੇ ਵੱਡਾ ਮਾਣ ਦਿੱਤਾ ਹੈ। ਦਲਜੀਤ ਸਿੰਘ ਮਿਆਦੀਆਂ ਨੂੰ ਡਾਇਰੈਕਟਰ ਦਾ ਅਹੁਦਾ ਮਿਲਣ ਦੀ ਖਬਰ ਸੁਣਦਿਆਂ ਹੀ ਹਲਕਾ ਰਾਜਾਸਾਂਸੀ ਦੇ ਸਮੁੱਚੇ ਵਰਕਰਾਂ ਤੇ ਪਿੰਡ ਵਾਸੀਆਂ ਦੇ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਉਹ ਵਧਾਈਆਂ ਦੇਣ ਲਈ ਦਲਜੀਤ ਸਿੰਘ ਮਿਆਦੀਆਂ ਦੇ ਘਰ ਪੁੱਜ ਰਹੇ ਹਨ। ਇਸ ਮੌਕੇ 'ਤੇ ਪਿੰਡ ਵਾਸੀਆਂ ਦੇ ਵੱਲੋਂ ਢੋਲ ਵਜਾ ਕੇ ਭੰਗੜੇ ਪਾਏ ਗਏ ਤੇ ਮਠਿਆਈਆਂ ਵੰਡ ਕੇ ਆਪਣੀ ਖੁਸ਼ੀ ਜ਼ਾਹਿਰ ਕੀਤੀ ਗਈ ਤੇ ਦਲਜੀਤ ਸਿੰਘ ਮਿਆਦੀਆਂ ਦਾ ਮੂੰਹ ਮਿੱਠਾ ਕਰਵਾਇਆ ਗਿਆ। ਇਸ ਮੌਕੇ 'ਤੇ ਦਲਜੀਤ ਸਿੰਘ ਮਿਆਦੀਆਂ ਨੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ, ਪੰਜਾਬ ਦੇ ਇੰਚਾਰਜ ਮਨੀਸ਼ ਸਿਸੋਦੀਆ ਤੇ ਪਾਰਟੀ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਜਿੰਨਾ ਸੋਚਿਆ ਸੀ, ਉਸ ਤੋਂ ਵੱਧ ਕੇ ਆਮ ਆਦਮੀ ਪਾਰਟੀ ਨੇ ਮੈਨੂੰ ਇੰਨਾ ਵੱਡਾ ਅਹੁਦਾ ਦੇ ਕੇ ਨਿਵਾਜਿਆ ਹੈ।



# ਗੁਰੂ ਨਾਨਕ ਦੇਵ ਨੈਸ਼ਨਲ ਅਕੈਡਮੀ ਬਾਂਗੋਵਾਣੀ ਦਾ ਦਸਵੀਂ ਜਮਾਤ ਦਾ ਨਤੀਜਾ ਰਿਹਾ ਸ਼ਾਨਦਾਰ



ਗੁਰਦਾਸਪੁਰ, 20 ਮਈ (ਜਗਮੋਹਣ ਸਿੰਘ ਬਾਂਗੋਵਾਣੀ): ਗੁਰੂ ਨਾਨਕ ਦੇਵ ਨੈਸ਼ਨਲ ਅਕੈਡਮੀ ਬਾਂਗੋਵਾਣੀ ਦਾ ਦਸਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ। ਸਾਰੇ ਵਿਦਿਆਰਥੀ ਪਾਸ ਹੋਏ। ਅਕੈਡਮੀ ਦੀ ਵਿਦਿਆਰਥਣ ਹਰਮਨਪ੍ਰੀਤ ਕੌਰ ਨੇ 650 ਵਿੱਚੋਂ 570 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਸ਼ਨਪ੍ਰੀਤ ਕੌਰ ਨੇ 650 ਵਿੱਚੋਂ 557 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਪ੍ਰਾਪਤ ਕੀਤਾ, ਕੰਵਲਪ੍ਰੀਤ ਕੌਰ ਨੇ 650 ਵਿੱਚੋਂ 551 ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ, ਸਿਮਰਨਪ੍ਰੀਤ ਕੌਰ ਨੇ 650 ਵਿੱਚੋਂ 550 ਅੰਕ ਪ੍ਰਾਪਤ ਕਰਕੇ ਚੌਥਾ ਸਥਾਨ ਪ੍ਰਾਪਤ ਕੀਤਾ, ਜਸਮੀਤ ਕੌਰ 545 ਅੰਕ ਪ੍ਰਾਪਤ ਕਰਕੇ ਪੰਜਵਾਂ ਸਥਾਨ ਪ੍ਰਾਪਤ ਕੀਤਾ। ਇਸ ਸਮੇਂ ਅਕੈਡਮੀ ਦੇ ਪ੍ਰਿੰਸੀਪਲ ਕੁਲਦੀਪ ਕੌਰ ਤੇ ਵਾਈਸ ਪ੍ਰਿੰਸੀਪਲ ਰਾਜਦੀਪ ਕੌਰ ਨੇ ਵਧੀਆ ਪੁਜੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਅਕੈਡਮੀ ਦੀ ਕੁਲਦੀਪ ਨੇ ਕਿਹਾ ਕਿ ਇਹ ਅਕੈਡਮੀ ਦੇ ਮਿਹਨਤੀ ਸਟਾਫ਼ ਤੇ ਵਧੀਆ ਪ੍ਰਬੰਧ ਦਾ ਸਿੱਟਾ ਹੈ।

# 17 ਜੂਨ ਤੱਕ ਮਨਾਇਆ ਜਾਵੇਗਾ ਵਿਸ਼ਵ ਹਾਈਪਰਟੈਨਸ਼ਨ ਜਾਗਰੂਕਤਾ ਮਹੀਨਾ: ਡਾ.ਜੰਗਜੀਤ ਸਿੰਘ

ਕੀਰਤਪੁਰ ਸਾਹਿਬ, 20 ਮਈ (ਬੀ.ਐੱਸ. ਰਾਣਾ/ਮਨਦੀਪ ਸਿੰਘ ਰਾਣਾ): 17 ਮਈ ਤੋਂ ਸ਼ੁਰੂ ਹੋਏ ਵਿਸ਼ਵ ਹਾਈਪਰਟੈਨਸ਼ਨ ਜਾਗਰੂਕਤਾ ਮਹੀਨੇ ਦੌਰਾਨ ਪੀ.ਐੱਚ.ਸੀ. ਕੀਰਤਪੁਰ ਸਾਹਿਬ ਤੇ ਇਸ ਅਧੀਨ ਆਉਂਦੇ ਆਯੂਸ਼ਮਾਨ ਆਰੋਗਿਆ ਕੇਂਦਰਾਂ ਦੀ ਟੀਮ ਵੱਲੋਂ ਵੱਖ-ਵੱਖ ਥਾਵਾਂ 'ਤੇ ਗ਼ੈਰ ਸੰਚਾਰੀ ਰੋਗਾਂ ਦੀ ਜਾਂਚ ਲਈ ਵਿਸ਼ੇਸ਼ ਕੈਂਪ ਲਗਾਏ ਗਏ ਤੇ ਲੋਕਾਂ ਨੂੰ ਇਨ੍ਹਾਂ ਰੋਗਾਂ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ। ਡਾ.ਜੰਗਜੀਤ ਸਿੰਘ ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਉੱਚ ਰਕਤਚਾਪ ਨੂੰ 'ਸਾਇਲੈਂਟ ਕਿੱਲਰ' ਕਿਹਾ ਜਾਂਦਾ ਹੈ ਕਿਉਂਕਿ ਆਮ ਤੌਰ 'ਤੇ ਇਸ ਦੇ ਕੋਈ ਖ਼ਾਸ ਲੱਛਣ ਨਹੀਂ ਹੁੰਦੇ ਪਰ ਨਿਯਮਤ ਤੌਰ 'ਤੇ ਸਵੇਰ ਦੇ ਸਮੇਂ ਸਿਰ ਦਰਦ, ਨੱਕ 'ਚੋਂ ਖ਼ੂਨ ਆਉਣ, ਦਿਲ ਦੀ ਧੜਕਣ ਤੇਜ਼ ਹੋਣ, ਧੁੰਦਲਾ ਵਿਖਾਈ ਦੇਣ ਤੇ ਘਬਰਾਹਟ ਮਹਿਸੂਸ ਹੋਣ 'ਤੇ ਤੁਰੰਤ ਡਾਕਟਰੀ ਸਲਾਹ ਲੈਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਭੋਜਨ ਵਿਚ ਨਮਕ ਦਾ ਘੱਟ ਇਸਤੇਮਾਲ, ਸੈਰ, ਕਸਰਤ ਤੇ ਯੋਗਾ ਬੀ.ਪੀ. ਨੂੰ ਕਾਬੂ ਵਿਚ ਰੱਖਣ ਦਾ ਸਭ ਤੋਂ ਸਸਤਾ ਤੇ ਅਸਰਦਾਰ ਤਰੀਕਾ ਹੈ। ਡਾ.ਜੰਗਜੀਤ ਸਿੰਘ ਨੇ ਦੱਸਿਆ ਕਿ ਡਾ. ਸਵਪਨਜੀਤ ਕੌਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਸ ਰੋਗ ਬਾਰੇ ਵੱਧ ਤੋਂ ਵੱਧ ਜਾਗਰੂਕਤਾ ਫ਼ੈਲਾਉਣ ਦੇ ਉਦੇਸ਼ ਨਾਲ 17 ਜੂਨ ਤੱਕ ਵਿਸ਼ਵ ਹਾਈਪਰਟੈਨਸ਼ਨ ਜਾਗਰੂਕਤਾ ਮਹੀਨਾ ਮਨਾਇਆ ਜਾਵੇਗਾ। ਇਸ ਦੌਰਾਨ ਸਕੂਲ, ਕਾਲਜ, ਬੱਸ ਅੱਡੇ ਤੇ ਰੇਲਵੇ ਸਟੇਸ਼ਨ 'ਤੇ ਜਾਗਰੂਕਤਾ ਭਾਸ਼ਣ ਤੋਂ ਇਲਾਵਾ ਪੋਸਟਰ ਮੇਕਿੰਗ ਮੁਕਾਬਲੇ, ਨੁੱਕੜ ਨਾਟਕ, ਜਾਗਰੂਕਤਾ ਰੈਲੀਆਂ ਕਰਵਾਉਣ ਦਾ ਸਿਲਸਿਲਾ ਜਾਰੀ ਰਹੇਗਾ। ਉਨ੍ਹਾਂ ਦੱਸਿਆ ਕਿ ਹਾਈਪਰਟੈਨਸ਼ਨ ਜਾਗਰੂਕਤਾ ਮਹੀਨੇ ਦੀ ਸ਼ੁਰੂਆਤ ਵਿਸ਼ਵ ਹਾਈਪਰਟੈਨਸ਼ਨ ਦਿਵਸ ਮੌਕੇ ਗ਼ੈਰ ਸੰਚਾਰੀ ਰੋਗਾਂ ਦੀ ਜਾਂਚ ਲਈ ਲਗਾਏ ਗਏ ਕੈਂਪਾਂ ਨਾਲ ਹੋਈ। ਸੀਨੀਅਰ ਮੈਡੀਕਲ ਅਫ਼ਸਰ ਨੇ ਦੱਸਿਆ ਕਿ ਜੀਓਵਾਲ ਵਿਖੇ ਬਲਾਕ ਪੱਧਰੀ ਕੈਂਪ ਲਗਾਇਆ ਗਿਆ। ਜਿਸ ਵਿਚ ਸੀ.ਐੱਚ.ਓ. ਪੂਨਮ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਐੱਸ.ਐੱਮ.ਆਈ. ਸਿਕੰਦਰ ਸਿੰਘ ਤੇ ਮਲਟੀਪਰਪਜ਼ ਹੈਲਥ ਵਰਕਰ ਕੁਲਵਿੰਦਰ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਰਤਿਕਾ ਓਬਰਾਏ ਬਲਾਕ ਐਜੂਕੇਟਰ ਨੇ ਦੱਸਿਆ ਕਿ ਆਯੂਸ਼ਮਾਨ ਆਰੋਗਿਆ ਕੇਂਦਰ ਗੱਗ, ਨਿੱਕੂ ਨੰਗਲ, ਲੰਮਲੈਹੜੀ, ਮਹਿਲਵਾਂ, ਕਥੇੜਾ, ਦੇਹਣੀ, ਗੰਗੂਵਾਲ, ਬੱਢਲ, ਅਗੰਮਪੁਰ, ਮਹਿਰੋਲੀ, ਗੋਹਲਣੀ, ਨੰਗਲੀ, ਮੋਜੋਵਾਲ, ਬੰਦਲੈਹੜੀ ਤੇ ਦੋਲੋਵਾਲ ਵਿਖੇ ਵੀ ਗ਼ੈਰ-ਸੰਚਾਰੀ ਰੋਗਾਂ ਦੀ ਜਾਂਚ ਲਈ ਕੈਂਪ ਲਗਾਏ ਗਏ, ਜਿੱਥੇ ਸੀ.ਐੱਚ.ਓ. ਰਵਨੀਤ ਕੌਰ, ਰਜਿੰਦਰ ਕੌਰ, ਅਮਨਦੀਪ ਕੌਰ, ਰਾਣੋ, ਪੂਨਮ, ਭਵਪ੍ਰੀਤ ਕੌਰ, ਬਬਨੀਤ ਰਾਜਪ੍ਰੀਤ ਕੌਰ, ਅਨੂਪ੍ਰੀਤ ਕੌਰ, ਅੰਜਨਾ, ਜਸਪ੍ਰੀਤ, ਅਰਵਿੰਦ ਕੌਰ, ਮਨਪ੍ਰੀਤ ਕੌਰ ਤੇ ਉਨ੍ਹਾਂ ਦੀ ਟੀਮ ਨੇ ਲੋਕਾਂ ਨੂੰ ਗ਼ੈਰ-ਸੰਚਾਰੀ ਰੋਗਾਂ ਤੇ ਹਾਈ ਬੀ.ਪੀ. ਦੇ ਲੱਛਣਾਂ ਤੇ ਬਚਾਅ ਬਾਰੇ ਜਾਗਰੂਕ ਕੀਤਾ।



# ਮੈਰੀਗੋਲਡ ਪਬਲਿਕ ਸਕੂਲ ਅਲੀਵਾਲ ਦਾ 12ਵੀਂ (ਸਾਇੰਸ ਤੇ ਕਾਮਰਸ) ਤੇ 10ਵੀਂ ਦਾ ਨਤੀਜਾ ਰਿਹਾ ਸ਼ਾਨਦਾਰ

ਬਟਾਲਾ, 20 ਮਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਮੈਰੀਗੋਲਡ ਪਬਲਿਕ ਸਕੂਲ ਅਲੀਵਾਲ ਦਾ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਬਾਰ੍ਹਵੀਂ ਤੇ ਦਸਵੀਂ ਜਮਾਤ (ਪੰਜਾਬ ਬੋਰਡ) ਦਾ ਨਤੀਜਾ ਵੀ ਸ਼ਾਨਦਾਰ ਰਿਹਾ। ਪਰ ਇਸ ਸਾਲ ਦਾ ਨਤੀਜਾ ਜ਼ਿਆਦਾ ਵਧੀਆ ਰਿਹਾ। ਕਿਉਂਕਿ ਇਸ ਵਾਰ ਬਾਰ੍ਹਵੀਂ ਜਮਾਤ ਦੇ ਦੋ-ਦੋ ਬੱਚਿਆਂ ਨੇ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕੀਤਾ। ਬਾਰ੍ਹਵੀਂ ਜਮਾਤ ਦੇ ਸਾਇੰਸ ਗਰੁੱਪ ਵਿੱਚੋਂ ਪਵਨਪ੍ਰੀਤ ਕੌਰ ਸਪੁੱਤਰੀ ਅਤਿੰਦਰ ਸਿੰਘ ਨੇ 96.80% ਤੇ ਜਸਨੂਰ ਕੌਰ ਸਪੁੱਤਰੀ ਕੁਲਦੀਪ ਸਿੰਘ ਨੇ 96.80% ਅੰਕ ਪ੍ਰਾਪਤ ਕਰਕੇ ਪਹਿਲਾ, ਸਿਮਰਨਪ੍ਰੀਤ ਕੌਰ ਸਪੁੱਤਰੀ ਚੰਚਲ ਸਿੰਘ ਨੇ 95.80% ਤੇ ਦਿਲਜੀਤ ਸਿੰਘ ਸਪੁੱਤਰ ਹਰਪ੍ਰੀਤ ਸਿੰਘ ਨੇ 95.80% ਅੰਕ ਪ੍ਰਾਪਤ ਕਰਕੇ ਦੂਜਾ ਤੇ ਮਨਜੋਤ ਕੌਰ ਸਪੁੱਤਰੀ ਕੁਲਵਿੰਦਰ ਸਿੰਘ ਨੇ 95.40% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ। ਕਾਮਰਸ ਗਰੁੱਪ ਵਿੱਚੋਂ ਕਲਪਨਾ ਸਪੁੱਤਰੀ ਧੀਰਾ ਮਸੀਹ ਨੇ 92%, ਸਹਿਜਪ੍ਰੀਤ ਕੌਰ ਸਪੁੱਤਰੀ ਰਣਜੀਤ ਸਿੰਘ ਨੇ 91% ਤੇ ਲਵਪ੍ਰੀਤ ਸਿੰਘ ਸਪੁੱਤਰ ਰਾਜਬੀਰ ਸਿੰਘ ਨੇ 90% ਅੰਕ ਪ੍ਰਾਪਤ ਕਰਕੇ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ। ਦੂਜੇ ਪਾਸੇ ਦਸਵੀਂ ਜਮਾਤ (ਪੰਜਾਬ ਬੋਰਡ) ਵਿੱਚੋਂ ਸੁਖਮਨਪ੍ਰੀਤ ਸਿੰਘ ਸਪੁੱਤਰ ਰਾਮ ਸਿੰਘ ਨੇ 86.77, ਹਰਮਨਦੀਪ ਸਿੰਘ ਸਪੁੱਤਰ ਰਣਜੀਤ ਸਿੰਘ ਨੇ 86.15% ਤੇ ਸੁਖਮਨਪ੍ਰੀਤ ਸਿੰਘ ਸਪੁੱਤਰ ਸੁਖਦੇਵ ਸਿੰਘ ਨੇ 85.85% ਅੰਕ ਪ੍ਰਾਪਤ ਕਰਕੇ ਪਹਿਲਾ, ਦੂਜਾ ਤੇ ਤੀਜਾ ਸਥਾਨ ਪ੍ਰਾਪਤ ਕੀਤਾ ਤੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਚਮਕਾਇਆ। ਇਸ ਮੌਕੇ ਸਕੂਲ ਦੇ ਐੱਮ.ਡੀ. ਗੁਰਵਿੰਦਰ ਸਿੰਘ ਪੰਨੂੰ ਨੇ ਖ਼ੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਸੀ.ਬੀ.ਐੱਸ.ਈ. ਦੇ ਨਤੀਜੇ ਵਾਂਗ ਸਾਡਾ ਪੀ.ਐੱਸ.ਈ.ਬੀ. ਦਾ ਨਤੀਜਾ ਵੀ ਬਹੁਤ ਵਧੀਆ ਰਿਹਾ। ਅਸੀਂ ਉਮੀਦ ਕਰਦੇ ਹਾਂ ਕਿ ਸਾਡੇ ਇਹ ਬੱਚੇ ਅੱਗੇ ਜਾ ਕੇ ਵੀ ਚੰਗੀ ਕਾਰਗੁਜ਼ਾਰੀ ਕਰਨਗੇ ਤੇ ਆਪਣਾ, ਆਪਣੇ ਮਾਪਿਆਂ ਤੇ ਸਕੂਲ ਦਾ ਨਾਮ ਚਮਕਾਉਣਗੇ। ਸਕੂਲ ਦੇ ਪ੍ਰਿੰਸੀਪਲ ਹਰਪਿੰਦਰਪਾਲ ਸਿੰਘ ਸੰਧੂ ਨੇ ਬੱਚਿਆਂ ਤੇ ਅਧਿਆਪਕਾਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਮਿਹਨਤ ਹੀ ਸਫਲਤਾ ਦੀ ਕੁੰਜੀ ਹੈ। ਮੈਂ ਉਮੀਦ ਕਰਦਾ ਕਿ ਸਾਡੀਆਂ ਅਗਲੀਆਂ ਜਮਾਤਾਂ ਵੀ ਇਸੇ ਤਰ੍ਹਾਂ ਸਫਲਤਾ ਪ੍ਰਾਪਤ ਕਰਦੀਆਂ ਰਹਿਣਗੀਆਂ। ਇਸ ਮੌਕੇ ਰਵਿੰਦਰ ਕੌਰ ਪੰਨੂੰ, ਪਲਵਿੰਦਰ ਕੌਰ ਸੰਧੂ, ਵਾਈਸ ਪ੍ਰਿੰਸੀਪਲ ਪ੍ਰਿਤਪਾਲ ਕੌਰ ਤੇ ਡਾ. ਤਨਵੀਰ ਕੌਰ ਪੰਨੂੰ ਤੋਂ ਇਲਾਵਾ ਰਮਨ ਕੁਮਾਰ, ਸੁਰਜੀਤ ਸਿੰਘ, ਰਾਹੁਲ ਕੁਮਾਰ, ਕਵਲਜੀਤ ਕੌਰ, ਰਵਿੰਦਰ ਕੌਰ, ਪ੍ਰੀਆ ਸ਼ਰਮਾ, ਸਤਿੰਦਰ ਕੌਰ, ਅਮਨਦੀਪ ਕੌਰ, ਜਸਪਾਲ ਕੌਰ, ਗੁਰਮੀਤ ਕੌਰ, ਮਹਿਕਦੀਪ ਕੌਰ, ਪਲਵਿੰਦਰ ਕੌਰ, ਗਗਨਦੀਪ ਕੌਰ, ਰੋਮੀ, ਪੱਲਵੀ, ਬਲਵਿੰਦਰ ਕੌਰ, ਰਮਨਦੀਪ ਕੌਰ, ਰਿਸ਼ਭ ਕੁਮਾਰ, ਅੰਕੁਸ਼ ਸ਼ਰਮਾ, ਰਾਜਨ ਸ਼ਰਮਾ, ਸੁਖਬੀਰ ਸਿੰਘ, ਸਰਾਫਿਨ ਪੌਲ, ਰਾਹੁਲ ਗਿੱਲ, ਯੁਵਰਾਜ ਸਿੰਘ, ਲਵਪ੍ਰੀਤ ਕੌਰ, ਕੁਲਵਿੰਦਰ ਕੌਰ, ਜਸ਼ਨਦੀਪ ਕੌਰ, ਸਤਵਿੰਦਰ ਕੌਰ, ਪ੍ਰਤਿਸ਼ਠਾ ਤੇ ਰਾਜਵਿੰਦਰ ਕੌਰ ਆਦਿ ਸਮੂਹ ਸਟਾਫ ਮੈਂਬਰਾਂ ਨੇ ਬੱਚਿਆਂ ਨੂੰ ਵਧਾਈ ਦਿੱਤੀ।



# ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**In the Court of**
**Sh. Ajit Pal Singh**
**Additional District and Sessions Judge-1, Fazilka**
CNR No.PBFZC0-005135-2024
Next Date: 31.05.2025
Swaran Singh
Versus
Saraj Singh
Appeal against the judgment and order dated 22.08.2024 passed by the court of Ms. Hamilanjot Kaur, CJJD, Jalalabad
Notice to: Saraj Singh Father:- Kashmir Singh R/o Bharat Nagar, Ferozpur City Teh and Distt. Ferozpur No. 2) Pargat Singh son of Kashmir Singh son of Makhan Singh R/o Bharat Nagar, Ferozpur City Teh and Distt. Ferozpur NO. 4) Bakhshish Singh son of Balveer Singh son of Teja SIngh r/o Village Chak Somia Tehsil Guruharsahai District Ferozpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.05.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-05-2025
**Sd/- Additional District and Sessions Judge-1, Fazilka**

**(U/o 5 Rule 20 CPC)**
**In the Court of**
**Sh. Gursher Singh**
**Additional Civil Judge (Senior Division), Pathankot**
CNR No. PBPO02-001223-2023
Next Date: 01.07.2025
Reeta
Versus
Balwant Singh through Lrs
Notice to: Balwant Singh through Lrs Father:- Nathu Ram VPO Makoda, Tehsil Dinanagar, District Gurdaspur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **01.07.2025** at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 15-05-2025
**Sd/- Additional Civil Judge (Senior Division), Pathankot**

**(U/o 5 Rule 20 CPC)**
**In the Court of Sh. Jagmeet Singh Additional Civil Judge (Senior Division), Rupnagar**
CNR No. PBRO02-001475-2023
Next Date: 07.07.2025
CS/995/2023
Amandeep Kaur
Versus
Inderjit Singh
Suit for Declaration
Notice to: Inderjit Singh son of Ajaib Singh Rs/o Vill. Salempur, Tehsil Chamkaur Sahib, District Rupnagar Now residing at Ward No. 17, Hamayunpur Sirhind, District Fatehgarh Sahib. 2. Jaswinder Singh son of Ajaib Singh Rs/o Vill. Salempur, Tehsil chamkaur Sahib, District Rupnagar Now residing at H.No. 61, Phase-1, SAS Nagar (Mohali).
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.07.2025** at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 06-05-2025
**Sd/- Additional Civil Judge (Senior Division), Rupnagar**

**(U/o 5 Rule 20 CPC)**
**In the Court of**
**Sh. Tanveer Singh Madhav Civil Judge (Junior Division), Kharar**
CNR No. PBSAA0-001154-2023
Next Date: 07.07.2025
Shiam Lal
Versus
Ajmer Singh
Notice to: Ajmer Singh son of Bir Singh R/o KTM Colony, Failing within the area of Vill. Aujla, Ward No. 13, Kharar Teh. Kharar Distt. SAS Nagar Mohali Since Deceased Through his Legal Heirs. Vii) Sonu (Son, Viii) Sunita Rani Daughter, ix) Mona Daughter, x) Baby Daughter xi) Santo Daughter All R/o KTM Colony, Failing within The area of Vill. Aujla, Ward No. 13, Kharar, Teh. Kharar, Distt. SAS Nagar Mohali
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.07.2025** at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 07-05-2025
**Sd/- Additional Civil Judge (Junior Division), Kharar**

**(U/o 5 Rule 20 CPC)**
**In the Court of**
**Sh. Sukhwinder Singh**
**Additional Civil Judge (Senior Division), Rupnagar**
CNR No. PBRO02-000201-2024
Next Date: 14.07.2025
Rupinder Singh
Versus
Shree Krishna Screening Plant
Notice to: Defendant NO. 4 Navdeep Arora S/o Janak Raj Arora Defendant No. 5 Surinder Kumar S/o Chuhar Singh Both R/o Village Bindrakh Tehsil and District Ropar Defdendant NO. 11 Jorawar Trading Co. Village Bindrakh Tehsil and District Ropar Through its Proprietor
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.**07.2025 at 10:00 A.M.
For details logon to https://highcourtchd.gov.in/?mod=district_notice&district=Rupnagar
Dated, this day of 16-05-2025
**Sd/- Additional Civil Judge (Senior Division), Rupnagar**

## Change of Name

I Neena Bagga W/o Balram Bagga VPO Piplanwala Distt Hoshiarpur, Punjab have changed my name to Neena Kumari. Concerned Note.

I Niharika Kansal W/o Yogesh Mittal R/o House No-8, Hoshiarpur Enclave, Kakkon Hoshiarpur have changed my name to Niharika Mittal. Concerned Note.

**(U/o 5 Rule 20 CPC)**
**In the Court of**
**Sh. Ajay Pal Singh**
**Additional Civil Judge (Senior Division), Hoshiarpur**
CNR No. PBHO02-000920-2024
Next Date: 07.07.2025
CS/539/2024
State Bank of India Regional Office at Sutheri Road, Hoshiarpur and Branch office Situated at Shamchurasi District Hoshiarpur Through its Branch Manager and Principal Officer Sh. Vinay Kumar.
Versus
1. Lekh Raj Son of Jeet Ram Resident of Village Noorpur PO Shamchurasi Tehsil and District Hoshiarpur 2. Satish Kumar son of Om Parkash Resident of Kotla District Jalandhar.
Notice to:Satish Kumar son of Om Parkash Resident of Kotla District Jalandhar.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.07.2025** at 10:00 A.M.
For details logon to https://highcourtchd.gov.in/?trs=district_notice&district=Hoshiarpur
Dated, this day of 19-05-2025
**Sd/- Additional Civil Judge (Senior Division), Hoshiarpur**

**(U/o 5 Rule 20 CPC)**
**In the Court of**
**Sh. H.S. Grewal**
**District and Sessions Judge, Chandigarh**
CNR No. CHCH01-003654-2022
Next Date: 16.07.2025
Nachhatar Kaur
Versus
Amandeep Singh
Notice to: Amandeep singh Father:- Rajinder Singh 6 Paradise Mansion Satjot Nagar, Basant Avenue, Ludhiana.
In above titled case the respondent no. 1 could not be served. It is ordered that respondent no. 1 should appear in person or through counsel on **16.07.2025** at 10:00 A.M.
For details logon to https://highcourtchd.gov.in/?mod=district_notice&district=Chandigarh
Dated, this day of 19-05-2025
**Sd/- District and Sessions Judge, Chandigarh**

**(U/o 5 Rule 20 CPC)**
**In the Court of**
**Ms. Rajwant Kaur**
**Civil Judge (Senior Division), Pathankot**
CNR No. PBPO02-001854-2024
Next Date: 07.07.2025
Savita Kumari
Versus
General Public
Application u/s 372 of India Succession act for grant of succession certificate
Notice to: General Public:- General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **07.07.2025** at 10:00 A.M.
For details logon to https://highcourtchd.gov.in/?mod=district_notice&district=Pathankot
Dated, this day of 19-05-2025
**Sd/- Civil Judge (Senior Division), Pathankot**

**(U/o 5 Rule 20 CPC)**
**In the Court of**
**Ms. Chinu Sharma**
**Civil Judge Jr.Div., Chandigarh**
CNR No. CHCH02-000536-2025
Next Date: 31.07.2025
Inderpaul Kaur
Versus
The Secretary Chandigarh
Notice to: The General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **31.07.2025** at 10:00 A.M.
For details logon to https://highcourtchd.gov.in/?mod=district_notice&district=Chandigarh
Dated, this day of 15-05-2025
**Sd/- Civil Judge Jr.Div., Chandigarh**

**ਬਾ-ਅਦਾਲਤ ਮਾਨਯੋਗ ਸ੍ਰੀ ਗੁਰਦੇਵ ਸਿੰਘ ਧੰਮ ਪੀ.ਸੀ.ਐਸ. ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**
ਕੇਸ ਨੰਬਰ: 51/ਖਾਨਗੀ
ਕੇਸ ਕਿਸਮ: ਖਾਨਗੀ ਇੰਤਕਾਲ
ਪਿੰਡ: ਡਕਾਲਾ
ਤਾਰੀਖ ਪੇਸ਼ੀ: 15.05.2025
ਹਰਮੇਸ਼ ਕੁਮਾਰ ਪੁੱਤਰ ਸਾਧੂ ਰਾਮ ਪੁੱਤਰ ਰਾਮ ਚੰਦ, ਵਾਸੀ ਚਾਂਦਨੀ ਚੌਕ, ਜ਼ਿਲ੍ਹਾ ਪਟਿਆਲਾ ਤਹਿਸੀਲ ਵਾ ਜ਼ਿਲ੍ਹਾ ਪਟਿਆਲਾ ਦੀ ਮੌਤ ਮਿਤੀ 29.02.2024 ਤੋਂ ਬਾਅਦ ਉਸਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ. 5925 ਪਿੰਡ ਡਕਾਲਾ ਬਾ-ਹੱਕ ਸੰਜੀਵ ਗਰਗ ਪੁੱਤਰ ਹਰਮੇਸ਼ ਕੁਮਾਰ ਗਰਗ ਫੈਸਲਾ ਕਰਨ ਹਿੱਤ ਇਸ ਅਦਾਲਤ ਵਿੱਚ ਮਿਤੀ 28.05.2025 ਨੂੰ ਸੁਣਵਾਈ ਲਈ ਨਿਯਤ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹਰਮੇਸ਼ ਕੁਮਾਰ ਪੁੱਤਰ ਸਾਧੂ ਰਾਮ ਪੁੱਤਰ ਰਾਮ ਚੰਦ ਮੁਤਵਫੀ ਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ. 5925 ਪਿੰਡ ਡਕਾਲਾ ਬਾ-ਹੱਕ ਸੰਜੀਵ ਗਰਗ ਪੁੱਤਰ ਹਰਮੇਸ਼ ਕੁਮਾਰ ਗਰਗ ਦੇ ਹੱਕ ਵਿੱਚ ਮੰਜੂਰ ਹੋਣ 'ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਸਾਲਤਨ ਜਾਂ ਵਕਾਲਤਨ ਤਾਰੀਖ ਪੇਸ਼ੀ ਮਿਤੀ 28.05.2025 ਨੂੰ ਨਿਮਨਹਸਤਾਖਰ ਦੀ ਅਦਾਲਤ ਵਿੱਚ ਸਵੇਰੇ 10.00 ਵਜੇ ਹਾਜ਼ਰ ਹੋ ਕੇ ਆਪਣਾ ਇਤਰਾਜ਼ ਅਤੇ ਪੱਖ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਮਿਤੀ 28.05.2025 ਤੋਂ ਬਾਅਦ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 13.05.2025 ਨੂੰ ਮੇਰੇ ਹਸਤਾਖਰ ਹਿੱਤ ਅਦਾਲਤ ਮੋਹਰ ਨਾਲ ਜਾਰੀ ਕੀਤਾ ਗਿਆ।
ਨੰ. 544/ਪੇਸ਼ੀ
ਮਿਤੀ: 15.05.2025
**ਸਹੀ/- ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**

**ਜਨਤਕ ਸੂਚਨਾ**



ਵੱਲੋਂ ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ

ਸਵਰਗੀ ਸ਼ਿਵ ਕੁਮਾਰ ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਬੂਥ ਨੰਬਰ 265, ਸੈਕਟਰ 20-ਡੀ ਚੰਡੀਗੜ੍ਹ (RBL 1185) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ ਉਪ-ਤਬਾਦਲਾ 50.00% ਹਿੱਸੇ ਦੀ ਹੱਦ ਤੱਕ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਸ਼ਿਵ ਕੁਮਾਰ ਵਪਾਰਕ ਬੂਥ ਨੰਬਰ 265, ਸੈਕਟਰ 20-ਡੀ, ਚੰਡੀਗੜ੍ਹ ਦੇ 50.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।
ਕੈਲਾਸ਼ ਰਾਣੀ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਸ਼ਿਵ ਕੁਮਾਰ ਦੀ ਮੌਤ 30/03/2023 ਨੂੰ ਹੋ ਗਈ ਸੀ ਅਤੇ ਉਸਨੇ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-
**1. ਰਿਤਿਕਾ (ਪੁੱਤਰੀ) 2. ਮਾਧਵ ਮਹਿਰਾ (ਪੁੱਤਰ) 3. ਵੰਸ਼ (ਪੁੱਤਰ) 4. ਆਰਤੀ ਮਹਿਰਾ (ਪਤਨੀ) 5. ਕੈਲਾਸ਼ ਰਾਣੀ (ਮਾਤਾ)**
ਹੁਣ, ਕੈਲਾਸ਼ ਰਾਣੀ ਨੇ ਵਪਾਰਕ ਬੂਥ ਨੰਬਰ 265, ਸੈਕਟਰ 20-ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਮਰਹੂਮ ਸ਼ਿਵ ਕੁਮਾਰ ਦੁਆਰਾ / ਉਸ/ਆਪਣੇ/ਉਨ੍ਹਾਂ ਦੇ ਪੱਖ ਵਿੱਚ ਰੱਖੇ ਗਏ 50.00% ਹਿੱਸੇ ਦੀ ਹੱਦ ਤੱਕ, 03/11/2018 ਦੀ ਅਣ-ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ।ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਨੂੰ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ,**
**ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ. ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ**

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
**-ਇਸ਼ਤਿਹਾਰ ਮੈਨੇਜਰ**

**ਬਾ-ਅਦਾਲਤ ਮਾਨਯੋਗ ਸ੍ਰੀ ਗੁਰਦੇਵ ਸਿੰਘ ਧੰਮ ਪੀ.ਸੀ.ਐਸ. ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**
ਕੇਸ ਨੰਬਰ: 50/ਖਾਨਗੀ
ਕੇਸ ਕਿਸਮ: ਖਾਨਗੀ ਇੰਤਕਾਲ
ਪਿੰਡ: ਝੰਡੀ
ਤਾਰੀਖ ਪੇਸ਼ੀ: 15.05.2025
ਧਰਮਪਾਲ ਉਰਫ਼ ਪਾਲ ਪੁੱਤਰ ਉਦੈ ਰਾਮ ਪੁੱਤਰ ਪਿਆਰੇ ਲਾਲ, ਵਾਸੀ ਪਿੰਡ ਝੰਡੀ, ਜ਼ਿਲ੍ਹਾ ਪਟਿਆਲਾ ਤਹਿਸੀਲ ਵਾ ਜ਼ਿਲ੍ਹਾ ਪਟਿਆਲਾ ਦੀ ਮੌਤ ਮਿਤੀ 04.02.2025 ਤੋਂ ਬਾਅਦ ਉਸਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ. 1550 ਪਿੰਡ ਝੰਡੀ ਬਾ ਹੱਕ ਪਰਮਿੰਦਰ ਸ਼ਰਮਾ ਪੁੱਤਰ ਧਰਮਪਾਲ ਪੁੱਤਰ ਉਦੈ ਰਾਮ ਗੀਤਾ ਰਾਣੀ ਵਿਧਵਾ ਧਰਮਪਾਲ ਪੁੱਤਰ ਉਦੈ ਰਾਮ ਲਾਲ ਫੈਸਲਾ ਕਰਨ ਹਿੱਤ ਇਸ ਅਦਾਲਤ ਵਿੱਚ ਮਿਤੀ 28.05.2025 ਨੂੰ ਸੁਣਵਾਈ ਲਈ ਨਿਯਤ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਧਰਮਪਾਲ ਉਰਫ਼ ਪਾਲ ਪੁੱਤਰ ਉਦੈ ਰਾਮ ਮੁਤਵਫੀ ਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ. 1550 ਪਿੰਡ ਝੰਡੀ ਬਾ-ਹੱਕ ਬਿਮਲਾ ਪਰਮਿੰਦਰ ਸ਼ਰਮਾ ਪੁੱਤਰ ਧਰਮਪਾਲ ਪੁੱਤਰ ਉਦੈ ਰਾਮ ਅਤੇ ਗੀਤਾ ਰਾਣੀ ਵਿਧਵਾ ਧਰਮਪਾਲ ਪੁੱਤਰ ਉਦੈ ਰਾਮ ਲਾਲ ਦੇ ਹੱਕ ਵਿੱਚ ਮੰਜ਼ੂਰ ਹੋਣ 'ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਸਾਲਤਨ ਜਾਂ ਵਕਾਲਤਨ ਤਾਰੀਖ ਪੇਸ਼ੀ ਮਿਤੀ 28.05.2025 ਨੂੰ ਨਿਮਨਹਸਤਾਖਰ ਦੀ ਅਦਾਲਤ ਵਿੱਚ ਸਵੇਰੇ 10.00 ਵਜੇ ਹਾਜ਼ਰ ਹੋ ਕੇ ਆਪਣਾ ਇਤਰਾਜ਼ ਅਤੇ ਪੱਖ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਮਿਤੀ 28.05.2025 ਤੋਂ ਬਾਅਦ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 13.05.2025 ਨੂੰ ਮੇਰੇ ਹਸਤਾਖਰ ਹਿੱਤ ਅਦਾਲਤ ਮੋਹਰ ਨਾਲ ਜਾਰੀ ਕੀਤਾ ਗਿਆ।
ਨੰ. 545/ਪੇਸ਼ੀ
ਮਿਤੀ: 15.05.2025
**ਸਹੀ/- ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**

**ਬਾ-ਅਦਾਲਤ ਮਾਨਯੋਗ ਸ੍ਰੀ ਗੁਰਦੇਵ ਸਿੰਘ ਧੰਮ ਪੀ.ਸੀ.ਐਸ. ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**
ਕੇਸ ਨੰਬਰ: 52/ਖਾਨਗੀ
ਕੇਸ ਕਿਸਮ: ਖਾਨਗੀ ਇੰਤਕਾਲ
ਪਿੰਡ: ਖੇੜੀ ਬਰਨਾ
ਤਾਰੀਖ ਪੇਸ਼ੀ: 15.05.2025
ਦੇਵਿਕਾ ਰਾਣੀ ਪਤਨੀ ਹਰਮੇਸ਼ ਕੁਮਾਰ ਗਰਗ, ਵਾਸੀ ਚਾਂਦਨੀ ਚੌਕ, ਜ਼ਿਲ੍ਹਾ ਪਟਿਆਲਾ ਤਹਿਸੀਲ ਵਾ ਜ਼ਿਲ੍ਹਾ ਪਟਿਆਲਾ ਦੀ ਮੌਤ ਮਿਤੀ 08.02.2024 ਤੋਂ ਬਾਅਦ ਉਸਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ. 1075 ਪਿੰਡ ਖੇੜੀ ਬਰਨਾ ਬਾ ਹੱਕ ਸੰਜੀਵ ਗਰਗ ਪੁੱਤਰ ਹਰਮੇਸ਼ ਕੁਮਾਰ ਗਰਗ ਫੈਸਲਾ ਕਰਨ ਹਿੱਤ ਇਸ ਅਦਾਲਤ ਵਿੱਚ ਮਿਤੀ 28.05.2025 ਨੂੰ ਸੁਣਵਾਈ ਲਈ ਨਿਯਤ ਹੈ।
ਇਸ ਲਈ ਇਸ ਇਸ਼ਤਿਹਾਰ ਰਾਹੀਂ ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੇਵਿਕਾ ਰਾਣੀ ਪਤਨੀ ਹਰਮੇਸ਼ ਕੁਮਾਰ ਗਰਗ ਮੁਤਵਫੀ ਦੀ ਖਾਨਗੀ ਵਸੀਅਤ ਦਾ ਇੰਤਕਾਲ ਨੰ. 1075 ਪਿੰਡ ਖੇੜੀ ਬਰਨਾ ਬਾ-ਹੱਕ ਸੰਜੀਵ ਗਰਗ ਪੁੱਤਰ ਹਰਮੇਸ਼ ਕੁਮਾਰ ਗਰਗ ਦੇ ਹੱਕ ਵਿੱਚ ਮੰਜ਼ੂਰ ਹੋਣ 'ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ ਤਾਂ ਉਹ ਅਸਾਲਤਨ ਜਾਂ ਵਕਾਲਤਨ ਤਾਰੀਖ ਪੇਸ਼ੀ ਮਿਤੀ 28.05.2025 ਨੂੰ ਨਿਮਨਹਸਤਾਖਰ ਦੀ ਅਦਾਲਤ ਵਿੱਚ ਸਵੇਰੇ 10.00 ਵਜੇ ਹਾਜ਼ਰ ਹੋ ਕੇ ਆਪਣਾ ਇਤਰਾਜ਼ ਅਤੇ ਪੱਖ ਪੇਸ਼ ਕਰ ਸਕਦਾ ਹੈ। ਨਿਸ਼ਚਿਤ ਮਿਤੀ 28.05.2025 ਤੋਂ ਬਾਅਦ ਨਿਯਮਾਂ ਅਨੁਸਾਰ ਅਗਲੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਹ ਇਸ਼ਤਿਹਾਰ ਅੱਜ ਮਿਤੀ 15.05.2025 ਨੂੰ ਮੇਰੇ ਹਸਤਾਖਰ ਹਿੱਤ ਅਦਾਲਤ ਮੋਹਰ ਨਾਲ ਜਾਰੀ ਕੀਤਾ ਗਿਆ।
ਨੰ. 543/ਪੇਸ਼ੀ
ਮਿਤੀ: 15.05.2025
**ਸਹੀ/- ਉਪ ਮੰਡਲ ਮੈਜਿਸਟਰੇਟ-ਕਮ-ਸਹਾਇਕ ਕੁਲੈਕਟਰ ਦਰਜਾ ਪਹਿਲਾ ਪਟਿਆਲਾ।**

**ਚੰਡੀਗੜ੍ਹ ਹਾਊਸਿੰਗ ਬੋਰਡ** 8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ
ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ

## ਜਨਤਕ ਸੂਚਨਾ

**ਵੱਲੋਂ ਸਕੱਤਰ, ਸੀਐਚਬੀ ਅਸਟੇਟ ਅਧਿਕਾਰੀ, ਯੂ.ਟੀ. ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**
ਵਿਸ਼ਾ : ਅਲਾਟੀ/ਟ੍ਰਾਂਸਫਰੀ **ਸ੍ਰੀ ਜਤਿੰਦਰ ਕੁਮਾਰ ਸਪੁੱਤਰ ਸ੍ਰੀ ਜਗਦੀਸ਼ ਚੰਦਰ** ਦੇ ਨਾਮ ਤੋਂ **ਸ੍ਰੀਮਤੀ ਰਿਤੂ ਬਾਲਾ ਸਪੁੱਤਰੀ ਸ੍ਰੀ ਜਗਦੀਸ਼ ਚੰਦਰ** ਦੇ ਨਾਮ 'ਤੇ **ਤਬਾਦਲਾ ਡੀਡ** ਦੇ ਆਧਾਰ 'ਤੇ **ਸੈਕਟਰ 41-ਏ, ਚੰਡੀਗੜ੍ਹ ਵਿਚ ਐਮਆਈਜੀ (ਡੀ) ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 751/1 (ਪਹਿਲੀ ਮੰਜ਼ਿਲ)** ਦੇ ਸੰਬੰਧ ਵਿਚ ਟ੍ਰਾਂਸਫਰੀ ਦਾ ਤਬਾਦਲਾ/ਪਰਿਵਰਤਨ। **(ਭਰਾ ਤੋਂ ਭੈਣ ਨੂੰ)**
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ **ਸੈਕਟਰ 41-ਏ, ਚੰਡੀਗੜ੍ਹ ਵਿਚ ਐਮਆਈਜੀ (ਡੀ) ਵਰਗ ਦੀ ਰਿਹਾਇਸ਼ੀ ਇਕਾਈ ਨੰਬਰ 751/1 (ਪਹਿਲੀ ਮੰਜ਼ਿਲ)** ਅਲਾਟੀ/ਟ੍ਰਾਂਸਫਰੀ **ਸ੍ਰੀ ਜਤਿੰਦਰ ਕੁਮਾਰ ਸਪੁੱਤਰ ਸ੍ਰੀ ਜਗਦੀਸ਼ ਚੰਦਰ ਸਭਰਵਾਲ** ਦੇ ਨਾਮ 'ਤੇ ਦਰਜ ਹੈ। **ਸ੍ਰੀਮਤੀ ਰਿਤੂ ਬਾਲਾ ਸਪੁੱਤਰੀ ਸ੍ਰੀ ਜਗਦੀਸ਼ ਚੰਦਰ** ਵੱਲੋਂ 28.04.2025 ਨੂੰ ਸਬ ਰਜਿਸਟਰਾਰ ਯੂ. ਟੀ., ਚੰਡੀਗੜ੍ਹ ਦੇ ਦਫ਼ਤਰ ਵਿਚ ਉਨ੍ਹਾਂ ਦੇ ਨਾਮ 'ਤੇ ਕਾਰਜਰੂਪ ਅਤੇ ਪੰਜੀਕ੍ਰਿਤ ਤਬਾਦਲਾ ਡੀਡ ਦੇ ਆਧਾਰ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੇ ਸੰਬੰਧ ਵਿਚ ਮਾਲਕੀ ਅਧਿਕਾਰ ਬਾਰੇ ਸੂਚਨਾ ਦਿੱਤੀ ਗਈ ਹੈ।
ਜੇਕਰ ਕਿਸੇ ਵੀ ਵਿਅਕਤੀ ਨੂੰ ਬਿਨੈਕਾਰ ਦੇ ਪੱਖ ਵਿਚ ਦਰਸਾਈ ਸੰਪੱਤੀ ਦੇ ਤਬਾਦਲੇ ਸੰਬੰਧੀ ਕੋਈ ਵੀ ਇਤਰਾਜ਼ ਹੈ ਤਾਂ ਉਹ ਆਪਣਾ ਇਤਰਾਜ਼ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 21 ਦਿਨਾਂ ਦੇ ਅੰਦਰ ਨਿਮਨ ਹਸਤਾਖ਼ਰੀ ਕੋਲ ਲਿਖਤ ਵਿਚ ਪੇਸ਼ ਕਰ ਸਕਦਾ/ਸਕਦੀ ਹੈ/ਸਕਦੇ ਹਨ, ਜਿਸ ਤੋਂ ਅਸਫ਼ਲ ਰਹਿਣ 'ਤੇ ਦਰਸਾਈ ਰਿਹਾਇਸ਼ੀ ਇਕਾਈ ਦੀ ਮਾਲਕੀ ਉਕਤ ਦਰਸਾਏ ਦਾਅਵੇਕਾਰ (ਾਂ) ਦੇ ਪੱਖ ਵਿਚ ਤਬਦੀਲ ਕਰ ਦਿੱਤੀ ਜਾਵੇਗੀ।
**ਸਕੱਤਰ**
**ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ**

**ਵਸੂਲੀ ਅਧਿਕਾਰੀ-I/II ਦਾ ਦਫ਼ਤਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**
**ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017**

ਮੰਗ ਸੂਚਨਾ
ਪ੍ਰਕਾਸ਼ਨ ਰਾਹੀਂ
ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ
ਆਰ.ਸੀ./410/2020 07.04.2025
ਸਟੇਟ ਬੈਂਕ ਆਫ ਇੰਡੀਆ
ਬਨਾਮ
ਮੈਸ. ਮਲਹੋਤਰਾ ਏਜੰਸੀਜ਼
ਵੱਲ,
**(ਸੀਡੀ 1) ਮੈਸ. ਮਲਹੋਤਰਾ ਏਜੰਸੀਜ਼, ਰਾਹੀਂ ਇਸ ਦੇ ਪ੍ਰੋਪ. ਸ੍ਰੀ ਮੁਕੇਸ਼ ਕੁਮਾਰ ਪੁੱਤਰ ਸ੍ਰੀ ਵਿਜੇ ਕੁਮਾਰ, ਵਾਸੀ ਨੇੜੇ ਸ਼ਿਵ ਪਲੇਸ, ਸਾਫਾਬਾਦੀ ਗੇਟ, ਪਟਿਆਲਾ, ਤਹਿਸੀਲ ਅਤੇ ਜ਼ਿਲ੍ਹਾ ਪਟਿਆਲਾ**
**(ਸੀਡੀ 2) ਮੁਕੇਸ਼ ਕੁਮਾਰ ਪੁੱਤਰ ਸ੍ਰੀ ਵਿਜੇ ਕੁਮਾਰ, ਵਾਸੀ ਮਕਾਨ ਨੰ. 18, ਗਲੀ ਨੰ. 1, ਗੁਰਬਖਸ਼ ਕਲੋਨੀ, ਪਟਿਆਲਾ (ਪੰਜਾਬ)**
**(ਸੀਡੀ 3) ਨਿਤਿਨ ਮਲਹੋਤਰਾ ਪੁੱਤਰ ਵਿਜੇ ਕੁਮਾਰ ਮਲਹੋਤਰਾ ਵਾਸੀ ਮਕਾਨ ਨੰ. 18, ਗਲੀ ਨੰ. 1, ਗੁਰਬਖਸ਼ ਕਲੋਨੀ, ਪਟਿਆਲਾ (ਪੰਜਾਬ)**
ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਓਏ/483/2019** ਵਿਚ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)** ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 21.01.2019 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 11.45% **ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ.** 21,36,078.41/- **(ਰੁਪਏ ਇਕੀ ਲੱਖ ਛੱਤੀ ਹਜ਼ਾਰ ਅਠੱਤਰ ਅਤੇ ਇਕਤਾਲੀ ਪੈਸੇ ਕੇਵਲ)** ਦੀ ਰਕਮ ਅਤੇ ਰੁ.24,000/- **(ਰੁਪਏ ਚੌਵੀ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**
2. **ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ** ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 19.07.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
**ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ** 07.04.2025 **ਨੂੰ ਜਾਰੀ।**
**ਵਸੂਲੀ ਅਧਿਕਾਰੀ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)**

ਨੰ:929 ਮਿਤੀ:19-05-2025

## ਸਰਕਾਰੀ ਹਸਪਤਾਲ ਭਗਤਾ ਦੇ ਸਾਈਕਲ ਸਟੈਂਡ ਦਾ ਟੈਂਡਰ ਨੋਟਿਸ

ਸੂਚਿਤ ਕੀਤਾ ਜਾਂਦਾ ਹੈ ਕਿ ਸਾਈਕਲ ਸਟੈਂਡ ਨੂੰ ਟੈਂਡਰ ਰਾਹੀਂ ਠੇਕੇ 'ਤੇ ਦਿੱਤਾ ਜਾਣਾ ਹੈ। ਚਾਹਵਾਨ ਵਿਅਕਤੀਆਂ ਨੂੰ ਮਿਤੀ 04.06.2025 ਸ਼ਾਮ 2 ਵਜੇ ਤੱਕ ਨਿਮਨ ਹਸਤਾਖਰ ਦੇ ਦਫਤਰ ਤੋਂ ਮਿਲਣ ਵਾਲੇ ਟੈਂਡਰ ਫਾਰਮ ਸਮੇਤ 500/-ਰੁ: (ਨਾ ਮੋੜਨਯੋਗ) ਸ਼ਰਤਾਂ 'ਤੇ ਟੈਂਡਰ ਭਰ ਕੇ ਜਮ੍ਹਾਂ ਕਰਵਾਉਣੇ ਹੋਣਗੇ। ਇਸ ਦੀ ਸਲਾਨਾ ਰਾਖਵੀਂ ਕੀਮਤ 12550 ਰੁ: ਹੈ।
**ਸਹੀ/- ਸੀਨੀਅਰ ਮੈਡੀਕਲ ਅਫਸਰ**
**ਇੰ: ਸੀ. ਐਚ.ਸੀ.ਭਗਤਾ**

**BEFORE THE REAL ESTATE REGULATORY AUTHORITY, PUNJAB**
**1st Floor, Plot No. 3, Block B, Madhya Marg, Sector 18A, Chandigarh-160018**
**(Proclamation Notice under Section 31 of the Real Estate (Regulation and Development) Act, 2016 r/w Rule 36 (2) of Punjab Real Estate (Regulation and Development) Rules, 2017 for appearance & filing reply)**

| Sr. No. | Complaint No. | Complainant Name | Respondent/s Name | Next Date of hearing and time |
|---|---|---|---|---|
| 1 | GCNo 00932023 | Sandeep Singh Gill & Anr. | 1. M/s Altus Space Builders Pvt. Ltd. 2. Ms Ajeet Association | **03.07.2025 at 11:30 AM** |

To,
**1. Ms Ajeet Associates,**
Address No.1
Sco 846, Sector 22A, Chandigarh-160022
Address No.2.
House no 857, Sector 49A, Chandigarh-160047

Whereas the above titled complaint has been filed against the Respondent no. 1 & 2 by the Complainant and this Authority is satisfied that there is reason to believe that the Respondent no.2 is keeping out of the way for the purpose of avoiding service and this Authority is further satisfied that the notice cannot be served in the ordinary way of service at the above available addresses. Hence, this proclamation is hereby issued against the Respondent no.2 to defend the above titled case personally or through any authorized agent or pleader before **Sh. Arunvir Vashista, Member, The Real Estate Regulatory Authority, Punjab** at his office situated at First Floor, Plot No. 3, Block B, Madhya Marg, Sector 18A, Chandigarh, on the above date and time and file reply to the complaint filed by the complainant, failing which ex-parte proceedings shall take place against the Respondent no.2 and the above mentioned complaint may be decided ex-parte in accordance with the provisions of the Real Estate (Regulation and Development) Act, 2016 and the Rules and Regulations made there under.
**Authorized Signatory**
**Real Estate Regulatory Authority, Punjab**

## ਉੱਤਰ ਰੇਲਵੇ

**ਈ-ਟੈਂਡਰ**
**ਖੁਲੀ ਟੈਂਡਰ ਸੂਚਨਾ 08-ਅੰਬਾਲਾ/2025-26 ਮਿਤੀ 19.05.2025**

ਸੀਨੀਅਰ ਮੰਡਲ ਇੰਜੀਨੀਅਰ-ਸਮਨਵੇ/ਅੰਬਾਲਾ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰ ਦੇ ਦੁਵਾਰਾ ਤੋਂ ਇਛੁਕ ਠੇਕੇਦਾਰਾਂ ਤੋਂ ਹੇਠਾ ਲਿਖੇ ਕੰਮਾਂ ਲਈ ਖੁਲੀ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ ਜੋ ਕੀ ਉਨ੍ਹਾਂ ਕੰਮਾਂ ਦੇ ਸਾਹਮਣੇ ਦਿਤੀ ਗਈ ਮਿਤੀ ਨੂੰ **15.00 ਵਜੇ** ਤਕ ਖੁਲੀ ਰਹੇਗੀ ਅਤੇ ਉਸਦੇ ਬਾਦ ਖੋਲੀ ਜਾਵੇਗੀ।

1 **ਕੰਮ ਦਾ ਨਾਮ :** ਏਡੀਈਐਨ/ਪੀਟੀਏ ਦੇ ਅੰਤਰਗਤ ਐਸਐਸਈ/ਡਬਲਯੂ/ਐਸਏਜੀ ਸੈਕਸ਼ਨ ਵਿਚ ਰਨਿੰਗ ਟ੍ਰੈਕ ਦੇ ਹੇਠਾ ਬਾਕਸ ਪੁਸ਼ਿੰਗ ਤਕਨੀਕ ਦੁਵਾਰਾ ਡੀਯੂਆਈ-ਜੇਐਚਐਲ ਸੈਕਸ਼ਨ ਉਤੇ ਕਿਮੀ 120/4-5 ਉਤੇ ਲੇਵਲ ਕਰੋਸਿੰਗ ਨੰਬਰ ਸੀ-100 ਨੂੰ ਸਮਾਪਤ ਕਰਨ ਦੇ ਲਈ ਐਲਐਚਐਸ (5.0 ਮੀਟਰ x 5.0 ਮੀਟਰ) ਦਾ ਪ੍ਰਾਵਧਾਨ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 3,26,65,348 | 3,13,300 | 08 ਮਹੀਨੇ | 10.06.2025 |

2 **ਕੰਮ ਦਾ ਨਾਮ :** ਰੇਲਵੇ ਭੂਮੀ ਉਪਯੋਗ ਦੀ ਜੀਆਈਐਸ ਮੈਪਿੰਗ, ਜੀਪੀਐਸ ਆਧਾਰਿਤ ਡਿਵਾਇਸ ਦਾ ਉਪਯੋਗ ਕਰਕੇ ਆਈਆਰ ਜਿਯੋ ਪੋਰਟਲ ਦੇ ਲਈ ਪੂਰੀ ਮੈਪਿੰਗ ਅਤੇ ਅੰਬਾਲਾ ਡਵੀਜਨ ਵਿਚ ਜੀਆਈਐਸ ਡੇਟਾ ਤਿਆਰ ਕਰਨਾ ਅਤੇ ਸ਼ੇਪ ਫਾਇਲ ਪ੍ਰਾਰੂਪ ਵਿਚ ਆਊਟਪੁਟ ਦੇ ਲਈ ਇਨਪੁਟ ਫਾਰਮ ਦਾ ਵਿਕਾਸ।

| ਅਨੁਮਾਨਿਤ ਲਾਗਤ (ਰੁ:) | ਅਗ੍ਰਿਮ ਰਾਸ਼ੀ (ਰੁ) | ਕੰਮ ਪੂਰਾ ਕਰਨ ਦਾ ਸਮਾਂ | ਟੈਂਡਰ ਖੁਲਣ ਦੀ ਮਿਤੀ |
|---|---|---|---|
| 28,32,804 | 56,700 | 03 ਮਹੀਨੇ | 10.06.2025 |

**ਨੋਟ:- 1.** ਠੇਕੇਦਾਰ ਨੂੰ ਸ਼ਰਤਾਂ ਦੇ ਅਨੁਸਾਰ ਟੈਂਡਰ ਯੋਗਤਾ ਪੂਰੀ ਕਰਨ ਲਈ ਸਾਰੇ ਜ਼ਰੂਰੀ ਸੰਬੰਧਿਤ ਡਾਕਯੂਮੈਂਟਾਂ ਦੇ ਸਕੈਨਿੰਗ ਕਾਪੀ ਨੂੰ ਰੇਲਵੇ ਵੇਬਸਾਈਟ **IREPS** ਉਤੇ ਅਪਲੋਡ ਕਰਨ ਜ਼ਰੂਰੀ ਹੈ। **2.** ਅਗ੍ਰਿਮ ਰਾਸ਼ੀ ਆਨ ਲਾਇਨ ਪੇਮੈਂਟ ਨੇਟ ਬੈਂਕਿੰਗ/ਗੇਟਵੇ ਪੇਮੈਂਟ ਦੇ ਦੁਵਾਰਾ ਹੀ ਸਵੀਕਾਰ ਹੋਣਗੇ। **3.** ਟੈਂਡਰ ਦੀ ਪੂਰੀ ਜਾਣਕਾਰੀ ਲਈ ਰੇਲਵੇ ਵੈੱਬਸਾਈਟ **www.ireps.gov.in** ਉਤੇ ਲਾਗ ਆਨ ਕਰੋ। **4.** ਠੇਕੇਦਾਰ ਨੂੰ ਈ-ਟੈਂਡਰਾਂ ਵਿਚ ਭਾਗੀਦਾਰੀ ਲਈ (ਕਲਾਸ-III) ਡਿਜ਼ੀਟਲ ਸਿਗਨੇਚਰ ਸਰਟੀਫਿਕੇਟ ਦੁਆਰਾ ਲਾਗ-ਆਨ ਕਰਨਾ ਹੋਵੇਗਾ। **5.** ਜੀ.ਐਸ.ਟੀ. ਐਕਟ 2017 ਦੇ ਅਨੁਸਾਰ ਲਾਗੂ ਹੋਵੇਗੀ। **1476/2025**

**ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ**

## ਦਫਤਰ: ਪ੍ਰਿੰਸੀਪਲ, ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ
## ਕੁਟੇਸ਼ਨਾਂ ਦੀ ਮੰਗ

ਕਾਲਜ ਵਿਚ ਸੈਸ਼ਨ 2025-26 ਲਈ ਸਕਿਉਰਿਟੀ ਗਾਰਡ (ਐਕਸ ਸਰਵਿਸਮੈਨ), ਮਾਲੀ ਅਤੇ ਸਵੀਪਰ ਰੱਖਣ ਲਈ ਠੇਕਾ ਦਿੱਤਾ ਜਾਣਾ ਹੈ। ਇਸ ਸਬੰਧੀ ਚਾਹਵਾਨ ਏਜੰਸੀਆਂ ਤੋਂ ਤਜ਼ਰਬਾ ਸਰਟੀਫਿਕੇਟ/ ਰਜਿਸਟਰੇਸ਼ਨ ਸਰਵਿਸ ਚਾਰਜ/ਜੀ.ਐਸ.ਟੀ. ਸਮੇਤ ਸੀਲਡ ਕੁਟੇਸ਼ਨਾਂ ਮੰਗੀਆਂ ਜਾਂਦੀਆਂ ਹਨ। ਇਹ ਕੁਟੇਸ਼ਨਾਂ ਮਿਤੀ 30.05.2025 ਤੱਕ ਕਾਲਜ ਦਫਤਰ ਵਿਚ ਜਮ੍ਹਾਂ ਕਰਵਾਈਆਂ ਜਾਣ।
**ਸਹੀ/- ਪ੍ਰਿੰਸੀਪਲ ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ**

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**

# ਅਮਿਤ ਸਹੋਤਾ ਨੂੰ ਯੂਥ ਪ੍ਰਧਾਨ ਲਗਾਉਣ 'ਤੇ ਆਪ ਹਾਈ ਕਮਾਨ ਦਾ ਧੰਨਵਾਦ : ਲਵਲੀ ਰੰਧਵਾ

ਧਾਰੀਵਾਲ 20 ਮਈ ( ਅਸ਼ੋਕ ਕੁਮਾਰ ) ਅਮਿਤ ਸਹੋਤਾ ਨੂੰ ਆਮ ਆਦਮੀ ਪਾਰਟੀ ਵੱਲੋਂ ਧਾਰੀਵਾਲ ਦਾ ਬਲਾਕ ਯੂਥ ਪ੍ਰਧਾਨ ਲਗਾਉਣ ਤੇ, ਆਮ ਆਦਮੀ ਪਾਰਟੀ ਪੰਜਾਬ ਦੇ ਜਰਨਲ ਸਕੱਤਰ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਹਲਕਾ ਇੰਚਾਰਜ ਕਾਦੀਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ, ਕ੍ਰਿਸਚਨ ਯੂਥ ਆਗੂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਲਵਲੀ ਰੰਧਾਵਾ ਨੇ ਧੰਨਵਾਦ ਕੀਤਾ ਹੈ । ਲਵਲੀ ਰੰਧਾਵਾ ਨੇ ਕਿਹਾ ਕਿ ਹਲਕਾ ਕਾਦੀਆਂ ਦੀ ਰਹਿਨੁਮਾਈ ਕਰ ਰਹੇ ਸੇਖਵਾਂ ਪਰਿਵਾਰ ਸਮੇਂ ਸਮੇਂ ਤੇ ਆਪਣੇ ਵਫਾਦਾਰ ਤੇ ਮਿਹਨਤੀ ਵਰਕਰਾਂ ਦਾ ਮਾਨ ਸਨਮਾਨ ਕਰਦੇ ਹਨ। ਸਾਬਕਾ ਕੌਂਸਲਰ ਅਮਿਤ ਸਹੋਤਾ ਦੀ ਵਫਾਦਾਰੀ ਅਤੇ ਮਿਹਨਤ ਨੂੰ ਦੇਖਦੇ ਹੋਏ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਅਮਿਤ ਸਹੋਤਾ ਨੂੰ ਇੱਕ ਵੱਡੀ ਜ਼ਿੰਮੇਵਾਰੀ ਦੇ ਕੇ ਨਿਵਾਜਿਆ ਹੈ। ਜਿਸ ਨਾਲ ਮਸੀਹ ਭਾਈਚਾਰੇ ਦੇ ਸਾਰੇ ਯੂਥ ਆਗੂਆਂ ਚ ਖ਼ੁਸ਼ੀ ਦੀ ਲਹਿਰ ਹੈ।ਇਸ ਮੌਕੇ ਲਵਲੀ ਰੰਧਾਵਾ ਨੇ ਕਿਹਾ ਕਿ ਅਮਿਤ ਸਹੋਤਾ ਨੂੰ ਮਿਲੀ ਇਸ ਜ਼ਿੰਮੇਵਾਰੀ ਤੋਂ ਬਾਅਦ ਹੋਰ ਵੀ ਜਿਆਦਾ ਯੂਥ ਨੂੰ ਵੱਧ ਚੜ ਕੇ ਆਮ ਆਦਮੀ ਪਾਰਟੀ ਦੇ ਨਾਲ ਜੋੜਿਆ ਜਾਏਗਾ।

**SBI | ਸਟੇਟ ਬੈਂਕ ਆਫ ਇੰਡੀਆ** — ਐਗਰੀਕਲਚਰ ਡਵੈਲਪਮੈਂਟ ਸ਼ਾਖਾ, ਹੁਸ਼ਿਆਰਪੁਰ

### [ਨਿਯਮ (8-1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ) /ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰ : ਸ੍ਰੀਮਤੀ ਰੀਨਾ ਰਾਣੀ ਪਤਨੀ ਸ੍ਰੀ ਸੁਖਵਿੰਦਰ ਸਿੰਘ ਵਾਸੀ ਪਿੰਡ ਕੋਟਲੀ, ਡਾਕਖਾਨਾ ਭੁੰਗਾ, ਜ਼ਿਲ੍ਹਾ ਹੁਸ਼ਿਆਰਪੁਰ** | ਸ੍ਰੀਮਤੀ ਰੀਨਾ ਰਾਣੀ ਪਤਨੀ ਸ੍ਰੀ ਸੁਖਵਿੰਦਰ ਸਿੰਘ ਦੇ ਨਾਮ 'ਤੇ, ਵਿਕਰੀ ਡੀਡ ਨੰਬਰ 2019- 20/158/1/446 ਮਿਤੀ 05.07.2019 6 ਮਰਲੇ ਪਿੰਡ ਕੋਟਲੀ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ ਦੇ ਵੇਰਵੇ ਹੇਠ ਲਿਖੇ ਅਨੁਸਾਰ ਸ਼ਾਮਲ : - 4 ਮਰਲੇ 7 ਸਰਸਾਹੀ ਕੁੱਲ 24 ਕਨਾਲ 5 ਮਰਲੇ ਜ਼ਮੀਨ ਵਿੱਚੋਂ 43/4365 ਹਿੱਸਾ ਹੈ ਜੋ ਕਿ ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 45/45, ਖਸਰਾ ਨੰਬਰ 15//11/1 (2-12), 20/1 (3-12), 21/2 (0-11), 26 (0-4), 16//16 (9-0), 25 (8-6) ਵਿੱਚ ਸ਼ਾਮਲ । ਸਾਲ 2015-16 ਲਈ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 46/47 ਖਸਰਾ ਨੰਬਰ 16//15/1 (7-8) 1 ਮਰਲਾ 2 ਸਰਸਾਹੀ, ਕੁੱਲ 7 ਕਨਾਲ 8 ਮਰਲੇ ਜ਼ਮੀਨ ਵਿੱਚੋਂ 11/332 ਹਿੱਸਾ ਵਿੱਚ ਸ਼ਾਮਲ ਹੈ, ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਪੂਰਬ:-. ਰਸਤਾ, ਪੱਛਮ:- ਸ੍ਰੀ ਜਸਵੰਤ ਸਿੰਘ, ਉੱਤਰ:- ਸ੍ਰੀ ਜਗਦੀਸ਼ ਚੰਦ, ਦੱਖਣ:- ਸ੍ਰੀ ਸੰਤੋਸ਼ ਸਿੰਘ। | 02.01.2025 | 17.05.2025 | Rs. 4,02,134/- (ਰੁ. ਚਾਰ ਲੱਖ ਦੋ ਹਜ਼ਾਰ ਇਕ ਸੌ ਚੌਂਤੀ ਕੇਵਲ) ਮਿਤੀ 02.01.2025 ਅਨੁਸਾਰ ਬਕਾਇਆ ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਬਣਦੇ ਖਰਚੇ |

ਮਿਤੀ : 20.05.2025 ਸਥਾਨ : ਹੁਸ਼ਿਆਰਪੁਰ ਸਹੀ/- ਅਧਿਕਾਰਤ ਅਧਿਕਾਰੀ

**SBI | ਸਟੇਟ ਬੈਂਕ ਆਫ ਇੰਡੀਆ**
**ਹੋਮ ਲੋਨ ਸੈਂਟਰ ਸ਼ਾਖਾ, ਹੁਸ਼ਿਆਰਪੁਰ**

### [ਨਿਯਮ (8-1)] ਕਬਜ਼ਾ ਸੂਚਨਾ (ਅਚੱਲ ਸੰਪੱਤੀ/ਆਂ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ, ਹੋਮ ਲੋਨ ਸੈਂਟਰ ਸ਼ਾਖਾ, ਹੁਸ਼ਿਆਰਪੁਰ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ ਨੂੰ ਸੱਦਾ ਦਿੰਦੇ ਹੋਏ ਦਰਸਾਈ ਮਿਤੀ ਨੂੰ **ਮੰਗ ਸੂਚਨਾ** ਜਾਰੀ ਕੀਤੀ ਸੀ।
ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ 4 ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਖਾਤੇ ਦੇ ਸਾਹਮਣੇ ਦਰਸਾਈ ਮਿਤੀ ਅਨੁਸਾਰ ਸੰਪੱਤੀ/ਆਂ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ/ਜ਼ਾਮਨ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਖਾਤੇ ਅਧੀਨ ਨਿਮਨ ਦਰਸਾਈ ਰਕਮ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਨਿਮਨ ਦਰਸਾਈ ਰਕਮ ਅਤੇ ਹੋਰ ਬਣਦੇ ਖਰਚੇ/ਫੀਸਾਂ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ)/ਜ਼ਾਮਨ (ਾਂ) ਦੇ ਨਾਮ | ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਕਰਜ਼ਦਾਰ**: 1. ਸ੍ਰੀਮਤੀ ਚਰਨਜੀਤ ਕੌਰ ਪਤਨੀ ਸ੍ਰੀ. ਗੁਰਵਿੰਦਰ ਸਿੰਘ 2. ਗੁਰਵਿੰਦਰ ਸਿੰਘ ਪੁੱਤਰ ਸ੍ਰੀ ਸਰਵਣ ਸਿੰਘ, ਦੋਵੇਂ ਵਾਸੀ ਪਲਾਟ ਨੰਬਰ 6, ਫੇਜ਼ III, ਸਾਊਥ ਸਿਟੀ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ | ਵਸੀਕਾ ਨੰਬਰ 815 ਮਿਤੀ 03.08.2015 ਦੇ ਅਨੁਸਾਰ ਸ੍ਰੀਮਤੀ ਚਰਨਜੀਤ ਕੌਰ ਪਤਨੀ ਸ੍ਰੀ ਗੁਰਵਿੰਦਰ ਸਿੰਘ ਦੇ ਨਾਮ 'ਤੇ 8 ਮਰਲੇ 7 ਸਰਸਾਈ ਦੀ ਜਾਇਦਾਦ ਦਾ ਸਾਰਾ ਹਿੱਸਾ ਅਤੇ ਪਾਰਸਲ ਕੁੱਲ 8 ਕਨਾਲ 0 ਮਰਲੇ ਜ਼ਮੀਨ ਵਿੱਚੋਂ 79/1440 ਹਿੱਸਾ ਹੈ ਜੋ ਕਿ ਖੇਵਟ ਨੰਬਰ 788/751, ਖਤੌਨੀ ਨੰਬਰ 853, ਖਸਰਾ ਨੰਬਰ 32//1(8-0) ਵਿੱਚ ਸ਼ਾਮਲ ਹੈ, ਸਾਲ 2012-13 ਦੀ ਜਮ੍ਹਾਂਬੰਦੀ ਦੇ ਅਨੁਸਾਰ, ਪਿੰਡ ਦਸੂਹਾ, ਐਚ.ਬੀ. ਨੰਬਰ 128, ਪਲਾਟ ਨੰਬਰ 6, ਫੇਜ਼ III, ਦੱਖਣੀ ਸ਼ਹਿਰ, ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਸਥਿਤ।**ਹੇਠ ਲਿਖੇ ਅਨੁਸਾਰ ਹੱਦਬੰਦੀ:** ਪੂਰਬ: ਪਲਾਟ ਨੰਬਰ 5, ਪਲਾਟ ਨੰਬਰ 7, ਉੱਤਰ: ਸੜਕ ਚੌੜਾ 35', ਦੱਖਣ: ਰਸਤਾ। | 12.03.2025 | 16.05.2025 | Rs. 35,15,694/- (ਰੁ. ਛੱਤੀ ਲੱਖ ਪੰਦਰਾਂ ਹਜ਼ਾਰ ਛੇ ਸੌਂ ਚੁਰਾਨਵੇਂ ਕੇਵਲ) ਮਿਤੀ 10.03.2025 ਅਨੁਸਾਰ ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਬਣਦੇ ਖਰਚੇ ਅਤੇ ਫੀਸਾਂ ਆਦਿ |
| **ਕਰਜ਼ਦਾਰ**: 1. **ਸ੍ਰੀ. ਵਿਸ਼ਾਲ ਪੁਰੀ** ਪੁੱਤਰ ਸਵਰਗੀ ਸ੍ਰੀ. ਵਿਪਲ ਕੁਮਾਰ ਪੁਰੀ, ਵਾਰਡ ਨੰ: 5, ਕ੍ਰਿਸ਼ਨਾ ਕਲੋਨੀ (ਕੈਂਥਨ), ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ, 2. **ਸ੍ਰੀਮਤੀ ਸੋਨੀਆ ਪੁਰੀ ਪਤਨੀ ਸ੍ਰੀ ਵਿਸ਼ਾਲ ਪੁਰੀ**, ਵਾਸੀ ਵਾਰਡ ਨੰ. 5, ਕ੍ਰਿਸ਼ਨਾ ਕਲੋਨੀ (ਕੈਂਥਨ), ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ। | ਗਲੀ ਨੰ. 5, ਕ੍ਰਿਸ਼ਨਾ ਕਲੋਨੀ (ਕੈਂਥਾਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ 1 ਕਨਾਲ 10 ਮਰਲੇ ਮਾਪ ਵਾਲੀ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ ਨਿਮਨ ਅਨੁਸਾਰ ਹਨ):- ੳ) ਵਸੀਕਾ ਨੰ. 1944 ਮਿਤੀ 06.11.2013 ਦੇ ਅਧੀਨ ਸ੍ਰੀਮਤੀ ਸੋਨੀਆ ਪੁਰੀ ਪਤਨੀ ਸ੍ਰੀ ਵਿਸ਼ਾਲ ਪੁਰੀ ਦੇ ਨਾਮ 'ਤੇ ਜਮ੍ਹਾਂਬੰਦੀ ਸਾਲ 2008-2009 ਅਨੁਸਾਰ ਖਾਤਾ ਨੰ. 132/16 ਮਿਨ, 167, 168, ਖਸਰਾ ਨੰ. 15//13/2 ਮਿਨ (5-15), 13/2 ਮਿਨ (0-1) ਵਿਚ ਸ਼ਾਮਲ 6 ਕਨਾਲ 0 ਮਰਲੇ ਵਾਲੀ ਕੁੱਲ ਜ਼ਮੀਨ 10/120 ਹਿੱਸਾ ਯਾਨੀ 10 ਮਰਲੇ। ਅ) ਸ੍ਰੀ ਵਿਸ਼ਾਲ ਪੁਰੀ ਪੁੱਤਰ ਸ੍ਰੀ ਵਿਪਲ ਕੁਮਾਰ ਦੇ ਨਾਮ 'ਤੇ ਵਸੀਕਾ ਨੰਬਰ 1945 ਮਿਤੀ 06.11.2013 ਦੇ ਅਧੀਨ ਸਾਲ 2008-09 ਲਈ ਜਮ੍ਹਾਂਬੰਦੀ ਅਨੁਸਾਰ 1 ਕਨਾਲ ਕੁੱਲ 3 ਕਨਾਲ 11 ਮਰਲੇ ਜ਼ਮੀਨ ਵਿੱਚੋਂ 20/71 ਹਿੱਸਾ ਹੈ ਜੋ ਕਿ ਖਾਤਾ ਨੰਬਰ 128/116 ਮਿਨ, 163, ਖਸਰਾ ਨੰਬਰ 15//18/1(3-11) ਵਿੱਚ ਸ਼ਾਮਲ। **ਹੇਠ ਲਿਖੇ ਅਨੁਸਾਰ ਹੱਦਬੰਦੀ:** ਪੂਰਬ: ਦੂਜਿਆਂ ਦੀ ਜਾਇਦਾਦ, ਪੱਛਮ: ਰਸਤਾ, ਉੱਤਰ: ਦੂਜਿਆਂ ਦੀ ਜਾਇਦਾਦ, ਦੱਖਣ: ਦੂਜਿਆਂ ਦੀ ਜਾਇਦਾਦ। | 12.03.2025 | 16.05.2025 | Rs. 46,41,504/- (ਰੁ. ਛਿਆਲੀ ਲੱਖ ਇਕਤਾਲੀ ਹਜ਼ਾਰ ਪੰਜ ਸੌਂ ਚਾਰ ਕੇਵਲ) ਮਿਤੀ 10.03.2025 ਅਨੁਸਾਰ ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਬਣਦੇ ਖਰਚੇ ਅਤੇ ਫੀਸਾਂ ਆਦਿ |

ਮਿਤੀ : 20.05.2025 ਸਥਾਨ : ਹੁਸ਼ਿਆਰਪੁਰ ਅਧਿਕਾਰਤ ਅਧਿਕਾਰੀ

**ਯੂਕੋ ਬੈਂਕ** ਸਨਮਾਨ ਤੁਹਾਡੇ ਵਿਸ਼ਵਾਸ ਦਾ — **UCO BANK** Honours your trust — **ਈ-ਨਿਲਾਮੀ ਵਿਕਰੀ ਸੂਚਨਾ**

**ਯੂਕੋ ਬੈਂਕ ਜ਼ੋਨਲ ਦਫ਼ਤਰ, ਚੰਡੀਗੜ੍ਹ - ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ - 160017,**
**Phone: 0172-5037339, 5037340, E-mail: zochng.rec@ucobank.co.in**

**ਸਰਫਾਇਸੀ ਐਕਟ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ ਈ-ਨਿਲਾਮੀ ਬਾਰੇ ਜਨਤਕ ਸੂਚਨਾ**
ਜਿਥੇ ਕਿ, ਨਿਮਨ ਅਨੁਸਾਰ ਯੂਕੋ ਬੈਂਕ, ਸ਼ਾਖਾ ਦੇ ਅਧਿਕਾਰਤ ਅਧਿਕਾਰੀ ਨੇ (ਸਰਫਾਇਸੀ) ਐਕਟ 2002 ਦੀ ਧਾਰਾ 13 (4) ਅਧੀਨ **"ਜਿਵੇਂ ਹੈ ਜਿਥੇ ਹੈ ਆਧਾਰ"** ਅਤੇ **"ਜਿਵੇਂ ਹੈ, ਜੋ ਹੈ ਆਧਾਰ"** ਅਤੇ **"ਜੋ ਵੀ ਉਥੇ ਹੈ ਆਧਾਰ"** ਅਤੇ **"ਬਿਨਾਂ ਸਹਾਰਾ ਆਧਾਰ"** 'ਤੇ ਸੰਪੱਤੀ ਨੂੰ ਵੇਚਣ ਦੇ ਅਧਿਕਾਰ ਸਮੇਤ ਨਿਮਨਲਿਖਤ ਕਰਜ਼ ਖਾਤੇ ਵਿਚ ਸਰਫਾਇਸੀ ਐਕਟ ਦੀ ਧਾਰਾ 13 (2) ਦੇ ਅਧੀਨ ਜਾਰੀ ਕੀਤੀ ਸੂਚਨਾ ਵਿਚ ਨਿਮਨਲਿਖਤ ਸੰਪੱਤੀਆਂ ਦਾ ਕਬਜ਼ਾ ਲੈ ਲਿਆ ਸੀ, ਉਹ ਦਰਸਾਈਆਂ ਸੰਪੱਤੀਆਂ ਦੀ ਵਿਕਰੀ ਦੁਆਰਾ ਬੈਂਕ ਦੇ ਬਕਾਇਆਂ ਦੀ ਪੂਰਤੀ ਦਾ ਉਦੇਸ਼ ਰੱਖਦੇ ਹਨ। ਵਿਕਰੀ ਵੈਬਸਾਈਟ 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਦੁਆਰਾ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ ਦਾ ਨਾਮ ਅਤੇ ਕਰਜ਼ਦਾਰ ਅਤੇ ਜ਼ਾਮਨ ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਕਬਜ਼ੇ ਦੀ ਮਿਤੀ/ ਕਬਜ਼ੇ ਦਾ ਸਰੂਪ (ਭੌਤਿਕ ਜਾਂ ਸੰਕੇਤਕ) | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਸਬੰਧਤ ਅਧਿਕਾਰੀ ਦੇ ਵੇਰਵੇ | ਨਿਲਾਮੀ ਦੀ ਮਿਤੀ ਅਤੇ ਸਮਾਂ |
|---|---|---|---|---|---|---|---|
| 1. | **ਨੰਦੀ ਕਾਲੋਨੀ, ਖੰਨਾ ਬ੍ਰਾਂਚ** **ਕਰਜ਼ਦਾਰ (ਾਂ)**:- ਸ੍ਰੀ ਅਸ਼ੋਕ ਕੁਮਾਰ ਕੋਇਰਾ ਪੁੱਤਰ ਚਰਨ ਦਾਸ ਕੋਇਰਾ ਅਤੇ ਸਹਿ-**ਕਰਜ਼ਦਾਰ (ਾਂ)**:- ਕੰਚਨ ਕੋਇਰਾ ਪਤਨੀ ਅਸ਼ੋਕ ਕੁਮਾਰ ਕੋਇਰਾ (15770610010884), ਵਾਸੀ ਨੇੜੇ ਰਵੀ ਦਾਸ ਮੰਦਰ, ਮੁਹੱਲਾ ਧਰਮਪੁਰਾ, ਖੰਨਾ-141401 | ਵਿਕਰੀ ਡੀਡ ਨੰਬਰ 0393 ਮਿਤੀ 05.05.2016 ਦੇ ਅਧੀਨ ਸ੍ਰੀਮਤੀ ਕੰਚਨ ਕੋਰੀਆ ਪਤਨੀ ਅਸ਼ੋਕ ਕੁਮਾਰ ਕੋਰੀਆ ਅਤੇ ਅਸ਼ੋਕ ਕੁਮਾਰ ਕੋਰੀਆ ਪੁੱਤਰ ਚਰਨ ਦਾਸ ਕੋਰੀਆ ਦੇ ਨਾਮ 'ਤੇ 0 ਕਨਾਲ 3-1/3 ਮਰਲੇ ਦੀ ਸਾਰੀ 8 ਕਨਾਲ 19 ਮਰਲੇ ਦੀ ਰਿਹਾਇਸ਼ੀ ਜਾਇਦਾਦ, ਜੋ ਕਿ ਖੇਵਟ ਨੰਬਰ 2732 ਖਤੌਨੀ ਨੰਬਰ 4032 ਖਸਰਾ ਨੰਬਰ 1765 (8-19) ਵਿੱਚ ਜਮ੍ਹਾਂਬੰਦੀ 2011-12 ਦੇ ਅਨੁਸਾਰ ਪਿੰਡ ਖੰਨਾ ਕਲਾਂ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ।ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ: ਗਲੀ; ਪੱਛਮ: ਅਸ਼ੋਕ ਕੁਮਾਰ ਦਾ ਮਕਾਨ; ਉੱਤਰ: ਪੰਡਿਤ ਪਰਸ਼ੋਤਮ ਲਾਲ ਦਾ ਮਕਾਨ; ਦੱਖਣ: ਜਸਵਿੰਦਰ ਕੌਰ ਦਾ ਮਕਾਨ। | 11.07.2023 / ਸੰਕੇਤਕ | **18.12.2019 / Rs. 16,39,343.90** | Rs. 15,90,000/- / Rs. 1,59,000/- / Rs. 10,000/- | **ਸ੍ਰੀ ਇਸ਼ਵਰ ਸਿੰਘ ਮਹਿਰਾ M.: 9466745600** E-mail: nandyc@ucobank.co.in | **16.06.2025 11:00 A.M. to 05:00 P.M.** |
| 2. | **ਮਾਂਘਾਟ, ਲੁਧਿਆਣਾ ਸ਼ਾਖਾ** **ਕਰਜ਼ਦਾਰ (ਾਂ)**:- (1) ਮੈਸ. ਸਟਾਰ ਇੰਟਰਨੈਸ਼ਨਲ, ਮਕਾਨ ਨੰਬਰ 3680, ਗਲੀ ਨੰ: 11, ਨਿਊ ਸ਼ਿਵਾਜੀ ਨਗਰ, ਲੁਧਿਆਣਾ, ਪੰਜਾਬ - 141007 'ਤੇ ਸਥਿਤ, ਇਸਦੇ ਪ੍ਰੋਪਰਾਈਟਰ ਦੁਆਰਾ - ਮੁਹੰਮਦ ਨਈਮ ਪੁੱਤਰ ਮੁਹੰਮਦ ਅਬਦੁਲ ਰਹੀਮ, ਵਾਸੀ ਮਕਾਨ ਨੰ. 3680, ਗਲੀ ਨੰ. 11, ਨਿਊ ਸ਼ਿਵਾਜੀ ਨਗਰ, ਲੁਧਿਆਣਾ - 141008 (2) ਮੈਸ. ਕੋਮਲ ਇੰਟਰਨੈਸ਼ਨਲ, ਸਥਿਤ ਮਕਾਨ ਨੰਬਰ 2, ਗਲੀ ਨੰ. 1, ਸੰਤ ਨਗਰ, ਸਰਪੰਚ ਕਲੋਨੀ, ਜਮਾਲਪੁਰ, ਲੁਧਿਆਣਾ, ਆਪਣੇ ਮਾਲਕ - ਮੁਹੰਮਦ ਤਹਿਸੀਮ ਅਹਿਮਦ ਪੁੱਤਰ ਮੁਹੰਮਦ ਅਬਦੁਲ ਰਹੀਮ, ਨਿਵਾਸੀ ਮਕਾਨ ਨੰ. 3680, ਗਲੀ ਨੰ. 11, ਨਿਊ ਸ਼ਿਵਾਜੀ ਨਗਰ, ਲੁਧਿਆਣਾ - 141008 ਰਾਹੀਂ (3) ਮੈਸਰਜ਼ ਕੇਮਟੈਕਸ ਓਵਰਸੀਜ਼, ਸਥਿਤ ਮਕਾਨ ਨੰ. 3679, ਗਲੀ ਨੰ. 11, ਨਿਊ ਸ਼ਿਵਾਜੀ ਨਗਰ, ਲੁਧਿਆਣਾ, ਆਪਣੇ ਸਾਥੀ ਬਹਾਦਰੁੱਦੀਨ ਜ਼ਾਮਾ ਪੁੱਤਰ ਸਿੱਦੀਕ ਹੁਸੈਨ, ਵਾਸੀ ਮਕਾਨ ਨੰ. 2, ਗਲੀ ਨੰ. 1, ਸੰਤ ਨਗਰ, ਸਰਪੰਚ ਕਲੋਨੀ, ਜਮਾਲਪੁਰ, ਲੁਧਿਆਣਾ ਅਤੇ ਆਪਣੇ ਸਾਥੀ ਮੱਧ ਰਾਹੀਂ। ਤਹਿਸੀਮ ਅਹਿਮਦ ਪੁੱਤਰ ਮੁਹੰਮਦ ਅਬਦੁਲ ਰਹੀਮ, ਮਕਾਨ ਨੰਬਰ 3679-80, ਗਲੀਨੰਬਰ 11, ਨਿਊ ਸ਼ਿਵਾਜੀ ਨਗਰ, ਲੁਧਿਆਣਾ - 141008 | ਟਾਈਟਲ ਡੀਡ ਵਸੀਕਾ ਨੰਬਰ 15722 ਮਿਤੀ 03.11.2011 ਸ੍ਰੀ ਤਹਿਸੀਮ ਅਹਿਮਦ ਪੁੱਤਰ ਅਬਦੁਲ ਰਹੀਮ ਦੀ ਮਲਕੀਅਤ , ਟਾਈਟਲ ਡੀਡ / ਵਸੀਕਾ ਨੰਬਰ 15722 ਮਿਤੀ 03.11.2011 ਦੇ ਅਧੀਨ ਸ੍ਰੀ ਤਹਿਸੀਮ ਅਹਿਮਦ ਪੁੱਤਰ ਅਬਦੁਲ ਰਹੀਮ ਦੇ ਨਾਮ 'ਤੇ 300 ਵਰਗ ਗਜ਼ ਦੀ ਅਚੱਲ ਜਾਇਦਾਦ ਗਲੀ ਨੰਬਰ 1, ਭਾਈ ਮਨੀ ਸਿੰਘ ਨਗਰ, ਬਸਤੀ ਜੋਧੇਵਾਲ, ਲੁਧਿਆਣਾ ਜਿਸ ਵਿੱਚ ਖਾਤਾ ਨੰਬਰ 185/187-13/13, ਖਸਰਾ ਨੰਬਰ 952/812/675/375 ਤੋਂ 377-1206/961/815/675/375 ਤੱਕ 377-1208/961/815/675/375 ਤੋਂ 377-1215/676/377 ਜਮਾਂਬੰਦੀ ਸਾਲ 2005-2006 ਅਨੁਸਾਰ ਹਦਬਸਤ ਨੰਬਰ 77 ਪਿੰਡ ਤਰਫ ਜੋਧੇਵਾਲ ਅਬਾਦੀ, ਜਿਸਨੂੰ ਬਸਤੀ ਭਾਈ ਮਨੀ ਸਿੰਘ, ਤਹਿਸੀਲ ਅਤੇ ਜਿਲਾ ਲੁਧਿਆਣਾ ਵਿਖੇ ਸਿਥਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ, ਹੱਦਬੰਦੀ ਹੇਠ ਲਿਖੇ ਅਨੁਸਾਰ ਹਨ:- ਪੂਰਬ: ਗੁਰਦੁਆਰਾ ਸਾਹਿਬ 39'-06"; ਪੱਛਮ: ਗਲੀ 39'-06"; ਉੱਤਰ: ਜਗੀਰ ਸਿੰਘ 68'-03"; ਦੱਖਣ: ਸੁਖਦੇਵ ਸਿੰਘ 68'-03" | 03.02.2025 / ਸੰਕੇਤਕ | (1) ਮੈਸ. ਸਟਾਰ ਇੰਟਰਨੈਸ਼ਨਲ **24.10.2024 / Rs. 10,23,461.40** (2) ਮੈਸ. ਕੋਮਲ ਇੰਟਰਨੈਸ਼ਨਲ - 24.10.2024 / Rs. 10,18,364.73 (3) ਮੈਸ. ਕੇਮਟੈਕਸ ਓਵਰਸੀਜ਼ - 17.09.2021 / Rs. 10,05,620.66 | Rs. 64,94,000/- / Rs. 6,49,400/- / Rs. 30,000/- | **ਮਿਸ ਕਮਲਜੀਤ ਕੌਰ M.: 8872470865** E-mail: mangha@ucobank.co.in | **16.06.2025 11:00 A.M. to 05:00 P.M.** |

**ਈ-ਨਿਲਾਮੀ ਵਿਕਰੀ ਦੇ ਨਿਯਮ ਅਤੇ ਸ਼ਰਤਾਂ** :- 1. ਬੋਲੀਆਂ ਪ੍ਰਸਤਾਵਿਤ ਰੂਪ ਵਿਚ ਕੇਵਲ **ਆਨਲਾਈਨ** ਜਮ੍ਹਾਂ ਕੀਤੀਆਂ ਜਾਣ। ਆਨਲਾਈਨ ਬੋਲੀਆਂ **http://baanknet.com** 'ਤੇ ਪਹੁੰਚ ਦੁਆਰਾ ਜਮ੍ਹਾਂ ਕੀਤੀਆਂ ਜਾ ਸਕਦੀਆਂ ਹਨ। 2. ਬੋਲੀਆਂ, ਬੋਲੀ ਫਾਰਮ ਨਾਲ ਨੱਥੀ ਪਛਾਣ ਦੇ ਦਸਤਾਵੇਜ਼ ਦੇ ਉਤਾਰੇ ਸਮੇਤ ਜਮ੍ਹਾਂ ਕੀਤੀਆਂ ਜਾਣ। ਮੰਗੇ ਜਾਣ 'ਤੇ ਅਸਲ ਪਛਾਣ ਦਸਤਾਵੇਜ਼ ਜ਼ਰੂਰ ਪੇਸ਼ ਕੀਤਾ ਜਾਵੇ। 3. ਅਸਥਾਈ ਕੀਮਤ/ਰਾਖਵੀਂ ਕੀਮਤ ਦਾ 10% ਨੁਕਤਾ ਨੰ. 6 ਵਿਚ ਦਰਸਾਈ ਵੈਬਸਾਈਟ 'ਤੇ ਪਹੁੰਚ ਦੁਆਰਾ ਆਕਸ਼ਨ ਪ੍ਰੋਵਾਈਡਰ ਦੇ ਈ-ਵੈਲੇਟ ਰਾਹੀਂ ਬਿਆਨਾ ਰਕਮ ਵਜੋਂ ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ। ਕੇਵਾਈਸੀ ਦੀ ਪੜਤਾਲ ਵਿਚ ਸਰਵਿਸ ਪ੍ਰੋਵਾਈਡਰ ਦੁਆਰਾ 24 ਘੰਟੇ ਲੱਗ ਸਕਦੇ ਹਨ, ਇਸ ਲਈ ਇਛੁੱਕ ਬੋਲੀਕਾਰ (ਾਂ) ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪੰਜੀਕਰਨ ਪ੍ਰਕਿਰਿਆ ਪੂਰੀ ਕਰਨ ਲਈ ਆਖ਼ਰੀ ਮਿਤੀ ਤੱਕ ਉਡੀਕ ਨਾ ਕਰਨ। ਪੋਰਟਲ 'ਤੇ ਬੋਲੀ ਪ੍ਰਦਰਸ਼ਿਤ ਨਾ ਹੋਣ ਦੀ ਸੂਰਤ ਵਿਚ, ਬੈਂਕ ਦੀ ਕੋਈ ਜੁਆਬਦੇਹੀ ਨਹੀਂ ਹੋਵੇਗੀ। ਅਧਿਕਾਰਤ ਅਧਿਕਾਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਕਿਸੇ ਇੱਕ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਨਿਲਾਮੀ ਨੂੰ ਮੁਲਤਵੀ/ਰੱਦ ਕਰਨ ਦਾ ਪੂਰਨ ਹੱਕ ਹਾਸਲ ਹੈ। 4. ਅਚੱਲ ਸੰਪੱਤੀ ਦੀ ਵਿਕਰੀ 'ਤੇ ਸਫ਼ਲ ਬੋਲੀਕਾਰ ਨੂੰ ਤੁਰੰਤ ਵਿਕਰੀ ਦਾ ਆਯੋਜਨ ਕਰ ਰਹੇ ਅਧਿਕਾਰਤ ਅਧਿਕਾਰੀ ਨੂੰ ਲੜੀ ਨੰ. 3 'ਤੇ ਬੈਂਕ ਖਾਤੇ ਵਿਚ ਆਰਟੀਜੀਐਸ/ਐਨਈਐਫਟੀ/ਮਨੀ ਟਰਾਂਸਫਰ ਰਾਹੀਂ ਵਿਕਰੀ ਕੀਮਤ ਦੀ ਰਾਸ਼ੀ ਦਾ ਪੱਚੀ ਫੀਸਦੀ (25%) ਜਮ੍ਹਾਂ ਕਰਨਾ ਹੋਵੇਗਾ, ਜਿਸ ਤੋਂ ਅਸਫ਼ਲ ਰਹਿਣ 'ਤੇ ਬਿਆਨਾ ਰਕਮ ਜਮ੍ਹਾਂ ਰਾਸ਼ੀ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਸੰਪੱਤੀ ਨੂੰ ਦੁਬਾਰਾ ਵਿਕਰੀ ਲਈ ਰੱਖ ਲਿਆ ਜਾਵੇਗਾ। 5. ਸਫ਼ਲ ਬੋਲੀਕਾਰ ਨੂੰ ਆਪਣੇ ਪੱਖ ਵਿਚ ਵਿਕਰੀ ਦੀ ਪੁਸ਼ਟੀ ਦੇ 15 (ਪੰਦਰਾਂ) ਦਿਨਾਂ ਦੇ ਅੰਦਰ ਬਕਾਇਆ ਬੋਲੀ ਰਕਮ ਜਮ੍ਹਾਂ ਕਰਨੀ ਹੋਵੇਗੀ। ਜੇਕਰ ਸਫ਼ਲ ਬੋਲੀਕਾਰ ਦਰਸਾਈ ਮਿਆਦ ਦੇ ਅੰਦਰ ਬਕਾਇਆ ਬੋਲੀ ਰਕਮ ਜਮ੍ਹਾਂ ਕਰਨ ਵਿਚ ਅਸਫ਼ਲ ਰਹਿੰਦਾ ਹੈ, ਤਾਂ ਜਮ੍ਹਾਂ ਰਕਮ ਨੂੰ ਜ਼ਬਤ ਕਰ ਲਿਆ ਜਾਵੇਗਾ ਅਤੇ ਸੰਪੱਤੀ ਦੀ ਪੁਨਰ ਵਿਕਰੀ ਕੀਤੀ ਜਾਵੇਗੀ। 6. ਇਛੁੱਕ ਬੋਲੀਕਾਰ ਜਿਨ੍ਹਾਂ ਨੂੰ ਲਾਗਇਨ ਆਈਡੀ ਅਤੇ ਪਾਸਵਰਡ ਦੇ ਨਿਰਮਾਣ, ਡਾਟਾ ਅਪਲੋਡ ਕਰਨ, **ਬੋਲੀ ਦਸਤਾਵੇਜ਼ ਪੇਸ਼ ਕਰਨ, ਸਿਖਲਾਈ/ਪ੍ਰਦਰਸ਼ਨ, ਆਨਲਾਈਨ ਪ੍ਰਸਪਰ ਬੋਲੀ ਦੇ ਨਿਯਮ ਅਤੇ ਸ਼ਰਤਾਂ** ਆਦਿ ਵਿਚ ਸਹਾਇਤਾ ਦੀ ਲੋੜ ਹੈ, ਉਹ **ਵੈਬਸਾਈਟ http://baanknet.com, ਮੈਸ. ਪੀਐਸਬੀ ਅਲਾਇੰਸ ਲਿਮ. (BAANKNET)** ਦੇਖ ਸਕਦੇ ਹਨ, ਸੰਪਰਕ ਨੰ. 8291220220, ਈ-ਮੇਲ : **support.baanknet.@psballiance.com** 'ਤੇ ਸੰਪਰਕ ਕੀਤਾ ਜਾ ਸਕਦਾ ਹੈ। **ਕਿਸੇ ਵੀ ਸੰਪੱਤੀ ਸਬੰਧੀ ਪੁਛਗਿਛ ਲਈ ਅਧਿਕਾਰਤ ਅਧਿਕਾਰੀ - ਸ੍ਰੀ ਰਵੀ ਪ੍ਰਕਾਸ਼ ਗੁਪਤਾ, ਮੋ. 9937923199 ਨੂੰ ਸੰਪਰਕ ਕੀਤਾ ਜਾ ਸਕਦਾ ਹੈ।** 7. ਵਿਕਰੀ ਦੀ ਪੁਸ਼ਟੀ ਨਹੀਂ ਕੀਤੀ ਜਾਵੇਗੀ ਜੇਕਰ ਕਰਜ਼ਦਾਰ ਸਫ਼ਲ ਬੋਲੀਕਾਰ (ਾਂ) ਨੂੰ ਵਿਕਰੀ ਦੀ ਪੁਸ਼ਟੀ ਦਾ ਪੱਤਰ ਜਾਰੀ ਕਰਨ ਵਾਲੇ ਅਧਿਕਾਰਤ ਅਧਿਕਾਰੀ ਕੋਲ ਪਹਿਲਾਂ ਹੋਰਨਾਂ ਖਰਚਿਆਂ ਸਮੇਤ ਬੈਂਕ ਦੇ ਬਣਦੇ ਬਕਾਏ ਜਮ੍ਹਾਂ ਕਰ ਦਿੰਦਾ ਹੈ, ਅਜਿਹੇ ਮਾਮਲੇ ਵਿਚ ਬੈਂਕ ਸਫ਼ਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਸਮੁੱਚੀ ਰਕਮ ਨੂੰ ਬਿਨਾਂ ਵਿਆਜ ਤੋਂ ਵਾਪਸ ਕਰ ਦੇਵੇਗਾ। 8. ਵਿਧਾਨਕ ਬਕਾਏ/ਸਰਕਾਰ/ਸਥਾਨਕ ਸਰਕਾਰ ਵੱਲ ਬਕਾਇਆ ਦੇਣਦਾਰੀਆਂ ਆਦਿ, ਜੇਕਰ ਕੋਈ ਹੋਣ ਸਫ਼ਲ ਬੋਲੀਕਾਰਾਂ ਵੱਲੋਂ ਸਹਿਣ ਕੀਤੇ ਜਾਣਗੇ। ਸਫ਼ਲ ਬੋਲੀਕਾਰ ਨੂੰ 1% ਦਾ ਟੀਡੀਐਸ ਸਹਿਣ ਕਰਨਾ ਹੋਵੇਗਾ, ਜੇਕਰ ਸੰਪੱਤੀ ਦੀ ਲਾਗਤ ਰੁਪਏ 50 ਲੱਖ ਤੋਂ ਵੱਧ ਹੋਵੇ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਿਲਾਮੀ ਵਿਚ ਭਾਗ ਲੈਣ ਤੋਂ ਪਹਿਲਾਂ ਸਰਵਿਸ ਪ੍ਰੋਵਾਈਡਰ ਦੀ ਵੈਬਸਾਈਟ **http://baanknet.com** ਨੂੰ ਦੇਖ ਲੈਣ ਜਾਂ ਸਬੰਧਤ ਸ਼ਾਖਾ ਪ੍ਰਬੰਧਕ ਨੂੰ ਸੰਪਰਕ ਕਰਨ। ਸਾਰੇ ਭਾਗ ਲੈਣ ਵਾਲੇ ਬੋਲੀਕਾਰਾਂ ਨੂੰ ਵੈਬਸਾਈਟ 'ਤੇ ਦਰਸਾਈਆਂ ਵਿਕਰੀ ਦੀਆਂ ਸਾਰੀਆਂ ਸ਼ਰਤਾਂ ਨੂੰ ਚੰਗੀ ਤਰ੍ਹਾਂ ਪੜ੍ਹ ਅਤੇ ਸਮਝ ਲੈਣੀਆਂ ਚਾਹੀਦੀਆਂ ਹਨ ਅਤੇ ਸਾਰੀਆਂ ਸ਼ਰਤਾਂ ਦਾ ਪਾਬੰਦ ਹੋਣਾ ਚਾਹੀਦਾ ਹੈ। ਨਿਲਾਮੀ ਵਿਕਰੀ ਸੁਰੱਖਿਅਤ ਕਰਜ਼ਦਾਤਾ ਬੈਂਕ ਦੀ ਪੁਸ਼ਟੀ ਨਾਲ ਸਬੰਧਤ ਹੈ। ਹੋਰ ਪੁਛਗਿਛ, ਜੇਕਰ ਕੋਈ ਹੋਵੇ, ਸੰਪੱਤੀਆਂ ਦੇ ਵਿਸ਼ੇਸ਼ ਵੇਰਵਿਆਂ ਵਿਚ, ਦਸਤਾਵੇਜ਼ਾਂ ਦੀ ਪੜਤਾਲ ਅਤੇ/ਜਾਂ ਵਿਕਰੀ ਦੇ **ਨਿਯਮ ਅਤੇ ਸ਼ਰਤਾਂ** ਦਫ਼ਤਰੀ ਘੰਟਿਆਂ ਦੌਰਾਨ ਉਕਤ ਦਰਸਾਏ ਅਨੁਸਾਰ **ਸਬੰਧਤ ਸ਼ਾਖਾ ਪ੍ਰਬੰਧਕਾਂ** ਤੋਂ ਹਾਸਲ ਕੀਤੀਆਂ ਜਾ ਸਕਦੀਆਂ ਹਨ।

**ਸੁਰੱਖਿਆ ਵਿਆਜ (ਲਾਗੂਕਰਨ), ਨਿਯਮਾਂਵਲੀ 2002 ਦੇ ਨਿਯਮ 8 (6) ਦੇ ਅਧੀਨ 15 ਰੋਜ਼ਾ ਵਿਧਾਨਕ ਵਿਕਰੀ ਸੂਚਨਾ**

**ਸੰਕੇਤਕ ਕਬਜ਼ੇ ਅਧੀਨ ਸੰਪੱਤੀਆਂ ਦਾ ਭੌਤਿਕ ਕਬਜ਼ਾ ਬੈਂਕ/ਅਦਾਲਤੀ ਹੁਕਮਾਂ ਦੁਆਰਾ ਭੌਤਿਕ ਕਬਜ਼ੇ ਨਾਲ ਸਬੰਧਤ ਨਿਲਾਮੀ ਖਰੀਦਦਾਰ ਨੂੰ ਦਿੱਤਾ ਜਾਵੇਗਾ।**

ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਬਾਰੇ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ ਅਤੇ ਜ਼ਾਮਨ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6)/ਨਿਯਮ 9(1) ਦੇ ਅਧੀਨ ਸੂਚਨਾ ਵਜੋਂ ਵੀ ਸਮਝਿਆ ਜਾਵੇ। ਕਰਜ਼ਦਾਰਾਂ/ਜ਼ਾਮਨਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਵਿਕਰੀ ਦੀ ਪੁਸ਼ਟੀ ਤੋਂ ਪਹਿਲਾਂ ਤਾਜ਼ਾ ਵਿਆਜ ਅਤੇ ਅਚਨਚੇਤੀ ਖਰਚਿਆਂ ਸਮੇਤ ਉਕਤ ਦਰਸਾਈ ਰਕਮ ਨੂੰ ਅਦਾ ਕਰ ਦੇਣ, ਜਿਸ ਤੋਂ ਅਸਫਲ ਰਹਿਣ 'ਤੇ ਸੰਪੱਤੀਆਂ ਦੀ ਨਿਲਾਮੀ/ਵਿਕਰੀ ਕੀਤੀ ਜਾਵੇਗੀ ਅਤੇ ਬਕਾਇਆ, ਜੇਕਰ ਕੋਈ ਹੋਵੇ, ਵਿਆਜ ਅਤੇ ਲਾਗਤ ਸਮੇਤ ਵਸੂਲ ਕੀਤਾ ਜਾਵੇਗਾ।

ਮਿਤੀ: 20.05.2025 ਸਥਾਨ : ਚੰਡੀਗੜ੍ਹ ਅਧਿਕਾਰਤ ਅਧਿਕਾਰੀ

# ਕੈਥੋਲਿਕ ਚਰਚ ਕੋਲ ਕਿੰਨੀ ਦੌਲਤ ਹੈ ਅਤੇ ਇਹ ਕਿੱਥੋਂ ਆਉਂਦੀ ਹੈ?




ਇੱਕ ਕਹਾਵਤ ਹੈ ਕਿ ਕੈਥੋਲਿਕ ਚਰਚ ਦੀਆਂ ਸੰਪਤੀਆਂ ਦੀ ਕੀਮਤ ਸ਼ਰਧਾ ਦੇ ਰਹੱਸਾਂ ਵਿੱਚੋਂ ਇੱਕ ਹੈ ਯਾਨੀ ਇੱਕ ਅਜਿਹਾ ਰਾਜ਼ ਹੈ ਜਿਸ ਨੂੰ ਸੰਸਥਾ ਨੇ ਸਦੀਆਂ ਤੋਂ ਸੰਭਾਲ ਕੇ ਰੱਖਿਆ ਹੋਇਆ ਹੈ।

ਚਰਚ ਕਈ ਸ਼ਾਖਾਵਾਂ ਜਾਂ ਡਾਇਓਸਿਸ (ਬਿਸ਼ਪ ਅਧੀਨ ਆਉਂਦਾ ਕਈ ਚਰਚਾਂ ਦਾ ਖੇਤਰ) ਵਿੱਚ ਵੰਡਿਆ ਹੋਇਆ ਹੈ ਜਿਨ੍ਹਾਂ ਵਿੱਚ ਹਰੇਕ ਦਾ ਵਿੱਤੀ ਲੇਖਾ-ਜੋਖਾ ਆਪਣਾ ਹੁੰਦਾ ਹੈ।

ਦੁਨੀਆਂ ਦੇ 1.4 ਅਰਬ ਕੈਥੋਲਿਕਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਚਰਚ ਦੀ ਸੰਪਤੀ ਦਾ ਸਮੁੱਚਾ ਅੰਕੜਾ ਪ੍ਰਾਪਤ ਕਰਨਾ ਜੇ ਅਸੰਭਵ ਨਹੀਂ ਤਾਂ ਇੱਕ ਔਖਾ ਕੰਮ ਜ਼ਰੂਰ ਹੈ।

ਪਰ, ਸਭ ਤੋਂ ਪਹਿਲਾਂ ਗੱਲ ਕਰਦੇ ਹਾਂ 'ਹੋਲੀ ਸੀ' ਦੀ ਜੋ ਵੈਟੀਕਨ ਵਿੱਚ ਧਾਰਮਿਕ ਸੰਗਠਨ ਦੇ ਕੇਂਦਰ ਵਿੱਚ ਸਥਿਤ ਅਧਿਆਤਮਿਕ ਅਤੇ ਪ੍ਰਬੰਧਕੀ ਅਥਾਰਟੀ ਹੈ।

## 'ਹੋਲੀ ਸੀ'

ਚਰਚ ਦੀ ਮਜ਼ਬੂਤ ਅੰਦਰੂਨੀ ਗੁਪਤਤਾ ਦੇ ਕਾਰਨ, ਪਿਛਲੇ ਕੁਝ ਸਾਲਾਂ ਵਿੱਚ 'ਹੋਲੀ ਸੀ' ਦੀ ਸੰਪਤੀ ਬਾਰੇ ਅਟਕਲਾਂ ਵਧਦੀਆਂ ਹੀ ਜਾ ਰਹੀਆਂ ਹਨ।

ਪਰ ਆਪਣੇ ਕਾਰਜਕਾਲ ਦੀ ਸ਼ੁਰੂਆਤ ਤੋਂ ਹੀ ਪੋਪ ਫਰਾਂਸਿਸ, ਜਿਨ੍ਹਾਂ ਦਾ 21 ਅਪ੍ਰੈਲ ਨੂੰ ਦੇਹਾਂਤ ਹੋ ਗਿਆ ਸੀ, ਉਹ ਬਦਲਾਅ ਅਤੇ ਜ਼ਿਆਦਾ ਵਿੱਤੀ ਪਾਰਦਰਸ਼ਤਾ ਲਈ ਜ਼ੋਰ ਦਿੰਦੇ ਰਹੇ।

ਇਸ ਦੀ ਇੱਕ ਉਦਾਹਰਨ 2021 ਵਿੱਚ 'ਐਡਮਿਨਿਸਟ੍ਰੇਸ਼ਨ ਆਫ਼ ਦਿ ਪੈਟਰੀਮੋਨੀ ਆਫ਼ ਦਿ ਅਪੋਸਟੋਲਿਕ ਸੀਜ਼' (ਏਪੀਐੱਸਏ) ਦੇ ਪਿਛਲੇ ਸਾਲ ਦੇ ਵਿੱਤੀ ਵਿਵਰਣ ਦਾ ਪ੍ਰਕਾਸ਼ਨ ਹੈ, ਜੋ ਹੁਣ ਇੱਕ ਸਾਲਾਨਾ ਪ੍ਰਥਾ ਬਣ ਗਿਆ ਹੈ।

1967 ਵਿੱਚ ਏਪੀਐੱਸਏ ਦੀ ਸਥਾਪਨਾ ਤੋਂ ਬਾਅਦ ਇਹ ਪਹਿਲੀ ਵਾਰ ਸੀ ਜਦੋਂ ਇਹ ਅੰਕੜੇ ਸਾਹਮਣੇ ਆਏ।

ਏਪੀਐੱਸਏ ਦੀ ਤਾਜ਼ਾ ਰਿਪੋਰਟ ਅਨੁਸਾਰ, 2023 ਵਿੱਚ ਵੈਟੀਕਨ ਦੁਆਰਾ ਸੰਚਾਲਿਤ ਚਰਚ ਦੀ ਸ਼ਾਖਾ ਨੂੰ ਕੁੱਲ 52 ਮਿਲੀਅਨ ਡਾਲਰ ਤੋਂ ਵੱਧ ਦਾ ਮੁਨਾਫਾ ਹੋਇਆ ਅਤੇ ਪਿਛਲੇ ਸਾਲ ਦੇ ਮੁਕਾਬਲੇ ਜਾਇਦਾਦ ਵਿੱਚ ਲਗਭਗ 8 ਮਿਲੀਅਨ ਡਾਲਰ ਦਾ ਵਾਧਾ ਹੋਇਆ ਹੈ।

ਰੋਮ ਸਥਿਤ ਮਾਰਕੀਟ, ਕਲਚਰ ਅਤੇ ਐਥਿਕਸ ਰਿਸਰਚ ਸੈਂਟਰ (ਐੱਮਸੀਈ) ਦੇ ਅਨੁਸਾਰ, ਕੁੱਲ ਜਾਇਦਾਦ ਦਾ ਖੁਲਾਸਾ ਨਹੀਂ ਕੀਤਾ ਗਿਆ, ਪਰ ਤਾਜ਼ਾ ਅਨੁਮਾਨਿਤ ਅੰਕੜਾ ਲਗਭਗ 1 ਬਿਲੀਅਨ ਡਾਲਰ ਹੈ।

ਇਹ ਕੀਮਤ ਧਰਮ ਕਾਰਜ ਸੰਸਥਾਨ (ਇੰਸਟੀਚਿਊਟ ਫਾਰ ਦਿ ਵਰਕਸ ਆਫ਼ ਰਿਲੀਜਨ-ਆਈਓਆਰ) ਜਿਸ ਨੂੰ ਵੈਟੀਕਨ ਬੈਂਕ ਵਜੋਂ ਵੀ ਜਾਣਿਆ ਜਾਂਦਾ ਹੈ, ਦੁਆਰਾ ਪ੍ਰਬੰਧਿਤ ਸਾਰੀਆਂ ਸੰਪਤੀਆਂ ਨੂੰ ਦਰਸਾਉਂਦੀ ਹੈ। ਇਸ ਲਈ ਇਸ ਵਿੱਚ ਬਹੁਤ ਸਾਰੀਆਂ ਇਮਾਰਤਾਂ ਅਤੇ ਬਹੁਤ ਸਾਰੀ ਜ਼ਮੀਨ ਸ਼ਾਮਲ ਨਹੀਂ ਹੈ।

ਏਪੀਐੱਸਏ ਦਾ ਕਹਿਣਾ ਹੈ ਕਿ ਚਰਚ 5,000 ਤੋਂ ਵੱਧ ਸੰਪਤੀਆਂ ਦੇ ਪ੍ਰਬੰਧਨ ਤੋਂ ਵੀ ਆਮਦਨ ਹਾਸਲ ਕਰਦਾ ਹੈ, ਜਿਨ੍ਹਾਂ ਵਿੱਚੋਂ ਪੰਜਵਾਂ ਹਿੱਸਾ ਕਿਰਾਏ 'ਤੇ ਦਿੱਤਾ ਜਾਂਦਾ ਹੈ।

ਏਪੀਐੱਸਏ ਮੁਤਾਬਕ ਇਸ ਨਾਲ 8.4 ਕਰੋੜ ਡਾਲਰ ਦੀ ਸੰਚਾਲਨ ਆਮਦਨ ਅਤੇ ਤਕਰੀਬਨ 4 ਕਰੋੜ ਡਾਲਰ ਦਾ ਸ਼ੁੱਧ ਸਾਲਾਨਾ ਲਾਭ ਪ੍ਰਾਪਤ ਹੁੰਦਾ ਹੈ।

ਇਹ ਸਾਰੇ ਅੰਕੜੇ ਵੈਟੀਕਨ ਦੀ ਵਿੱਤੀ ਪ੍ਰਣਾਲੀ ਨਾਲ ਸਬੰਧਤ ਹਨ ਅਤੇ ਇਸ ਵਿੱਚ ਦੁਨੀਆਂ ਭਰ ਵਿੱਚ ਮੌਜੂਦ ਕੈਥੋਲਿਕ ਚਰਚ ਦੀਆਂ ਹੋਰ ਸ਼ਾਖਾਵਾਂ ਸ਼ਾਮਲ ਨਹੀਂ ਹਨ।

ਕਿਉਂਕਿ ਕੈਥੋਲਿਕ ਚਰਚ ਦੇ ਵਿੱਤ ਵਿਕੇਂਦਰੀਕ੍ਰਿਤ ਹਨ ਅਤੇ ਹਰੇਕ ਡਾਇਓਸਿਸ (ਬਿਸ਼ਪ ਦੇ ਅਧੀਨ ਆਉਣ ਵਾਲਾ ਚਰਚਾਂ ਦਾ ਸਮੂਹ) ਆਪਣੇ ਬਜਟ ਦਾ ਪ੍ਰਬੰਧਨ ਖ਼ੁਦ ਕਰਦਾ ਹੈ, ਇਸ ਲਈ ਦੁਨੀਆਂ ਭਰ ਵਿੱਚ ਕੁੱਲ ਸੰਪਤੀਆਂ ਅਤੇ ਆਮਦਨ ਬਹੁਤ ਜ਼ਿਆਦਾ ਹੈ ਅਤੇ ਸ਼ਾਇਦ ਇਹ ਗਣਨਾ ਤੋਂ ਵੀ ਪਰੇ ਹੈ।

ਸਾਓ ਪਾਓਲੋ ਦੀ ਪੋਂਟੀਫਿਕਲ ਕੈਥੋਲਿਕ ਯੂਨੀਵਰਸਿਟੀ (ਪੀਯੂਸੀ-ਐੱਸਪੀ) ਦੇ ਸਮਾਜਿਕ ਵਿਗਿਆਨ ਵਿਭਾਗ ਦੇ ਪ੍ਰੋਫੈਸਰ ਫਰਨਾਂਡੋ ਅਲਟੇਮੇਅਰ ਜੂਨੀਅਰ ਕਹਿੰਦੇ ਹਨ, ''ਸੰਪੂਰਨ ਕੈਥੋਲਿਕ ਚਰਚ ਦੀਆਂ ਸੰਪਤੀਆਂ ਦਾ ਅੰਦਾਜ਼ਾ ਲਗਾਉਣਾ ਵਿਵਹਾਰਕ ਤੌਰ 'ਤੇ ਅਸੰਭਵ ਹੈ।''

ਪੈਰਿਸ ਸਥਿਤ ਧਰਮ ਅਤੇ ਨਿਰਪੱਖਤਾ ਅਧਿਐਨ ਸੰਸਥਾਨ (ਇੰਸਟੀਚਿਊਟ ਫਾਰ ਦਿ ਸਟੱਡੀ ਆਫ਼ ਰਿਲੀਜਨਜ਼ ਐਂਡ ਸੈਕੂਲਰਿਜ਼ਮ-ਆਈਆਰਈਐੱਲ) ਦੇ ਮੁਤਾਬਕ ਵਿਸ਼ਵ ਪੱਧਰ 'ਤੇ ਚਰਚ ਦੀਆਂ ਵੱਖ-ਵੱਖ ਸ਼ਾਖਾਵਾਂ ਕੋਲ 71 ਤੋਂ 81 ਮਿਲੀਅਨ ਹੈਕਟੇਅਰ ਜ਼ਮੀਨ ਹੈ, ਇਸ ਲਈ ਚਰਚ ਨੂੰ ਦੁਨੀਆਂ ਦੇ ਸਭ ਤੋਂ ਵੱਡੇ ਜ਼ਮੀਨ ਮਾਲਕਾਂ ਵਿੱਚੋਂ ਇੱਕ ਮੰਨਿਆ ਜਾਂਦਾ ਹੈ।

ਚਰਚ ਦੀਆਂ ਜਾਇਦਾਦਾਂ ਵਿੱਚ ਗਿਰਜਾਘਰ, ਸਕੂਲ, ਹਸਪਤਾਲ, ਮੱਠ ਅਤੇ ਹੋਰ ਜਾਇਦਾਦਾਂ ਸ਼ਾਮਲ ਹਨ।

ਕੈਥੋਲਿਕ ਚਰਚ ਦੀ ਕਿਸਮਤ ਦਾ ਉਦੇ ਜੇਕਰ ਕੈਥੋਲਿਕ ਚਰਚ ਆਪਣੇ ਹੀ ਕੈਨਨ ਕਾਨੂੰਨ ਦੀ ਪਾਲਣਾ ਕਰਦਾ ਹੈ, ਤਾਂ ਇਹ ਸਥਿਤੀ ਕਿਵੇਂ ਪੈਦਾ ਹੋਈ? ਰੂਲ ਬੁੱਕ ਵਿੱਚ ਇਹ ਕਿਹਾ ਗਿਆ ਹੈ ਕਿ ਚਰਚ ਦਾ ਉਦੇਸ਼ ਦੌਲਤ ਇਕੱਠੀ ਕਰਨਾ ਜਾਂ ਮੁਨਾਫ਼ਾ ਕਮਾਉਣਾ ਨਹੀਂ ਹੋਣਾ ਚਾਹੀਦਾ।

ਜਿਵੇਂ ਡੀ ਸੂਜ਼ਾ ਨੇ 'ਚਰਚ ਦੇ ਇਤਿਹਾਸ' ਵਿੱਚ ਲਿਖਿਆ ਹੈ ਕਿ ਚਰਚ ਨੇ ਚੌਥੀ ਸਦੀ ਵਿੱਚ ਸਮਰਾਟ ਕਾਂਸਟੈਂਟਾਈਨ (272-337 ਈ.) ਨਾਲ ਮਾਲ ਅਤੇ ਦੌਲਤ ਇਕੱਠੀ ਕਰਨੀ ਸ਼ੁਰੂ ਕੀਤੀ, ਜਿਨ੍ਹਾਂ ਨੇ ਕੈਥੋਲਿਕ ਧਰਮ ਨੂੰ ਰੋਮਨ ਸਾਮਰਾਜ ਦਾ ਅਧਿਕਾਰਤ ਧਰਮ ਬਣਾ ਦਿੱਤਾ।

ਇਤਿਹਾਸਕਾਰ ਦਾ ਕਹਿਣਾ ਹੈ ਕਿ ਉਸ ਸਮੇਂ ਈਸਾਈ ਲੋਕ ਨਿਮਰਤਾ ਨਾਲ ਰਹਿੰਦੇ ਸਨ ਅਤੇ ਆਪਣੇ ਘਰਾਂ ਜਾਂ ਕਬਰਸਤਾਨਾਂ ਵਿੱਚ ਹੀ ਸੇਵਾਵਾਂ ਦਿੰਦੇ ਸਨ।

ਡੀ ਸੂਜ਼ਾ ਅੱਗੇ ਕਹਿੰਦੇ ਹਨ, ''ਇਨ੍ਹਾਂ ਘਟਨਾਵਾਂ ਨੇ ਈਸਾਈ ਧਰਮ ਅਤੇ ਰੋਮਨ ਸਾਮਰਾਜ ਦੇ ਇਤਿਹਾਸ ਨੂੰ ਮੌਲਿਕ ਰੂਪ ਤੋਂ ਬਦਲ ਦਿੱਤਾ।''

''ਅੱਤਿਆਚਾਰ ਤੋਂ ਬਾਅਦ, ਚਰਚ ਵਿਸ਼ੇਸ਼ ਅਧਿਕਾਰ ਪ੍ਰਾਪਤ ਹੋ ਗਿਆ ਅਤੇ ਅਨੇਕ ਜਾਇਦਾਦਾਂ ਦਾ ਮਾਲਕ ਬਣ ਗਿਆ।''

ਪਰ, ਇਸ ਨਾਲ ਰੋਮਨ ਸਾਮਰਾਜ ਦੇ ਪਤਵੰਤੇ ਵਿਅਕਤੀਆਂ ਦੇ ਬਰਾਬਰ ਧਨ-ਦੌਲਤ ਪ੍ਰਾਪਤ ਹੋਈ।

## ਬੇਸ਼ੁਮਾਰ ਦੌਲਤ

ਕਾਂਸਟੈਂਟਾਈਨ ਅਤੇ ਰੋਮਨ ਸਾਮਰਾਜ ਦੇ ਕਈ ਹੋਰ ਆਗੂਆਂ ਨੇ ਚਰਚ ਨੂੰ ਸੋਨੇ ਅਤੇ ਚਾਂਦੀ ਤੋਂ ਇਲਾਵਾ ਮਹਿਲ, ਜਾਇਦਾਦਾਂ, ਜ਼ਮੀਨਾਂ ਅਤੇ ਇੱਥੋਂ ਤੱਕ ਕਿ ਥਰਮਲ ਇਸ਼ਨਾਨ ਗ੍ਰਹਿ ਵੀ ਦਾਨ ਵਿੱਚ ਦਿੱਤੇ।

ਉਸ ਸਮੇਂ ਤੋਂ ਹੀ ਦਾਨ ਦੀ ਵਿਵਸਥਾ ਸਥਾਪਿਤ ਹੋ ਗਈ।

ਅੱਜ, ਚਰਚ ਨੇ ਅਨਮੋਲ ਕਾਰਜਾਂ, ਹਰ ਸਾਲ ਲੱਖਾਂ ਸੈਲਾਨੀਆਂ ਦੀ ਆਮਦ ਵਾਲੇ ਅਜਾਇਬ ਘਰ ਅਤੇ ਵਿੱਤੀ ਬਾਜ਼ਾਰ ਵਿੱਚ ਨਿਵੇਸ਼ ਵਧਾ ਦਿੱਤਾ ਹੈ।

ਕੈਥੋਲਿਕ ਸੱਤਾ ਦੇ ਕੇਂਦਰ ਵਿੱਚ ਵੈਟੀਕਨ ਸਿਟੀ ਹੈ।

ਸਰਕਾਰ ਇੱਕ ਪੂਰਨ ਰਾਜਤੰਤਰ ਹੈ ਜਿਸ ਦਾ ਸੰਚਾਲਨ ਪੋਪ ਵੱਲੋਂ ਕੀਤਾ ਜਾਂਦਾ ਹੈ। 'ਪੋਪ' ਰੋਮ ਦੇ ਬਿਸ਼ਪ ਨੂੰ ਕਿਹਾ ਜਾਂਦਾ ਹੈ।

ਸੈਰ-ਸਪਾਟਾ ਆਮਦਨ ਦਾ ਇੱਕ ਹੋਰ ਸਰੋਤ ਹੈ

- ਧਾਰਮਿਕ ਅਤੇ ਇਤਿਹਾਸਕ ਇਮਾਰਤਾਂ: ਅਪੋਸਟੋਲਿਕ ਪੈਲੇਸ, ਸੇਂਟ ਪੀਟਰਜ਼ ਮਹਿਲ, ਮਹਿਲ ਦੇ ਨਾਲ ਲੱਗਦੀਆਂ ਇਮਾਰਤਾਂ, ਡੋਮਸ ਵੈਟੀਕਾਨੇ (ਪਹਿਲਾਂ ਇਸ ਦਾ ਨਾਂ ਕਾਸਾ ਸੈਂਟਾ ਮਾਰਟਾ ਸੀ)
- ਅਜਾਇਬ ਘਰ ਅਤੇ ਗੈਲਰੀਆਂ: 15 ਅਜਾਇਬ ਘਰ, ਜਿਨ੍ਹਾਂ ਵਿੱਚ ਸਿਸਟਾਈਨ ਚੈਪਲ, ਰਾਫੇਲ ਚੈਪਲ, ਪਿਨਾਕੋਟੇਕਾ ਵੈਟੀਕਾਨਾ, ਮਿਸ਼ਨਰੀ ਐਥਨੋਲੋਜੀਕਲ ਮਿਊਜ਼ੀਅਮ ਅਤੇ ਇਤਿਹਾਸਕ ਮਿਊਜ਼ੀਅਮ ਸ਼ਾਮਲ ਹਨ।
- ਲਾਇਬ੍ਰੇਰੀਆਂ ਅਤੇ ਪੁਰਾਲੇਖ: ਵੈਟੀਕਨ ਅਪੋਸਟੋਲਿਕ ਲਾਇਬ੍ਰੇਰੀ, ਅਪੋਸਟੋਲਿਕ ਪੁਰਾਲੇਖ, ਲਾਇਬ੍ਰੇਰੀਆ ਐਡੀਟਰਿਸ ਵੈਟੀਕਾਨਾ
- ਮੀਡੀਆ ਅਤੇ ਸੰਚਾਰ ਦੇ ਸਾਧਨ: ਵੈਟੀਕਨ ਰੇਡੀਓ, ਲ'ਓਸਰਵੇਟੋਰੇ, ਰੋਮਾਨੋ ਅਖ਼ਬਾਰ, ਵੈਟੀਕਨ ਮੀਡੀਆ, ਵੈਟੀਕਨ ਟੈਲੀਵਿਜ਼ਨ ਸੈਂਟਰ
- ਹੋਰ ਸੰਸਥਾਵਾਂ: ਵੈਟੀਕਨ ਬੈਂਕ, ਵੈਟੀਕਨ ਆਬਜ਼ਰਵੇਟਰੀ

ਵੈਟੀਕਨ ਦੀਆਂ ਮੁੱਖ ਸੰਪਤੀਆਂ

ਵੈਟੀਕਨ ਕੋਲ ਆਪਣੇ ਖੇਤਰ ਤੋਂ ਬਾਹਰ 12 ਮੁੱਖ ਜਾਇਦਾਦਾਂ ਹਨ, ਜਿਨ੍ਹਾਂ ਵਿੱਚ ਸੇਂਟ ਜੌਨ ਲੈਟਰਨ ਦੇ ਮਹਿਲ, ਸੇਂਟ ਪਾਲ ਆਊਟਸਾਈਡ ਦਿ ਵਾਲਜ਼, ਸੇਂਟ ਮੈਰੀ ਮੇਜਰ, ਸੇਂਟ ਐਨ ਦਾ ਪੈਰਿਸ਼, ਵੱਖ-ਵੱਖ ਡਾਇਕਾਸਟ੍ਰੀ ਦਫ਼ਤਰ ਅਤੇ ਕੈਸਟਲ ਗੰਡੋਲਫੋ ਵਿਖੇ ਪੋਪ ਦਾ ਗਰਮੀਆਂ ਦਾ ਨਿਵਾਸ ਸ਼ਾਮਲ ਹਨ।

ਇਹ 'ਪੀਟਰਜ਼ ਪੈਂਸ' ਨਾਮਕ ਪ੍ਰਣਾਲੀ ਰਾਹੀਂ ਵਿਸ਼ਵਵਿਆਪੀ ਸਵੈ-ਇੱਛੁਕ ਦਾਨ ਵੀ ਪ੍ਰਾਪਤ ਕਰਦਾ ਹੈ, ਜੋ ਸਮਾਜਿਕ ਪਹਿਲਕਦਮੀਆਂ, ਵੈਟੀਕਨ ਸੰਚਾਲਨ, ਸੈਰ-ਸਪਾਟਾ ਅਤੇ ਅਜਾਇਬ ਘਰ ਦੀ ਦੇਖਭਾਲ ਕਰਦਾ ਹੈ।

ਮਾਲੀਆ ਸਰੋਤਾਂ ਵਿੱਚ ਵੈਟੀਕਨ ਅਜਾਇਬ ਘਰ, ਸਿਸਟਾਈਨ ਚੈਪਲ, ਯਾਦਗਾਰੀ ਸਟੈਂਪਾਂ ਅਤੇ ਸਿੱਕਿਆਂ ਦੀ ਵਿਕਰੀ, ਵੈਟੀਕਨ ਬੈਂਕ ਅਤੇ ਏਪੀਐੱਸਏ ਵਰਗੇ ਅਦਾਰੇ ਸ਼ਾਮਲ ਹਨ, ਜੋ ਬਹੁਤ ਸਾਰੀਆਂ ਸੰਪਤੀਆਂ ਦਾ ਪ੍ਰਬੰਧਨ ਕਰਦੇ ਹਨ।

ਬੇਨੀਟੋ ਮੁਸੋਲਿਨੀ

ਇਸ ਦੌਲਤ ਦਾ ਬਹੁਤਾ ਹਿੱਸਾ ਇਟਲੀ ਦੇ ਤਾਨਾਸ਼ਾਹ ਬੇਨੀਟੋ ਮੁਸੋਲਿਨੀ ਤੋਂ ਆਇਆ ਸੀ।

ਇਤਾਲਵੀ ਇਤਿਹਾਸਕਾਰ ਅਤੇ ਸੈਂਟ'ਏਗਿਡਿਓਜੀ ਐਂਡਰੀਆ ਰਿਕਾਰਡੀ ਸਮੁਦਾਏ ਦੇ ਸੰਸਥਾਪਕ ਦਾ ਕਹਿਣਾ ਹੈ ਕਿ 1929 ਵਿੱਚ ਮੁਸੋਲਿਨੀ ਨੇ 'ਹੋਲੀ ਸੀ' ਦੇ ਖ਼ਜ਼ਾਨੇ ਵਿੱਚ 1.75 ਬਿਲੀਅਨ ਇਤਾਲਵੀ ਲੀਰਾ (ਉਸ ਸਮੇਂ ਲਗਭਗ 91.3 ਮਿਲੀਅਨ ਡਾਲਰ) ਜਮ੍ਹਾ ਕਰਵਾਏ ਸਨ।

ਇਹ ਲੈਟਰਨ ਸੰਧੀ ਦਾ ਹਿੱਸਾ ਸੀ, ਜਿਸ ਨੂੰ ਸੁਲ੍ਹਾ ਸੰਧੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।

ਇਹ ਪੈਸਾ ਇਤਾਲਵੀ ਏਕੀਕਰਨ ਦੌਰਾਨ ਵਿਸ਼ੇਸ਼ ਕਰਕੇ 1860 ਅਤੇ 1870 ਦੇ ਵਿਚਕਾਰ ਜ਼ਬਤ ਕੀਤੀਆਂ ਗਈਆਂ ਕੈਥੋਲਿਕ ਚਰਚਾਂ ਦੀਆਂ ਜਾਇਦਾਦਾਂ ਦੀ ਭਰਪਾਈ ਲਈ ਸੀ।

ਲਗਭਗ ਇੱਕ ਚੌਥਾਈ ਧਨ ਰਾਸ਼ੀ ਦੀ ਵਰਤੋਂ ਪੋਪ ਪਾਈਅਸ XI ਦੁਆਰਾ ਆਧੁਨਿਕ ਵੈਟੀਕਨ ਰਾਜ ਦੀ ਸਥਾਪਨਾ, ਹੋਲੀ ਸੀ ਇਮਾਰਤਾਂ ਦੇ ਨਿਰਮਾਣ ਅਤੇ ਵੈਟੀਕਨ ਕਰਮਚਾਰੀਆਂ ਲਈ ਰਿਹਾਇਸ਼ ਉਪਲੱਬਧ ਕਰਾਉਣ ਲਈ ਕੀਤੀ ਗਈ।

ਬਾਕੀ ਰਾਸ਼ੀ ਨੂੰ ਜੋਖਮ ਘੱਟ ਕਰਨ ਲਈ ਵਿਭਿੰਨ ਰਣਨੀਤੀਆਂ ਨਾਲ ਨਿਵੇਸ਼ ਕੀਤਾ ਗਿਆ ਸੀ।

ਅੱਜ, ਏਪੀਐੱਸਏ ਕੋਲ ਇਟਲੀ, ਯੂਕੇ, ਫਰਾਂਸ ਅਤੇ ਸਵਿਟਜ਼ਰਲੈਂਡ ਵਿੱਚ ਜਾਇਦਾਦਾਂ ਹਨ।

## ਇਮਾਰਤਾਂ ਅਤੇ ਜ਼ਮੀਨ



ਏਪੀਐੱਸਏ ਦਾ ਕਹਿਣਾ ਹੈ ਕਿ ਵਰਤਮਾਨ ਵਿੱਚ ਜ਼ਮੀਨ ਜਾਇਦਾਦ ਦੀਆਂ ਸੰਪਤੀਆਂ ਲਗਭਗ 1.77 ਬਿਲੀਅਨ ਯੂਰੋ (1.9 ਬਿਲੀਅਨ ਡਾਲਰ) ਦੇ ਨਿਵੇਸ਼ ਪੋਰਟਫੋਲੀਓ ਦੇ ਪ੍ਰਬੰਧਨ ਦੇ ਨਾਲ ਵੈਟੀਕਨ ਦੀ ਪ੍ਰਬੰਧਕੀ ਸੰਸਥਾ ਰੋਮਨ ਕੁਰੀਆ ਦੇ ਰੱਖ-ਰਖਾਅ ਲਈ ਆਮਦਨ ਪੈਦਾ ਕਰਦੀਆਂ ਹਨ।

2019 ਵਿੱਚ ਪੋਪ ਫਰਾਂਸਿਸ ਨੇ ਪੂੰਜੀ ਦੇ ਮੁੱਲ ਨੂੰ ਘਟਣ ਤੋਂ ਰੋਕਣ ਦੇ ਤਰੀਕੇ ਵਜੋਂ ਨਿਵੇਸ਼ ਦਾ ਬਚਾਅ ਕੀਤਾ।

ਉਨ੍ਹਾਂ ਦਾ ਕਹਿਣਾ ਸੀ, ''ਤਾਂ ਕਿ ਇਸ ਨੂੰ ਬਣਾਈ ਰੱਖਿਆ ਜਾ ਸਕੇ ਜਾਂ ਥੋੜ੍ਹਾ ਵਾਧਾ ਮਿਲ ਸਕੇ।''

ਰਿਕਾਰਡੀ ਨੇ ਇਤਾਲਵੀ ਅਖ਼ਬਾਰ 'ਕੋਰੀਏਰੇ ਡੇਲਾ ਸੇਰਾ' ਨੂੰ ਦੱਸਿਆ ਕਿ ਇਹ ਪ੍ਰਸੰਗਿਕ ਹੈ ਕਿਉਂਕਿ ਹੋਲੀ ਸੀ, ਵੈਟੀਕਨ ਰਾਜ ਦੁਆਰਾ ਸਮਰਥਤ ਹੋਣ ਦੇ ਬਾਵਜੂਦ, ਆਪਣੇ ਆਪ ਵਿੱਚ ਇੱਕ ਰਾਜ ਨਹੀਂ ਹੈ।

ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਇਨ ਰਿਲੀਜੀਅਸ ਫਾਈਨੈਂਸ (ਆਈਐੱਚਈਐੱਫਆਰ) ਦੇ ਅਨੁਸਾਰ, ਇਹ ਕੋਈ ਟੈਕਸ ਨਹੀਂ ਦਿੰਦਾ ਅਤੇ ਕੋਈ ਜਨਤਕ ਕਰਜ਼ਾ ਵੀ ਘੋਸ਼ਿਤ ਨਹੀਂ ਕਰਦਾ।

ਇਸ ਦਾ ਖਰਚ ਆਪਣੀਆਂ ਜਾਇਦਾਦਾਂ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਅਤੇ ਸਭ ਤੋਂ ਵੱਧ ਪੈਰੋਕਾਰਾਂ ਤੋਂ ਪ੍ਰਾਪਤ ਦਾਨ ਨਾਲ ਚੱਲਦਾ ਹੈ।

ਹਾਲਾਂਕਿ, ਆਈਐੱਚਈਐੱਫਆਰ ਦਾ ਕਹਿਣਾ ਹੈ ਕਿ ਵੈਟੀਕਨ ਦੇ ਸਾਲਾਨਾ ਮਾਲੀਏ ਅਤੇ ਖਰਚਿਆਂ ਨੂੰ ਕਾਫ਼ੀ ਘੱਟ ਦਰਸਾਇਆ ਗਿਆ ਹੈ, ਅਤੇ ਇਸ ਦੀ ਕੁੱਲ ਜਾਇਦਾਦ ਪਹਿਲਾਂ ਐਲਾਨੀ ਗਈ ਰਾਸ਼ੀ ਤੋਂ ਦੁੱਗਣੀ (ਲਗਭਗ 4 ਬਿਲੀਅਨ ਡਾਲਰ) ਹੈ।

## ਸਭ ਤੋਂ ਅਮੀਰ ਡਾਇਓਸਿਸ

ਜਰਮਨੀ ਵਿੱਚ ਕੋਲੋਨ ਦਾ ਆਰਚਡਾਇਓਸਿਸ ਦੁਨੀਆਂ ਦੀਆਂ ਸਭ ਤੋਂ ਅਮੀਰ ਸ਼ਾਖਾਵਾਂ ਵਿੱਚੋਂ ਇੱਕ ਹੈ।

ਇਸ ਦੀ ਆਮਦਨ ਮੁੱਖ ਤੌਰ 'ਤੇ 'ਕਿਰਚੇਨਸਟਿਊਅਰ' ਦੇ ਕਾਰਨ ਹੁੰਦੀ ਹੈ ਜੋ ਕੈਥੋਲਿਕ ਚਰਚ ਸਮੇਤ ਰਾਜ-ਮਾਨਤਾ ਪ੍ਰਾਪਤ ਧਾਰਮਿਕ ਭਾਈਚਾਰਿਆਂ ਦੇ ਰਜਿਸਟਰਡ ਮੈਂਬਰਾਂ ਤੋਂ ਸਿੱਧਾ ਵਸੂਲਿਆ ਜਾਣ ਵਾਲਾ ਟੈਕਸ ਹੈ।

2023 ਵਿੱਚ ਚਰਚ ਨੂੰ ਇਸ ਟੈਕਸ ਤੋਂ ਲਗਭਗ 7.4 ਬਿਲੀਅਨ ਡਾਲਰ ਪ੍ਰਾਪਤ ਹੋਏ। ਆਈਐੱਚਈਐੱਫਆਰ ਦੇ ਅਨੁਸਾਰ, ਇਹ ਪਿਛਲੇ ਸਾਲ ਨਾਲੋਂ ਲਗਭਗ 5% ਘੱਟ ਹੈ, ਜਦੋਂ 7.77 ਬਿਲੀਅਨ ਡਾਲਰ ਇਕੱਠੇ ਕੀਤੇ ਗਏ ਸਨ।

ਕਾਫ਼ੀ ਆਮਦਨ ਹੋਣ ਦੇ ਬਾਵਜੂਦ, ਜਰਮਨੀ ਵਿੱਚ ਚਰਚ ਨੂੰ ਆਮਦਨ ਵਿੱਚ ਆਈ ਗਿਰਾਵਟ ਤੋਂ ਚਿੰਤਾ ਹੈ ਕਿਉਂਕਿ ਰਜਿਸਟਰਡ ਪੈਰੋਕਾਰਾਂ ਦੀ ਗਿਣਤੀ ਘਟ ਰਹੀ ਹੈ।

ਇਹ ਗਿਰਾਵਟ ਅੰਸ਼ਕ ਤੌਰ 'ਤੇ ਇਸ ਦੇ ਅਕਸ ਨੂੰ ਲੱਗੀ ਠੇਸ ਕਾਰਨ ਆਈ ਹੈ ਕਿਉਂਕਿ 2013 ਵਿੱਚ ਬਿਸ਼ਪ ਫ੍ਰਾਂਜ਼-ਪੀਟਰ ਟੇਬਾਰਟਜ਼ ਵੈਨ ਐਲਸਟ ਨਾਲ ਸਬੰਧਤ ਘੁਟਾਲਾ ਉਜਾਗਰ ਹੋਇਆ ਸੀ।

ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਦੇ ਬਿਸ਼ਪ ਦੇ ਮਹਿਲ ਦੇ ਨਿਰਮਾਣ ਅਤੇ ਰੱਖ-ਰਖਾਅ ਦੀ ਲਾਗਤ ਪੰਜ ਸਾਲਾਂ ਦੀ ਮਿਆਦ ਵਿੱਚ 5.7 ਮਿਲੀਅਨ ਡਾਲਰ ਤੋਂ ਵਧ ਕੇ ਲਗਭਗ 35 ਮਿਲੀਅਨ ਡਾਲਰ ਹੋ ਗਈ ਹੈ।

ਮੀਡੀਆ ਦੇ ਦਬਾਅ ਦੇ ਜਵਾਬ ਵਿੱਚ ਜਰਮਨੀ ਦੇ 27 ਡਾਇਓਸਿਸਾਂ ਵਿੱਚੋਂ ਅੱਧਿਆਂ ਨੇ ਆਪਣੀਆਂ ਜਾਇਦਾਦਾਂ ਦਾ ਖੁਲਾਸਾ ਕੀਤਾ, ਜਿਨ੍ਹਾਂ ਵਿੱਚ ਦਸ ਬੈਂਕ, ਬੀਮਾ ਕੰਪਨੀਆਂ, 70 ਹੋਟਲ, ਪ੍ਰਾਪਰਟੀ ਫਰਮਾਂ ਅਤੇ ਮੀਡੀਆ ਆਊਟਲੈਟ ਸ਼ਾਮਲ ਹਨ।

## ਅਮਰੀਕਾ ਵਿੱਚ ਚਰਚ

ਸੰਯੁਕਤ ਰਾਜ ਅਮਰੀਕਾ ਵਿੱਚ ਸਥਿਤ ਚਰਚ ਵੈਟੀਕਨ ਨੂੰ ਵੱਡਾ ਯੋਗਦਾਨ ਪਾਉਂਦੇ ਹਨ।

ਇਸ ਕੋਲ ਵਿਸ਼ਾਲ ਸੰਪਤੀਆਂ ਹਨ, ਜਿਨ੍ਹਾਂ ਵਿੱਚ ਇੰਡੀਆਨਾ ਵਿੱਚ ਨੋਟਰੇ ਡੈਮ (ਜਿਸ ਦੀ ਰਿਕਾਰਡ ਆਮਦਨ 1.76 ਬਿਲੀਅਨ ਡਾਲਰ ਹੈ) ਅਤੇ ਵਾਸ਼ਿੰਗਟਨ ਡੀਸੀ ਵਿੱਚ ਜਾਰਜਟਾਊਨ (ਜਿਸ ਦੀ ਰਿਕਾਰਡ ਆਮਦਨ 1.92 ਬਿਲੀਅਨ ਡਾਲਰ ਹੈ) ਵਰਗੀਆਂ ਪ੍ਰਸਿੱਧ ਯੂਨੀਵਰਸਿਟੀਆਂ ਦੇ ਨਾਲ-ਨਾਲ ਹਸਪਤਾਲ ਅਤੇ ਸਕੂਲ ਵੀ ਸ਼ਾਮਲ ਹਨ।

ਕੋਈ ਲਾਜ਼ਮੀ ਧਾਰਮਿਕ ਟੈਕਸ ਨਹੀਂ ਹੈ, ਪਰ ਚਰਚ ਨੂੰ ਮਹੱਤਵਪੂਰਨ ਨਿੱਜੀ ਦਾਨ ਪ੍ਰਾਪਤ ਹੁੰਦਾ ਹੈ।

ਬ੍ਰਾਜ਼ੀਲ: ਦੁਨੀਆ ਦਾ ਸਭ ਤੋਂ ਵੱਡਾ ਕੈਥੋਲਿਕ ਭਾਈਚਾਰਾ

ਬ੍ਰਾਜ਼ੀਲ ਦੁਨੀਆਂ ਦੀ ਸਭ ਤੋਂ ਵੱਡੀ ਕੈਥੋਲਿਕ ਆਬਾਦੀ ਦਾ ਘਰ ਹੈ।

ਇਸ ਦੇਸ਼ ਵਿੱਚ ਦੁਨੀਆਂ ਦਾ ਸਭ ਤੋਂ ਵੱਡਾ ਅਤੇ ਦੂਜਾ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਮੈਰੀਅਨ ਤੀਰਥ ਸਥਾਨ ਹੈ ਜੋ ਕਿ ਅਵਰ ਲੇਡੀ ਆਫ ਅਪਰੇਸੀਡਾ ਦਾ ਰਾਸ਼ਟਰੀ ਤੀਰਥ ਸਥਾਨ ਹੈ।

ਅਪਰੇਸੀਡਾ ਦੇ ਡਾਇਓਸਿਸ ਦਾ ਕਹਿਣਾ ਹੈ ਕਿ ਹਰ ਸਾਲ 10 ਮਿਲੀਅਨ ਪੈਰੋਕਾਰ ਇਸ ਅਸਥਾਨ 'ਤੇ ਆਉਂਦੇ ਹਨ, ਨਤੀਜੇ ਵਜੋਂ ਸਿਰਫ਼ 35,000 ਵਸਨੀਕਾਂ ਵਾਲੇ ਇਸ ਸ਼ਹਿਰ ਵਿੱਚ ਲਗਭਗ 240 ਮਿਲੀਅਨ ਡਾਲਰ ਦੀ ਸਾਲਾਨਾ ਆਮਦਨ ਹੁੰਦੀ ਹੈ।

ਹਾਲਾਂਕਿ ਸਮੁੱਚੇ ਵਿੱਤੀ ਅੰਕੜਿਆਂ ਦੀ ਘਾਟ ਹੈ, ਫਿਰ ਵੀ ਬ੍ਰਾਜ਼ੀਲ ਦੇ ਡਾਇਓਸਿਸ ਪੈਰਿਸ਼ਾਂ (ਚਰਚ ਅਧੀਨ ਇੱਕ ਛੋਟਾ ਪ੍ਰਸ਼ਾਸਕੀ ਜ਼ਿਲ੍ਹਾ ਜਿਸ ਦਾ ਆਮ ਤੌਰ 'ਤੇ ਆਪਣਾ ਚਰਚ ਅਤੇ ਪਾਦਰੀ ਹੁੰਦਾ ਹੈ।), ਸਕੂਲਾਂ, ਹਸਪਤਾਲਾਂ ਅਤੇ ਯੂਨੀਵਰਸਿਟੀਆਂ ਦੇ ਇੱਕ ਵਿਸ਼ਾਲ ਨੈੱਟਵਰਕ ਦਾ ਪ੍ਰਬੰਧਨ ਕਰਦੇ ਹਨ।

ਇਸ ਤੋਂ ਇਲਾਵਾ, ਉਹ ਪੈਰੋਕਾਰਾਂ ਤੋਂ ਦਾਨ ਪ੍ਰਾਪਤ ਕਰਦੇ ਹਨ ਅਤੇ ਟੈਕਸ ਛੋਟਾਂ ਦਾ ਆਨੰਦ ਮਾਣਦੇ ਹਨ।



## ਦੁਨੀਆਂ ਦੇ ਅਮੀਰ ਚਰਚ

- ਜਰਮਨੀ ਵਿੱਚ ਕੋਲੋਨ ਦਾ ਆਰਚਡਾਇਓਸਿਸ ਦੁਨੀਆਂ ਦੀਆਂ ਸਭ ਤੋਂ ਅਮੀਰ ਸ਼ਾਖਾਵਾਂ ਵਿੱਚੋਂ ਇੱਕ ਹੈ।
- 2023 ਵਿੱਚ ਚਰਚ ਨੂੰ ਇਸ ਟੈਕਸ ਤੋਂ ਲਗਭਗ 7.4 ਅਰਬ ਡਾਲਰ ਪ੍ਰਾਪਤ ਹੋਏ।
- ਅਮਰੀਕੀ ਕੈਥੋਲਿਕ ਚਰਚ ਦੀ ਮਲਕੀਅਤ ਵਾਲੀ ਜਾਰਜਟਾਊਨ ਯੂਨੀਵਰਸਿਟੀ ਦੀ ਸਾਲਾਨਾ ਆਮਦਨ 1.92 ਅਰਬ ਡਾਲਰ ਹੈ।
- ਬ੍ਰਾਜ਼ੀਲ ਵਿੱਚ ਸਥਿਤ ਅਵਰ ਲੇਡੀ ਆਫ ਅਪਾਰੇਸੀਡਾ ਦਾ ਚਰਜ ਜੋ ਰਾਸ਼ਟਰੀ ਤੀਰਥ ਸਥਾਨ ਹੈ, ਇਹ ਅੰਦਾਜ਼ਨ 20.40 ਕਰੋੜ ਡਾਲਰ ਸਾਲਾਨਾ ਮਾਲੀਆ ਪੈਦਾ ਕਰਦਾ ਹੈ।

# ਸਿੱਖ ਯੋਧਿਆਂ 'ਤੇ ਫ਼ਿਲਮਾਂ ਕਿਉਂ ਨਹੀਂ ਬਣ ਸਕਦੀਆਂ?



ਦ੍ਰਿਸ਼ਟੀਕੋਣ

ਕੁਲਵੰਤ ਕੌਰ (ਡਾ.)
98156-20515

ਜਿਹੜੇ ਨਿਰੰਤਰ ਜਤਨ, ਸਿੱਖੀ ਦੇ ਦੁਸ਼ਮਣ ਤੇ ਦੋਖੀ ਪਿੱਠ ਪਿੱਛੇ ਕਰ ਰਹੇ ਹਨ, ਉਹੀ ਕੰਮ ਸਿੱਖੀ ਦੇ ਠੇਕੇਦਾਰਾਂ ਤੋਂ ਸਾਹਮਣੇ ਕਰਵਾਇਆ ਜਾ ਰਿਹਾ ਹੈ ਕਿਉਂਕਿ ਸਿੱਖ ਕੌਮ ਦੇ ਸੂਰਬੀਰ ਯੋਧਿਆਂ ਨੂੰ ਅਜੋਕੀ ਪੀੜ੍ਹੀ ਤੋਂ ਛੁਪਾਉਣ ਦੀ ਕੋਸ਼ਿਸ਼ ਜਾਰੀ ਹੈ। ਸਾਡੇ ਮੁਕੱਦਸ ਸਥੱਲ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗਿਣੇ ਚੁਣੇ ਯੈਸਮੈਨਾਂ ਨੂੰ ਬੁਲਾ ਕੇ ਤੇ ਇਕ ਪੰਥਕ ਇਕੱਤਰਤਾ ਦਾ ਭੁਲੇਖਾ ਸਿਰਜ ਕੇ, ਚਿੱਟੇ ਦਿਨ ਇਹ ਐਲਾਨ ਕਰ (ਜਾਂ ਕਰਵਾ) ਦੇਣਾ ਕਿ ਸਿੱਖ ਯੋਧਿਆਂ ਤੇ ਫ਼ਿਲਮ ਨਹੀਂ ਬਣ ਸਕਦੀ, ਸਾਡੀ ਜਾਚੇ ਨਿਹਾਇਤ ਮੰਦਭਾਗਾ, ਅਫ਼ਸੋਸਨਾਕ ਤੇ ਪਿਛਾਂਹ ਖਿੱਚ ਫ਼ੈਸਲਾ ਹੈ ਜਿਸ ਨਾਲ ਅਸੀਂ ਹੋਰ ਸੁੰਗੜ ਜਾਵਾਂਗੇ ਤੇ ਹੋਰ ਕੱਟੜ ਵੀ ਬਣ ਜਾਵਾਂਗੇ।

ਸਿੱਖ ਇਤਿਹਾਸ ਸਮੁੱਚੇ ਸੰਸਾਰ ਦਾ ਸਭ ਤੋਂ ਵੱਧ ਖ਼ੂਨ ਭਿੱਜਾ ਇਤਿਹਾਸ ਹੈ ਜਿਸ ਨੇ ਸਾਢੇ ਕੁ ਪੰਜ ਸੌ ਸਾਲਾਂ ਵਿੱਚ ਲੱਖਾਂ ਹੀ ਕੁਰਬਾਨੀਆਂ ਦੇ ਕੇ ਇਸ ਦੇਸ਼ ਦੀ ਏਕਤਾ, ਅਖੰਡਤਾ, ਸਮਾਨਤਾ, ਸ੍ਵੈਮਾਨ, ਸੰਜੀਦਗੀ, ਗ਼ੈਰਤ ਅਤੇ ਵਫ਼ਾਦਾਰੀ ਲਈ ਸਿਰ ਧੜ ਦੀ ਬਾਜ਼ੀ ਲਾਈ। ਪੂਰੀ ਦੁਨੀਆਂ ਦੇ ਇਤਿਹਾਸ ਦਾ ਇਹ ਅਨੋਖਾ, ਅਨੂਠਾ ਅਤੇ ਵਿਲੱਖਣ ਅਧਿਆਇ ਕਿਹਾ ਜਾ ਸਕਦਾ ਹੈ। ਇਸ ਸਮੁੱਚੀ ਸਰਜ਼ਮੀ ਦੀ ਤਕਦੀਰ ਤੇ ਤਦਬੀਰ ਬਦਲਣ ਆਏ ਸਾਡੇ ਰਹਿਬਰ, ਲਗਭਗ ਢਾਈ ਸਦੀਆਂ ਖ਼ੁਦ ਇਸ ਜਗਤ ਵਿੱਚ ਵਿਚਰੇ, ਦੁਨੀਆਂ ਦੇ ਹਰ ਕੋਨ੍ਹੇ ਵਿੱਚ ਗਏ, ਪੂਰੀ ਲੋਕਾਈ ਨੂੰ ਸੱਚ, ਸੁੱਚ, ਕਿਰਤ, ਪਰਮਾਤਮ-ਹੋਂਦ ਅਤੇ ਮਨੁੱਖੀ ਥੋੜ੍ਹ ਚਿਰਤਾ ਦਾ ਅਹਿਸਾਸ ਕਰਾਇਆ। ਦਸ ਜਾਮਿਆਂ ਵਿੱਚ ਵਿਚਰੀ ਨਾਨਕ-ਜੋਤ ਦੀ ਵਿਚਾਰਧਾਰਾ ਨੂੰ ਅਸੀਂ ਅੱਜ ਤਕ ਸਮਝ ਤੇ ਸਮਝਾ ਨਹੀਂ ਸਕੇ ਭਾਵੇਂ ਸਾਡਾ ਬਾਬਾ ਦਹਾਕਿਆਂ ਤੱਕ ਸਮਾਜਿਕ ਅਲਾਮਤਾਂ, ਰਾਜਾਸ਼ਾਹੀ ਜ਼ੁਲਮਾਂ, ਧਾਰਮਿਕ ਕੱਟੜਤਾ, ਵਰਣ ਵਿਵਸਥਾ, ਜਾਤੀਗਤ ਕਠੋਰਤਾ ਅਤੇ ਜ਼ਾਹਰਾ ਕਰਮ ਕਾਂਡਾਂ ਖ਼ਿਲਾਫ਼ ਡਟਿਆ ਰਿਹਾ। ਖੰਡ-ਖੰਡ ਹੋਏ ਹਿੰਦੁਸਤਾਨ ਨੂੰ ਵਾਕਈ ਇਕਸੂਤਰਤਾ ਅਤੇ ਏਕਤਾ ਦਾ ਰਾਹ ਦਿਖਾ ਕੇ, ਹਿੰਦੋਸਤਾਨੀਅਤ ਦਾ ਜਿਹੜਾ ਪੈਗ਼ਾਮ ਸਤਿਗੁਰ ਜੀ ਨੇ ਦ੍ਰਿੜ੍ਹ ਕਰਾਇਆ ਸੀ, ਉਸ ਦੀ ਅਸੀਂ ਹੁਣ ਤਕ ਅਨੁਸਾਰਤਾ ਹੀ ਨਹੀਂ ਕਰ ਰਹੇ। ਅੱਜ ਸਾਡੀਆਂ 'ਸ਼੍ਰੋਮਣੀ' ਆਖੀਆਂ ਜਾਂਦੀਆਂ ਸੰਸਥਾਵਾਂ 'ਤੇ ਅਜਿਹੀ ਬੌਣੀ ਸੋਚ ਵਾਲੇ ਸ਼ਖ਼ਸ ਬਿਠਾ ਦਿੱਤੇ ਗਏ ਹਨ ਜਿਨ੍ਹਾਂ ਨੇ ਸਿੱਖ ਧਰਮ, ਸਿੱਖ ਵਿਰਾਸਤ, ਸਿੱਖ ਗੌਰਵ, ਸਿੱਖ ਇਤਿਹਾਸ ਅਤੇ ਸਿੱਖੀ ਨੂੰ ਤੰਗ ਵਲਗਣਾਂ ਵਿੱਚ ਬੰਦ ਕਰਨ ਦੀ ਹਿਮਾਕਤ ਕਰਕੇ ਅਗਾਂਹ ਤੋਂ ਇਸ ਦਾ ਪ੍ਰਚਾਰ ਤੇ ਪ੍ਰਸਾਰ ਹੀ ਰੋਕ ਦਿੱਤਾ ਹੈ। ਅੱਜ ਸੌੜਾਪਨ, ਸੰਕੀਰਨਤਾ ਅਤੇ ਕੱਟੜਤਾ ਇਸਦੀ ਪਹਿਚਾਣ ਬਣਾ ਦਿੱਤੇ ਗਏ ਹਨ ਘਰ-ਘਰ ਜਾ ਕੇ ਅਲਖ ਜਗਾਉਂਦਾ, ਕੋਹੜੀਆਂ ਤੇ ਠੱਗਾਂ ਦੇ ਦੁਆਰਿਆਂ ਨੂੰ ਰੁਸ਼ਨਾਉਂਦਾ ਅਤੇ ਥਾਂ-ਥਾਂ ਚੌਧਰੀਆਂ, ਪਰੋਹਿਤਾਂ ਤੇ ਮੁੱਲਾਂ ਮੌਲਾਣਿਆਂ ਤੋਂ ਬੇਕਦਰੀ ਕਰਵਾ ਕੇ ਵੀ ਸੱਚ ਦਾ ਨਿਰੰਤਰ ਹੋਕਾ ਦੇਂਦਾ ਬਾਬਾ ਨਾਨਕ ਅਤੇ ਉਨਾਂ ਦੀ ਬਾਣੀ ਕਿਤੇ ਪਿੱਛੇ ਛੁਪਾ ਦਿੱਤੀ ਗਈ ਹੈ।

ਇਸੇ ਸੰਦਰਭ ਵਿੱਚ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਇਆ ਇਕ ਤਾਜ਼ਾ ਫ਼ੁਰਮਾਨ ਵੀ ਵਿਚਾਰਨਯੋਗ ਹੈ ਜਿਸ ਵਿੱਚ ਸਿੱਖ ਯੋਧਿਆਂ 'ਤੇ ਫ਼ਿਲਮਾਂ ਨਾ ਬਣਾਉਣ ਦੀ ਹਿਦਾਇਤ ਕੀਤੀ ਗਈ ਹੈ। ਗੁਰੂ ਸਾਹਿਬਾਨ ਅਤੇ ਗੁਰੂ ਪਰਿਵਾਰਾਂ 'ਤੇ ਅਜਿਹਾ ਹਰਗਿਜ਼ ਵੀ ਨਾ ਕਰਨ ਦੀ ਤਾਕੀਦ ਤਾਂ ਚਿਰੋਕਣੀ ਹੈ ਇਹ ਹੈ ਸਾਡਾ ਇੱਕੀਵੀਂ ਸਦੀ ਦਾ ਸਿੱਖੀ ਦੇ ਪ੍ਰਚਾਰ ਤੇ ਪ੍ਰਸਾਰ ਦਾ ਮੰਜ਼ਰ! ਗੁਰੂ ਪਾਤਿਸ਼ਾਹੀਆਂ ਦੀ ਬ੍ਰਹਿਮੰਡੀ ਵਿਚਾਰਧਾਰਾ ਨੂੰ ਜਨ-ਜਨ ਤੇ ਕਣ-ਕਣ ਵਿੱਚ ਫੈਲਾਉਣ ਦੇ ਜਤਨ!! ਇਨ੍ਹਾਂ ਸਤਰਾਂ ਦੀ ਲੇਖਕਾਂ ਨੇ ਪਹਿਲਾਂ ਵੀ ਕਈ ਵਾਰ ਇਹ ਮੁੱਦਾ ਉਭਾਰਿਆ ਹੈ ਕਿ ਅਜੋਕੇ ਮੀਡੀਆਈ ਯੁੱਗ ਵਿੱਚ, ਪਰਦੇ ਦੀ ਭੂਮਿਕਾ, ਫ਼ਿਲਮਾਂ ਦਾ ਯੋਗਦਾਨ ਅਤੇ ਸਾਹਮਣੇ ਰੰਗ ਮੰਚ 'ਤੇ ਵਾਪਰਦੇ ਕੋਈ ਵੀ ਦ੍ਰਿਸ਼ ਦਰਸ਼ਕਾਂ/ਸਰੋਤਿਆਂ 'ਤੇ ਚਿਰ ਸਦੀਵੀ ਪ੍ਰਭਾਵ ਪਾਉਂਦੇ ਹਨ ਅਤੇ ਉਸ ਦੇ ਚੇਤਿਆਂ ਦੇ ਚਿੱਤਰਪਟ 'ਤੇ ਉੱਕਰਿਆ ਜਾਂਦਾ ਉਹ ਸੀਨ ਜਿਸ ਨੂੰ ਮੁੜ ਦਿਲ-ਦਿਮਾਗ਼ 'ਚੋਂ ਕੱਢ ਸਕਣਾ ਸੰਭਵ ਨਹੀਂ ਹੁੰਦਾ। ਉਦਾਹਰਨ ਵਜੋਂ ਫ਼ਿਲਮ 'ਨਾਨਕ ਨਾਮ ਜਹਾਜ਼ ਹੈ' ਹੀ ਲੈ ਲਈਏ। ਘੱਟੋ-ਘੱਟ ਚਾਰ ਪੰਜ ਦਹਾਕੇ ਪਹਿਲਾਂ ਦੇਖੀ ਸੀ ਇਹ ਫ਼ਿਲਮ! ਪ੍ਰਿਥਵੀ ਰਾਜ ਕਪੂਰ (ਦੋਆਬੇ ਦੇ ਮੇਰੇ ਪਿੰਡ ਉੜਾਪੜ ਦੇ ਗਵਾਂਢ ਲਸਾੜੇ ਦੇ ਬਸ਼ਿੰਦੇ) ਤੇ ਵਿੰਮੀ ਦਾ ਕਿਰਦਾਰ, ਸਿੱਖ ਧਰਮ ਨੂੰ ਚਿਰਾਂ ਤੱਕ ਜਿਉਂਦਾ ਰੱਖਣ ਲਈ ਕਾਫ਼ੀ ਹੈ। ਮੰਗਲ ਢਿੱਲੋਂ (ਭਾਵੇਂ ਉਸ 'ਤੇ ਸਾਬਤ ਸੂਰਤ ਨਾ ਹੋਣ ਦੀ ਤੁਹਮਤ ਸਦਾ ਹੀ ਲਗਦੀ ਰਹੀ ਹੈ) ਵੱਲੋਂ ਬਣਾਈ ਵੱਡੀ ਫ਼ਿਲਮ 'ਖ਼ਾਲਸਾ' ਤਾਂ ਅਸੀਂ 2004 ਤੋਂ ਸੈਂਕੜੇ ਪਿੰਡਾਂ ਵਿੱਚ ਦਿਖਾਈ (ਆਪਣੀ ਸੰਸਥਾ ਮਾਈ ਭਾਗੋ ਬ੍ਰਿਗੇਡ ਵੱਲੋਂ) ਇੱਥੇ ਮੈਨੂੰ ਯਾਦ ਆ ਗਿਆ ਇਕ ਅਭੁੱਲ ਵਾਕਿਆ ਮਲੇਰਕੋਟਲੇ ਲਾਗਲਾ ਇਤਿਹਾਸਕ ਪਿੰਡ 'ਭਲਵਾਨ' ਜਿੱਥੇ ਅਸੀਂ ਪਿੰਡ ਦੇ ਪਤਵੰਤਿਆਂ ਦੇ ਸੱਦੇ 'ਤੇ 31 ਦਸੰਬਰ ਦੀ ਸ਼ਾਮ ਇਹੀ 'ਖ਼ਾਲਸਾ' ਦੇ ਦੀਦਾਰੇ ਕਰਾਉਣ ਦੁਬਾਰਾ ਪਹੁੰਚੇ ਸਾਂ। ਢਾਈ ਘੰਟੇ ਦੀ ਫ਼ਿਲਮ ਮਗਰੋਂ, ਪ੍ਰਬੰਧਕਾਂ ਦੀ ਜ਼ਿਦ 'ਤੇ ਲੰਗਰ-ਪ੍ਰਸ਼ਾਦ ਛਕਦਿਆਂ ਸਾਨੂੰ ਓਥੇ ਰਾਤ ਦੇ ਬਾਰਾਂ ਵੱਜ ਗਏ। ਅਜੇ ਪਿੰਡੋਂ ਨਿਕਲੇ ਹੀ ਸਾਂ ਕਿ ਧੁੰਦ ਨੇ ਹਮਲਾ ਕਰ ਦਿੱਤਾ 50 ਜਾਂ 60 ਮੀਲ ਦਾ ਵਕਫ਼ਾ ਯੁੱਗਾਂ ਵਰਗਾ ਬਣ ਗਿਆ। ਸਾਡਾ ਤਕਨੀਕੀ ਮਾਹਿਰ, ਪ੍ਰੋਂ ਚਰਨਜੀਤ ਸਿੰਘ, ਬਲੈਰੋ ਦੇ ਅੱਗੇ-ਅੱਗੇ ਤੁਰੇ ਤੇ ਗੱਡੀ ਪਿੱਛੇ-ਪਿੱਛੇ। ਤੜਕਸਾਰ ਪਟਿਆਲੇ ਪਹੁੰਚੇ, ਅੱਗੋਂ ਘਰ ਵਾਲੇ ਛਿੱਤਰ ਲੈ ਕੇ ਤਿਆਰ। ਖ਼ੈਰ ਬੀਤੇ ਵਿਚ ਦਰਸ਼ਕਾਂ ਦਾ ਚਾਅ, ਖਿੱਚ, ਪਿਆਰ, ਲਗਨ ਤੇ ਉਤਸੁਕਤਾ ਅਜਿਹੀ ਹੁੰਦੀ ਸੀ ਕਿ ਮਹੀਨਾ-ਮਹੀਨਾ ਪਹਿਲਾਂ ਬੁਕਿੰਗਾਂ ਹੋ ਜਾਂਦੀਆਂ ਰਹੀਆਂ ਤੇ ਲੋਕ ਚਾਈਂ-ਚਾਈਂ ਧਾਰਮਿਕ ਫ਼ਿਲਮਾਂ ਦੇਖਦੇ। ਅਜੋਕੇ ਵਿਕਸਿਤ ਕਹੇ ਜਾ ਰਹੇ ਯੁੱਗ ਵਿੱਚ, ਜਾਣਕਾਰੀਆਂ, ਸੂਚਨਾਵਾਂ ਤੇ ਗਿਆਨ ਦਾ ਤਾਂ ਠਾਠਾਂ ਮਾਰਦਾ ਸਮੁੰਦਰ ਮੌਜੂਦ ਹੈ ਪਰ ਅਨੁਭਵ, ਲਗਨ ਤੇ ਉਮਾਹ ਨਦਾਰਦ ਹੈ। ਅਜੋਕੀ ਪੀੜ੍ਹੀ ਦੇ ਹੀਰੋ ਤੇ ਰੋਲ ਮਾਡਲ ਫ਼ਿਲਮੀ ਕਲਾਕਾਰ ਹਨ (ਪਹਿਲੇ ਵੇਲਿਆਂ ਤੋਂ ਅਲੱਗ) ਕੋਈ ਸ਼ਾਹਰੁਖ ਦੀ ਨਕਲ ਕਰੀ ਜਾਂਦਾ ਹੈ ਤੇ ਕੋਈ ਸਲਮਾਨ ਖਾਨ ਦੀ। ਕਿਸੇ ਨੂੰ ਆਮਿਰ ਖਾਂ ਪਸੰਦ ਹੈ ਤੇ ਕਿਸੇ ਨੂੰ ਅਕਸ਼ੇ ਕੁਮਾਰ (ਭਾਵੇਂ ਆਪੋ ਆਪਣੇ ਖੇਤਰਾਂ ਵਿੱਚ ਇਨ੍ਹਾਂ ਨੇ ਵੀ ਸਿਰਤੋੜ ਮਿਹਨਤ ਕਰਕੇ ਨਾਂ ਕਮਾਏ ਹਨ) ਸਾਡਾ ਸਰੋਕਾਰ ਇੱਥੇ ਸਿੱਖ ਇਤਿਹਾਸ ਦੇ ਚਮਕਦੇ ਸਿਤਾਰਿਆਂ ਨੂੰ ਅੱਜ ਦੇ ਨੌਜਵਾਨਾਂ ਸਾਹਮਣੇ ਲਿਆਉਣਾ ਹੈ ਜਿਨ੍ਹਾਂ ਨੇ ਪੁੱਠੀਆਂ ਖੱਲਾਂ ਉਤਰਵਾ ਲਈਆਂ, ਦੇਗਾਂ ਵਿੱਚ ਉਬਾਲੇ ਗਏ, ਰੂੰਈ 'ਚ ਲਪੇਟ ਕੇ ਸਾੜੇ ਗਏ, ਅੰਗ-ਅੰਗ ਤੇ ਬੰਦ-ਬੰਦ ਕਟਵਾ ਲਏ, ਮਿਸਲ ਸਰਦਾਰਾਂ ਨੇ ਲਾਲ ਕਿਲ੍ਹੇ 'ਤੇ ਕੇਸਰੀ ਨਿਸ਼ਾਨ ਲਹਿਰਾ ਦਿੱਤੇ, ਜ਼ਮਰੌਦ ਤੱਕ ਧੁੰਮਾ ਜਾ ਪਾਈਆਂ ਅਤੇ ਸਾਰਾਗੜ੍ਹੀਆਂ ਸਿਰਜ ਦਿੱਤੀਆਂ। ਪਹਿਲੇ ਤੇ ਦੂਜੇ ਵਿਸ਼ਵ ਯੁੱਧ ਵਿੱਚ ਲੜ ਮਰ ਕੇ ਨਵੇਂ ਕੀਰਤੀਮਾਨ ਸਥਾਪਿਤ ਕਰ ਦਿੱਤੇ। ਇਹ ਜੰਗਜੂ ਇਤਿਹਾਸ ਸਿਰਜ ਕੇ ਜੇ ਇਸ ਨੂੰ ਲੋਕਾਂ ਸਾਹਮਣੇ ਲਿਆਉਣ ਦੀ ਇਜਾਜ਼ਤ ਹੀ ਨਹੀਂ ਤਾਂ ਕਾਹਦਾ ਪ੍ਰਚਾਰ ਤੇ ਪ੍ਰਸਾਰ ਹੈ ਸਿੱਖ ਧਰਮ ਦਾ ਜਿਸ ਤੇ 110 ਕਰੋੜ ਖ਼ਰਚ ਕਰਨ ਦਾ ਦਾਅਵਾ ਹੈ ਸਾਡੀ ਸ਼੍ਰੋਮਣੀ ਕਮੇਟੀ ਦਾ?

ਜਿਹੜੇ ਨਿਰੰਤਰ ਜਤਨ, ਸਿੱਖੀ ਦੇ ਦੁਸ਼ਮਣ ਤੇ ਦੋਖੀ ਪਿੱਠ ਪਿੱਛੇ ਕਰ ਰਹੇ ਹਨ, ਉਹੀ ਕੰਮ ਸਿੱਖੀ ਦੇ ਠੇਕੇਦਾਰਾਂ ਤੋਂ ਸਾਹਮਣੇ ਕਰਵਾਇਆ ਜਾ ਰਿਹਾ ਹੈ ਕਿਉਂਕਿ ਸਿੱਖ ਕੌਮ ਦੇ ਸੂਰਬੀਰ ਯੋਧਿਆਂ ਨੂੰ ਅਜੋਕੀ ਪੀੜ੍ਹੀ ਤੋਂ ਛੁਪਾਉਣ ਦੀ ਕੋਸ਼ਿਸ਼ ਜਾਰੀ ਹੈ। ਸਾਡੇ ਮੁਕੱਦਸ ਸਥੱਲ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਗਿਣੇ ਚੁਣੇ ਯੈਸਮੈਨਾਂ ਨੂੰ ਬੁਲਾ ਕੇ ਤੇ ਇਕ ਪੰਥਕ ਇਕੱਤਰਤਾ ਦਾ ਭੁਲੇਖਾ ਸਿਰਜ ਕੇ, ਚਿੱਟੇ ਦਿਨ ਇਹ ਐਲਾਨ ਕਰ (ਜਾਂ ਕਰਵਾ) ਦੇਣਾ ਕਿ ਸਿੱਖ ਯੋਧਿਆਂ ਤੇ ਫ਼ਿਲਮ ਨਹੀਂ ਬਣ ਸਕਦੀ, ਸਾਡੀ ਜਾਚੇ ਨਿਹਾਇਤ ਮੰਦਭਾਗਾ, ਅਫ਼ਸੋਸਨਾਕ ਤੇ ਪਿਛਾਂਹ ਖਿੱਚ ਫ਼ੈਸਲਾ ਹੈ ਜਿਸ ਨਾਲ ਅਸੀਂ ਹੋਰ ਸੁੰਗੜ ਜਾਵਾਂਗੇ ਤੇ ਹੋਰ ਕੱਟੜ ਵੀ ਬਣ ਜਾਵਾਂਗੇ।

ਆਪਾਂ ਜਾਣਦੇ ਹਾਂ ਕਿ ਰਮਾਇਣ ਤੇ ਮਹਾਂਭਾਰਤ ਲੜੀਵਾਰਾਂ ਨੂੰ ਦੇਖਣ ਲਈ ਵਰ੍ਹਿਆਂ ਬੱਧੀ ਬਰਾਤਾਂ ਤੱਕ ਰੁਕ ਜਾਂਦੀਆਂ ਰਹੀਆਂ, ਅਰਥੀਆਂ ਲਮਕੀਆਂ ਰਹੀਆਂ ਤੇ ਕੰਮਕਾਰੀ ਲੋਕ ਵੀ ਘਰਾਂ 'ਚ ਬੈਠੇ ਰਹਿੰਦੇ। ਵਾਰ-ਵਾਰ ਇਹ ਸੀਰੀਅਲ ਬਣੇ ਤੇ ਲੋਕਪ੍ਰਿਯ ਵੀ ਹੋਏ ਇਨ੍ਹਾਂ ਦੇ ਕਿਰਦਾਰ ਲੋਕ-ਮਨਾਂ 'ਚ ਵੱਸਦੇ ਹਨ। ਰਾਮ ਮੰਦਰ ਦੀ ਹਰਮਨ ਪਿਆਰਤਾ ਪਿੱਛੇ ਇਨ੍ਹਾਂ ਦਾ ਵੱਡਾ ਯੋਗਦਾਨ ਹੈ। ਇਸ ਦੀ ਇਤਿਹਾਸਕਤਾ ਜਾਂ ਮਿਥਿਹਾਸਕਤਾ ਦੀ ਗੱਲ ਨਾ ਕਰਦਿਆਂ ਵੀ, ਮੈਂ ਇਸ ਦੇ ਪੇਸ਼ਕਾਰਾਂ ਨੂੰ ਜ਼ਰੂਰ ਦਾਦ ਦੇਣੀ ਚਾਹਾਂਗੀ ਜਿਨ੍ਹਾਂ ਨੇ ਇਨ੍ਹਾਂ ਕਿਰਦਾਰਾਂ ਨੂੰ ਹੋਰ ਵੱਧ ਅਮਰਤਾ ਦਿਵਾਈ ਹੈ ਤੇ ਅਸੀਂ? ਸਾਡਾ ਤਾਂ ਇਤਿਹਾਸ ਹੀ ਸਭ ਦੇ ਸਾਹਮਣੇ ਹੈ ਕੁਰਖੇਤਰ ਦਾ ਸੂਰਜ ਗ੍ਰਹਿਣ, ਕੌਡੇ ਰਾਕਸ਼ ਦਾ ਤੱਥ ਤੇ ਮੱਕੇ ਮਦੀਨੇ ਦੀਆਂ ਯੁੱਗ ਪਲਟਾਊ ਘਟਨਾਵਾਂ!! ਕੌਣ ਦੱਸੂ ਸਾਡੇ ਬਾਲਕਾਂ ਨੂੰ? ਕਿਵੇਂ ਬਚਾਵਾਂਗੇ ਆਪਣੇ ਜੰਗਜੂ ਇਤਿਹਾਸ ਨੂੰ? ਕੀ ਇਹ ਬਚਾਉਣਗੇ ਜੋ ਬਿਨਾਂ ਵਿਚਾਰੇ ਹੀ ਅਜਿਹੇ ਬਚਗਾਨਾ ਐਲਾਨ ਕਰ ਰਹੇ ਹਨ?

ਬੀਤੇ ਵਿੱਚ, 'ਮਹਾਰਾਜਾ ਰਣਜੀਤ ਸਿੰਘ' ਇਕ ਲੜੀਵਾਰ ਸ਼ੁਰੂ ਹੋਇਆ ਸੀ। 90 ਕਿਸ਼ਤਾਂ ਵਿੱਚ ਪ੍ਰਸਾਰਿਤ ਹੋਣ ਵਾਲੇ ਇਸ ਧਾਰਾਵਾਹਿਕ ਤੇ ਬੇਸ਼ੁਮਾਰ ਪੈਸਾ ਤੇ ਮਿਹਨਤ ਲੱਗੀ ਪਰ ਰੱਜ ਕੇ ਅਫ਼ਸੋਸ ਹੋਇਆ ਸੀ ਜਦੋਂ ਕੁੱਝ ਕਿਸ਼ਤਾਂ ਬਾਅਦ ਹੀ ਇਸ ਦਾ ਪ੍ਰਸਾਰਨ ਰੋਕ ਦਿੱਤਾ ਗਿਆ। ਭਾਵੇਂ ਜ਼ਾਹਰਾ ਤੱਥ ਦਰਸ਼ਕਾਂ (ਟੀ. ਆਰ.ਪੀ.) ਦੀ ਘਾਟ ਦੱਸਿਆ ਗਿਆ ਸੀ ਪਰੰਤੂ ਅੰਦਰਖਾਤੇ ਕਾਰਨ ਕੁਝ ਹੋਰ ਹੀ ਸਨ ਕਿਉਂਕਿ ਸ੍ਰ. ਚੜ੍ਹਤ ਸਿੰਘ ਦੇ ਪੋਤਰੇ ਤੇ ਸ੍ਰ. ਮਹਾਂ ਸਿੰਘ ਤੇ ਉਸ ਦੇ ਬਹਾਦਰ ਪੁੱਤਰ ਦਾ ਕਿਰਦਾਰ ਨਿਭਾਉਣ ਵਾਲੇ ਪਾਤਰਾਂ ਨੂੰ ਵੀ ਤਾਂ ਨਕਲੀ ਦਾੜ੍ਹੀ ਮੁੱਛਾਂ ਲਾ ਕੇ ਹੀ ਇਹ ਰੋਲ ਕਰਨੇ ਪਏ ਸਨ। ਇਹ ਸਾਡੇ ਅਕਾਵਾਂ ਨੂੰ ਮੰਜ਼ੂਰ ਨਹੀਂ ਸੀ। ਇਸ ਵਿੱਚ ਕੋਈ ਗ਼ਲਤ ਬਿਆਨੀ ਨਹੀਂ ਕਿ ਛੋਟੀ ਉਮਰੇ ਹੀ ਵੱਡੀਆਂ ਜਿੱਤਾਂ ਹਾਸਿਲ ਕਰਕੇ, ਰਣਜੀਤ ਸਿੰਘ ਨੇ ਕਾਬਲ ਤੇ ਕੰਧਾਰ ਤੱਕ ਆਪਣਾ ਸਾਮਰਾਜ ਫੈਲਾ ਦਿੱਤਾ ਸੀ ਤੇ ਉਸ ਦੇ ਜਰਨੈਲਾਂ ਦੀ ਸੂਰਮਗਤੀ ਦੀਆਂ ਧੁੰਮਾਂ ਅੱਜ ਤੱਕ ਗਵਾਂਢੀ ਮੁਲਕਾਂ ਦੀਆਂ ਔਰਤਾਂ ਦੀ ਜ਼ੁਬਾਨ 'ਤੇ ਹਨ (ਚੁੱਪ ਸ਼ੌਅ ਨਲੂਆ ਆਮਦ) ਕੀ ਸ੍ਰ. ਹਰੀ ਸਿੰਘ ਨਲੂਆ ਵਰਗੇ ਸੰਸਾਰ ਭਰ ਵਿੱਚੋਂ ਚੁਣੇ ਗਏ ਸਭ ਤੋਂ ਮਹਾਨ, ਅਨੂਠੇ ਤੇ ਅਮਰ ਯੋਧੇ 'ਤੇ ਫ਼ਿਲਮ ਬਣਾਉਣੀ ਅਨੁਚਿਤ ਹੈ?

ਹੋਰ ਦੇਖੋ, ਦਸ਼ਮੇਸ਼-ਦੁਲਾਰੇ, ਮਜ਼ਲੂਮਾਂ ਦੇ ਰਾਖੇ ਤੇ ਜ਼ਾਲਮਾਂ ਦੇ ਕਾਲ ਬਾਬਾ ਬੰਦਾ ਸਿੰਘ ਬਹਾਦਰ ਤੇ ਲੜੀਵਾਰ ਬਣਨੇ ਕਿੰਨੇ ਜ਼ਰੂਰੀ ਹਨ ਜਿਨ੍ਹਾਂ ਨੇ ਯਮੁਨਾ, ਗੰਗਾ, ਸਹਾਰਨਪੁਰ, ਜਲਾਲਾਬਾਦ, ਜਲੰਧਰ, ਦੁਆਬ, ਅੰਮ੍ਰਿਤਸਰ, ਬਟਾਲਾ, ਕਲਾਨੌਰ ਤੇ ਪਠਾਨਕੋਟ ਸਮੇਤ ਅਨੇਕ ਹੋਰ ਇਲਾਕਿਆਂ 'ਤੇ ਖ਼ਾਲਸਾਈ ਨਿਸ਼ਾਨ ਝੁਲਾ ਦਿੱਤੇ ਸਨ। ਉਨ੍ਹਾਂ ਦੇ ਮਹਾਂ ਮਿਸਾਲੀ ਜੀਵਨ ਨੂੰ ਪਰਦੇ 'ਤੇ ਉਤਾਰ ਕੇ ਅਜੋਕੀ ਸਿੱਖ ਪੀੜ੍ਹੀ ਨੂੰ ਜਾਗਰੂਕ ਕੀਤਾ ਹੁੰਦਾ ਤਾਂ ਅੱਜ ਇੱਥੇ ਨਸ਼ਿਆਂ 'ਚ ਵੀ ਕੀਮਤੀ ਜਾਨਾਂ ਨਾ ਤਬਾਹ ਹੁੰਦੀਆਂ ਤੇ ਵਿਦੇਸ਼ੀ ਪਲਾਇਨ ਵੀ ਘੱਟ ਹੁੰਦਾ! ਇਤਿਹਾਸਕ ਗਵਾਹੀਆਂ ਮੌਜੂਦ ਹਨ ਕਿ ਬਾਬਾ ਬੰਦਾ ਸਿੰਘ ਜੀ ਦੇ ਤਪ ਤੇਜ ਤੇ ਨਿਡਰਤਾ ਤੋਂ ਪ੍ਰਭਾਵਿਤ ਹੋ ਕੇ ਹਜ਼ਾਰਾਂ ਪਠਾਣ ਉਨ੍ਹਾਂ ਦੀ ਫ਼ੌਜ ਵਿੱਚ ਭਰਤੀ ਹੋ ਗਏ ਸਨ। ਸਾਡੀਆਂ ਸਿੱਖ ਰੈਜਮੈਂਟਾਂ ਦੀ ਲਾਮਿਸਾਲ ਕਾਰਗੁਜ਼ਾਰੀ ਪਿੱਛੇ ਖੰਡੇ ਬਾਟੇ ਦੀ ਪਹੁਲ ਤੇ ਦਸ਼ਮੇਸ਼ ਪਿਤਾ ਵੱਲੋਂ 14 ਧਰਮ ਯੁੱਧ ਲੜਣ ਤੇ ਜਿੱਤਣ ਦੀ ਸੱਚਾਈ ਵੀ ਪ੍ਰਵਾਹਮਾਨ ਰਹੀ ਹੈ ਜਿਸ ਨੂੰ ਅੱਜ ਸਾਡੇ ਮੌਜੂਦਾ ਹੁਕਮਰਾਨ ਹਜ਼ਮ ਕਰਨੋਂ ਇਨਕਾਰੀ ਹਨ।

ਅੱਜ ਬੇਹੱਦ ਜ਼ਰੂਰੀ ਹੈ ਕਿ ਸ਼੍ਰੋਮਣੀ ਕਮੇਟੀ ਖ਼ੁਦ ਇਸ 110 ਕਰੋੜੀ ਧਰਮ ਪ੍ਰਚਾਰ ਤੇ ਪ੍ਰਸਾਰ ਮੁਹਿੰਮ ਅਧੀਨ, ਇਨ੍ਹਾਂ ਸਾਰੇ ਅਭੁੱਲ, ਅਜ਼ੀਮ ਤੇ ਅਮਰ ਨਾਇਕ ਤੇ ਨਾਇਕਾਵਾਂ (ਮਾਈ ਭਾਗੋ ਜੀ ਤੇ ਬੀਬੀ ਸ਼ਰਨ ਕੌਰ ਜੀ) 'ਤੇ ਲੜੀਵਾਰ ਬਣਾਉਣ ਦਾ ਨਿਸ਼ਚਾ ਕਰੇ, ਯੋਜਨਾ ਬਣਾਵੇ ਕਮੇਟੀ ਗਠਿਤ ਕਰੇ ਤੇ ਪੜਤਾਲ ਆਰੰਭੇ। ਸਿੱਖ ਫ਼ਿਲਮਕਾਰਾਂ, ਰੰਗ ਕਰਮੀਆਂ 'ਤੇ ਪ੍ਰਤੀਬੱਧ ਅਦਾਕਾਰਾਂ ਦੇ ਨਾਲ-ਨਾਲ ਪੂਰੀ ਫ਼ਿਲਮ ਨਗਰੀ ਵਿੱਚ ਛਾਏ ਬੈਠੇ ਪੰਜਾਬੀਆਂ ਦੀ ਮੱਦਦ ਲਵੇ ਤਾਂ ਜੋ ਸ੍ਰ. ਕਰਤਾਰ ਸਿੰਘ ਸਰਾਭਾ, ਸ੍ਰ. ਊਧਮ ਸਿੰਘ ਸ਼ਹੀਦ, ਸ੍ਰ. ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ, ਗਦਰੀ ਬਾਬਿਆਂ, ਮਹਾਨ ਬੱਬਰਾਂ ਤੇ ਅਣਗਿਣਤ ਦੇਸ਼ ਭਗਤਾਂ ਦੇ ਮਿਸਾਲੀ ਜੀਵਨ ਨੂੰ ਅਜੋਕੀਆਂ ਪੀੜ੍ਹੀਆਂ ਸਾਹਮਣੇ ਪੇਸ਼ ਕੀਤਾ ਜਾ ਸਕੇ। ਸਾਡੇ ਇਸ ਮਹਾਨ ਤਖ਼ਤ ਤੇ ਬੈਠ ਕੇ ਫ਼ਿਲਮ ਜਗਤ ਨੂੰ ਝਾੜ ਪਾਉਣੀ ਤੇ ਇਹ ਕਹਿਣਾ ਕਿ ਸਿੱਖੀ ਦਾ ਵਿਸਥਾਰ ਫ਼ਿਲਮਾਂ ਰਾਹੀਂ ਨਹੀਂ ਹੁੰਦਾ। ਸਾਡੇ ਜਥੇਦਾਰਾਂ ਤੇ ਸ਼੍ਰੋਮਣੀਆਂ ਦੇ ਬੋਧਿਕ ਊਣੇਪਨ ਦਾ ਪ੍ਰਗਟਾਵਾ ਹੈ। ਸੂਝਵਾਨਾਂ ਸੁਹਿਰਦਾਂ ਤੇ ਸੰਵੇਦਨਸ਼ੀਲਾਂ ਨੂੰ ਸਾਡੀ ਸਨਿਮਰ ਬੇਨਤੀ ਹੈ ਕਿ ਇਸ ਮੁੱਦੇ ਨੂੰ ਗੰਭੀਰਤਾ ਨਾਲ ਵਿਚਾਰਨ।

# ਵਿਸ਼ਵ ਪੱਧਰੀ ਮੰਦੀ ਵਿਚਾਲੇ ਭਾਰਤ ਬਣਿਆ ਆਰਥਿਕ ਮਹਾਂਸ਼ਕਤੀ

ਨਵੀਂ ਦਿੱਲੀ- ਸੰਯੁਕਤ ਰਾਸ਼ਟਰ ਦੀ ਮੱਧ-ਸਾਲ ਦੀ ਰਿਪੋਰਟ ਵਿੱਚ ਵਿਖਾਇਆ ਗਿਆ ਹੈ ਕਿ ਅਜਿਹੇ ਸਮੇਂ ਜਦੋਂ ਵਿਸ਼ਵ ਅਰਥਵਿਵਸਥਾ ਅਨਿਸ਼ਚਿਤਤਾ ਨਾਲ ਜੂਝ ਰਹੀ ਹੈ, ਭਾਰਤ ਇਕ ਦੁਰਲੱਭ ਉੱਜਵਲ ਸਥਾਨ ਦੇ ਰੂਪ ਵਿਚ ਉਭਰਿਆ ਹੈ। ਸੰਯੁਕਤ ਰਾਸ਼ਟਰ ਦੇ ਵਿਸ਼ਵ ਆਰਥਿਕ ਸਥਿਤੀ ਅਤੇ ਸੰਭਾਵਨਾ (WESP) ਅਪਡੇਟ ਵਿੱਚ ਮੌਜੂਦਾ ਵਿੱਤੀ ਸਾਲ ਵਿੱਚ ਭਾਰਤ ਦੀ ਜੀ. ਡੀ. ਪੀ. 6.3 ਫ਼ੀਸਦੀ ਵਧਣ ਦਾ ਅਨੁਮਾਨ ਹੈ, ਜਿਸ ਨਾਲ ਇਹ ਸਭ ਤੋਂ ਤੇਜ਼ੀ ਨਾਲ ਵੱਧਣ ਵਾਲੀ ਅਰਥ ਵਿਵਸਥਾ ਬਣ ਜਾਵੇਗੀ।ਇਹ ਰਫ਼ਤਾਰ 2026 ਤੱਕ ਜਾਰੀ ਰਹਿਣ ਦੀ ਉਮੀਦ ਹੈ, ਜਿਸ ਵਿੱਚ ਵਿਕਾਸ ਦਰ 6.4 ਫ਼ੀਸਦੀ ਦੇ ਵਾਧੇ ਦਾ ਅੰਦਾਜ਼ਾ ਹੈ। ਇਹ ਮਜ਼ਬੂਤ ਪ੍ਰਦਰਸ਼ਨ ਇਕ ਸੁਸਤ ਗਲੋਬਲ ਦ੍ਰਿਸ਼ਟੀਕੋਣ ਦੇ ਉਲਟ ਹੈ, ਜੋ ਵਧਦੇ ਵਪਾਰਕ ਤਣਾਅ, ਨੀਤੀਗਤ ਅਨਿਸ਼ਚਿਤਤਾਵਾਂ ਅਤੇ ਸਰਹੱਦ ਪਾਰ ਨਿਵੇਸ਼ ਵਿੱਚ ਗਿਰਾਵਟ ਦੇ ਬੋਝ ਹੇਠ ਹੈ। ਭਾਰਤ ਦੀ ਵਿਕਾਸ ਦਰ ਮਜ਼ਬੂਤ ਘਰੇਲੂ ਮੰਗ ਅਤੇ ਨਿਰੰਤਰ ਸਰਕਾਰੀ ਖਰਚਿਆਂ ਦੁਆਰਾ ਚਲਾਈ ਜਾ ਰਹੀ ਹੈ। ਇਨ੍ਹਾਂ ਨੇ ਰੁਜ਼ਗਾਰ ਦੇ ਪੱਧਰ ਨੂੰ ਬਣਾਈ ਰੱਖਣ ਅਤੇ ਮੁਦਰਾਸਫੀਤੀ ਨੂੰ ਕੰਟਰੋਲ ਕਰਨ ਵਿੱਚ ਮਦਦ ਕੀਤੀ ਹੈ, ਜਿਸ ਦੇ 2025 ਵਿੱਚ 4.3 ਫ਼ੀਸਦੀ ਤੱਕ ਡਿੱਗਣ ਦਾ ਅਨੁਮਾਨ ਹੈ, ਜੋਕਿ ਭਾਰਤੀ ਰਿਜ਼ਰਵ ਬੈਂਕ ਦੇ ਟੀਚੇ ਦੇ ਦਾਇਰੇ ਵਿੱਚ ਹੈ।

ਨਿਵੇਸ਼ਕਾਂ ਦਾ ਭਰੋਸਾ ਮਜ਼ਬੂਤ ਬਣਿਆ ਹੋਇਆ ਹੈ, ਜੋਕਿ ਸਟਾਕ ਸੂਚਕਾਂਕ ਵਿੱਚ ਰਿਕਾਰਡ ਵਾਧੇ ਤੋਂ ਝਲਕਦਾ ਹੈ। ਅਨੁਕੂਲ ਨੀਤੀਆਂ ਅਤੇ ਲਚਕੀਲੀ ਬਾਹਰੀ ਮੰਗ ਕਾਰਨ ਨਿਰਮਾਣ ਖੇਤਰ ਵਧ ਰਿਹਾ ਹੈ। ਰੱਖਿਆ ਉਤਪਾਦਨ ਵਰਗੇ ਰਣਨੀਤਕ ਖੇਤਰ ਨਿਰਯਾਤ ਵਾਧੇ ਦੀ ਅਗਵਾਈ ਕਰ ਰਹੇ ਹਨ, ਜੋ ਭਾਰਤ ਦੀ ਵਧਦੀ ਆਰਥਿਕ ਤਾਕਤ ਨੂੰ ਰੇਖਾਂਕਿਤ ਕਰਦੇ ਹਨ।

ਪੂੰਜੀ ਬਾਜ਼ਾਰ ਨਵੀਆਂ ਉਚਾਈਆਂ 'ਤੇ ਪਹੁੰਚੇ ਭਾਰਤ ਦੇ ਪੂੰਜੀ ਬਾਜ਼ਾਰਾਂ ਨੇ ਘਰੇਲੂ ਬੱਚਤ ਨੂੰ ਨਿਵੇਸ਼ ਵਿੱਚ ਬਦਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਟਾਕ ਮਾਰਕੀਟ ਦਸੰਬਰ 2024 ਤੱਕ ਰਿਕਾਰਡ ਉੱਚਾਈ 'ਤੇ ਪਹੁੰਚ ਗਿਆ, ਵਿਸ਼ਵਵਿਆਪੀ ਅਤੇ ਘਰੇਲੂ ਚੁਣੌਤੀਆਂ ਦੇ ਬਾਵਜੂਦ ਕਈ ਹੋਰ ਉੱਭਰ ਰਹੇ ਬਾਜ਼ਾਰਾਂ ਨੂੰ ਪਛਾੜ ਦਿੱਤਾ। ਵਿੱਤੀ ਸਾਲ 2020 ਵਿੱਚ ਪ੍ਰਚੂਨ ਨਿਵੇਸ਼ਕਾਂ ਦੀ ਹਿੱਸੇਦਾਰੀ 4.9 ਕਰੋੜ ਤੋਂ ਵਧ ਕੇ ਦਸੰਬਰ 2024 ਤੱਕ 13.2 ਕਰੋੜ ਹੋ ਗਈ ਹੈ - ਜੋ ਕਿ ਭਾਰਤ ਦੀ ਆਰਥਿਕ ਸੰਭਾਵਨਾ ਵਿੱਚ ਲੰਬੇ ਸਮੇਂ ਦੇ ਵਿਸ਼ਵਾਸ ਦਾ ਸਬੂਤ ਹੈ। ਪ੍ਰਾਇਮਰੀ ਮਾਰਕੀਟ ਵਿੱਚ ਵੀ ਮਹੱਤਵਪੂਰਨ ਗਤੀਵਿਧੀ ਵੇਖੀ ਗਈ, ਅਪ੍ਰੈਲ ਅਤੇ ਦਸੰਬਰ 2024 ਦੇ ਵਿਚਕਾਰ IPO 32.1 ਪ੍ਰਤੀਸ਼ਤ ਵਧ ਕੇ 259 ਹੋ ਗਏ। ਪੂੰਜੀ ਇਕੱਠੀ ਕੀਤੀ ਗਈ 1,53,987 ਕਰੋੜ ਰੁਪਏ ਰਹੀ, ਜੋ ਪਿਛਲੇ ਸਾਲ ਦੇ 53,023 ਕਰੋੜ ਰੁਪਏ ਤੋਂ ਲਗਭਗ ਤਿੰਨ ਗੁਣਾ ਹੈ। ਗਲੋਬਲ ਆਈ. ਪੀ. ਓ. ਸੂਚੀਆਂ ਵਿੱਚ ਭਾਰਤ ਦਾ ਹਿੱਸਾ 2023 ਵਿੱਚ 17 ਪ੍ਰਤੀਸ਼ਤ ਤੋਂ ਵਧ ਕੇ 2024 ਵਿੱਚ 30 ਪ੍ਰਤੀਸ਼ਤ ਹੋਣ ਦਾ ਅਨੁਮਾਨ ਹੈ, ਜਿਸ ਨਾਲ ਇਹ ਆਈ. ਪੀ. ਓ-ਅਗਵਾਈ ਵਾਲੀ ਪੂੰਜੀ ਜੁਟਾਉਣ ਵਿੱਚ ਦੁਨੀਆ ਦਾ ਸਭ ਤੋਂ ਵੱਡਾ ਯੋਗਦਾਨ ਪਾਉਣ ਵਾਲਾ ਦੇਸ਼ ਬਣ ਜਾਵੇਗਾ।

ਪਿਛਲੇ ਦਹਾਕੇ ਦੌਰਾਨ ਭਾਰਤ ਦੇ ਨਿਰਮਾਣ ਖੇਤਰ ਵਿੱਚ ਪ੍ਰਭਾਵਸ਼ਾਲੀ ਵਾਧਾ ਹੋਇਆ ਹੈ। ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਰਾਸ਼ਟਰੀ ਲੇਖਾ ਅੰਕੜਿਆਂ ਅਨੁਸਾਰ, ਸਥਿਰ ਕੀਮਤਾਂ 'ਤੇ ਨਿਰਮਾਣ ਦਾ ਕੁੱਲ ਮੁੱਲ ਜੋੜ ਜਾਂ GVA ਲਗਭਗ ਦੁੱਗਣਾ ਹੋ ਗਿਆ ਹੈ, ਜੋ 2013-14 ਵਿੱਚ 15.6 ਲੱਖ ਕਰੋੜ ਰੁਪਏ ਤੋਂ ਵੱਧ ਕੇ 2023-24 ਵਿੱਚ ਅੰਦਾਜ਼ਨ 27.5 ਲੱਖ ਕਰੋੜ ਰੁਪਏ ਹੋ ਗਿਆ ਹੈ। ਭਾਰਤ ਦਾ ਕੁੱਲ ਨਿਰਯਾਤ 2024-25 ਵਿੱਚ ਰਿਕਾਰਡ $824.9 ਬਿਲੀਅਨ ਤੱਕ ਪਹੁੰਚ ਗਿਆ, ਜੋਕਿ 2023-24 ਵਿੱਚ $778.1 ਬਿਲੀਅਨ ਤੋਂ 6.01 ਪ੍ਰਤੀਸ਼ਤ ਵੱਧ ਹੈ। ਇਹ 2013-14 ਵਿੱਚ $466.22 ਬਿਲੀਅਨ ਤੋਂ ਇੱਕ ਮਹੱਤਵਪੂਰਨ ਛਾਲ ਹੈ, ਜੋ ਪਿਛਲੇ ਦਹਾਕੇ ਦੌਰਾਨ ਨਿਰੰਤਰ ਵਿਕਾਸ ਨੂੰ ਦਰਸਾਉਂਦਾ ਹੈ।

ਭਾਰਤ ਦੇ ਰੱਖਿਆ ਉਤਪਾਦਨ ਨੇ ਵਿੱਤੀ ਸਾਲ 2023-24 ਵਿੱਚ ਇੱਕ ਨਵਾਂ ਮੀਲ ਪੱਥਰ ਛੂਹਿਆ, ਜਿਸ ਵਿੱਚ ਸਵਦੇਸ਼ੀ ਨਿਰਮਾਣ ਦਾ ਮੁੱਲ 1,27,434 ਕਰੋੜ ਰੁਪਏ ਹੋ ਗਿਆ। ਇਹ 2014-15 ਵਿੱਚ 46,429 ਕਰੋੜ ਰੁਪਏ ਦੇ ਮੁਕਾਬਲੇ 174 ਫ਼ੀਸਦੀ ਦਾ ਸ਼ਾਨਦਾਰ ਵਾਧਾ ਦਰਸਾਉਂਦਾ ਹੈ। ਦੇਸ਼ ਦੇ ਰੱਖਿਆ ਨਿਰਯਾਤ ਵਿੱਚ ਵੀ ਅਸਾਧਾਰਨ ਵਾਧਾ ਹੋਇਆ ਹੈ। 2013-14 ਵਿੱਚ 686 ਕਰੋੜ ਰੁਪਏ ਦੇ ਮਾਮੂਲੀ ਨਿਰਯਾਤ ਤੋਂ 2024-25 ਵਿੱਚ ਇਹ 23,622 ਕਰੋੜ ਰੁਪਏ ਤੱਕ ਪਹੁੰਚ ਗਿਆ। ਇਹ ਪਿਛਲੇ ਦਹਾਕੇ ਵਿੱਚ ਚੌਂਤੀ ਗੁਣਾ ਵਾਧਾ ਹੈ। ਭਾਰਤੀ ਰੱਖਿਆ ਉਤਪਾਦ ਹੁਣ ਲਗਭਗ 100 ਦੇਸ਼ਾਂ ਨੂੰ ਭੇਜੇ ਜਾ ਰਹੇ ਹਨ, ਜੋਕਿ ਰਣਨੀਤਕ ਰੱਖਿਆ ਉਪਕਰਣਾਂ ਦੇ ਵਿਸ਼ਵ ਪੱਧਰੀ ਸਪਲਾਇਰ ਵਜੋਂ ਭਾਰਤ ਦੇ ਵਧਦੇ ਕੱਦ ਨੂੰ ਦਰਸਾਉਂਦਾ ਹੈ।

ਸ੍ਰੀ ਰਾਜੀਵ ਤਿਵਾੜੀ, ਸਹਾਇਕ ਰਾਜ ਅਧਿਕਾਰੀ, ਯੂ.ਟੀ., ਚੰਡੀਗੜ੍ਹ



ਵਿਸ਼ਾ-ਸਬ: ਸ਼੍ਰ ਰਾਜ ਸਿੰਘ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਬਦਲਾਵ ਐਸ.ਸੀ.ਓ. ਨੰਬਰ 3025-3026, ਸੈਕਟਰ 22-ਡੀ, ਚੰਡੀਗੜ੍ਹ [illegible]

ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਵੱਲੋਂ ਕਰਕੇ ਹੋਏ।

COURT NOTICE
(U/o 5 rule 20 CPC)

**IN THE COURT OF Sh. KULDEEP KUMAR, CIVIL JUDGE (JR. DIVN.), CHANDIGARH**

HARI KRISHAN KAKKAR
VERSUS
MOHINDER SINGH AND OTHERS

**CNR No. CHCH020034182021**
**Next Date :- 22.07.2025**

**PUBLICATION ISSUED TO :**

(1) Mohinder Singh S/o Gurmail Singh, resident of Village Hallo Majra, U.T., Chandigarh., (2) Rohit, (3) Mohit Ss/o Sh. Birbal Singh, (4) Rekha W/o Late Sh. Birbal Singh, defendants No. 2 to 4 are residents of Village and Post Office, Hallo Majra, UT, Chandigarh., (5) Sham Singh S/o Devinder Singh, resident of House No. 267-A, Sector 29-A, Chandigarh., (6) Darshan Singh S/o Sh. Gulzar Singh, resident of village Manak Joharpur, Tehsil Rajpura, District Patiala., (7) Krishan Singh S/o Gulzar Singh, resident of village Manak Joharpur, Tehsil Rajpura, District Patiala., (9) Baljit Singh S/o Sh. Daulat Singh, House No. 3134, Sector 19-D, Chandigarh., (10) B.K. Paul (Brinder Kumar Paul) S/o Sh. F.C. Paul, H.No. 1695, Phase-2, Ram Darbar, UT, Chandigarh ..(11) Krishna Devi W/o Sh. Jagdish Chand , resident of Village Hallo Majra, UT, Chandigarh., (12) Promila Devi W/o P.P. Singh, resident of village Hallo Majra, UT, Chandigarh., (16) Smt. Shamo Wd/o Sh. Rulia Ram, (17) Pardeep Dhiman Son (18) Deepika daughter (19) Dimple daughter of Rulia Ram, defendants No. 16 to 19 are residents of House No. 1349, Phase-2, Ram Darbar Colony, Chandigarh . (20) Varinder Kumar S/o Sant Ram, House No 2207, Sector 28-C, Chandigarh. (21) Ramesh Kumar S/o Ram Deven, House No. 265-A, Sector 29-A, Chandigarh., (22) Ajmer Singh S/o Sh. Kaka Singh, House No. 498, Sector 40-A, Chandigarh.,(23) Madan Gopal S/o Geeta Ram, House No. 202, Sector 30-A, Chandigarh.,(24) Hari Ram S/o Sh. Fateh Chand, House No. 112-B, Sector 30-B, Chandigarh.,(25) Om Parkash S/o Sh. Late Ved Ram Gupta, House No. 1417, Sector 20-B, Chandigarh.,(26) Ram Piari W/o Om Parkash, House No. 1417, Sector 20-B, Chandigarh.,(27) Raj Kumar S/o Sh. Om Paul, House No. D-87, CSIO Colony, Sector 30, Chandigarh.., (28) Brij Mohan S/o Sh. Kanwar Lal, House No. 2352, Sector 27-C, Chandigarh.,(29) Sanjay Kumar S/o Sh. Manjit Singh, resident of SCF No. 15-16 Sector 22-C, Chandigarh (30) Mongia Devi W/o Ram Chander, House No. 863, Sector 47-A, Chandigarh.(31) Smt. Prem Aggarwal W/o Balbir Singh, resident of village Hallo Majra, UT, Chandigarh.,(32) Akash Chander S/o Sh. Roop Chand, House No. 1186-A, Sector 46-B, Chandigarh.(33) Govind Ram S/o Sh. Maya Ram, House No. 1730-F, Sector 7-C, Chandigarh.,(34) Ravi S/o Dina Nath, House No. 755, Mani Majra, UT, Chandigarh.,(35) Munshi Ram S/o Sh. Puran, Village Kaula, Tehsil & District Ambala.,(36) Ranbir Singh S/o Kanwar Singh resident of house No.1309, sector 18-C, Chandigarh.,(38) Mohinder Singh S/o Sh. Raj Singh, Village Behlana, UT, Chandigarh.,(45) Paramjit Kaur W/o Gurmeet Singh, House No. 1050-A, Sector 24-A, Chandigarh.,(46) Narinder Kaur W/o Bachhitar Singh, House No. 1055, Sector 7-A, Chandigarh.,(47) Jaswinder Kaur W/o Sh. Joginder Singh, House No. Z-155, Sector 12, Noida.,(49) Amarjeet Singh, S/o Narata Singh, House No. 657, Phase-2, Ram Darbar, Chandigarh., (50) Jamman Singh S/o Gognia Singh, House No. 231-A, Sector 29-A, Chandigarh.,(51) Pushpa Sharma W/o Sh. F.C. Boss, House No. 1358, Phase 2, Ram Darbar, UT, Chandigarh., (52) Mangal Parshad S/o Sh. Ram Paran House No. 264, Colony No. 5, Chandigarh.,(53) Des Raj S/o Sh. Babu Ram, resident of Village Khera, District Karnal, Haryana.,(55) Thakur Devesh Godgill S/o Sh. G.R. Godgill, House No. 2317, Sector 35-C, Chandigarh., (56) Ram Saroop S/o Sh. Santa Ram, House No. 55-D, Karsan Colony, Chandigarh.,(57) Balvir Singh S/o Buhari Singh, House No. 2290, Mari Wala Town, Mani Majra, UT, Chandigarh.,(58) Makhbari Devi W/o Ram Chand, resident of village Hallo Majra, UT, Chandigarh.,(59) Madan Lal S/o Sh. Sham Lal, resident of village Hallo Majra, UT, Chandigarh.,(60) Bachan Singh S/o Balwant Singh, resident of Tehsil Amb, District Una (HP).,(61) Randhir Singh S/o Gurcharan Singh, resident of village Hallo Majra, UT, Chandigarh.,(62) Lajiya Wanti W/o Amar Nath, House No. 263, Sector 46-A, Chandigarh.,(63) Ajit Singh S/o Kaidar Nath, resident of village Hallo Majra, UT, Chandigarh.,(64) Shiv Ram S/o Greebu Ram, resident of Phase-1, Ram Darbar, UT, Chandigarh.,(65) Ajay Pal Singh S/o Man Singh, House No. 2089, Sector 44-C, Chandigarh.,(66) Jagjeet Singh S/o Sh. Hawa Singh, resident of village Hallo Majra, UT, Chandigarh.,(67) Ram Phal S/o Phuman Ram, House No. 128, Deep Complex, Hallo Majra, UT, Chandigarh. (68) Pardeep Kumar (69) Surinder Kumar, Ss/o Parphul Kumar, residents of village Hallo Majra, UT, Chandigarh. (70) Ram Parshad S/o Mangat Ram, House No. 1564, Phase-2, SAS Nagar, Mohali. (73) Bajinder Singh S/o Sh. Him Singh Village & post office Birdhine, Tehsil and District, Jhajjar, Haryana. (74) Neetu Garg W/o Ravinder Kumar, House No. 854, Sector 16, Panchkula. (75) Jasmer Singh S/o Sh. Pritam Singh, House No. 556, Hallo Majra, UT, Chandigarh. (76) Pawan Kumar; (77) Anil Gupta; (78) Pardeep Gupta; Sons (79) Naveen Bansal; (80) Parveen Goel; Daughters of Madan Gopal Sh. Geeta Ram, defendants No. 76 to 80 resident of House No. 202, Sector 30-A, Chandigarh (81) Shanker Boss; (82) Kartik Boss; (83) Ganesh Boss; (84) Shambu Boss all sons, (85) Pushpa Wd/o F.C. Boss Defendants No. 81 to 85 residents of village Hallo Majra, UT, Chandigarh. (87) Ram Diya Garg S/o Chet Ram Garg, House No. 413/1, Pipli Wala Town, Mani Majra, Chandigarh.(88) Mrs. Babita Sharma W/o Ravi Sharma, resident of village Hallo Majra, UT, Chandigarh. (89) Karamjit Singh W/o Gurnam Singh, residents of Hallo Majra, UT, Chandigarh. (90) Sunita W/o Sh. Satpal, resident of Hallo Majra, UT, Chandigarh (91) Shiv Ram; (92) Babloo; (93) Sunil Ss/o Ram Chander, Defendants No. 91 to 93 are residents of village Hallo Majra, UT, Chandigarh. (95) Manjit Kaur W/o Pavitar Singh, resident of village Hallo Majra, UT, Chandigarh (96) Munish Sharma S/o Sh. Sunil Kumar, Resident of village Hallo Majra, UT, Chandigarh.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on **22.07.2025 at 10:00 a.m.** For details logon to https://highcourtchd.gov.in/?trs=district_notice&district=Chandigarh

Civil judge
Jr. Div. Chandigarh

Dated, this day of 09-05-2025.

## ਸ੍ਰੀ ਹਰਿਮੰਦਰ ਸਾਹਿਬ 'ਚ ਹਵਾਈ ਸੁਰੱਖਿਆ ਗੰਨਾਂ

ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਅਤੇ ਨਾ ਹੀ ਕੋਈ ਅਜਿਹਾ ਜਿਹਾ ਘਟਨਾਕ੍ਰਮ ਇਸ ਪਾਵਨ ਅਸਥਾਨ ਉੱਤੇ ਪ੍ਰਵਾਨ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਮੂਹ, ਲੰਗਰ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਅਖੰਡ ਪਾਠ ਸਾਹਿਬਾਨ ਵਾਲੇ ਅਸਥਾਨ ਅਤੇ ਹੋਰ ਸਬੰਧਤ ਗੁਰ ਅਸਥਾਨਾਂ ਦੀ ਰੋਜ਼ਾਨਾ ਚੱਲਣ ਵਾਲੀ ਮਰਿਆਦਾ ਲਾਜ਼ਮੀ ਹੁੰਦੀ ਹੈ,ਜਿਸ ਵਿੱਚ ਕਿਸੇ ਕਿਸਮ ਦਾ ਵਿਘਨ ਪਾਉਣ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ ਅਤੇ ਬੀਤੇ ਦਿਨੀਂ ਬਣੇ ਹਾਲਾਤ ਦੇ ਚੱਲਦਿਆਂ ਵੀ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਗੁਰੂ ਦਰਬਾਰ ਦੀ ਸਮੁੱਚੀ ਮਰਿਆਦਾ ਪੂਰਨ ਸਮਰਪਣ ਭਾਵ ਅਤੇ ਦ੍ਰਿੜ੍ਹਤਾ ਨਾਲ ਜਾਰੀ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਬਲੈਕਆਊਟ ਦੇ ਸਮੇਂ ਕਿਸੇ ਵੀ ਗੁਰ ਅਸਥਾਨ ਜਿੱਥੇ ਮਰਿਆਦਾ ਚੱਲਦੀ ਹੋਵੇ ਉਸ ਦੀਆਂ ਲਾਈਟਾਂ ਬੰਦ ਨਹੀਂ ਕੀਤੀਆਂ ਗਈਆਂ। ਸਿੰਘ ਸਾਹਿਬ ਨੇ ਕਿਹਾ ਕਿ ਭਾਰਤੀ ਫ਼ੌਜ ਦੇ ਅਧਿਕਾਰੀ ਦਾ ਅਜਿਹਾ ਬਿਆਨ ਕਿਉਂ ਦਿੱਤਾ ਇਸ ਬਾਰੇ ਤਾਂ ਉਹ ਹੀ ਸਪੱਸ਼ਟ ਕਰ ਸਕਦੇ ਹਨ ਪਰੰਤੂ ਅਜਿਹੀ ਗੱਲ ਕਹੀ ਜਾਣੀ ਬਹੁਤ ਗ਼ਲਤ ਤੇ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਕਿ ਬਤੌਰ ਐਡੀਸ਼ਨਲ ਮੁੱਖ ਗ੍ਰੰਥੀ ਉਹ ਇਹ ਗੱਲ ਦਾਅਵੇ ਨਾਲ ਕਹਿ ਰਹੇ ਹਨ ਕਿ ਗੰਨਾਂ ਲਗਾਉਣ ਸਬੰਧੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ। ਫ਼ੌਜ ਦੇ ਅਧਿਕਾਰੀ ਵੱਲੋਂ ਇਸ ਬਿਆਨ ਦੇ ਸਬੰਧ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਨਾਲ ਬਲੈਕਆਊਟ ਦੇ ਸਮੇਂ ਲਾਈਟਾਂ ਬੰਦ ਕਰਵਾਉਣ ਸਬੰਧੀ ਸੰਪਰਕ ਕੀਤਾ ਗਿਆ ਸੀ, ਜਿਸ ਸਬੰਧੀ ਪ੍ਰਬੰਧਕੀ ਤੌਰ ਉੱਤੇ ਜ਼ਿੰਮੇਵਾਰੀ ਸਮਝਦਿਆਂ ਅਸੀਂ ਪੂਰਨ ਸਹਿਯੋਗ ਕੀਤਾ ਸੀ।

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਵੀ ਸਪੱਸ਼ਟ ਕੀਤਾ ਕਿ ਭਾਵੇਂ ਕਿ ਜਦੋਂ ਬੀਤੇ ਦਿਨੀਂ ਫ਼ੌਜ ਦੀ ਕਾਰਵਾਈ ਚੱਲ ਰਹੀ ਸੀ, ਉਹ ਉਸ ਸਮੇਂ ਵਿਦੇਸ਼ ਦੌਰੇ ਉੱਤੇ ਸਨ, ਪਰੰਤੂ ਇਸ ਦੌਰਾਨ ਉਨ੍ਹਾਂ ਨਾਲ ਗੰਨਾਂ ਲਗਾਉਣ ਸਬੰਧੀ ਕੋਈ ਗੱਲਬਾਤ ਨਹੀਂ ਹੋਈ ਅਤੇ ਨਾ ਹੀ ਅਜਿਹੀ ਕੋਈ ਗੱਲ ਸ੍ਰੀ ਦਰਬਾਰ ਸਾਹਿਬ ਵਿਖੇ ਵਾਪਰੀ ਹੈ। ਗਿਆਨੀ ਰਘਬੀਰ ਸਿੰਘ ਨੇ ਫ਼ੌਜ ਦੇ ਅਧਿਕਾਰੀ ਵੱਲੋਂ ਬਿਆਨਬਾਜ਼ੀ ਨੂੰ ਹੈਰਾਨੀਜਨਕ ਦੱਸਿਆ।

## ਪਹਿਲਾ ਸਬ ਪਾਰਟੀ ਵਫ਼ਦ

ਇਹ ਦੌਰ 7 ਮਈ ਨੂੰ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੇ ਬਦਲੇ ਵਿੱਚ ਸ਼ੁਰੂ ਕੀਤੇ ਗਏ ਆਪਰੇਸ਼ਨ ਸਿੰਧੂਰ ਦੇ ਸੰਦਰਭ ਵਿਚ ਹਨ। ਇਸ ਆਪਰੇਸ਼ਨ ਨੇ ਪਾਕਿਸਤਾਨ ਅਤੇ ਮਕਬੂਜ਼ਾ ਕਸ਼ਮੀਰ ਵਿਚ ਨੌਂ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਅਤੇ ਤਬਾਹ ਕਰ ਦਿੱਤਾ। ਵਫ਼ਦਾਂ ਦਾ ਸੰਯੁਕਤ ਰਾਸ਼ਟਰ ਸੁਰੱਖਿਆ ਪਰੀਸ਼ਦ ਦੇ ਮੈਂਬਰਾਂ ਸਮੇਤ ਕਈ ਮੁੱਖ ਭਾਈਵਾਲ ਦੇਸ਼ਾਂ ਦਾ ਦੌਰਾ ਕਰਨ ਦਾ ਵੀ ਪ੍ਰੋਗਰਾਮ ਹੈ।

## ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ ਹੋਵੇਗੀ ਸ਼ੁਰੂ

ਵਿਕਾਸ ਅਥਾਰਟੀ ਅਤੇ ਆਈਆਰਸੀਟੀਸੀ ਨੇ ਸਾਂਝੇ ਤੌਰ 'ਤੇ ਹੈਲੀ ਸੇਵਾ ਦੀ ਔਨਲਾਈਨ ਬੁਕਿੰਗ ਦਾ ਪ੍ਰਬੰਧ ਕੀਤਾ ਹੈ।ਹੈਲੀਕਾਪਟਰ ਸੇਵਾ ਦੀਆਂ ਟਿਕਟਾਂ ਦੀ ਔਨਲਾਈਨ ਬੁਕਿੰਗ 19 ਮਈ ਨੂੰ ਦੁਪਹਿਰ 12 ਵਜੇ ਤੋਂ ਸ਼ੁਰੂ ਹੋ ਗਈ ਹੈ। ਯਾਤਰੀ ਆਈ.ਆਰ.ਸੀ.ਟੀ.ਸੀ.ਦੀ ਅਧਿਕਾਰਤ ਵੈੱਬਸਾਈਟ heliyatra.irctc.co.in 'ਤੇ ਜਾ ਕੇ ਟਿਕਟਾਂ ਬੁੱਕ ਕਰ ਸਕਦੇ ਹਨ। ਇਹ ਸੇਵਾ 25 ਮਈ ਤੋਂ 22 ਜੂਨ 2025 ਤੱਕ ਉਪਲਬਧ ਰਹੇਗੀ। ਬੁਕਿੰਗ ਸਿਰਫ਼ ਔਨਲਾਈਨ ਮੋਡ ਰਾਹੀਂ ਹੀ ਕੀਤੀ ਜਾ ਸਕੇਗੀ।

## 'ਮਜ਼ਬੂਤ ਕੇਸ ਨਾ ਹੋਣ ਤਕ

ਕਰਨ ਦੇ ਕੁੱਝ ਨਤੀਜੇ ਸੀ, ਤਾਂ ਰਜਿਸਟਰ ਕਰਨਾ ਲਾਜ਼ਮੀ ਹੋ ਜਾਂਦਾ ਹੈ। ਜਵਾਬ ਦਿੰਦੇ ਹੋਏ, ਪਟੀਸ਼ਨਕਰਤਾਵਾਂ ਨੇ ਕਿਹਾ ਕਿ ਜਦਕਿ 1913 ਤੋਂ 2013 ਤੱਕ ਦੇ ਵਕਫ਼ ਐਕਟਾਂ ਵਿਚ ਵਕਫ਼ਾਂ ਦੀ ਰਜਿਸਟ੍ਰੇਸ਼ਨ ਦੀ ਵਿਵਸਥਾ ਸੀ, ਪਰ ਪਾਲਣਾ ਨਾ ਕਰਨ ਦੇ ਕੋਈ ਨਤੀਜੇ ਨਹੀਂ ਸਨ, ਸਿਵਾਏ ਮੁਤਵਲੀ ਨੂੰ ਹਟਾਉਣ ਦੇ। ਉਨ੍ਹਾਂ ਕਿਹਾ ਕਿ 2025 ਤੋਂ ਪਹਿਲਾਂ, ਵਕਫ਼ ਨੂੰ ਉਪਭੋਗਤਾ ਦੁਆਰਾ ਰਜਿਸਟਰਡ ਕਰਨਾ ਜ਼ਰੂਰੀ ਨਹੀਂ ਸੀ।ਇਸ ਦਲੀਲ ਤੇ ਕਿ ਸੁਪਰੀਮ ਕੋਰਟ 'ਚ ਇਸ ਪੂਰੇ ਮਾਮਲੇ ਦੀ ਸੁਣਵਾਈ ਜਾਰੀ ਹੈ।

## ਮਾਨ ਵੱਲੋਂ ਨਵੇਂ ਭਰਤੀ ਹੋਏ ਨੌਜਵਾਨਾਂ ਨੂੰ

ਸ਼ਾਸਨਕਾਲ ਦੌਰਾਨ ਸੂਬੇ ਦੇ ਖ਼ਜ਼ਾਨੇ ਨੂੰ ਲੁੱਟਣ ਅਤੇ ਇਸ ਦੀ ਬਰਬਾਦੀ ਦੇ ਸਿਵਾਏ ਹੋਰ ਕੁਝ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਦੌਰਾਨ ਡੋਨੇਸ਼ਨ, ਪ੍ਰੀਮੀਅਮ ਅਤੇ ਹੋਰ ਕਈ ਢੰਗ-ਤਰੀਕਿਆਂ ਦੇ ਰੂਪ ਵਿੱਚ ਭ੍ਰਿਸ਼ਟਾਚਾਰ ਨੂੰ ਪ੍ਰਫੁੱਲਿਤ ਕੀਤਾ ਗਿਆ। ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਇਸ ਦੇ ਉਲਟ ਉਨ੍ਹਾਂ ਦੀ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਹਰ ਢੰਗ-ਤਰੀਕੇ ਨੂੰ ਖ਼ਤਮ ਕਰਨ ਅਤੇ ਇਸ ਨੂੰ ਨਾਗਰਿਕ-ਕੇਂਦਰਿਤ ਸੇਵਾਵਾਂ ਦੇਣਾ ਯਕੀਨੀ ਬਣਾਉਣ ਲਈ ਕ੍ਰਾਂਤੀਕਾਰੀ ਕਦਮ ਚੁੱਕੇ ਹਨ। ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਸਾਰੀਆਂ ਨਿਯੁਕਤੀਆਂ ਸਿਰਫ਼ ਯੋਗਤਾ ਦੇ ਆਧਾਰ 'ਤੇ ਕੀਤੀਆਂ ਗਈਆਂ ਹਨ, ਜਿਸ ਵਿੱਚ ਉਮੀਦਵਾਰ ਮੁਕਾਬਲੇ ਦੀਆਂ ਸਖ਼ਤ ਪ੍ਰੀਖਿਆਵਾਂ ਪਾਸ ਕਰਨ ਮਗਰੋਂ ਨੌਕਰੀ ਹਾਸਲ ਕਰਨ ਵਿੱਚ ਸਫ਼ਲ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਸੱਤਾ ਸੰਭਾਲਣ ਤੋਂ ਹੀ ਸਰਕਾਰ ਦਾ ਏਜੰਡਾ ਨੌਜਵਾਨਾਂ ਨੂੰ ਸੁਰੱਖਿਅਤ ਨੌਕਰੀਆਂ ਪ੍ਰਦਾਨ ਕਰਕੇ ਉਨ੍ਹਾਂ ਨੂੰ ਸਸ਼ਕਤ ਬਣਾਉਣਾ ਹੈ ਤਾਂ ਜੋ ਉਹ ਸੂਬੇ ਅਤੇ ਦੇਸ਼ ਦੀ ਸਮਾਜਿਕ-ਆਰਥਿਕ ਤਰੱਕੀ ਵਿੱਚ ਬਰਾਬਰ ਦੇ ਭਾਈਵਾਲ ਬਣ ਸਕਣ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਰੋਜ਼ਗਾਰ ਮੁਹਿੰਮ ਨੇ ਨੌਜਵਾਨਾਂ ਵਿੱਚ ਨਕਾਰਾਤਮਕਤਾ ਨੂੰ ਦੂਰ ਕਰਨ ਵਿੱਚ ਮਦਦ ਕੀਤੀ ਹੈ, ਜਿਸ ਸਦਕਾ ਬਹੁਤ ਸਾਰੇ ਲੋਕ ਵਿਦੇਸ਼ ਜਾਣ ਦੀਆਂ ਆਪਣੀਆਂ ਯੋਜਨਾਵਾਂ ਨੂੰ ਬਦਲ ਕੇ ਦੇਸ਼ ਵਿੱਚ ਹੀ ਰਹਿ ਕੇ ਨੌਕਰੀ ਕਰਨ ਦਾ ਮਨ ਬਣਾ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ, ਫ਼ਕੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ, ਜਿਨ੍ਹਾਂ ਨੇ ਸਾਨੂੰ ਬੇਇਨਸਾਫ਼ੀ ਅਤੇ ਜ਼ੁਲਮ ਵਿਰੁੱਧ ਖੜ੍ਹੇ ਹੋਣਾ ਸਿਖਾਇਆ। ਮੁੱਖ ਮੰਤਰੀ ਨੇ ਉਮੀਦ ਪ੍ਰਗਟ ਕੀਤੀ ਕਿ ਉਹ ਆਪਣੇ ਅਹੁਦਿਆਂ ਦੀ ਵਰਤੋਂ ਗਰੀਬਾਂ ਦੀ ਸਹਾਇਤਾ ਲਈ ਕਰਨਗੇ ਅਤੇ ਸਮਾਜ ਦੇ ਸਾਰੇ ਵਰਗਾਂ ਦੀ ਭਲਾਈ ਯਕੀਨੀ ਬਣਾਉਣਗੇ। ਭਗਵੰਤ ਸਿੰਘ ਮਾਨ ਨੇ ਸੂਬਾ ਸਰਕਾਰ ਦੇ ਸਮਰਥਨ ਦੀ ਤੁਲਨਾ ਹਵਾਈ ਅੱਡੇ ਦੇ ਰਨਵੇਅ ਨਾਲ ਕਰਦਿਆਂ ਕਿਹਾ ਕਿ ਜਿਵੇਂ ਰਨਵੇਅ ਜਹਾਜ਼ ਦੀ ਸੁਚਾਰੂ ਢੰਗ ਨਾਲ ਉਡਾਣ ਭਰਨ ਵਿੱਚ ਮਦਦ ਕਰਦੇ ਹਨ, ਇਸੇ ਤਰ੍ਹਾਂ ਸੂਬਾ ਸਰਕਾਰ ਨੌਜਵਾਨਾਂ ਨੂੰ ਉਨ੍ਹਾਂ ਦੇ ਸੁਪਨਿਆਂ ਅਤੇ ਇੱਛਾਵਾਂ ਨੂੰ ਸਾਕਾਰ ਕਰਨ ਵਿੱਚ ਮਦਦ ਕਰ ਰਹੀ ਹੈ ਅਤੇ ਇਸ ਕਾਰਜ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਇਸ ਮੌਕੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਬਰਿੰਦਰ ਗੋਇਲ, ਡਾ. ਰਵਜੋਤ ਸਿੰਘ ਅਤੇ ਹੋਰ ਵੀ ਮੌਜੂਦ ਸਨ।

## 'ਆਪ੍ਰੇਸ਼ਨ ਸਿੰਦੂਰ 'ਚ 64 ਪਾਕਿਸਤਾਨੀ

ਫੌਜੀ ਕਾਰਵਾਈ ਰੋਕਣ ਲਈ ਇੱਕ ਦੁਵੱਲਾ ਸਮਝੌਤਾ ਹੋਇਆ ਸੀ। ਕੱਲ੍ਹ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਸੀ ਕਿ ਆਪ੍ਰੇਸ਼ਨ ਸਿੰਦੂਰ ਦੌਰਾਨ, ਬ੍ਰਹਮੋਸ ਮਿਜ਼ਾਈਲ ਨੇ ਪਾਕਿਸਤਾਨੀ ਹਵਾਈ ਠਿਕਾਣਿਆਂ ਨੂੰ ਤਬਾਹ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਸਰਜੀਕਲ ਸਟ੍ਰਾਈਕ ਅਤੇ ਹਵਾਈ ਹਮਲੇ ਸਿਰਫ਼ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਤੱਕ ਸੀਮਤ ਸਨ। ਪਰ, ਆਪ੍ਰੇਸ਼ਨ ਸਿੰਦੂਰ ਵਿੱਚ, ਭਾਰਤ ਨੇ ਪਾਕਿਸਤਾਨ ਦੇ ਖੇਤਰ ਵਿੱਚ 100 ਕਿਲੋਮੀਟਰ ਤੱਕ ਘੁਸਪੈਠ ਕੀਤੀ ਹੈ ਅਤੇ ਅੱਤਵਾਦੀਆਂ ਅਤੇ ਉਨ੍ਹਾਂ ਦੇ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਹੈ।

## ਸੂਬੇ ਭਰ 'ਚ ਜਾਂਚ ਕਮੇਟੀਆਂ

ਜੇਲ੍ਹ ਅਧਿਕਾਰੀਆਂ ਨੂੰ ਹੁਣ ਤੱਕ

# ਸਫਾ ਤਿੰਨ ਦੀ ਬਾਕੀ

ਕਥਿਤ ਦੋਸ਼ੀ ਵਜੋਂ ਪੇਸ਼ ਕਿਉਂ ਨਹੀਂ ਕੀਤਾ ਗਿਆ। ਹਾਲਾਂਕਿ,ਐੱਸ.ਐੱਸ.ਪੀ. ਨੇ ਇਹ ਜ਼ਿੰਮੇਵਾਰੀ ਇੱਕ ਡੀ.ਐੱਸ.ਪੀ. ਨੂੰ ਸੌਂਪ ਦਿੱਤੀ ਸੀ, ਜਿਸ ਨੂੰ ਅਦਾਲਤ ਨੇ ਅਪਮਾਨ ਮਾਣਹਾਨੀ ਦੇ ਬਰਾਬਰ ਕਰਾਰ ਦਿੱਤਾ ਹੈ। ਜਸਟਿਸ ਸ਼ੇਖਾਵਤ ਨੇ ਕਿਹਾ,"ਇੱਕ ਵਾਰ ਜਦੋਂ ਐੱਸ.ਐੱਸ.ਪੀ. ਨੂੰ ਕੇਸ ਦੀ ਫਾਈਲ ਨੂੰ ਨਿੱਜੀ ਤੌਰ 'ਤੇ ਪੜ੍ਹਨ ਅਤੇ ਉਸ ਅਨੁਸਾਰ ਪ੍ਰਭਾਵਸ਼ਾਲੀ ਕਦਮ ਚੁੱਕਣ ਲਈ ਇੱਕ ਖ਼ਾਸ ਨਿਰਦੇਸ਼ ਦਿੱਤਾ ਗਿਆ ਸੀ ਤਾਂ ਉਹ ਮਾਮਲਾ ਅੱਗੇ ਡੀ.ਐੱਸ.ਪੀ. ਨੂੰ ਨਹੀਂ ਸੌਂਪ ਸਕਦੇ ਸਨ।" ਮੁੜ ਸ਼ੁਰੂ ਹੋਈ ਸੁਣਵਾਈ ਦੌਰਾਨ ਅਦਾਲਤ ਨੂੰ ਦੱਸਿਆ ਗਿਆ ਕਿ 14 ਮਈ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਅੰਮ੍ਰਿਤਸਰ (ਦਿਹਾਤੀ) ਦੇ ਐੱਸ.ਐੱਸ.ਪੀ. ਮਨਿੰਦਰ ਸਿੰਘ ਅਦਾਲਤ ਵਿੱਚ ਪੇਸ਼ ਹੋਏ ਅਤੇ ਇੱਕ ਹਲਫ਼ਨਾਮਾ ਜਮ੍ਹਾਂ ਕਰਦਿਆਂ ਬਿਨਾਂ ਸ਼ਰਤ ਮੁਆਫ਼ੀ ਮੰਗੀ, ਜਿਸ ਨੂੰ ਅਦਾਲਤ ਨੇ ਸਵੀਕਾਰ ਕਰ ਲਿਆ। ਅਦਾਲਤ ਨੇ ਸਵਾਲ ਕੀਤਾ ਹੈ ਕਿ ਜੇਲ੍ਹਾਂ ਵਿੱਚ ਨਸ਼ਾ ਤਸਕਰੀ ਜੇਲ੍ਹ ਅਤੇ ਪੁਲਿਸ ਅਧਿਕਾਰੀਆਂ ਦੀ ਮਿਲੀ-ਭੁਗਤ ਤੋਂ ਬਿਨਾਂ ਸੰਭਵ ਨਹੀਂ ਹੋ ਸਕਦੀ।

## 'ਸੁਰੱਖਿਆ ਏਜੰਸੀਆਂ ਲੋਕਾਂ ਦੇ ਮਨਾਂ 'ਚ ਡਰ ਪੈਦਾ ਕਰਨ ਲਈ ਬਾਊਂਸਰ

ਕੀਤੀ ਜਾਂਦੀ ਹੈ। ਲੋਕਾਂ ਦੇ ਮਨਾਂ 'ਚ ਡਰ, ਚਿੰਤਾ ਅਤੇ ਦਹਿਸ਼ਤ ਪੈਦਾ ਕਰਨਾ ਅਤੇ ਦੂਜਿਆਂ ਨੂੰ ਡਰਾਉਣਾ। ਇਹ ਕਿਸੇ ਵੀ ਸੱਭਿਅਕ ਪ੍ਰਣਾਲੀ, ਖਾਸ ਕਰਕੇ ਇੱਕ ਲੋਕਤੰਤਰੀ ਪ੍ਰਣਾਲੀ ਵਿੱਚ ਅਸਵੀਕਾਰਨਯੋਗ ਹੈ ਅਤੇ ਇਹ ਇਸ ਅਰਥ ਵਿੱਚ ਸ਼ਰਮਨਾਕ ਹੈ। ਇਹ ਕਿਸੇ ਵਿਅਕਤੀ 'ਚ ਮੌਜੂਦ ਕਿਸੇ ਵੀ ਹਮਦਰਦੀ ਜਾਂ ਮਨੁੱਖੀ ਗੁਣਾਂ ਨੂੰ ਆਪਣੇ ਆਪ ਹੀ ਖਤਮ ਕਰ ਦਿੰਦਾ ਹੈ। ਅਦਾਲਤ ਨੇ ਕਿਹਾ ਕਿ ਇਹ ਇੱਕ ਸਿਖਲਾਈ ਪ੍ਰਾਪਤ ਸੁਰੱਖਿਆ ਗਾਰਡ ਦੀ ਸਤਿਕਾਰਯੋਗ ਭੂਮਿਕਾ ਨੂੰ ਇੱਕ ਲਾਗੂ ਕਰਨ ਵਾਲੇ ਦੀ ਭੂਮਿਕਾ 'ਚ ਬਦਲ ਦਿੰਦਾ ਹੈ ਜੋ ਸਤਿਕਾਰਯੋਗ ਸਿਵਲ ਸੰਵਾਦ ਦੀ ਬਜਾਏ ਟਕਰਾਅ ਅਤੇ ਡਰਾਉਣ-ਧਮਕਾਉਣ ਰਾਹੀਂ ਕੰਮ ਕਰਦਾ ਹੈ। ਰਾਜ ਅਜਿਹੇ ਮੁੱਦਿਆਂ ਪ੍ਰਤੀ ਪ੍ਰਭਾਵਿਤ, ਉਦਾਸੀਨ ਅਤੇ ਅਸੰਵੇਦਨਸ਼ੀਲ ਰਹਿਣਾ ਪਸੰਦ ਕਰਦਾ ਹੈ। ਅਦਾਲਤ ਦੀ ਭੂਮਿਕਾ ਰਾਜ ਸ਼ਾਸਨ ਦੇ ਦਾਇਰੇ ਵਿੱਚ ਆਉਣ ਵਾਲੇ ਮਾਮਲਿਆਂ 'ਤੇ ਨਿਰਦੇਸ਼ ਜਾਰੀ ਕਰਨ ਦੀ ਬਜਾਏ ਕਾਰਜਪਾਲਿਕਾ ਨੂੰ ਸੰਵੇਦਨਸ਼ੀਲ ਬਣਾਉਣਾ ਅਤੇ ਮਾਰਗਦਰਸ਼ਨ ਕਰਨਾ ਹੈ। ਇਹ ਰਾਜ ਦਾ ਵਿਸ਼ੇਸ਼ ਅਧਿਕਾਰ ਹੈ ਕਿ ਉਹ ਇਹ ਫ਼ੈਸਲਾ ਕਰੇ ਕਿ ਰਿਕਵਰੀ ਜਾਂ ਸੁਰੱਖਿਆ ਏਜੰਟਾਂ ਅਤੇ ਉਨ੍ਹਾਂ ਦੀਆਂ ਏਜੰਸੀਆਂ ਦੁਆਰਾ ਬਾਊਂਸਰ ਸ਼ਬਦ ਦੀ ਵਰਤੋਂ ਨੂੰ ਨਿਰਾਸ਼ ਕਰਨ ਦੇ ਉਦੇਸ਼ ਨਾਲ ਉਪਾਅ ਲਾਗੂ ਕੀਤੇ ਜਾਣ ਜਾਂ ਨਹੀਂ। ਇਹ ਟਿੱਪਣੀਆਂ ਲੁਧਿਆਣਾ ਦੇ ਵਸਨੀਕ ਦੋਸ਼ੀ ਤਰਨਜੀਤ ਸਿੰਘ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਸ਼ਿਕਾਇਤਕਰਤਾ ਨੂੰ ਦੁਰਵਿਵਹਾਰ ਕਰਨ ਦੇ ਦੋਸ਼ ਵਿੱਚ ਦਾਇਰ ਗ੍ਰਿਫ਼ਤਾਰੀ ਤੋਂ ਪਹਿਲਾਂ ਦੀ ਜ਼ਮਾਨਤ ਪਟੀਸ਼ਨ ਨੂੰ ਮਨਜ਼ੂਰੀ ਦਿੰਦੇ ਹੋਏ ਕੀਤੀਆਂ ਗਈਆਂ।

## ਰਾਜਧਾਨੀ ਐਕਸਪ੍ਰੈਸ ਸਮੇਤ ਦੋ ਰੇਲਾਂ ਨੂੰ ਲੀਹੋਂ

ਬਾਅਦ ਕਾਠਗੋਦਮ ਐਕਸਪ੍ਰੈਸ (15044) ਨੂੰ ਵੀ ਲੀਹ ਤੋਂ ਉਤਾਰਨ ਦੀ ਦੂਜੀ ਕੋਸ਼ਿਸ਼ ਕੀਤੀ ਗਈ। ਪੁਲਿਸ ਨੇ ਕਿਹਾ ਕਿ ਲੋਕੋ ਪਾਇਲਟ ਦੇ ਸਤਰਕ ਹੋਣ ਕਾਰਨ ਬਚਾਅ ਰਿਹਾ। ਸੁਪਰਡੈਂਟ ਨੀਰਜ ਕੁਮਾਰ ਜਾਦੌਨ ਨੇ ਸੋਮਵਾਰ ਸ਼ਾਮ ਨੂੰ ਮੌਕੇ 'ਤੇ ਦੌਰਾ ਕੀਤਾ ਅਤੇ ਜ਼ਰੂਰੀ ਨਿਰਦੇਸ਼ ਜਾਰੀ ਕੀਤੇ। ਉਨ੍ਹਾਂ ਪੁਸ਼ਟੀ ਕੀਤੀ ਕਿ ਸਰਕਾਰੀ ਰੇਲਵੇ ਪੁਲਿਸ, ਰੇਲਵੇ ਸੁਰੱਖਿਆ ਬਲ ਅਤੇ ਸਥਾਨਕ ਪੁਲਿਸ ਦੀਆਂ ਟੀਮਾਂ ਘਟਨਾਵਾਂ ਦੀ ਜਾਂਚ ਕਰ ਰਹੀਆਂ ਹਨ।

## ਕੇਂਦਰ, ਹਰਿਆਣਾ ਤੇ ਬੀ.ਬੀ.ਐਮ.ਬੀ.

ਹੁਕਮ ਨਹੀਂ ਦਿੱਤੇ ਜਾਂਦੇ। ਇਸ ਦੌਰਾਨ, ਬੀ.ਬੀ.ਐਮ.ਬੀ. ਨੇ ਇਸ ਮਾਮਲੇ ਵਿੱਚ ਪਟੀਸ਼ਨ ਦਾਇਰ ਕੀਤੀ ਸੀ। ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀ.ਬੀ.ਐਮ.ਬੀ. ) ਦੇ ਚੇਅਰਮੈਨ ਮਨੋਜ ਤ੍ਰਿਪਾਠੀ ਨੇ ਹਲਫ਼ਨਾਮੇ ਵਿੱਚ ਕਿਹਾ ਕਿ ਪੰਜਾਬ ਪੁਲਿਸ ਨੇ ਉਨ੍ਹਾਂ ਅਤੇ ਉਨ੍ਹਾਂ ਦੇ ਅਧਿਕਾਰੀਆਂ ਨੂੰ ਡੈਮ ਚਲਾਉਣ ਤੋਂ ਰੋਕਿਆ। ਅਦਾਲਤ ਨੇ ਪੰਜਾਬ ਸਰਕਾਰ ਨੂੰ ਉਨ੍ਹਾਂ ਪੁਲਿਸ ਮੁਲਾਜ਼ਮਾਂ ਦੀ ਪਛਾਣ ਕਰਨ ਲਈ ਕਿਹਾ ਹੈ ਜਿਨ੍ਹਾਂ ਨੇ ਕੰਮ ਵਿੱਚ ਰੁਕਾਵਟ ਪਾਈ। ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਇਸ ਮਾਮਲੇ ਵਿੱਚ ਕਾਰਵਾਈ ਕੀਤੀ।

## ਕਿਸਾਨਾਂ ਵੱਲੋਂ ਪਾਣੀਆਂ ਅਤੇ ਸਹਿਕਾਰੀ ਸਭਾਵਾਂ ਸਬੰਧੀ ਮੋਰਚਾ

ਚੱਲ ਰਹੀਆਂ ਹਨ ਪਰ ਸੂਬਾ ਸਰਕਾਰਾਂ ਨੇ ਕਦੇ ਵੀ ਉਨ੍ਹਾਂ ਵੱਲ ਧਿਆਨ ਕੇਂਦਰਿਤ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਸਹਿਕਾਰੀ ਸਭਾਵਾਂ ਪਿੰਡਾਂ ਦੇ ਲੋਕਾਂ ਦੀ ਲਾਈਫਲਾਈਨ ਹੈ ਜਿਸ ਦੀ ਰਾਖੀ ਲਈ ਕਿਸਾਨ ਜਥੇਬੰਦੀਆਂ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ।

## ਆਪ੍ਰੇਸ਼ਨ ਸਿੰਦੂਰ ਮਗਰੋਂ ਹੋਈ

ਗਿਣਤੀ ਵਿੱਚ ਲੋਕ ਤਿਰੰਗਾ ਲੈ ਕੇ ਪਹੁੰਚੇ ਹਨ। ਹਾਲਾਂਕਿ, ਪਾਕਿਸਤਾਨ ਵਾਲੇ ਪਾਸੇ ਦੀ ਗੈਲਰੀ ਖਾਲੀ ਪਈ ਹੈ। ਪਾਕਿਸਤਾਨੀ ਰੇਂਜਰਾਂ ਨੇ ਆਪਣੇ ਹੀ ਕਰਮਚਾਰੀਆਂ ਨੂੰ ਗੈਲਰੀ ਵਿੱਚ ਬਿਠਾਇਆ। ਇਸ ਦੌਰਾਨ, ਬੀਐਸਐਫ ਦੀਆਂ ਮਹਿਲਾ ਸੈਨਿਕਾਂ ਦੀ ਇੱਕ ਟੁਕੜੀ ਨੇ ਵੀ ਰਿਟ੍ਰੀਟ ਤੋਂ ਪਹਿਲਾਂ ਪ੍ਰੇਡ ਕੀਤੀ। ਵੱਡੀ ਗਿਣਤੀ ਵਿੱਚ ਲੋਕ ਮੁੜ ਰਿਟ੍ਰੀਟ ਸੈਰੇਮਨੀ ਦੇਖਣ ਲਈ ਅੰਮ੍ਰਿਤਸਰ ਦੇ ਅਟਾਰੀ ਬਾਰਡਰ ਪਹੁੰਚੇ। ਕਈ ਦਿਨਾਂ ਬਾਅਦ, ਸਰਹੱਦ 'ਤੇ ਦੇਸ਼ ਭਗਤੀ ਦੇ ਗੀਤ ਗੂੰਜੇ, ਭਾਰਤ ਮਾਤਾ ਦੀ ਜੈ ਦੇ ਨਾਅਰੇ ਲੱਗੇ ਅਤੇ ਲੋਕਾਂ ਨੇ ਇਸ ਦਾ ਬਹੁਤ ਆਨੰਦ ਮਾਣਿਆ। ਜ਼ਿਕਰਯੋਗ ਹੈ ਕਿ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦੇ ਕਾਰਨ ਦੋਵਾਂ ਦੇਸ਼ਾਂ ਵਿਚਕਾਰ ਰਿਟ੍ਰੀਟ ਸਮਾਰੋਹ ਤੋਂ ਇਲਾਵਾ ਫੇਂਸਿੰਗ ਦੇ ਗੇਟ ਵੀ ਬੰਦ ਕਰ ਦਿੱਤੇ ਗਏ ਸਨ। ਫਿਰੋਜ਼ਪੁਰ ਦੇ ਸਰਹੱਦੀ ਇਲਾਕਿਆਂ ਵਿੱਚ ਕੰਡਿਆਲੀ ਤਾਰ ਦੇ ਗੇਟ ਕਿਸਾਨਾਂ ਲਈ ਖੋਲ੍ਹ ਦਿੱਤੇ ਗਏ ਹਨ ਤਾਂ ਜੋ ਉਹ ਕੰਡਿਆਲੀ ਤਾਰ ਦੇ ਪਾਰ ਜ਼ਮੀਨ ਦੀ ਖੇਤੀ ਕਰ ਸਕਣ।ਬੀਐਸਐਫ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਪਹਿਲਾਂ ਫੇਂਸਿੰਗ ਤੋਂ ਪਰੇ ਸਾਰੀ ਜ਼ਮੀਨ ਦੀ ਜਾਂਚ ਕੀਤੀ ਸੀ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਦੁਸ਼ਮਣ ਨੇ ਖੇਤਾਂ ਵਿੱਚ ਕਿਤੇ ਵੀ ਬਾਰੂਦੀ ਸੁਰੰਗਾਂ ਤਾਂ ਨਹੀਂ ਵਿਛਾਈਆਂ ਹੋਈਆਂ। ਧਾਲੀਵਾਲ ਨੇ ਕਿਹਾ ਕਿ ਕਿਸਾਨ ਭਲਕੇ ਤੋਂ ਆਮ ਵਾਂਗ ਆਪਣੇ ਖੇਤਾਂ ਵਿੱਚ ਜਾ ਸਕਣਗੇ।

## ਸੁਪਰੀਮ ਕੋਰਟ ਵੱਲੋਂ ਸਿਵਲ ਜੱਜ ਦੀ

ਸਮੱਸਿਆਵਾਂ ਪੈਦਾ ਕੀਤੀਆਂ ਹਨ, ਜਿਵੇਂ ਕਿ ਹਾਈ ਕੋਰਟ ਵਿਚ ਦਿਤੇ ਹਲਫ਼ਨਾਮਿਆਂ ਤੋਂ ਸਪੱਸ਼ਟ ਹੈ। ਅਸੀਂ ਹਾਈ ਕੋਰਟ ਨਾਲ ਸਹਿਮਤ ਹਾਂ ਕਿ ਘੱਟੋ-ਘੱਟ ਅਭਿਆਸ ਜ਼ਰੂਰੀ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਉਮੀਦਵਾਰ ਨੂੰ ਅਦਾਲਤ ਵਿਚ ਕੰਮ ਕਰਨ ਦਾ ਤਜ਼ਰਬਾ ਹੋਵੇ। ਤੁਹਾਨੂੰ ਦੱਸ ਦੇਈਏ ਕਿ ਸੁਪਰੀਮ ਕੋਰਟ ਨੇ ਮੰਗਲਵਾਰ ਨੂੰ ਇਸ ਬਾਰੇ ਫ਼ੈਸਲਾ ਸੁਣਾਇਆ ਕਿ ਸਿਵਲ ਜੱਜ ਦੀ ਨਿਯੁਕਤੀ ਲਈ 3 ਸਾਲ ਦੀ ਕਾਨੂੰਨੀ ਪ੍ਰੈਕਟਿਸ ਲਾਜ਼ਮੀ ਹੈ ਜਾਂ ਨਹੀਂ। ਅਦਾਲਤ ਦਾ ਇਹ ਫ਼ੈਸਲਾ ਦੇਸ਼ ਭਰ ਦੇ ਨਿਆਂਇਕ ਭਰਤੀ ਅਤੇ ਹਜ਼ਾਰਾਂ ਕਾਨੂੰਨ ਗ੍ਰੈਜੂਏਟਾਂ ਲਈ ਮਹੱਤਵਪੂਰਨ ਹੈ।

ਨਿਆਂਇਕ ਸੇਵਾਵਾਂ ਦੀ ਪ੍ਰੀਖਿਆ ਵਿਚ ਸ਼ਾਮਲ ਹੋਣ ਤੋਂ ਪਹਿਲਾਂ, ਕੁਝ ਸੇਵਾਵਾਂ ਨੂੰ ਮੁੜ ਸ਼ੁਰੂ ਕਰਨਾ ਜ਼ਰੂਰੀ ਹੁੰਦਾ ਹੈ। ਨਵੇਂ ਕਾਨੂੰਨ ਗ੍ਰੈਜੂਏਟਾਂ ਦੀ ਨਿਯੁਕਤੀ ਨੇ ਕਈ ਸਮੱਸਿਆਵਾਂ ਪੈਦਾ ਕੀਤੀਆਂ ਹਨ। ਸੁਪਰੀਮ ਕੋਰਟ ਨੇ 25 ਫ਼ੀਸਦੀ ਕੋਟਾ ਬਹਾਲ ਕਰ ਦਿਤਾ ਜੋ ਉੱਚ ਨਿਆਂਇਕ ਸੇਵਾਵਾਂ ਵਿਚ ਤਰੱਕੀ ਲਈ ਸੀਮਤ ਵਿਭਾਗੀ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਰਾਖਵਾਂ ਸੀ। ਸ਼ੁਰੂਆਤੀ ਸਾਲਾਂ ਵਿਚ ਨੌਜਵਾਨ ਗ੍ਰੈਜੂਏਟਾਂ ਲਈ ਮੌਕੇ ਸੀਮਤ ਹੋਣਗੇ ? ਜੱਜਾਂ ਲਈ, ਰਹਿਣ-ਸਹਿਣ, ਆਜ਼ਾਦੀ, ਜਾਇਦਾਦ ਆਦਿ ਨਾਲ ਸਬੰਧਤ ਚੀਜ਼ਾਂ ਉਸ ਦਿਨ ਤੋਂ ਸ਼ੁਰੂ ਹੁੰਦੀਆਂ ਹਨ ਜਦੋਂ ਉਹ ਸੇਵਾ ਵਿਚ ਸ਼ਾਮਲ ਹੁੰਦੇ ਹਨ।

ਇਸ ਦਾ ਜਵਾਬ ਸਿਰਫ਼ ਕਿਤਾਬਾਂ ਦੇ ਗਿਆਨ ਦੁਆਰਾ ਹੀ ਨਹੀਂ, ਸਗੋਂ ਸੀਨੀਅਰਾਂ ਦੀ ਸਹਾਇਤਾ ਕਰ ਕੇ ਅਦਾਲਤ ਨੂੰ ਸਮਝ ਕੇ ਵੀ ਦਿਤਾ ਜਾ ਸਕਦਾ ਹੈ। ਇਸ ਲਈ ਅਸੀਂ ਸਹਿਮਤ ਹਾਂ ਕਿ ਪ੍ਰੀਖਿਆ ਤੋਂ ਪਹਿਲਾਂ ਕੁਝ ਸੇਵਾਵਾਂ ਮੁੜ ਸ਼ੁਰੂ ਕਰਨਾ ਜ਼ਰੂਰੀ ਹੈ। ਇਸ ਲਈ ਅਸੀਂ ਸਹਿਮਤ ਹਾਂ ਕਿ ਤਜਰਬਾ ਆਰਜ਼ੀ ਰਜਿਸਟ੍ਰੇਸ਼ਨ ਦੇ ਸਮੇਂ ਤੋਂ ਗਿਣਿਆ ਜਾਵੇਗਾ। ਇਹ ਇਸ ਲਈ ਹੈ ਕਿਉਂਕਿ 1925 ਵੱਖ-ਵੱਖ ਸਮਿਆਂ 'ਤੇ ਕਰਵਾਇਆ ਜਾਂਦਾ ਹੈ। 10 ਸਾਲਾਂ ਦਾ ਤਜ਼ਰਬਾ ਰੱਖਣ ਵਾਲੇ ਵਕੀਲ ਨੂੰ ਇਹ ਪ੍ਰਮਾਣਿਤ ਕਰਨਾ ਪਵੇਗਾ ਕਿ ਉਮੀਦਵਾਰ ਨੇ ਘੱਟੋ-ਘੱਟ ਲੋੜੀਂਦੀ ਮਿਆਦ ਲਈ ਅਭਿਆਸ ਕੀਤਾ ਹੈ।

ਸਾਰੀਆਂ ਹਾਈ ਕੋਰਟਾਂ ਅਤੇ ਰਾਜ ਨਿਯਮਾਂ ਵਿਚ ਸੋਧ ਕਰਨਗੇ ਤਾਂ ਜੋ ਸਿਵਲ ਜੱਜ ਸੀਨੀਅਰ ਡਿਵੀਜ਼ਨ ਲਈ 10 ਫ਼ੀਸਦੀ ਅਸਾਮੀਆਂ ਤੇਜ਼ ਤਰੱਕੀ ਲਈ ਰਾਖਵੀਆਂ ਹੋਣ। ਸਿਵਲ ਜੱਜ ਜੂਨੀਅਰ ਡਿਵੀਜ਼ਨ ਪ੍ਰੀਖਿਆ ਵਿਚ ਸ਼ਾਮਲ ਹੋਣ ਲਈ ਘੱਟੋ-ਘੱਟ 3 ਸਾਲ ਦੀ ਅਭਿਆਸ ਲੋੜ ਨੂੰ ਬਹਾਲ ਕੀਤਾ ਜਾਵੇ। ਰਾਜ ਸਰਕਾਰਾਂ 43, ਸਿਵਲ ਜੱਜ ਸੀਨੀਅਰ ਡਿਵੀਜ਼ਨ ਲਈ ਸੇਵਾ ਨਿਯਮਾਂ ਨੂੰ 25 ਫ਼ੀ ਸਦੀ ਤਕ ਵਧਾ ਕੇ ਸੋਧਣਗੀਆਂ।

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਨੇ ਕਿਹਾ ਕਿ ਸਾਰੀਆਂ ਰਾਜ ਸਰਕਾਰਾਂ ਨਿਯਮਾਂ ਵਿੱਚ ਸੋਧ ਕਰਨਗੀਆਂ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਵਲ ਜੱਜ ਜੂਨੀਅਰ ਡਿਵੀਜ਼ਨ ਲਈ ਪੇਸ਼ ਹੋਣ ਵਾਲੇ ਕਿਸੇ ਵੀ ਉਮੀਦਵਾਰ ਕੋਲ ਘੱਟੋ-ਘੱਟ 3 ਸਾਲ ਦਾ ਅਭਿਆਸ ਹੋਣਾ ਚਾਹੀਦਾ ਹੈ। ਇਹ ਬਾਰ ਵਿੱਚ 10 ਸਾਲਾਂ ਦਾ ਤਜ਼ਰਬਾ ਰੱਖਣ ਵਾਲੇ ਵਕੀਲ ਦੁਆਰਾ ਪ੍ਰਮਾਣਿਤ ਅਤੇ ਸਮਰਥਿਤ ਹੋਣਾ ਚਾਹੀਦਾ ਹੈ। ਇਸ ਸਬੰਧ ਵਿੱਚ ਜੱਜਾਂ ਦੇ ਕਾਨੂੰਨ ਕਲਰਕ ਵਜੋਂ ਤਜ਼ਰਬੇ ਨੂੰ ਵੀ ਗਿਣਿਆ ਜਾਵੇਗਾ। ਅਦਾਲਤ ਦੀ ਅਗਵਾਈ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਇੱਕ ਸਾਲ ਦੀ ਸਿਖਲਾਈ ਲੈਣੀ ਪਵੇਗੀ।

ਇਸ ਮਾਮਲੇ ਦੇ ਲੰਬਿਤ ਹੋਣ ਕਾਰਨ ਸਾਰੀਆਂ ਭਰਤੀ ਪ੍ਰਕਿਰਿਆਵਾਂ ਨੂੰ ਹੁਣ ਸੂਚਿਤ ਕੀਤੇ ਗਏ ਸੋਧੇ ਹੋਏ ਨਿਯਮਾਂ ਅਨੁਸਾਰ ਅੱਗੇ ਵਧਾਇਆ ਜਾਵੇਗਾ।

## ਦੇਸ਼ 'ਚ ਖਪਤਕਾਰ ਕਮਿਸ਼ਨਾਂ ਦੇ ਮੈਂਬਰਾਂ ਦੀਆਂ ਤਨਖਾਹਾਂ

ਚੇਅਰਪਰਸਨ ਅਤੇ ਮੈਂਬਰਾਂ ਦੀਆਂ ਤਨਖਾਹਾਂ, ਭੱਤੇ ਅਤੇ ਸੇਵਾ ਦੀਆਂ ਸ਼ਰਤਾਂ) ਮਾਡਲ ਨਿਯਮ, 2020 ਨੂੰ ਸੂਚਿਤ ਕਰਨ ਤੋਂ ਬਾਅਦ, ਬਹੁਤ ਸਾਰੇ ਰਾਜਾਂ ਨੇ ਖਪਤਕਾਰ ਸੁਰੱਖਿਆ ਐਕਟ, 2019 ਦੀ ਧਾਰਾ 102 ਦੇ ਤਹਿਤ ਆਪਣੇ ਨਿਯਮ ਬਣਾਏ ਹਨ, ਜਿਸ ਕਾਰਨ ਰਾਜਾਂ ਵਿੱਚ ਤਨਖਾਹਾਂ ਵਿੱਚ ਵਿਆਪਕ ਅੰਤਰ ਹੈ। ਅਦਾਲਤ ਨੇ ਦੁਹਰਾਇਆ ਕਿ 2019 ਦਾ ਐਕਟ ਖਪਤਕਾਰਾਂ ਦੇ ਹਿੱਤਾਂ ਦੀ ਬਿਹਤਰ ਸੁਰੱਖਿਆ ਅਤੇ ਖਪਤਕਾਰ ਵਿਵਾਦਾਂ ਦੇ ਪ੍ਰਭਾਵਸ਼ਾਲੀ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਬਣਾਇਆ ਗਿਆ ਸੀ ਅਤੇ ਇਸ ਨੇ ਰਾਜ ਅਤੇ ਜ਼ਿਲ੍ਹਾ ਖਪਤਕਾਰ ਕਮਿਸ਼ਨਾਂ ਨੂੰ ਵਿਆਪਕ ਸ਼ਕਤੀਆਂ ਦਿੱਤੀਆਂ ਹਨ। ਅਦਾਲਤ ਨੇ ਕਿਹਾ, ਇਸ ਲਈ ਇਹ ਸਪੱਸ਼ਟ ਹੈ ਕਿ ਜਦੋਂ ਤੱਕ ਉਨ੍ਹਾਂ ਨੂੰ ਢੁਕਵਾਂ ਮਿਹਨਤਾਨਾ ਅਤੇ ਭੱਤੇ ਨਹੀਂ ਦਿੱਤੇ ਜਾਂਦੇ, ਉਹ ਆਪਣੇ ਫਰਜ਼ਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨਹੀਂ ਨਿਭਾਉਣਗੇ। ਕਿਉਂਕਿ ਨਿਯਮਾਂ ਵਿੱਚ ਬਹੁਤ ਭਿੰਨਤਾ ਹੈ, ਇਸ ਲਈ ਇਹ ਇੱਕ ਢੁਕਵਾਂ ਮਾਮਲਾ ਹੈ ਕਿ ਧਾਰਾ 142 ਦੇ ਤਹਿਤ ਤਨਖਾਹ ਅਤੇ ਭੱਤਿਆਂ ਦੇ ਸਬੰਧ ਵਿੱਚ ਸੇਵਾ ਸ਼ਰਤਾਂ ਦਾ ਇੱਕ ਸਮਾਨ ਪੈਟਰਨ ਨਿਰਧਾਰਤ ਕੀਤਾ ਜਾਵੇ।

ਇੰਡੀਅਨ ਬੈਂਕ Indian Bank
ਇਲਾਹਾਬਾਦ ALLAHABAD

ਜ਼ੋਨਲ ਦਫ਼ਤਰ : ਐਸਸੀਓ 96, ਚੌਥੀ ਮੰਜ਼ਿਲ ਜ਼ਿਲ੍ਹਾ ਸ਼ਾਪਿੰਗ ਸੈਂਟਰ, ਰਣਜੀਤ ਐਵੇਨਿਊ, ਅੰਮ੍ਰਿਤਸਰ-143001

**ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਇੰਡੀਅਨ ਬੈਂਕ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਸਹਿ ਕਰਜ਼ਦਾਰ/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ (ਾਂ)/ਸਹਿ ਕਰਜ਼ਦਾਰ/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਸਹਿ ਕਰਜ਼ਦਾਰ/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਸਹਿ ਕਰਜ਼ਦਾਰ/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ **ਧਾਰਾ** 13 ਦੀ ਉਪ ਧਾਰਾ (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/ਸਹਿ ਕਰਜ਼ਦਾਰ/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਦੇ ਲਈ **ਇੰਡੀਅਨ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਅਸੀਂ ਤੁਹਾਡਾ ਧਿਆਨ ਜ਼ਾਮਨੀਆਂ ਉਪਰ ਪੁਨਰ ਪ੍ਰਾਪਤੀ ਦੇ ਤੁਹਾਡੇ ਅਧਿਕਾਰਾਂ ਨਾਲ ਸਬੰਧਤ ਸਰਫਾਇਸੀ ਐਕਟ ਅਤੇ ਇਸ ਦੇ ਅਧੀਨ ਗਠਿਤ ਨਿਯਮਾਂ ਦੀ ਧਾਰਾ 13 (8) ਦੀਆਂ ਵਿਵਸਥਾਵਾਂ ਵੱਲ ਦੁਆਉਂਦੇ ਹਾਂ।**

| ਐਨਪੀਏ ਖਾਤੇ ਦਾ ਨਾਮ | ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਨਿਮਨ ਦਰਸਾਈ ਮਿਤੀ ਨੂੰ ਬਕਾਇਆ ਰਕਮ |
|---|---|---|---|---|
| **ਚੌਕ ਫਰੀਦ, ਅੰਮ੍ਰਿਤਸਰ** ਕਰਜ਼ਦਾਰ/ਸਹਿ-ਕਰਜ਼ਦਾਰ/ਜ਼ਾਮਨ/ਗਿਰਵੀਕਾਰ: 1. ਸ਼੍ਰੀ ਬਲਜੀਤ ਸਿੰਘ ਪੁੱਤਰ ਗੁਰਨਾਮ ਸਿੰਘ, ਵਾਸੀ ਮਕਾਨ ਨੰ: 1250 ਜਵਾਲਾ ਨਗਰ ਨਰਾਇਣਗੜ੍ਹ ਛੇਹਰਟਾ, ਅੰਮ੍ਰਿਤਸਰ, ਜ਼ਿਲ੍ਹਾ ਅੰਮ੍ਰਿਤਸਰ ਪੰਜਾਬ (ਕਰਜ਼ਦਾਰ/ਗਿਰਵੀਕਾਰ), 2. ਸ਼੍ਰੀ ਮਨਦੀਪ ਸਿੰਘ ਪੁੱਤਰ ਗੁਰਨਾਮ ਸਿੰਘ ਛੇਹਰਟਾ ਵਾਸੀ ਮਕਾਨ ਨੰਬਰ 1250 ਜਵਾਲਾ ਨਗਰ ਨਰਾਇਣਗੜ੍ਹ ਛੇਹਰਟਾ. ਅੰਮ੍ਰਿਤਸਰ, ਜ਼ਿਲ੍ਹਾ ਅੰਮ੍ਰਿਤਸਰ ਪੰਜਾਬ (ਸਹਿ ਕਰਜ਼ਦਾਰ/ਗਿਰਵੀਕਾਰ), 3. ਸ਼੍ਰੀ ਵਿਕਰਮਜੀਤ ਸਿੰਘ ਪੁੱਤਰ ਗੁਰਨਾਮ ਸਿੰਘ, ਵਾਸੀ ਮਕਾਨ ਨੰ: 1250 ਜਵਾਲਾ ਨਗਰ ਨਰਾਇਣਗੜ੍ਹ ਛੇਹਰਟਾ, ਅੰਮ੍ਰਿਤਸਰ, ਜਿਲਾ ਅੰਮ੍ਰਿਤਸਰ ਪੰਜਾਬ (ਸਹਿ ਕਰਜ਼ਦਾਰ/ਗਿਰਵੀਕਾਰ), 4. ਸ਼੍ਰੀਮਤੀ ਇੰਦਰਜੀਤ ਕੌਰ ਪੁੱਤਰੀ ਮੱਘਰ ਸਿੰਘ ਵਾਸੀ ਵਾਰਡ ਨੰ. 15, ਗਲੀ ਨੰ. 5, ਆਬਾਦੀ ਗੁਰੂ ਨਗਰ ਵੇਰਕਾ ਅੰਮ੍ਰਿਤਸਰ ਪੰਜਾਬ (ਜ਼ਾਮਨ) | ਰਿਹਾਇਸ਼ੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜਿਸ ਵਿੱਚ ਪਲਾਟ ਨੰਬਰ 27, ਖਸਰਾ ਨੰਬਰ 56//1/2,56//2 ਮਿਨ, ਹਮੀਦਪੁਰਾ ਇਲਾਕਾ ਬਾਬਾ ਦੀਪ ਸਿੰਘ ਜੀ ਐਵੇਨਿਊ ਪੁਰਾਣਾ ਨਰਾਇਣਗੜ੍ਹ ਨੇੜੇ ਸ਼ਿਵ ਮੰਦਰ, ਅੰਮ੍ਰਿਤਸਰ ਵਿੱਚ ਸਥਿਤ, 118 ਵਰਗ ਗਜ਼ ਦਾ ਟਾਈਟਲ ਡੀਡ ਸਬ-ਰਜਿਸਟਰਾਰ ਅੰਮ੍ਰਿਤਸਰ ਦੇ ਦਫ਼ਤਰ ਵਿੱਚ ਦਸਤਾਵੇਜ਼ ਨੰਬਰ 23, ਕਿਤਾਬ ਨੰਬਰ 1, ਜ਼ਿਲਦ ਨੰਬਰ 7430, ਸਫਾ ਨੰਬਰ 9394 ਮਿਤੀ 03.04.2018 ਰਾਹੀਂ ਸ਼੍ਰੀ ਬਲਜੀਤ ਸਿੰਘ, ਮਨਦੀਪ ਸਿੰਘ ਅਤੇ ਵਿਕਰਮਜੀਤ ਸਿੰਘ ਦੇ ਨਾਮ 'ਤੇ ਰਜਿਸਟਰਡ ਹੈ। ਜਾਇਦਾਦ/ਸੀਮਾਵਾਂ ਦੇ ਭੌਤਿਕ ਵੇਰਵੇ, ਟਾਈਟਲ ਡੀਡ ਅਨੁਸਾਰ ਉੱਤਰ: ਦੂਜਿਆਂ ਦੀ ਜਾਇਦਾਦ, ਦੱਖਣ: ਗਲੀ, ਪੂਰਬ: ਪਲਾਟ ਨੰਬਰ 26, ਪੱਛਮ: ਪਲਾਟ ਨੰਬਰ 28, ਈਵੀਆਰ ਅਨੁਸਾਰ ਉੱਤਰ: ਦੂਜਿਆਂ ਦੀ ਜਾਇਦਾਦ, ਦੱਖਣ: ਗਲੀ, ਪੂਰਬ: ਪਲਾਟ ਨੰਬਰ 26, ਪੱਛਮ: ਪਲਾਟ ਨੰਬਰ 28 | 11.03.2025 | 20.05.2025 | 11.03.2025 ਨੂੰ 19,13,682/- ਰੁਪਏ (ਉਨੀ ਲੱਖ ਤੇਰਾਂ ਹਜ਼ਾਰ ਛੇ ਸੌ ਬਿਆਸੀ ਰੁਪਏ ਸਿਰਫ਼) ਅਤੇ ਉਸ 'ਤੇ ਵਿਆਜ, ਚਾਰਜ ਸਮੇਤ। |
| **ਚੌਕ ਫਰੀਦ, ਅੰਮ੍ਰਿਤਸਰ** ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ): 1. ਸ਼੍ਰੀ ਨਿਰਮਲ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਮਕਾਨ ਨੰਬਰ 308 ਏਕੀ ਨਰਾਇਣਗੜ੍ਹ ਛੇਹਰਟਾ, ਜ਼ਿਲ੍ਹਾ ਅੰਮ੍ਰਿਤਸਰ ਪੰਜਾਬ-143001। (ਕਰਜ਼ਦਾਰ/ਗਿਰਵੀਕਾਰ), 2. ਸ਼੍ਰੀਮਤੀ ਜਗਰੂਪ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਨੰਬਰ 5429 ਗੋਸਾਈਲ ਰੋਡ ਟੂਟੀਵਾਲਾ ਮੰਦਿਰ ਜੰਡਿਆਲਾ ਗੁਰੂ ਅੰਮ੍ਰਿਤਸਰ ਪੰਜਾਬ-143001 (ਜ਼ਾਮਨ) | ਪਲਾਟ ਨੰਬਰ 22 ਮਿਨ, ਖਸਰਾ ਨੰਬਰ 43//22/3/2 ਮਿਨ ਅਤੇ 58/22 ਮਿਨ ਖਾਤਾ ਨੰਬਰ 169/277 ਕਿਰਪਾ ਨਗਰ 21 ਕੁਆਰਟਰ ਏਰੀਆ ਹਾਮਿਦਪੁਰ, ਕ੍ਰਿਸ਼ਨਾ ਮੰਦਰ ਦੀ ਮੁੱਖ ਗਲੀ, ਅੰਮ੍ਰਿਤਸਰ ਦਾ ਮਾਪ 41.33 ਵਰਗ ਗਜ਼ ਹੈ, ਜਿਸਦੀ ਮਾਲਕੀ ਦਸਤਾਵੇਜ਼ ਨੰਬਰ 7819, ਕਿਤਾਬ ਨੰਬਰ 1, ਭਾਗ ਨੰਬਰ 6097, ਪੰਨਾ ਨੰਬਰ 2324 ਮਿਤੀ 27.11.2014 ਦੁਆਰਾ ਸਬ-ਰਜਿਸਟਰਾਰ ਅੰਮ੍ਰਿਤਸਰ ਵਿਖੇ ਪੰਜੀਕ੍ਰਿਤ ਸੰਪੱਤੀ ਦੇ ਸਾਰੇ ਭਾਗ ਅਤੇ ਹਿੱਸੇ। ਜਾਇਦਾਦ ਦੀ ਹੱਦ ਹੇਠ ਲਿਖੇ ਅਨੁਸਾਰ ਹੈ (19.02.2024 ਦੀ EVR ਅਨੁਸਾਰ): ਪੁਰਾਣੀ ਰਿਪੋਰਟ ਅਨੁਸਾਰ ਉੱਤਰ: ਦੂਜਿਆਂ ਦੀ ਜਾਇਦਾਦ, ਦੱਖਣ: ਗਲੀ (ਮ੍ਰਿਤਕ EMD), ਪੂਰਬ: ਸ. ਸੁਖਦੇਵ ਸਿੰਘ ਦੀ ਜਾਇਦਾਦ, ਪੱਛਮ: ਉਸੇ ਘਰ ਦਾ ਬਾਕੀ ਹਿੱਸਾ, ਮਿਤੀ 19.02.2024 ਦੀ EVR ਅਨੁਸਾਰ ਉੱਤਰ: ਦੂਜਿਆਂ ਦਾ ਘਰ, ਦੱਖਣ: ਗਲੀ 20' ਚੌੜੀ, ਪੂਰਬ: ਦੂਜਿਆਂ ਦੀ ਜਾਇਦਾਦ, ਪੱਛਮ: ਦੂਜਿਆਂ ਦੀ ਜਾਇਦਾਦ | 11.03.2025 | 20.05.2025 | 11.03.2025 ਨੂੰ 3,06,024/- ਰੁਪਏ (ਤਿੰਨ ਲੱਖ ਛੇ ਹਜ਼ਾਰ ਚੌਵੀ ਰੁਪਏ ਸਿਰਫ਼) ਲਾਗਤਾਂ, ਚਾਰਜਾਂ, ਖਰਚਿਆਂ ਅਤੇ ਉਸ 'ਤੇ ਵਿਆਜ ਸਮੇਤ। |

ਮਿਤੀ : 20.05.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ

ਪਬਲਿਕ ਨੋਟਿਸ

ਮੈਂ ਸ੍ਰੀਮਤੀ ਰਾਜਵੀਰ ਕੌਰ ਪਤਨੀ ਸੁਖਚੈਨ ਸਿੰਘ ਪੁੱਤਰ ਗੁਰਜੰਟ ਸਿੰਘ ਵਾਸੀ ਭਾਈਰੂਪਾ, ਤਹਿਸੀਲ ਫੂਲ, ਜ਼ਿਲ੍ਹਾ। ਬਠਿੰਡਾ (ਆਧਾਰ ਨੰਬਰ 3123 0343 0605) ਕੁੱਲ ਪ੍ਰਾਪਰਟੀ ਪੁਰਾਣੀ ਬਿਲਡਿੰਗ ਨੂੰ ਡਿਮੋਲਿਸ਼ ਮੇਜ਼ਰਿੰਗ (257 ਵਰਗ ਗਜ਼) 0ਕ-8.50ਮ ਐਮ ਪ੍ਰਾਪਰਟੀ ਮੀਜ਼ਰਿੰਗ 0ਕ-8.50ਮ ਐਮ ਭਾਵ 5ਕ-12ਮ ਖਤੌਨੀ ਨੰਬਰ ਦਾ 17/224 ਹਿੱਸਾ। 1494/2367 ਖਸਰਾ ਨੰ: 39//9/1(4-8), 9/2 ਮਿਨ (1-4) ਫਰਦ ਬਦਰ ਨੰ. 165, ਰਾਮਪੁਰਾ ਦੀ ਜਮਾਂਬੰਦੀ 2020-21 ਦੇ ਅਨੁਸਾਰ, ਨੇੜੇ ਸਮਾਰਟ ਬਜ਼ਾਰ, ਨਿਊ ਕਲਗੀਧਰ ਕਲੋਨੀ, ਰਾਮਪੁਰਾ ਫੂਲ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ ਵਿੱਚ M.C ਸੀਮਾਵਾਂ ਰਾਮਪੁਰਾ ਫੂਲ ਵਿੱਚ ਸਥਿਤ ਹੈ। ਹੇਠ ਲਿਖੇ ਅਨੁਸਾਰ ਸੀਮਾਬੱਧ: ਪੂਰਬ-25'-0 ਸਟਰੀਟ, ਪੱਛਮ:-25'-6" ਰਾਮਪੁਰਾ ਪਿੰਡ ਰੋਡ, ਉੱਤਰ: 90'-0" ਸੁਖਬੀਰ ਸਿੰਘ, ਦੱਖਣ-95'-0" ਨਾਇਬ ਸਿੰਘ ਨੇ ਸੱਤਿਆ ਦੇਵੀ ਪਤਨੀ ਮਹਿੰਦਰਪਾਲ ਪੁੱਤਰ ਮੋਹਨ ਲਾਲ ਨਿਵਾਸੀ ਰਾਮਪੁਰਾ ਫੂਲ, ਤਹਿਸੀਲ ਫੂਲ, ਜ਼ਿਲ੍ਹਾ ਬਠਿੰਡਾ ਤੋਂ ਇੱਕ ਰਜਿਸਟਰਡ ਵਿਕਰੀ ਡੀਡ ਨੰਬਰ 2024-25/73/1/4138 ਮਿਤੀ 21-02-2025 ਰਾਹੀਂ। ਅਸਲ ਪੁਰਾਣੀ ਵਿਕਰੀ ਡੀਡ ਨੰਬਰ 207 ਮਿਤੀ 16-04-2007 ਅਤੇ 3412 ਮਿਤੀ 12-09-2012 ਸਾਡੇ ਤੋਂ ਗੁੰਮ ਹੋ ਗਈ ਹੈ, ਜਿਸ ਵਿਰੁੱਧ ਅਸੀਂ ਔਨਲਾਈਨ DDR SR LRN ਨੰਬਰ 596749/2025 ਮਿਤੀ 19-05-2025 ਅਰਜ਼ੀ ਦਿੱਤੀ ਹੈ। ਹੁਣ, ਅਸੀਂ ਸਟੇਟ ਬੈਂਕ ਆਫ਼ ਇੰਡੀਆ (SME) ਰਾਮਪੁਰਾ ਫੂਲ, (ਕੋਡ- 50059), ਬਠਿੰਡਾ ਤੋਂ ਰਿਹਾਇਸ਼ੀ ਕਰਜ਼ਾ ਲੈਣ ਜਾ ਰਹੇ ਹਾਂ। ਸਾਡੀ ਇਸ ਜਾਇਦਾਦ 'ਤੇ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ, ਤਾਂ ਉਹ 7 ਦਿਨਾਂ ਦੇ ਅੰਦਰ-ਅੰਦਰ ਦਿਨੇਸ਼ ਕੁਮਾਰ ਗਰਗ, ਐਡਵੋਕੇਟ, ਚੈਂਬਰ ਨੰਬਰ 1, ਸਿਵਲ ਕੋਰਟਸ, ਫੂਲ (ਮੋਬ. ਨੰ., 98030-84000 ਅਤੇ ਈਮੇਲ ਆਈਡੀ advocatedishu@gmail.com) ਜਾਂ ਉਪਰੋਕਤ ਨਾਮ ਵਾਲੇ ਬੈਂਕ ਨੂੰ ਲਿਖਤੀ ਰੂਪ ਵਿੱਚ ਸੂਚਿਤ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ/ਸਵੀਕਾਰ ਕੀਤਾ ਜਾਵੇਗਾ।

ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ



ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ

ਵਿਸ਼ਾ:- ਸਵਰਗੀ ਸ੍ਰੀ ਰਮੇਸ਼ ਕੁਮਾਰ ਦੀ ਮੌਤ ਦੇ ਆਧਾਰ 'ਤੇ ਵਪਾਰਕ ਬੂਥ ਨੰਬਰ 33, ਸੈਕਟਰ 40, ਚੰਡੀਗੜ੍ਹ [illegible]

| ਲੜੀ ਨੰ. | ਕਾਨੂੰਨੀ ਵਾਰਸ ਦਾ ਨਾਮ | ਮ੍ਰਿਤਕ ਨਾਲ ਸਬੰਧ |
|---|---|---|
| 1. | ਤੁਸ਼ਾਰ ਸਿੰਗਲਾ | ਪੁੱਤਰ |
| 2. | ਸ਼ਲਕਸ਼ਣਾ ਰਾਣੀ | ਪਤਨੀ |
| 3. | ਜੋਤੀ ਮਿੱਤਲ | ਪੁੱਤਰੀ |

[illegible]

ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ

ਇੰਡੀਅਨ ਬੈਂਕ Indian Bank
ਇਲਾਹਾਬਾਦ ALLAHABAD

ਜ਼ੋਨਲ ਦਫ਼ਤਰ: ਐਸਸੀਓ 96, ਜ਼ਿਲ੍ਹਾ ਸ਼ਾਪਿੰਗ ਸੈਂਟਰ, ਚੌਥੀ ਮੰਜ਼ਿਲ, ਰਣਜੀਤ ਐਵਿਨਿਊ, ਅੰਮ੍ਰਿਤਸਰ-143001
PH. NO.: 0183-2830600; FAX NO.: 0183-2500108, E-MAIL: zoamritsar@indianbank.co.in

**ਮੰਗ ਸੂਚਨਾ**

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਦੇ ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੇ ਪੁਨਰ ਭੁਗਤਾਨ ਦੀ ਮਿਤੀ ਤੱਕ ਨਿਮਨ ਦਰਸਾਈ ਮਿਤੀ ਤੋਂ ਸਹਿਮਤ ਦਰ 'ਤੇ ਅਗਲੇਰੇ ਵਿਆਜ ਸਮੇਤ ਨਿਮਨ ਦਰਸਾਈ ਬਕਾਇਆ ਰਕਮ ਭਾਵ ਬਹੀ ਬਕਾਇਆ + ਐਮਓਆਈ ਦੀ ਰਕਮ ਦੇ ਕਰਜ਼ਿਆਂ ਦਾ ਪੁਨਰ ਭੁਗਤਾਨ ਕਰਨ ਵਿਚ ਕੁਤਾਹੀ ਕੀਤੀ ਹੈ। ਬੈਂਕ ਨੇ ਕਾਨੂੰਨ ਅਧੀਨ ਸੂਚਨਾ ਜਾਰੀ ਕਰਕੇ ਨਿਮਨ ਦਰਸਾਈ ਬਕਾਇਆ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੱਤਾ ਹੈ। ਸੂਚਨਾ ਤੁਹਾਨੂੰ ਪੰਜੀਕ੍ਰਿਤ ਡਾਕ ਦੁਆਰਾ ਭੇਜੀ ਗਈ ਸੀ ਜੋ ਕਿ ਬਿਨਾਂ ਤਾਮੀਲ ਤੋਂ ਪਰਤ ਆਈ ਹੈ।

| ਸ਼ਾਖਾ/ਕਰਜ਼ਦਾਰਾਂ /ਜ਼ਾਮਨਾਂ/ਗਿਰਵੀਕਾਰ ਦਾ ਨਾਮ | ਗਿਰਵੀ/ਹਾਈਪੋਥੀਕੇਟਿਡ ਅਸਾਸਿਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ | ਸੂਚਨਾ ਅਨੁਸਾਰ ਬਕਾਇਆ ਰਕਮ | ਪੰਜੀਕ੍ਰਿਤ ਡਾਕ ਭੇਜਣ ਦੀ ਮਿਤੀ / ਸੁਵਿਧਾ ਦਾ ਸਰੂਪ |
|---|---|---|---|---|
| **ਸਰਕੁਲਰ ਰੋਡ ਸ਼ਾਖਾ** **1. ਸ਼੍ਰੀ ਸੁਖਦੇਵ ਸਿੰਘ ਸਪੁੱਤਰ ਸ਼੍ਰੀ ਅਨੂਪ ਸਿੰਘ**, ਮਕਾਨ ਨੰ. 296, ਪ੍ਰੇਮ ਨਗਰ, ਮੀਰਾਕੋਟ ਰੋਡ, ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ-143008 (**ਕਰਜ਼ਦਾਰ/ਗਿਰਵੀਕਾਰ**), 2. **ਸ਼੍ਰੀ ਹਰਦੇਵ ਸਿੰਘ ਸਪੁੱਤਰ ਸ਼੍ਰੀ ਅਨੂਪ ਸਿੰਘ**, ਵਾਸੀ ਮਕਾਨ ਨੰ. 296, ਪ੍ਰੇਮ ਨਗਰ, ਮੀਰਾਕੋਟ ਰੋਡ, ਜ਼ਿਲ੍ਹਾ ਅੰਮ੍ਰਿਤਸਰ,ਪੰਜਾਬ-143008 (**ਜ਼ਾਮਨ**) | ਸ਼੍ਰੀ ਸੁਖਦੇਵ ਸਿੰਘ ਦੇ ਨਾਮ 'ਤੇ ਦਸਤਾਵੇਜ਼ ਨੰਬਰ 2023-24/93/1/12531, ਬਹੀ ਨੰ. 1, ਮਿਤੀ 27.03.2024 ਦੇ ਅਧੀਨ ਸਬ-ਰਜਿਸਟਰਾਰ ਅੰਮ੍ਰਿਤਸਰ-1 ਦੇ ਦਫ਼ਤਰ ਵਿਚ ਪੰਜੀਕ੍ਰਿਤ ਵਿਕਰੀ ਡੀਡ ਦੇ ਅਧੀਨ ਪਿੰਡ ਮਾਹਲ ਉਪ ਸ਼ਹਿਰੀ ਨਵੀਂ ਆਬਾਦੀ ਅਸ਼ੋਕ ਵਿਹਾਰ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ ਖਸਰਾ ਨੰ. 31//12 ਦੇ ਅਧੀਨ 200 ਵਰਗ ਗਜ਼ ਮਾਪ ਵਾਲੀ ਰਿਹਾਇਸ਼ੀ ਸੰਪੱਤੀ/ਪਲਾਟ ਨੰ. 100 ਦੇ ਸਾਰੇ ਭਾਗ ਅਤੇ ਹਿੱਸੇ। ਈਆਰ ਪਾਰਸ ਐਸੋਸੀਏਟਸ ਦੀ ਮੁਲਾਂਕਣ ਰਿਪੋਰਟ ਮਿਤੀ 03.01.2024 ਦੇ ਅਨੁਸਾਰ ਹੱਦਾਂ : ਉਤਰ : ਸੜਕ 30 ਫੁੱਟ, ਦੱਖਣ : ਪਲਾਟ ਨੰ.87, ਪੂਰਬ : ਪਲਾਟ ਨੰ. 99, ਪੱਛਮ : ਸੜਕ 30 ਫੁੱਟ। | 12.05.2025 / 08.05.2025 | **ਮਿਤੀ 11.05.2025 ਅਨੁਸਾਰ ਬਕਾਇਆ ਰਕਮ ਰੁ. 30,25,273.00 (ਰੁਪਏ ਤੀਹ ਲੱਖ ਪੱਚੀ ਹਜ਼ਾਰ ਦੋ ਸੌ ਤਿਹੱਤਰ ਕੇਵਲ)** ਅਤੇ ਪੁਨਰ ਭੁਗਤਾਨ ਦੀ ਮਿਤੀ ਤੱਕ 12.05.2025 ਤੋਂ ਸਹਿਮਤ ਦਰ 'ਤੇ ਦਰਸਾਈ ਰਕਮ ਉਪਰ ਅਗਲੇਰਾ ਵਿਆਜ ਲਾਗੂ ਹੈ। | 14.05.2025 / IBHL |

ਉਕਤ ਕਰਜ਼ਦਾਰ (ਾਂ)/ਜ਼ਾਮਨ (ਾਂ) /ਗਿਰਵੀਕਾਰ (ਾਂ) ਨੂੰ ਸੱਦਾ ਦਿੱਤਾ ਜਾਂਦਾ ਹੈ ਕਿ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਅਸੀਂ ਉਕਤ ਦਰਸਾਏ ਸੁੱਰਖਿਅਤ ਅਸਾਸਿਆਂ ਦੇ ਖਿਲਾਫ ਸੁਰੱਖਿਆ ਵਿਆਜ ਦੇ ਲਾਗੂਕਰਨ ਦੇ ਅਧਿਕਾਰਾਂ ਦੀ ਵਰਤੋਂ ਕਰਨ ਲਈ ਮਜਬੂਰ ਹੋ ਜਾਵਾਂਗੇ। ਇਹ ਸੂਚਨਾ ਸੁਰੱਖਿਅਤ ਕਰਜ਼ਦਾਤਾ ਲਈ ਉਪਲਬਧ ਕਿਸੇ ਵੀ ਹੋਰ ਅਧਿਕਾਰ/ਉਪਚਾਰ ਨਾਲ ਪੱਖਪਾਤ ਤੋਂ ਬਿਨ੍ਹਾਂ ਹੈ।

**''ਅਸੀਂ ਤੁਹਾਡਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਦੇ ਤੁਹਾਡੇ ਅਧਿਕਾਰਾਂ ਨਾਲ ਸਬੰਧਤ ਨਿਮਨ ਗਠਿਤ ਨਿਯਮਾਂਵਲੀ ਅਤੇ ਸਰਫਾਇਸੀ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਉਂਦੇ ਹਾਂ।''**

ਇਹ ਸੂਚਨਾ ਡੀਆਰਟੀ/ਡੀਆਰਟੀ ਦੇ ਆਰਓ/ਡੀਆਰਏਟੀ/ਅਦਾਲਤ ਕੋਲ ਮੌਜੂਦਾ ਲੰਬਿਤ ਕਾਰਵਾਈਆਂ ਨਾਲ ਅੱਗੇ ਵਧਣ ਦੇ ਆਪਣੇ ਅਧਿਕਾਰ ਅਤੇ ਆਦੇਸ਼ ਨੂੰ ਕਾਰਜਰੂਪ ਕਰਨ/ਆਦੇਸ਼ ਪ੍ਰਾਪਤ ਕਰਨ/ਪ੍ਰਾਪਤ ਕੀਤੇ ਜਾਣ ਸਮੇਤ ਕਾਰਵਾਈ ਸਮੇਤ ਬੈਂਕ ਨੂੰ ਉਪਲਬਧ ਕਿਸੇ ਵੀ ਹੋਰ ਉਪਚਾਰ ਦੀ ਉਲੰਘਣਾ ਤੋਂ ਬਿਨਾਂ ਹੈ।

ਮਿਤੀ :20.05.2025 ਸਥਾਨ : ਅੰਮ੍ਰਿਤਸਰ ਅਧਿਕਾਰਤ ਅਧਿਕਾਰੀ

**ਵਸੂਲੀ ਅਧਿਕਾਰੀ-I/II ਦਾ ਦਫ਼ਤਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਫਾਰਮ ਨੰ. 14
[ਦੇਖੋ ਨਿਯਮ 33 (2)]

ਪੰਜੀਕ੍ਰਿਤ ਏਡੀ, ਦਸਤੀ ਦੁਆਰਾ ਅਸਫ਼ਲ ਰਹਿਣ 'ਤੇ ਪ੍ਰਕਾਸ਼ਨ ਦੁਆਰਾ

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./625/2023 26.03.2025

ਇੰਡੀਅਨ ਬੈਂਕ
ਬਨਾਮ
ਆਸਾ ਸਿੰਘ ਅਤੇ ਹੋਰ

ਵੱਲ,
(ਸੀਡੀ 1) ਸ਼੍ਰੀ ਆਸਾ ਸਿੰਘ ਪੁੱਤਰ ਸ਼੍ਰੀ ਜੋਗਿੰਦਰ ਸਿੰਘ (ਹੁਣ ਮ੍ਰਿਤਕ) ਆਪਣੇ ਨਿਮਨ ਕਾਨੂੰਨੀ ਵਾਰਸਾਂ ਰਾਹੀਂ:-
ਕਾਨੂੰਨੀ ਵਾਰਸ: 1
(ੳ) ਸ਼੍ਰੀਮਤੀ ਜਗੀਰ ਕੌਰ (ਮ੍ਰਿਤਕ ਸ਼੍ਰੀਮਤੀ ਆਸਾ ਸਿੰਘ ਪੁੱਤਰ ਜੋਗਿੰਦਰ ਸਿੰਘ ਦੀ ਮਾਤਾ) ਪਿੰਡ ਮਹਿਮਦਵਾਲ ਡਾਕਖਾਨਾ ਖੀਰਾਂਵਾਲੀ ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ, ਪੰਜਾਬ
ਕਾਨੂੰਨੀ ਵਾਰਸ: 2
(ਅ) ਸ਼੍ਰੀਮਤੀ ਮਨਦੀਪ ਕੌਰ (ਪਤਨੀ ਮ੍ਰਿਤਕ ਸ਼੍ਰੀ ਆਸਾ ਸਿੰਘ ਪੁੱਤਰ ਜੋਗਿੰਦਰ ਸਿੰਘ) ਪਿੰਡ ਮਹਿਮਦਵਾਲ ਡਾਕਖਾਨਾ ਖੀਰਾਂਵਾਲੀ ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ, ਪੰਜਾਬ
ਕਾਨੂੰਨੀ ਵਾਰਸ: 3
(ੲ) ਵਰਿੰਦਰ ਸਿੰਘ (ਪੁੱਤਰ ਮ੍ਰਿਤਕ ਸ਼੍ਰੀ ਆਸਾ ਸਿੰਘ ਪੁੱਤਰ ਜੋਗਿੰਦਰ ਸਿੰਘ) ਪਿੰਡ ਮਹਿਮਦਵਾਲ ਡਾਕਖਾਨਾ ਖੀਰਾਂਵਾਲੀ ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ, ਪੰਜਾਬ
(ਸੀਡੀ 2) ਸ਼੍ਰੀ ਮੇਹਰ ਸਿੰਘ ਪੁੱਤਰ ਸ਼੍ਰੀ ਜੋਗਿੰਦਰ ਸਿੰਘ, ਪਿੰਡ ਮਹਿਮਦਵਾਲ ਡਾਕਖਾਨਾ ਖੀਰਾਂਵਾਲੀ ਤਹਿਸੀਲ ਅਤੇ ਜ਼ਿਲ੍ਹਾ ਕਪੂਰਥਲਾ, ਪੰਜਾਬ

ਸੰਮਨ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/1265/2021 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 22.04.2021 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 10.00% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 4195730.00/- (ਰੁਪਏ ਇਕਤਾਲੀ ਲੱਖ ਪਚਾਨਵੇਂ ਹਜ਼ਾਰ ਸੱਤ ਸੌ ਤੀਹ ਕੇਵਲ) ਦੀ ਰਕਮ ਅਤੇ ਰੁ.44000/- (ਰੁਪਏ ਚੁਤਾਲੀ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 16.07.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ 26.03.2025 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)

**ਵਸੂਲੀ ਅਧਿਕਾਰੀ-I/II ਦਾ ਦਫ਼ਤਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**
ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

ਫਾਰਮ ਨੰ. 14
[ਦੇਖੋ ਨਿਯਮ 33 (2)]
ਰਾਹੀਂ ਇਸ ਦੇ ਪ੍ਰਕਾਸ਼ਨ

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./710/2024 21.04.2025

ਇੰਡੀਅਨ ਬੈਂਕ
ਬਨਾਮ
ਭਜਨ ਕੌਰ ਅਤੇ ਹੋਰ

ਵੱਲ,
(ਸੀਡੀ 1) ਭਜਨ ਕੌਰ ਪਤਨੀ ਗੁਰਮੁਖ ਸਿੰਘ, ਜੋ ਕਿ ਉਸਦੇ ਕਾਨੂੰਨੀ ਵਾਰਸਾਂ ਦੁਆਰਾ ਦਰਸਾਈ ਗਈ ਸੀ।
ਕਾਨੂੰਨੀ ਵਾਰਸ: 1
ਬਲਦੇਵ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਸ਼ੇਖੂਪੁਰ ਜ਼ਿਲ੍ਹਾ ਕਪੂਰਥਲਾ, ਪੰਜਾਬ
ਕਾਨੂੰਨੀ ਵਾਰਸ: 2
ਅਮਰਜੀਤ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਸ਼ੇਖੂਪੁਰ ਜ਼ਿਲ੍ਹਾ ਕਪੂਰਥਲਾ, ਪੰਜਾਬ।
ਕਾਨੂੰਨੀ ਵਾਰਸ: 3
ਨਰਿੰਦਰ ਸਿੰਘ ਪੁੱਤਰ ਗੁਰਮੁਖ ਸਿੰਘ ਵਾਸੀ ਪਿੰਡ ਅਤੇ ਡਾਕਖਾਨਾ ਸ਼ੇਖੂਪੁਰ ਜ਼ਿਲ੍ਹਾ ਕਪੂਰਥਲਾ, ਪੰਜਾਬ।
(ਸੀਡੀ 2) ਸ਼੍ਰੀ ਨਰਿੰਦਰ ਸਿੰਘ ਪੁੱਤਰ ਸ਼੍ਰੀ ਗੁਰਮੁਖ ਸਿੰਘ, ਵਾਸੀ ਪਿੰਡ ਅਤੇ ਡਾਕਖਾਨਾ ਸ਼ੇਖੂਪੁਰ, ਜ਼ਿਲ੍ਹਾ ਕਪੂਰਥਲਾ, ਪੰਜਾਬ
(ਸੀਡੀ 3) ਸ਼੍ਰੀ ਬਲਦੇਵ ਸਿੰਘ ਪੁੱਤਰ ਸ਼੍ਰੀ ਗੁਰਮੁਖ ਸਿੰਘ, ਵਾਸੀ ਪਿੰਡ ਅਤੇ ਡਾਕਖਾਨਾ ਸ਼ੇਖੂਪੁਰ, ਜ਼ਿਲ੍ਹਾ ਕਪੂਰਥਲਾ, ਪੰਜਾਬ

ਸੰਮਨ

ਇਹ ਸੂਚਿਤ ਕੀਤਾ ਜਾਂਦਾ ਹੈ ਕਿ ਓਏ/3210/2019 ਵਿਚ ਪ੍ਰਧਾਨਗੀ ਅਧਿਕਾਰੀ, ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 09.12.2019 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 8.00% ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ. 4297103.00/- (ਰੁਪਏ ਬਿਆਲੀ ਲੱਖ ਸਤਾਨਵੇਂ ਹਜ਼ਾਰ ਇਕ ਸੌ ਤਿੰਨ ਕੇਵਲ) ਦੀ ਰਕਮ ਅਤੇ ਰੁ.45000/- (ਰੁਪਏ ਪੰਤਾਲੀ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ 27.08.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ 21.04.2025 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)

ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ

# ਰੋਜ਼ਾਨਾ ਖਾਲੀ ਪੇਟ ਪੀਓ ਘੀਆ ਦਾ ਜੂਸ, ਨਹੀਂ ਹੋਵੇਗੀ ਯੂਰਿਕ ਐਸਿਡ ਦੀ ਸਮੱਸਿਆ

ਯੂਰਿਕ ਐਸਿਡ ਸਰੀਰ 'ਚ ਪਿਊਰੀਨ ਨਾਮਕ ਤੱਤ ਦੇ ਟੁੱਟਣ ਨਾਲ ਬਣਦਾ ਹੈ, ਜੋ ਕਿ ਕੁਝ ਭੋਜਨ ਸਮੱਗਰੀਆਂ 'ਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਹੈ। ਜਦੋਂ ਯੂਰਿਕ ਐਸਿਡ ਦੀ ਮਾਤਰਾ ਸਰੀਰ 'ਚ ਜ਼ਿਆਦਾ ਹੋ ਜਾਂਦੀ ਹੈ, ਤਾਂ ਇਹ ਜੋੜਾਂ 'ਚ ਜੰਮਣ ਲੱਗਦਾ ਹੈ ਜਿਸ ਕਾਰਨ ਗਠੀਆ, ਸੋਜ ਤੇ ਤੇਜ਼ ਦਰਦ ਵਰਗੀਆਂ ਸਮੱਸਿਆਵਾਂ ਪੈਦਾ ਹੋ ਜਾਂਦੀਆਂ ਹਨ। ਬਹੁਤ ਵਾਰੀ ਇਹ ਸਮੱਸਿਆ ਅਣਹੇਅਤ ਖੁਰਾਕ, ਧੀਮੇ ਪਾਚਨ ਤੰਤਰ ਜਾਂ ਪਾਣੀ ਘੱਟ ਪੀਣ ਕਰਕੇ ਹੋ ਸਕਦੀ ਹੈ ਪਰ ਚਿੰਤਾ ਦੀ ਗੱਲ ਨਹੀਂ ਕੁਝ ਘਰੇਲੂ ਨੁਸਖੇ ਅਤੇ ਸਵੇਰ ਖਾਲੀ ਪੇਟ ਕੁਦਰਤੀ ਚੀਜ਼ਾਂ ਸੇਵਨ ਕਰਕੇ ਤੁਸੀਂ ਇਸ ਨੂੰ ਕਾਬੂ ਕਰ ਸਕਦੇ ਹੋ। ਇਸ ਲੇਖ 'ਚ ਅਸੀਂ ਤੁਹਾਨੂੰ ਦੱਸਾਂਗੇ ਕਿ ਯੂਰਿਕ ਐਸਿਡ ਘਟਾਉਣ ਲਈ ਰੋਜ਼ਾਨਾ ਸਵੇਰੇ ਖਾਲੀ ਪੇਟ ਕੀ ਖਾਧਾ ਜਾਵੇ, ਜੋ ਸਧਾਰਣ, ਸੁਰੱਖਿਅਤ ਅਤੇ ਪ੍ਰਭਾਵਸ਼ਾਲੀ ਹੈ।



**ਘੀਆ ਦਾ ਜੂਸ:** ਦਿਨ ਦੀ ਸ਼ੁਰੂਆਤ ਲੌਕੀ ਦੇ ਤਾਜ਼ੇ ਜੂਸ ਨਾਲ ਕਰੋ। ਇਹ ਤਣਾਅ ਨੂੰ ਘਟਾਵੇ ਤੇ ਖੂਨ ਨੂੰ ਸਾਫ ਕਰਨ ਦੇ ਨਾਲ-ਨਾਲ ਯੂਰਿਕ ਐਸਿਡ ਦੀ ਮਾਤਰਾ ਨੂੰ ਵੀ ਘਟਾਉਂਦਾ ਹੈ।

**ਨਿੰਬੂ ਪਾਣੀ:** ਕੋਸੇ ਪਾਣੀ 'ਚ ਅੱਧਾ ਨਿੰਬੂ ਨਿਚੋੜ ਕੇ ਰੋਜ਼ ਪੀਓ। ਇਸ 'ਚ ਵੀਟਾਮਿਨ 3 ਭਰਪੂਰ ਮਾਤਰਾ 'ਚ ਹੁੰਦਾ ਹੈ ਜੋ ਯੂਰਿਕ ਐਸਿਡ ਨੂੰ ਤੋੜਣ 'ਚ ਮਦਦ ਕਰਦਾ ਹੈ।

**ਲੱਸਣ ਦੀ ਇਕ ਜਾਂ ਦੋ ਕਲੀ:** ਸਵੇਰੇ ਖਾਲੀ ਪੇਟ ਚੱਬ ਕੇ ਖਾਓ, ਪਾਣੀ ਨਾਲ ਨਿਗਲੋ। ਇਹ ਸਰੀਰ ਨੂੰ ਡਿਟੌਕਸੀਫਾਈ ਕਰਦਾ ਹੈ।

**ਸੇਬ ਦਾ ਸਿਰਕਾ:** 1 ਗਲਾਸ ਕੋਸੇ ਪਾਣੀ 'ਚ 1 ਚਮਚਾ 13ਾ ਮਿਲਾ ਕੇ ਪੀਓ। ਇਹ ਸਰੀਰ ਦੀ ਐਲਕਲਾਈਨ ਬੈਲੰਸ ਬਨਾਈ ਰੱਖਦਾ ਹੈ।

**ਅਜਵਾਇਨ ਦਾ ਪਾਣੀ:** ਰਾਤ ਨੂੰ 1 ਚਮਚ ਅਜਵਾਇਨ ਪਾਣੀ 'ਚ ਭਿਓਂ ਕੇ ਰੱਖੋ ਤੇ ਸਵੇਰੇ ਉਬਾਲ ਕੇ ਛਾਣ ਲਓ ਤੇ ਇਸ ਫਿਰ ਇਸ ਨੂੰ ਪੀਓ। ਇਹ ਪਚਨ ਤੰਤਰ ਠੀਕ ਕਰਦਾ ਅਤੇ ਯੂਰਿਕ ਐਸਿਡ ਘਟਾਉਂਦਾ ਹੈ।

**ਜੀਰਾ ਪਾਣੀ:** 1 ਚਮਚ ਜੀਰਾ ਰਾਤ ਨੂੰ ਭਿਓਂ ਦਿਓ ਤੇ ਸਵੇਰੇ ਖਾਲੀ ਪੇਟ ਪੀਓ। ਇਹ ਯੂਰਿਕ ਐਸਿਡ ਅਤੇ ਪੇਟ ਦੀ ਗਰਮੀ ਘਟਾਉਂਦਾ ਹੈ।

# ਪੰਜਾਬ ਨੈਸ਼ਨਲ ਬੈਂਕ, ਚੰਡੀਗੜ੍ਹ ਸਰਕਲ ਗਾਹਕ ਪਹੁੰਚ ਪ੍ਰੋਗਰਾਮ ਕਰਵਾਇਆ

ਚੰਡੀਗੜ੍ਹ, 20 ਮਈ (ਚ.ਨ.ਸ.) : ਡਿਵੀਜ਼ਨਲ ਦਫ਼ਤਰ ਚੰਡੀਗੜ੍ਹ ਵੱਲੋਂ ਇੱਕ ਗਾਹਕ ਸੰਪਰਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ।ਇਸ ਪ੍ਰੋਗਰਾਮ ਦੀ ਪ੍ਰਧਾਨਗੀ ਚੰਡੀਗੜ੍ਹ ਜ਼ੋਨਲ ਮੈਨੇਜਰ ਸ੍ਰੀ ਲਲਿਤ ਤਨੇਜਾ ਨੇ ਕੀਤੀ ਅਤੇ ਡਾ. ਆਈਟੀਐਮ ਗਰੁੱਪ ਪ੍ਰਮੋਟਰ ਸ੍ਰੀ ਐਮਕੇ ਮਹਾਜਨ ਮੁੱਖ ਮਹਿਮਾਨ ਵਜੋਂ ਮੌਜੂਦ ਸਨ। ਇਸ ਦੌਰਾਨ



ਸਬ ਡਿਵੀਜ਼ਨਲ ਮੁਖੀ ਸ੍ਰੀ ਪਵਨ ਕੁਮਾਰ ਭਾਟੀਆ ਅਤੇ ਐਮ.ਸੀ.ਸੀ ਮੁਖੀ ਸ੍ਰੀ ਸਿਧਾਰਥ ਮਿੱਤਲ ਵੀ ਮੌਜੂਦ ਸਨ।ਜ਼ੋਨਲ ਮੈਨੇਜਰ ਸ਼੍ਰੀ ਲਲਿਤ ਤਨੇਜਾ ਨੇ ਆਪਣੇ ਸੰਬੋਧਨ ਵਿੱਚ ਮੌਜੂਦ ਗਾਹਕਾਂ ਨੂੰ MSME ਦੀ ਮਹੱਤਤਾ ਬਾਰੇ ਦੱਸਿਆ ਅਤੇ ਬੈਂਕ ਦੇ ਵੱਖ-ਵੱਖ ਨਵੇਂ MSME ਨਾਲ ਸਬੰਧਤ ਪਹਿਲਕਦਮੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਭਰੋਸਾ ਦਿੱਤਾ ਕਿ ਪੀਐਨਬੀ ਭਵਿੱਖ ਵਿੱਚ ਵੀ ਉਨ੍ਹਾਂ ਨੂੰ ਵਧੀਆ ਬੈਂਕਿੰਗ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।ਮੌਜੂਦ ਗਾਹਕਾਂ ਨੂੰ ਲਗਭਗ 45 ਕਰੋੜ ਰੁਪਏ ਦੇ ਕਰਜ਼ੇ ਦੀ ਪ੍ਰਵਾਨਗੀ ਪੱਤਰ ਵੰਡੇ ਗਏ। ਇਸ ਮੌਕੇ ਤੇ, ਪੀਪੀਟੀ ਰਾਹੀਂ ਗਾਹਕਾਂ ਨੂੰ ਬੈਂਕ ਉਤਪਾਦ ਵੀ ਪੇਸ਼ ਕੀਤੇ ਗਏ ਤਾਂ ਜੋ ਉਹ ਬੈਂਕ ਉਤਪਾਦਾਂ ਦਾ ਵੱਧ ਤੋਂ ਵੱਧ ਲਾਭ ਲੈ ਸਕਣ।

# ਮੇਜਰ ਜਨਰਲ ਹਰਕੀਰਤ ਸਿੰਘ ਨੇ ਚੰਡੀਮੰਦਰ ਕਮਾਂਡ ਹਸਪਤਾਲ ਦੀ ਕਮਾਨ ਸੰਭਾਲੀ

ਚੰਡੀਗੜ੍ਹ, 20 ਮਈ (ਚ.ਨ.ਸ.) : ਮੇਜਰ ਜਨਰਲ ਹਰਕੀਰਤ ਸਿੰਘ, ਜੋ ਕਿ ਇੱਕ ਪ੍ਰਸਿੱਧ ਨਿਊਕਲੀਅਰ ਮੈਡੀਸਨ ਸਪੈਸ਼ਲਿਸਟ ਅਤੇ ਆਰਮਡ ਫੋਰਸਿਜ਼ ਮੈਡੀਕਲ ਕਾਲਜ (ਏਐਫਐਮਸੀ), ਪੁਣੇ ਦੇ ਸਾਬਕਾ ਵਿਦਿਆਰਥੀ ਹਨ, ਨੇ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਪ੍ਰਮੁੱਖ ਮੈਡੀਕਲ ਸੰਸਥਾਨਾਂ ਵਿੱਚੋਂ ਇੱਕ, ਚੰਡੀਮੰਦਰ ਕਮਾਂਡ ਹਸਪਤਾਲ (ਪੱਛਮੀ ਕਮਾਂਡ) ਦੀ ਕਮਾਨ ਸੰਭਾਲ ਲਈ ਹੈ। ਉਨ੍ਹਾਂ ਰਸਮੀ ਤੌਰ ਤੇ 17 ਮਈ, 2025 ਨੂੰ ਚਾਰਜ ਸੰਭਾਲਿਆ।ਕਲੀਨਿਕਲ ਉੱਤਮਤਾ ਅਤੇ ਪ੍ਰਸ਼ਾਸਕੀ ਮੁਹਾਰਤ ਵਿੱਚ ਆਪਣੇ ਵਿਆਪਕ ਪਿਛੋਕੜ ਦੇ ਨਾਲ, ਮੇਜਰ ਜਨਰਲ ਮਨਕੀਰਤ ਸਿੰਘ ਹਸਪਤਾਲ ਦੇ ਮਿਆਰਾਂ ਅਤੇ ਸਮਰੱਥਾਵਾਂ ਨੂੰ ਹੋਰ ਵਧਾਉਣ ਦੇ ਚਾਹਵਾਨ ਹਨ। ਉਨ੍ਹਾਂ ਦੀ ਅਗਵਾਈ ਵਿਸ਼ਵ ਪੱਧਰੀ ਡਾਕਟਰੀ ਦੇਖਭਾਲ, ਖੋਜ ਅਤੇ ਸਿਖਲਾਈ ਪ੍ਰਦਾਨ ਕਰਨ ਤੇ ਕੇਂਦ੍ਰਿਤ ਹੋਵੇਗੀ।ਮੇਜਰ ਜਨਰਲ ਹਰਕੀਰਤ ਸਿੰਘ ਆਰਮਡ ਫੋਰਸਿਜ਼ ਮੈਡੀਕਲ ਸੇਵਾਵਾਂ ਦੇ ਇੱਕ ਬਹੁਤ ਹੀ ਨਿਪੁੰਨ ਅਧਿਕਾਰੀ ਹਨ। ਉਨ੍ਹਾਂ ਨੇ ਦੇਸ਼ ਭਰ ਦੇ ਪ੍ਰਮੁੱਖ ਏਐਫਐਮਐਸ ਸੰਸਥਾਨਾਂ ਅਤੇ ਮੁੱਖ ਫਾਰਮੇਸ਼ਨ ਹੈੱਡਕੁਆਰਟਰਾਂ ਵਿੱਚ ਵੱਖ-ਵੱਖ ਨਿਯੁਕਤੀਆਂ ਵਿੱਚ ਸੇਵਾ ਨਿਭਾਈ ਹੈ। ਮੈਡੀਕਲ ਵਿਗਿਆਨ ਲਈ ਉਨ੍ਹਾਂ ਦੀ ਡੂੰਘੀ ਸਮਝ ਤੇ ਆਰਮੀ ਫੋਰਮੇਸ਼ਨਸ ਚ ਸਿਹਤ ਸੰਭਾਲ ਪ੍ਰਦਾਨ ਕਰਨ ਵਿੱਚ ਰਣਨੀਤਕ ਅਨੁਭਵ ਹੋਣ ਦੇ ਕਾਰਣ, ਉਹ ਕਮਾਂਡ ਹਸਪਤਾਲ (ਪੱਛਮੀ ਕਮਾਂਡ) ਦੀ ਅਗਵਾਈ ਕਰਨ ਲਈ ਵਿਲੱਖਣ ਯੋਗਤਾ ਰੱਖਦੇ ਹਨ।



# ਡਾ. ਜਿਤੇਂਦਰ ਸਿੰਘ ਨੇ ਪ੍ਰਗਤੀ ਫਾਊਂਡਰਜ਼ ਫੋਰਮ-2025 ਵਿਖੇ ਐਗਰੀ-ਏਆਈ ਅਤੇ ਸਟਾਰਟਅੱਪ ਸਪੋਰਟ ਪਹਿਲਕਦਮੀਆਂ ਦੀ ਕੀਤੀ ਸ਼ੁਰੂਆਤ

ਰੋਪੜ/ਚੰਡੀਗੜ੍ਹ, 20 ਮਈ (ਚ.ਨ.ਸ.) : ਪ੍ਰਗਤੀ ਫਾਊਂਡਰਜ਼ ਫੋਰਮ 2025 ਦਾ ਆਯੋਜਨ ਅੰਤਰ-ਅਨੁਸ਼ਾਸਨੀ ਸਾਈਬਰ-ਫਿਜ਼ੀਕਲ ਸਿਸਟਮਜ਼, ਵਿਗਿਆਨ ਅਤੇ ਤਕਨਾਲੋਜੀ ਵਿਭਾਗ ਦੇ ਰਾਸ਼ਟਰੀ ਮਿਸ਼ਨ ਦੇ ਤਹਿਤ, ਪੁਰੀ ਆਇਲ ਮਿੱਲਜ਼ ਲਿਮਟਿਡ ਅਤੇ MeitY GENESIS ਦੇ ਸਹਿਯੋਗ ਨਾਲ ਸਫਲਤਾਪੂਰਵਕ ਕੀਤਾ ਗਿਆ। ਇਹ ਪ੍ਰੋਗਰਾਮ ਪ੍ਰਗਤੀ ਮਾਈਕ੍ਰੋ ਐਕਸਲੇਟਰ ਪ੍ਰੋਗਰਾਮ ਦੇ ਸਮਾਪਨ ਨੂੰ ਦਰਸਾਉਂਦਾ ਹੈ।ਡਾ. ਰਾਧਿਕਾ ਤ੍ਰਿਖਾ, ਸੀਈਓ, ਆਈਹਬ ਅਵਾਧ, ਨੇ ਡੂੰਘੀ-ਤਕਨੀਕੀ ਅਤੇ ਖੇਤੀਬਾੜੀ ਵਿੱਚ ਤਕਨੀਕੀ-ਅਗਵਾਈ ਵਾਲੇ ਉੱਦਮ ਨੂੰ ਸਮਰੱਥ ਬਣਾਉਣ ਦੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ, ਜਦੋਂ ਕਿ ਡਾ. ਮੁਕੇਸ਼ ਕੇਸਟਵਾਲ, ਸੀਆਈਓ, ਨੇ ਪ੍ਰਗਤੀ ਪਹਿਲਕਦਮੀ ਅਧੀਨ ਡੂੰਘੀ-ਤਕਨੀਕੀ ਸਟਾਰਟਅੱਪਸ ਨੂੰ ਤੇਜ਼ ਕਰਨ ਬਾਰੇ ਸੂਝ ਪੇਸ਼ ਕੀਤੀ। ਸਵਾਗਤ ਭਾਸ਼ਣ ਪ੍ਰੋਫੈਸਰ ਪੁਸ਼ਪੇਂਦਰ ਪੀ. ਸਿੰਘ, ਪ੍ਰੋਜੈਕਟ ਡਾਇਰੈਕਟਰ, ਆਈਹਬ ਅਵਾਧ ਅਤੇ ਅੰਨਾਮ.ਏਆਈ ਦੁਆਰਾ ਦਿੱਤਾ ਗਿਆ। ਇਹ ਸਮਾਗਮ ਆਈਆਈਟੀ ਰੋਪੜ ਦੇ ਡਾਇਰੈਕਟਰ ਪ੍ਰੋ. ਰਾਜੀਵ ਆਹੂਜਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ ਸੀ ਅਤੇ ਪ੍ਰੋਗਰਾਮ ਮੈਨੇਜਰ ਸ਼੍ਰੀਮਤੀ ਪੈਰੀ ਸੂਦ ਦੁਆਰਾ ਸੰਯੋਜਿਤ ਕੀਤਾ ਗਿਆ ਸੀ।ਮਾਨਯੋਗ ਕੇਂਦਰੀ ਵਿਗਿਆਨ ਅਤੇ ਤਕਨਾਲੋਜੀ ਮੰਤਰੀ, ਡਾ. ਜਿਤੇਂਦਰ ਸਿੰਘ ਨੇ ਕਈ ਮੁੱਖ ਪਹਿਲਕਦਮੀਆਂ ਦਾ ਉਦਘਾਟਨ ਕੀਤਾ, ਜਿਨ੍ਹਾਂ ਵਿੱਚ ਸਪ੍ਰਿੰਟ - ਹਰਿਆਣਾ ਅਤੇ ਤੇਲੰਗਾਨਾ ਐਡੀਸ਼ਨਾਂ ਦੀ ਸ਼ੁਰੂਆਤ, ਪ੍ਰਗਤੀ ਰਿਪੋਰਟ ਜਾਰੀ ਕਰਨਾ, ਆਈਪੀ ਅਤੇ ਟੈਕ ਵਪਾਰਕਕਰਨ (ਓਆਈਟੀਸੀ) ਦੇ ਦਫ਼ਤਰ ਦਾ ਉਦਘਾਟਨ, ਅਤੇ ਸਟਾਰਟਅੱਪਸ ਨੂੰ 98 ਲੱਖ ਰੁਪਏ ਦੀ ਸਰਕਾਰੀ ਗ੍ਰਾਂਟ ਦੇਣ ਦਾ ਐਲਾਨ ਸ਼ਾਮਲ ਹੈ। ਉਨ੍ਹਾਂ ਨੇ ਦੋ ਸਟਾਰਟਅੱਪਸ ਨੂੰ ਅਚੀਵਰ ਵਜੋਂ ਮਾਨਤਾ ਵੀ ਦਿੱਤੀ ਅਤੇ ਛੋਟੇ ਸ਼ਹਿਰਾਂ ਵਿੱਚ ਖੇਤੀਬਾੜੀ ਸਟਾਰਟਅੱਪਸ ਨੂੰ ਉਤਸ਼ਾਹਿਤ ਕਰਨ ਲਈ ਆਈਆਈਟੀ ਰੋਪੜ ਦੇ ਯਤਨਾਂ ਦੀ ਸ਼ਲਾਘਾ ਕੀਤੀ। ਮਹਿਮਾਨ, ਸ਼੍ਰੀਮਤੀ ਰੇਖਾ ਸ਼ਰਮਾ, ਸੰਸਦ ਮੈਂਬਰ, ਰਾਜ ਸਭਾ ਨੇ ਸਮਾਵੇਸ਼ੀ ਨਵੀਨਤਾ ਅਤੇ ਸਟਾਰਟਅੱਪਸ ਵਿੱਚ ਔਰਤਾਂ ਦੀ ਭਾਗੀਦਾਰੀ ਤੇ ਜ਼ੋਰ ਦਿੱਤਾ।ਇਸ ਸਮਾਗਮ ਵਿੱਚ ਸੀਨੀਅਰ ਸਰਕਾਰੀ ਅਤੇ ਉਦਯੋਗਿਕ ਆਗੂਆਂ ਨੇ ਸੰਬੋਧਨ ਕੀਤਾ, ਜਿਨ੍ਹਾਂ ਵਿੱਚ ਪ੍ਰੋ. ਅਭੈ ਕਰਾਂਦੀਕਰ (ਡੀਐਸਟੀ ਸਕੱਤਰ), ਪਦਮ ਸ਼੍ਰੀ ਕੰਵਲ ਸਿੰਘ ਚੌਹਾਨ, ਡਾ.ਪਨੀਰਸੇਲਵਮ ਮਦਨਗੋਪਾਲ (ਮੀਟਵਾਈ ਸਟਾਰਟਅੱਪ ਹੱਬ ਸੀਈਓ), ਸ਼੍ਰੀਮਤੀ ਤੇਜਸਵਿਨੀ ਪੁਰੀ (ਡਾਇਰੈਕਟਰ, ਪੁਰੀ ਆਇਲ ਮਿੱਲਜ਼) ਅਤੇ ਸ਼੍ਰੀ ਹਰੀਸ਼ ਖਾਨ (ਐਗਰੀਕਲਚਰ ਟੂਡੇ) ਸ਼ਾਮਲ ਸਨ। ਇਨੇਬਲਿੰਗ ਇਨੋਵੇਸ਼ਨ ਈਕੋਸਿਸਟਮਜ਼ ਉੱਤੇ ਇੱਕ ਪੈਨਲ ਵਿੱਚ IFFCO ਕਿਸਾਨ, IBM, EBE ਨੈੱਟਵਰਕ, ਵਾਧਵਾਨੀ ਫਾਊਂਡੇਸ਼ਨ, FITT ਦਿੱਲੀ, ਅਤੇ ਹੋਰਾਂ ਦੇ ਮਾਹਿਰ ਸ਼ਾਮਲ ਸਨ, ਜਿਨ੍ਹਾਂ ਨੇ ਸਟਾਰਟਅੱਪਸ ਨੂੰ ਸਮਰਥਨ ਦੇਣ ਵਿੱਚ ਨੀਤੀ, ਭਾਈਵਾਲੀ ਅਤੇ ਪਲੇਟਫਾਰਮਾਂ ਦੀ ਭੂਮਿਕਾ ਬਾਰੇ ਚਰਚਾ ਕੀਤੀ।




# ਰਾਸ਼ਟਰਪਤੀ ਨੇ ਨੀਲਮ ਸੰਜੀਵ ਰੈਡੀ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ



ਨਵੀਂ ਦਿੱਲੀ, 20 ਮਈ (ਚ.ਨ.ਸ.) : ਭਾਰਤ ਦੇ ਰਾਸ਼ਟਰਪਤੀ, ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ ਵਿਖੇ ਭਾਰਤ ਦੇ ਸਾਬਕਾ ਰਾਸ਼ਟਰਪਤੀ, ਸ਼੍ਰੀ ਨੀਲਮ ਸੰਜੀਵ ਰੈਡੀ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ ਤੇ ਸ਼ਰਧਾ ਦੇ ਫੁੱਲ ਭੇਟ ਕੀਤੇ।

# ਪੀ.ਐਨ.ਬੀ. ਨੇ ਐਮ.ਐਸ.ਐਮ.ਈ. ਆਊਟਰੀਚ ਪ੍ਰੋਗਰਾਮ ਤਹਿਤ 135 ਕਰੋੜ ਦੇ ਕਰਜ਼ੇ ਵੰਡੇ



ਲੁਧਿਆਣਾ, 20 ਮਈ (ਚ.ਨ.ਸ.) : ਦੇਸ਼ ਦੇ ਵੱਡੇ ਬੈਂਕ ਪੰਜਾਬ ਨੈਸ਼ਨਲ ਬੈਂਕ ਵੱਲੋਂ ਸ਼ੁਰੂ ਕੀਤੇ ਗਏ ਮਾਸਿਕ ਆਊਟਰੀਚ ਪ੍ਰੋਗਰਾਮ ਤਹਿਤ, ਲੁਧਿਆਣਾ ਸਰਕਲ ਨੇ ਪੀਐਨਬੀ ਐਮਐਸਐਮਈ ਆਊਟਰੀਚ ਪ੍ਰੋਗਰਾਮ ਫਿਰੋਜ਼ਪੁਰ ਰੋਡ ਤੇ ਸਥਿਤ ਬੈਂਕ ਦੇ ਆਡੀਟੋਰੀਅਮ ਵਿੱਚ ਡਿਪਟੀ ਜੋਨਲ ਮੈਨੇਜਰ ਸੰਜੀਵ ਮੱਕੜ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ। ਜਿਸ ਵਿੱਚ ਵੱਖ-ਵੱਖ ਸ਼ਾਖਾ ਪ੍ਰਬੰਧਕਾਂ ਦੇ ਨਾਲ-ਨਾਲ ਵੱਡੀ ਗਿਣਤੀ ਵਿੱਚ ਪਤਵੰਤੇ ਗਾਹਕਾਂ ਨੇ ਹਿੱਸਾ ਲਿਆ। ਇਸ ਮੌਕੇ ਡਿਪਟੀ ਜੋਨਲ ਮੈਨੇਜਰ ਸੰਜੀਵ ਕਪੂਰ, ਸਰਕਲ ਹੈੱਡ ਕਿਸ਼ੋਰ ਚਿਲਾਣਾ, ਡਿਪਟੀ ਸਰਕਲ ਮੈਨੇਜਰ ਗੁਰਪ੍ਰੀਤ ਸਿੰਘ ਅਤੇ ਵਿਸ਼ਾਲ ਅਗਰਵਾਲ ਦੀ ਮੌਜੂਦਗੀ ਵਿੱਚ 125 ਗਾਹਕਾਂ ਨੂੰ 135 ਕਰੋੜ ਰੁਪਏ ਦੇ ਕਰਜੇਆਂ ਦੇ ਪ੍ਰਵਾਨਗੀ ਪੱਤਰ ਦਿੱਤੇ ਗਏ। ਸੰਜੀਵ ਮੱਕੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਬੈਂਕ ਵੱਲੋਂ ਇਹ ਪ੍ਰੋਗਰਾਮ ਆਪਣੇ ਗਾਹਕਾਂ ਨੂੰ ਹੋਰ ਬਿਹਤਰ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤੇ ਗਏ ਹਨ। ਕਿਸ਼ੋਰ ਚਿਲਾਣਾ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਜੇਕਰ ਗਾਹਕਾਂ ਨੂੰ ਕੋਈ ਸਮੱਸਿਆ ਹੈ ਤਾਂ ਉਹ ਸਿੱਧੇ ਉਨ੍ਹਾਂ ਨੂੰ ਮਿਲ ਸਕਦੇ ਹਨ।

## ਜਨਮ ਦਿਨ ਮੁਬਾਰਕ



ਅਰਸ਼ਦੀਪ ਸਿੰਘ



ਯੁਵਾਂਸ਼



ਜਪਜੀਤ ਕੌਰ

# 1000 ਡਾਲਰ ਲੈ ਕੇ 68 ਗ਼ੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਤੋਂ ਹੋਏ ਸੈਲਫ਼ ਡਿਪੋਰਟ

ਵਾਸ਼ਿੰਗਟਨ, 20 ਮਈ (ਚ.ਨ.ਸ.) : ਬੀਤੇ ਦਿਨੀਂ ਅਮੀਰੀਕੀ ਪ੍ਰਸ਼ਾਸਨ ਨੇ ਐਲਾਨ ਕੀਤਾ ਸੀ ਕਿ ਜੋ ਗ਼ੈਰ-ਕਾਨੂੰਨੀ ਪ੍ਰਵਾਸੀ ਆਪਣੀ ਇੱਛਾ ਨਾਲ ਆਪਣੇ ਦੇਸ਼ ਵਾਪਸ ਜਾਣਾ ਚਾਹੁੰਦੇ ਹਨ, ਭਾਵ ਸੈਲਫ ਡਿਪੋਰਟ ਹੋਣਾ ਚਾਹੁੰਦੇ ਹਨ, ਉਨ੍ਹਾਂ ਨੂੰ ਸਰਕਾਰ 1,000 ਅਮਰੀਕੀ ਡਾਲਰ ਦੇਵੇਗੀ ਤੇ ਉਨ੍ਹਾਂ ਦੇ ਮੁਲਕ ਛੱਡਣ ਦਾ ਸਾਰਾ ਖ਼ਰਚਾ ਵੀ ਉਠਾਏਗੀ। ਇਸ ਦੌਰਾਨ ਅਮਰੀਕਾ ਨੇ ਸੈਲਫ਼ ਡਿਪੋਰਟ ਹੋਣ ਵਾਲੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਪਹਿਲੀ ਫਲਾਈਟ ਰਾਹੀਂ ਹੋਂਡੁਰਾਸ ਅਤੇ ਕੋਲੰਬੀਆ ਤੋਂ 68 ਪ੍ਰਵਾਸੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜ ਦਿੱਤਾ ਹੈ।




# ਲੋੜਵੰਦਾਂ ਨੂੰ ਸਹਾਇਤਾ ਪ੍ਰਦਾਨ ਕਰ ਰਹੀ ਹੈ ਐਸ.ਜੀ.ਪੀ.ਸੀ. : ਭਾਈ ਖ਼ਾਲਸਾ

## 35 ਲੋੜਵੰਦਾਂ ਨੂੰ ਦਿੱਤੇ 3 ਲੱਖ ਰੁਪਏ ਦੇ ਸਹਾਇਤਾ ਰਾਸ਼ੀ ਚੈੱਕ



ਅਮਲੋਹ, 20 ਮਈ (ਭੂਸ਼ਨ ਸੂਦ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਹੇਠ ਲੋੜਵੰਦ ਵਿਅਕਤੀਆ ਨੂੰ ਸਹਾਇਤਾ ਰਾਸ਼ੀ ਦੇ ਤੌਰ 'ਤੇ ਸਮੇਂ ਸਮੇਂ 'ਤੇ ਚੈੱਕ ਭੇਟ ਕੀਤੇ ਜਾਂਦੇ ਹਨ। ਜਿਸ ਤਹਿਤ ਅੱਜ ਹਲਕਾ ਅਮਲੋਹ ਦੇ 35 ਲੋੜਵੰਦ ਵਿਅਕਤੀਆਂ 3 ਲੱਖ ਰੁਪਏ ਦੇ ਸਹਾਇਤਾ ਰਾਸ਼ੀ ਚੈੱਕ ਵੰਡੇ ਗਏ ਹਨ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ ਨੇ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਅਮਲੋਹ ਦਫ਼ਤਰ ਵਿਖੇ ਲਾਭਪਾਤਰੀਆਂ ਨੂੰ ਚੈੱਕ ਤਕਸੀਮ ਕਰਨ ਸਮੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਭਾਈ ਖਾਲਸਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਰ ਸਮੇਂ ਭਲਾਈ ਕਾਰਜਾਂ ਲਈ ਤੱਤਪਰ ਰਹਿੰਦੀ ਹੈ। ਜਿਥੇ ਆਫ਼ਤਾਂ ਸਮੇਂ ਲੰਗਰਾਂ ਦੇ ਪ੍ਰਬੰਧ ਕੀਤੇ ਜਾਂਦੇ ਹਨ। ਉਥੇ ਗੁਰੂਘਰਾਂ ਲਈ ਕੀਤਰਨੀ ਸਾਜ਼, ਦਰੀਆਂ,ਚੰਦੋਏ ਸਾਹਿਬ,ਬਰਤਨ ਦਿੱਤੇ ਜਾ ਰਹੇ ਹਨ। ਉਥੇ ਕੈਂਸਰ ਪੀੜਤਾਂ ਲਈ, ਲੋੜਵੰਦ ਵਿਦਿਆਰਥੀਆਂ ਦੀਆਂ ਫੀਸਾਂ ਲਈ ਸਹਾਇਤਾ ਰਾਸ਼ੀਆਂ ਵੀ ਵੱਡੇ ਪੱਧਰ 'ਤੇ ਦਿੱਤੀਆਂ ਜਾਂਦੀਆਂ ਹਨ। ਉਹਨਾਂ ਹਲਕਾ ਅਮਲੋਹ ਦੇ ਸਮੁੱਚੇ ਗੁਰੂਘਰਾਂ ਦੇ ਪ੍ਰਬੰਧਕਾਂ ਨੂੰ ਬੇਨਤੀ ਕੀਤੀ ਕਿ ਉਹਨਾਂ ਨੂੰ ਜੋ ਵੀ ਗੁਰੂ ਘਰ ਲਈ ਸਹਾਇਤਾ ਜ਼ਰੂਰੀ ਚਾਹੀਦੀ ਹੈ। ਉਹ ਤੁਰੰਤ ਉਹਨਾਂ ਨਾਲ ਸੰਪਰਕ ਕਰਨ ਤਾ ਜੋ ਹਲਕੇ ਦੇ ਹਰ ਗੁਰੂਘਰ ਲਈ ਸਹਾਇਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਜਾ ਸਕੇ ਅੱਜ ਲੋੜਵੰਦਾਂ ਨੂੰ ਚੈੱਕ ਤਕਸੀਮ ਕਰਨ ਸਮੇਂ ਸੀਨੀਅਰ ਆਗੂ ਕੈਪਟਨ ਜਸਵੰਤ ਸਿੰਘ ਬਾਜਵਾ, ਜਥੇਦਾਰ ਕੁਲਦੀਪ ਸਿੰਘ ਮੁੱਢੜੀਆ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਜਥੇਦਾਰ ਹਰਬੰਸ ਸਿੰਘ ਬਡਾਲੀ,ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ, ਗੁਰਵਿੰਦਰ ਸਿੰਘ ਭੱਦਲਥੂਹਾ ਮੌਜੂਦ ਰਹੇ, ਉਥੇ ਰਮਨਦੀਪ ਕੌਰ ਗੋਬਿੰਦਗੜ, ਕਮਲਜੀਤ ਕੌਰ ਅੰਬੇਮਾਜਰਾ, ਰੁਪਿੰਦਰ ਕੌਰ ਰਾਏਪੁਰ ਅਰਾਈਆ, ਕਮਲਜੀਤ ਕੌਰ ਬਦੀਨਪੁਰ, ਪਰਮਜੀਤ ਕੌਰ ਗੋਬਿੰਦਗੜ , ਸੰਦੀਪ ਕੌਰ ਅਮਲੋਹ,ਰੀਮਾ ਰਾਣੀ ਸੌਟੀ,ਸੰਤੋਸ ਰਾਣੀ ਅਮਲੋਹ, ਮਨਜੀਤ ਕੌਰ ਖਨਿਆਣ, ਨਵਪ੍ਰੀਤ ਕੌਰ ਖਨਿਆਣ, ਗੁਰਜੀਤ ਸਿੰਘ ਕੁੰਜਾਰੀ, ਅਮਨਦੀਪ ਕੌਰ ਭੱਟੋ, ਕੁਲਦੀਪ ਸਿੰਘ ਨਰੈਣਗੜ, ਅਰਸ਼ਪ੍ਰੀਤ ਸਿੰਘ ਟਿੱਬੀ ਆਦਿ ਨੂੰ ਸਹਾਇਤਾ ਰਾਸ਼ੀ ਦੇ ਚੈਕ ਦਿੱਤੇ ਗਏ।

# ਪੇਂਡੂ ਬੇਰੁਜ਼ਗਾਰ ਨੌਜਵਾਨਾਂ ਲਈ ਡੇਅਰੀ ਫਾਰਮਿੰਗ ਦਾ ਸਿਖਲਾਈ ਕੋਰਸ ਮਿਤੀ 26 ਤੋਂ



ਗੁਰਦਾਸਪੁਰ, 20 ਮਈ ( ਜਾਗੀਰ ਸਿੰਘ ਮੰਡ) : ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਪੇਂਡੂ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ,ਜੋ ਡੇਅਰੀ ਦਾ ਕਿੱਤਾ ਸ਼ੁਰੂ ਕਰਨਾ ਚਾਹੁੰਦੇ ਹਨ, ਡੇਅਰੀ ਸਿਖਲਾਈ ਕੋਰਸ ਵਾਸਤੇ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਬਲਾਕ-ਬੀ, ਚੌਥੀ ਮੰਜ਼ਿਲ, ਕਮਰਾ ਨੰਬਰ 508 ਵਿਖੇ ਮਿਤੀ 23-05-2025 ਤੱਕ ਅਰਜ਼ੀਆਂ ਦੇ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਖੇਤੀ ਵਿੱਚ ਵਿਭਿੰਨਤਾ ਲਿਆਉਣ ਅਤੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨ ਲਈ ਡੇਅਰੀ ਦੇ ਕਿੱਤੇ ਨੂੰ ਸਹਾਇਕ ਧੰਦੇ ਵਜੋਂ ਅਪਣਾਉਣ ਲਈ 2 ਹਫ਼ਤੇ ਦੀ ਡੇਅਰੀ ਸਿਖਲਾਈ ਮਿਤੀ 26-05-2025 ਤੋਂ ਡੇਅਰੀ ਸਿਖਲਾਈ ਤੇ ਵਿਸਥਾਰ ਕੇਂਦਰ, ਵੇਰਕਾ (ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਕਰਵਾਈ ਜਾਣੀ ਹੈ। ਇਸ ਸਿਖਲਾਈ ਕੋਰਸ ਵਿੱਚ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਬੇਰੁਜ਼ਗਾਰ ਨੌਜਵਾਨ ਲੜਕੇ ਲੜਕੀਆਂ ਜੋ ਘੱਟੋ ਘੱਟ 5ਵੀਂ ਪਾਸ ਹੋਣ,ਉਮਰ 18 ਤੋਂ 55 ਸਾਲ ਦਰਮਿਆਨ ਹੋਵੇ,ਪੇਂਡੂ ਖੇਤਰ ਨਾਲ ਸਬੰਧਿਤ ਹੋਣ, ਇਸ ਸਿਖਲਾਈ ਵਿੱਚ ਭਾਗ ਲੈ ਸਕਦੇ ਹਨ। ਸਿਖਲਾਈ ਉਪਰੰਤ ਵਿਭਾਗ ਵੱਲੋਂ ਸਬੰਧਿਤਾਂ ਨੂੰ ਵੱਖ ਵੱਖ ਬੈਂਕਾਂ ਤੋਂ ਡੇਅਰੀ ਕਰਜ਼ੇ ਦੀ ਸੁਵਿਧਾ ਰਾਹੀਂ 2 ਤੋਂ 20 ਪਸ਼ੂਆਂ ਦੇ ਡੇਅਰੀ ਯੂਨਿਟ ਸਥਾਪਤ ਕਰਵਾ ਕੇ 25 ਪ੍ਰਤੀਸ਼ਤ ਜਨਰਲ ਅਤੇ 33 ਪ੍ਰਤੀਸ਼ਤ ਅ.ਜਾਤੀ ਲਈ ਸਬਸਿਡੀ ਮੁਹੱਈਆ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਚਾਹਵਾਨ ਲੜਕੇ ਲੜਕੀਆਂ ਇਸ ਸਬੰਧੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ,ਗੁਰਦਾਸਪੁਰ ਨਾਲ ਆਪਣੇ ਅਸਲ ਯੋਗਤਾ ਸਰਟੀਫਿਕੇਟ ਅਤੇ ਪਾਸਪੋਰਟ ਸਾਈਜ਼ ਫ਼ੋਟੋ ਅਤੇ ਆਧਾਰ ਕਾਰਡ ਲੈ ਕੇ ਫਾਰਮ ਭਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 8054800880, 7508973471 ਅਤੇ 7888850893 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜ਼ਿਲ੍ਹੇ ਵਿੱਚ 'ਨੀਲੀ ਕ੍ਰਾਂਤੀ' ਬਣ ਰਹੀ ਵਿੱਤੀ ਤੌਰ 'ਤੇ ਮਜ਼ਬੂਤ ਆਧਾਰ

## ਪਿਛਲੇ ਵਿੱਤੀ ਸਾਲ 'ਚ 121.5 ਏਕੜ ਨਵਾਂ ਰਕਬਾ ਮੱਛੀ ਪਾਲਣ ਅਧੀਨ ਲਿਆਂਦਾ



ਫ਼ਤਹਿਗੜ੍ਹ ਸਾਹਿਬ, 20 ਮਈ (ਹਰਪ੍ਰੀਤ ਕੌਰ ਟਿਵਾਣਾ): ਪੰਜਾਬ ਸਰਕਾਰ ਵੱਲੋਂ ਕਿਸਾਨਾਂ ਤੇ ਹੋਰ ਲੋੜਵੰਦਾਂ ਦੀ ਵਿੱਤੀ ਸਥਿਤੀ ਨੂੰ ਵਧੇਰੇ ਮਜ਼ਬੂਤ ਕਰਨ ਦੇ ਉਦੇਸ਼ ਨਾਲ ਸਹਾਇਕ ਧੰਦਿਆਂ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਲੜੀ ਤਹਿਤ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ 'ਚ ਮੱਛੀ ਪਾਲਣ ਦੇ ਕਿੱਤੇ ਪ੍ਰਤੀ ਰੁਝਾਨ ਵਧਾਉਣ ਲਈ ਵਿਭਾਗੀ ਅਧਿਕਾਰੀਆਂ ਵੱਲੋ ਲਗਾਤਾਰ ਉੱਦਮ ਕੀਤੇ ਜਾ ਰਹੇ ਹਨ। ਇਨ੍ਹਾਂ ਹੀ ਕੋਸ਼ਿਸ਼ਾਂ ਸਦਕਾ ਜ਼ਿਲ੍ਹੇ ਵਿੱਚ 'ਨੀਲੀ ਕ੍ਰਾਂਤੀ' ਦਾ ਰਾਹ ਵਿੱਤੀ ਤੌਰ 'ਤੇ ਮਜ਼ਬੂਤ ਆਧਾਰ ਵਿਕਸਤ ਕਰਨ ਦਾ ਜ਼ਰੀਆ ਬਣ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਦੱਸਿਆ ਕਿ ਪਿਛਲੇ ਵਿੱਤੀ ਸਾਮ ਦੌਰਾਨ 121.5 ਏਕੜ ਨਵਾਂ ਰਕਬਾ ਮੱਛੀ ਪਾਲਣ ਅਧੀਨ ਲਿਆਂਦਾ ਗਿਆ। ਉਨ੍ਹਾਂ ਦੱਸਿਆ ਕਿ ਮੌਜੂਦਾ ਸਮੇਂ ਵਿੱਚ ਜ਼ਿਲ੍ਹੇ ਵਿੱਚ ਕੁੱਲ 1600.5 ਏਕੜ ਰਕਬੇ ਵਿੱਚ ਮੱਛੀ ਪਾਲਣ ਦਾ ਧੰਦਾ ਕੀਤਾ ਜਾ ਰਿਹਾ ਹੈ ਅਤੇ ਕਾਸ਼ਤਕਾਰ, ਰਾਜ ਤੇ ਕੇਂਦਰ ਸਰਕਾਰ ਦੀਆਂ ਵੱਖ-ਵੱਖ ਯੋਜਨਾਵਾਂ ਦਾ ਲਾਭ ਹਾਸਲ ਕਰਕੇ ਆਪਣੇ ਵਪਾਰ ਦਾ ਪਸਾਰ ਕਰ ਰਹੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪਿਛਲੇ ਵਿੱਤੀ ਸਾਲ ਅੰਦਰ ਬਾਗੜੀਆਂ ਫੱਗਣਮਾਜਰਾ ਸਰਕਾਰੀ ਮੱਛੀ ਪੂੰਗ ਫਾਰਮ ਵਿੱਚ 1.27 ਕਰੋੜ ਮੱਛੀ ਪੂੰਗ ਦਾ ਉਤਪਾਦਨ ਹੋਇਆ ਹੈ। ਉਨ੍ਹਾਂ ਨੇ ਦੱਸਿਆ ਕਿ ਕੋਈ ਵੀ ਵਿਅਕਤੀ, ਵਿਭਾਗ ਵੱਲੋਂ ਸਮੇਂ ਸਮੇਂ ਤੇ ਕਰਵਾਈ ਜਾਣ ਵਾਲੇ ਟਰੇਨਿੰਗ ਕੈਂਪਾਂ ਦੌਰਾਨ ਮੱਛੀ ਪਾਲਣ ਦੀ ਸਿਖਲਾਈ ਲੈ ਕੇ ਨਿੱਜੀ ਜ਼ਮੀਨ ਅਤੇ ਪੰਚਾਇਤੀ ਜ਼ਮੀਨ ਵਿੱਚ ਮੱਛੀ ਪਾਲਣ ਦੇ ਤਾਲਾਬਾਂ ਨੂੰ ਵਿਕਸਤ ਕਰ ਸਕਦਾ ਹੈ ਅਤੇ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਸਰਕਾਰੀ ਮੱਛੀ ਪੂੰਗ ਕੇਂਦਰਾਂ ਵਿੱਚੋਂ ਮੱਛੀ ਪੂੰਗ ਲੈਣ ਵਾਲਿਆਂ ਦੀ ਗਿਣਤੀ ਵਿੱਚ ਵੀ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੇ ਖੇਤੀਬਾੜੀ ਦੇ ਰਵਾਇਤੀ ਫਸਲੀ ਚੱਕਰ ਵਿੱਚੋਂ ਨਿਕਲਣ ਲਈ ਸਹਾਇਕ ਧੰਦਿਆਂ ਨੂੰ ਵੀ ਤਰਜੀਹ ਦੇਣੀ ਤੇਜ਼ ਕਰ ਦਿੱਤੀ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੱਛੀ ਪਾਲਣ ਵਿਭਾਗ 'ਚ ਲਗਾਤਾਰ ਲਗਾਏ ਜਾ ਰਹੇ ਸਿਖਲਾਈ ਕੈਂਪ, ਜ਼ਿਲ੍ਹੇ ਦੇ ਬੇਰੁਜ਼ਗਾਰ ਤੇ ਪੜ੍ਹੇ ਲਿਖੇ ਵਰਗ ਨੂੰ ਇਸ ਕਿੱਤੇ ਨਾਲ ਜੋੜਨ ਵਿੱਚ ਸਫ਼ਲ ਸਾਬਤ ਹੋ ਰਹੇ ਹਨ । ਉਨ੍ਹਾਂ ਨੇ ਦੱਸਿਆ ਕਿ ਨਵੇਂ ਮੱਛੀ ਤਲਾਬਾਂ ਦੀ ਪੁਟਾਈ ਅਤੇ ਨਵੀਨੀਕਰਨ ਸਮੇਤ ਪ੍ਰਧਾਨ ਮੰਤਰੀ ਮਤੱਸਿਆ ਸੰਪਦਾ ਯੋਜਨਾ ਤਹਿਤ ਕਾਸ਼ਤਕਾਰਾਂ ਨੂੰ ਸਬਸਿਡੀ ਦਿੱਤੀ ਜਾਂਦੀ ਹੈ। ਮੱਛੀ ਪਾਲਣ ਵਿਭਾਗ ਦੇ ਸਹਾਇਕ ਡਾਇਰੈਕਟਰ ਦਵਿੰਦਰ ਸਿੰਘ ਬੇਦੀ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੱਛੀ ਪਾਲਣ ਦਾ ਕਿੱਤਾ, ਵਿੱਤੀ ਮਜ਼ਬੂਤੀ ਲਈ ਮਿਆਰੀ ਆਧਾਰ ਹੈ, ਕਿਉਂਕਿ ਮੱਛੀ ਪੂੰਗ ਕੇਵਲ 7-8 ਮਹੀਨਿਆਂ ਵਿੱਚ ਵੀ ਵੇਚਣਯੋਗ ਹੋ ਜਾਂਦਾ ਹੈ ਅਤੇ ਇਸ ਦੀ ਪੈਦਾਵਾਰ ਦਾ ਚੱਕਰ ਲਗਾਤਾਰ ਹੀ ਚੱਲਦਾ ਰਹਿੰਦਾ ਹੈ। ਉਨ੍ਹਾਂ ਦੱਸਿਆ ਕਿ ਖੇਤੀ ਵਿਭਿੰਨਤਾ ਦੀ ਮੁਹਿੰਮ ਤਹਿਤ ਵੱਧ ਤੋਂ ਵੱਧ ਲੋਕਾਂ ਦਾ ਰੁਝਾਨ ਸਹਾਇਕ ਧੰਦਿਆਂ ਵੱਲ ਵਧ ਰਿਹਾ ਹੈ ਅਤੇ ਮੱਛੀ ਪਾਲਣ ਦਾ ਇਕੋ ਇੱਕ ਕਿੱਤਾ ਅਜਿਹਾ ਹੈ, ਜਿਸ ਵਿੱਚ ਮਿਹਨਤ ਘੱਟ ਅਤੇ ਜ਼ਿਆਦਾ ਲਾਭ ਹੁੰਦਾ ਹੈ।

# ਵੱਡੀ ਜ਼ਿੰਮੇਵਾਰੀ ਮਿਲਣ ਤੋਂ ਬਾਅਦ ਟੀਨੂ ਵੱਲੋਂ ਮੁੱਖ ਮੰਤਰੀ ਦਾ ਧੰਨਵਾਦ



ਭੋਗਪੁਰ, 20 ਮਈ ( ਜੰਗੀਰ ਸੈਣੀ ) :ਹਲਕਾ ਆਦਮਪੁਰ ਤੋਂ ਦੋ ਵਾਰ ਰਹਿ ਚੁੱਕੇ ਵਿਧਾਇਕ ਪਵਨ ਕੁਮਾਰ ਟੀਨੂ ਨੂੰ ਆਮ ਆਦਮੀ ਪਾਰਟੀ ਵੱਲੋਂ ਵੱਡੀ ਜਿੰਮੇਵਾਰੀ ਮਿਲਣ ਤੋਂ ਬਾਅਦ ਅੱਜ ਚੰਡੀਗੜ੍ਹ ਰਿਹਾਇਸ਼ ਵਿਖੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਵਾਈਸ ਚਾਂਸਲਰ ਡਾਕਟਰ ਜਗਦੀਪ ਸਿੰਘ ਅਤੇ ਪੰਜਾਬ ਸਟੇਟ ਕੋਆਪ੍ਰੇਟਿਵ ਐਗਰੀਕਲਚਰ ਡਿਵੈਲਪਮੈਂਟ ਬੈਂਕ ਦੇ ਨਵ-ਨਿਯੁਕਤ ਚੇਅਰਮੈਨ ਪਵਨ ਕੁਮਾਰ ਟੀਨੂੰ ਅਤੇ ਪਨਗ੍ਰੇਨ ਦੇ ਚੇਅਰਮੈਨ ਡਾ. ਤੇਜਪਾਲ ਸਿੰਘ ਗਿੱਲ ਨਾਲ ਮੁਲਾਕਾਤ ਕੀਤੀ। ਉਹਨਾਂ ਨੇ ਨਵੀਂ ਜ਼ਿੰਮੇਵਾਰੀ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਕਿਹਾ ਕਿ ਪੂਰਨ ਆਸ ਹੈ ਕਿ ਨਵੇਂ ਚੁਣੇ ਵਾਈਸ ਚਾਂਸਲਰ ਸਾਹਿਬ ਅਤੇ ਚੇਅਰਮੈਨ ਸਾਹਿਬਾਨ ਪੰਜਾਬ ਦੇ ਲੋਕਾਂ ਦੀਆਂ ਆਸਾਂ-ਉਮੀਦਾਂ 'ਤੇ ਖਰ੍ਹੇ ਉਤਰਨਗੇ। ਪਵਨ ਕੁਮਾਰ ਟੀਨੂ ਨੇ ਪੰਜਾਬ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਅਤੇ ਸਨਮਾਨਤ ਵੀ ਕੀਤਾ ਇਸ ਮੌਕੇ 'ਤੇ ਉਹਨਾਂ ਦੇ ਨਾਲ ਹੋਰ ਵੀ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਹਾਜ਼ਰ ਸਨ।

# ਪੰਜਾਬ ਸਰਕਾਰ ਨੇ ਸਿੱਖਿਆ ਕ੍ਰਾਂਤੀ ਲਈ ਸਭ ਤੋਂ ਵੱਧ ਜ਼ੋਰ ਦਿੱਤਾ : ਈ.ਟੀ.ਓ.



ਬਾਬਾ ਬਕਾਲਾ, 20 ਮਈ (ਬਲਰਾਜ ਸਿੰਘ ਰਾਜਾ): ਪੰਜਾਬ ਦੇ ਨੌਜਵਾਨਾਂ ਦਾ ਭਵਿਖ ਸੁਧਾਰਨ ਲਈ ਸਿੱਖਿਆ ਕਰਾਂਤੀ ਲਹਿਰ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨੇ ਪਿੰਡ ਮੁਛੱਲ ਦੇ ਸਰਕਾਰੀ ਹਾਈ ਸਕੂਲ ਵਿਚ ਸਿੱਖਿਆ ਕਰਾਂਤੀ ਸਮਾਰੋਹ ਦੌਰਾਨ ਬੋਲਦਿਆਂ ਕਿਹਾ ਕਿ ਪਿੰਡ ਮੁਛੱਲ ਦੇ ਸਰਕਾਰੀ ਸਕੂਲਾਂ ਦੇ ਸੁਧਾਰ ਲਈ ਤਿੰਨ ਸਾਲਾਂ ਦੌਰਾਨ 35 ਲੱਖ 68 ਹਜਾਰ ਰੁਪੈ ਖਰਚ ਕੀਤੇ ਜੋ ਇਕ ਰਿਕਾਰਡ ਹੈ। ਸਰਕਾਰੀ ਸਕੂਲਾਂ ਦੇ ਅਧਿਆਪਕ ਵੱਧ ਪੜ੍ਹੇ ਤਜਰਬੇਕਾਰ ਸਖਤ ਮਿਹਨਤ ਕਰਨ ਵਾਲੇ ਹਨ ਜਿਸ ਕਾਰਣ ਵਿੱਦਿਆ ਦੇ ਮਿਆਰ ਵਿਚ ਸੁਧਾਰ ਹੋਇਆ ਹੈ। ਹਰਭਜਨ ਸਿੰਘ ਨੇ ਕਿਹਾ ਕਿ ਮੈਂ ਸਾਰੀ ਵਿੱਦਿਆ ਸਰਕਾਰੀ ਸਕੂਲ ਵਿਚੋਂ ਹਾਸਲ ਕੀਤੀ ਉਸੇ ਸਕੂਲ ਵਿਚ ਅਧਿਆਪਕ ਲੈਕਚਰਾਰ ਦੀ ਨੌਕਰੀ ਕੀਤੀ ਪੀ ਸੀ ਐਸ ਕਰਕੇ ਈ ਟੀ ਓ ਦੇ ਅਹੁਦੇ ਤੱਕ ਪਹੁੰਚਿਆ ਉਥੋਂ ਅਸਤੀਫਾ ਦੇ ਕੇ ਸਿਆਸਤ ਵਿਚ ਆ ਕੇ ਮੰਤਰੀ ਦੇ ਅਹੁਦੇ ਤੱਕ ਪਹੁੰਚਿਆ ਹਾਂ ਅਤੇ ਅੱਜ ਤੱਕ ਵਿੱਦਿਆ ਹਾਸਲ ਕਰਨੀ ਨਹੀਂ ਛੱਡੀ। ਪੰਜਾਬ ਸਰਕਾਰ ਨੇ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਪਾਣੀਆਂ ਦੇ ਮਸਲੇ 'ਤੇ ਆਪ ਸੰਘਰਸ਼ ਲੜਿਆ ਹੈ। ਆਮ ਆਦਮੀ ਦੀ ਪਾਰਟੀ ਸਰਕਾਰ ਵਿਚ ਕਿਸੇ ਨੂੰ ਕੋਈ ਸਹੂਲਤ ਲੈਣ ਲਈ ਦਫਤਰਾਂ ਦੇ ਚੱਕਰ ਨਹੀਂ ਕੱਟਣੇ ਪਏ। ਸਭ ਨੂੰ ਬਿਨਾਂ ਕਿਸੇ ਕਾਗਜੀ ਕਾਰਵਾਈ ਦੇ ਮੁਫਤ ਬਿਜਲੀ ਦੀ ਸਹੂਲਤ ਦਿੱਤੀ ਹੈ। ਪਿੰਡ ਮੁਛੱਲ ਦੇ ਨਾਲ ਜੁੜਦੀਆਂ ਸੜਕਾਂ ਰੇਲਵੇ ਸਟੇਸ਼ਨ ਟਾਂਗਰਾ,ਜਬੋਵਾਲ, ਰਾਏਪੁਰ ਨੂੰ ਪੱਕਿਆਂ ਕਰਨ ਲਈ ਪਿੰਡ ਦੀ ਪੰਚਾਇਤ ਅਤੇ ਪਾਰਟੀ ਦੇ ਮੋਹਤਬਰ ਆਗੂਆਂ ਦੀ ਮੰਗ ਤੇ ਹਰਭਜਨ ਸਿੰਘ ਨੇ ਇਕ ਹਫਤੇ ਦੇ ਵਿਚ ਉਦਘਾਟਨ ਕਰਕੇ ਕੰਮ ਚਾਲੂ ਕਰਵਾਉਣ ਦਾ ਐਲਾਨ ਕੀਤਾ। ਆਮ ਆਦਮੀ ਪਾਰਟੀ ਦੀ ਵਿਚ ਕਿਸੇ ਨਾਲ ਜਾਤੀ ਜਾਂ ਸਿਆਸੀ ਤੌਰ 'ਤੇ ਵਿਤਕਰਾ ਨਹੀਂ ਹੋਵੇਗਾ। ਪਾਰਟੀ ਬਾਜੀਆਂ ਨਿੱਜੀ ਦੁਸ਼ਮਣੀਆਂ ਖਤਮ ਕਰਦਿਆਂ ਜਾਣਗੀਆਂ ਕਿਸੇ 'ਤੇ ਕੋਈ ਝੂਠਾ ਪਰਚਾ ਦਰਜ ਨਹੀਂ ਹੋਵੇਗਾ। ਇਸ ਸਮੇਂ ਪ੍ਰਮੁੱਖ ਆਗੂ ਛਨਾਕ ਸਿੰਘ ਚੇਅਰਮੈਨ,ਜੁਗਰਾਜ ਸਿੰਘ ਕੋਆਰਡੀਨੇਟਰ,ਸਰਪੰਚ ਗੁਰਮੁਖ ਸਿੰਘ ਸਰਜਾ,ਭੁਪਿੰਦਰ ਸਿੰਘ ਚਾਹਲ ਰਮਾਣਦੀਪ ਸਿੰਘ ਸਰਪੰਚ,ਸਵਿੰਦਰ ਸਿੰਘ ਮੁਛੱਲ,ਗੁਰਬਿੰਦਰ ਸਿੰਘ,ਕੁਲਵੰਤ ਸਿੰਘ ਸੰਗਰਾਵਾਂ,ਗੁਰਦੇਵ ਸਿੰਘ ਦੇਬੀ ਟਾਂਗਰਾ,ਸਰਪੰਚ ਸਵਿੰਦਰ ਕੌਰ,ਸਾਬਕਾ ਸਰਪੰਚ ਸੁਖਰਾਜ ਸਿੰਘ ਮੁਛੱਲ,ਪ੍ਰਦੀਪ ਸਿੰਘ ਖਾਲਸਾ,ਕਸ਼ਮੀਰ ਸਿੰਘ ਫੌਜੀ,ਕੁਲਵਿੰਦਰ ਸਿੰਘ,ਦਰਸ਼ਨ ਸਿੰਘ, ਸਕੂਲ ਦੇ ਪ੍ਰਿੰਸੀਪਲ ਰਾਜ ਰਾਣੀ,ਨਵਦੀਪ ਸਿੰਘ ਖੇਲਾ,ਬਲਬੀਰ ਸਿੰਘ,ਆਦਿ ਹਾਜ਼ਰ ਸਨ।

# ਭਾਈ ਅਮਰੀਕ ਸਿੰਘ ਜੀ ਖ਼ਾਲਸਾ ਅਕੈਡਮੀ ਦਾ ਨਤੀਜਾ ਰਿਹਾ ਸ਼ਾਨਦਾਰ




ਸ੍ਰੀ ਹਰਗੋਬਿੰਦਪੁਰ ਸਾਹਿਬ/ਘੁਮਾਣ, 20 ਮਈ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ):ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ, ਮੌਜੂਦਾ ਮੁੱਖੀ ਦਮਦਮੀ ਟਕਸਾਲ ਅਤੇ ਪ੍ਰਧਾਨ ਸੰਤ ਸਮਾਜ ਹੁਰਾਂ ਦੀ ਸਰਪ੍ਰਸਤੀ ਹੇਠ ਚਲ ਰਹੇ ਅਦਾਰੇ 'ਭਾਈ ਅਮਰੀਕ ਸਿੰਘ ਜੀ ਖ਼ਾਲਸਾ ਅਕੈਡਮੀ ਮਨੇਸ਼' ਦੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਦਸਵੀਂ ਵਿਚੋਂ ਵਿਦਿਆਰਥੀ ਗੁਰਲੀਨ ਕੌਰ ਨੇ 93% ਨੰਬਰ ਲੈ ਕੇ ਪਹਿਲਾ ਸਥਾਨ ਹਾਸਿਲ ਕੀਤਾ, ਇੱਸਤੋਂ ਇਲਾਵਾ ਗੁਰਸ਼ਰਨਪ੍ਰੀਤ ਕੌਰ ਅਤੇ ਪਲਕਪ੍ਰੀਤ ਕੌਰ ਨੇ 92% ਅਤੇ 90% ਨੰਬਰ ਹਾਸਿਲ ਕਰਕੇ ਦੂਸਰਾ ਅਤੇ ਤੀਸਰਾ ਸਥਾਨ ਹਾਸਿਲ ਕੀਤਾ। ਇਨ੍ਹਾਂ ਵਿਦਿਆਰਥੀਆਂ ਦੀ ਲਗਣ ਅਤੇ ਮੇਹਨਤ ਸਦਕਾ ਇਸ ਮੁਕਾਮ 'ਤੇ ਪਹੁੰਚਣ ਲਈ ਸਕੂਲ ਦੇ ਪ੍ਰਿੰਸੀਪਲ ਡਾ. ਅਰਜੁਨ ਸਿੰਘ ਅਤੇ ਸਮੁੱਚੇ ਸਟਾਫ ਨੇ ਇਨ੍ਹਾਂ ਨੂੰ ਵਧਾਈ ਦਿੱਤੀ ਅਤੇ ਭਵਿੱਖ ਲਈ ਸ਼ੁਭਕਾਮਨਾ ਦਿੱਤੀਆਂ। ਇਨ੍ਹਾਂ ਵਿਦਿਆਰਥੀਆਂ ਦੇ ਇਸ ਮੁਕਾਮ ਨੂੰ ਹਾਸਿਲ ਕਰਨ 'ਤੇ ਸੰਤ ਗਿਆਨੀ ਹਰਨਾਮ ਸਿੰਘ ਜੀ ਖ਼ਾਲਸਾ ਹੁਰਾਂ ਨੇ ਉਚੇਚੇ ਤੌਰ 'ਤੇ ਵਧਾਈ ਅਤੇ ਅਸ਼ੀਰਵਾਦ ਦਿੱਤਾ ਅਤੇ ਇਨ੍ਹਾਂ ਦੇ ਉੱਜਵਲ ਭਵਿੱਖ ਲਈ ਚੜ੍ਹਦੀਕਲਾ ਦੀ ਅਰਦਾਸ ਵੀ ਕੀਤੀ। ਇਸ ਦੌਰਾਨ ਸਕੂਲ ਦੇ ਪ੍ਰਿੰਸੀਪਲ ਡਾ. ਅਰਜੁਨ ਸਿੰਘ, ਅਧਿਆਪਕ ਅਮ੍ਰਿਤਪਾਲ ਸਿੰਘ, ਪ੍ਰਭਜੀਤ ਕੌਰ, ਸੰਦੀਪ ਕੌਰ, ਰਾਜਬੀਰ ਕੌਰ, ਰਜਿੰਦਰ ਕੌਰ, ਮਨਦੀਪ ਕੌਰ, ਆਦਿ ਸਟਾਫ ਹਾਜ਼ਰ ਸੀ।

# ਵਿਧਾਇਕ ਰੰਧਾਵਾ ਨੇ ਵਿਕਾਸ ਕਾਰਜਾਂ ਦੇ ਕੀਤੇ ਉਦਘਾਟਨ




ਡੇਰਾ ਬਾਬਾ ਨਾਨਕ, 20 ਮਈ (ਹੈਪੀ ਕੋਟਲੀ) : ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸ਼ੁਰੂ ਹੋਈ ਸਿੱਖਿਆ ਕ੍ਰਾਂਤੀ ਨਾਲ ਸੂਬੇ ਦੇ 12 ਹਜ਼ਾਰ ਸਰਕਾਰੀ ਸਕੂਲਾਂ ਵਿੱਚ ਇਤਿਹਾਸਕ ਇਨਕਲਾਬ ਆਇਆ ਹੈ ਅਤੇ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਿੱਖਿਆ ਦੇ ਖੇਤਰ ਵਿੱਚ 12 ਫ਼ੀਸਦੀ ਬਜਟ ਦਾ ਵਾਧਾ ਕਰਕੇ ਇਤਿਹਾਸ ਸਿਰਜਿਆ ਹੈ। ਇਹ ਪ੍ਰਗਟਾਵਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਅੱਜ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲ, ਦੌਲੋਵਾਲ, ਅਰਲੀਭੰਨ ਅਤੇ ਦਰਗਾਬਾਦ ਵਿਖੇ ਹੋਏ ਵਿਕਾਸ ਕਾਰਜਾਂ ਦੇ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਸਿੱਖਿਆ ਦਾ ਮਿਆਰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਵੱਲੋਂ ਇਤਿਹਾਸਕ ਫ਼ੈਸਲੇ ਕੀਤੇ ਗਏ ਹਨ ਅਤੇ ਇਨ੍ਹਾਂ ਫ਼ੈਸਲਿਆਂ ਦੀ ਬਦੌਲਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪ੍ਰਾਇਵੇਟ ਸਕੂਲਾਂ ਦੀ ਤਰਜ਼ ਤੇ ਅਤਿ ਆਧੁਨਿਕ ਸਹੂਲਤਾਂ ਨਾਲ ਪੜ੍ਹਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਕਰੀਬ 20 ਹਜ਼ਾਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਅਤੇ ਸਕੂਲ ਆਫ਼ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਆਈ.ਏ.ਐੱਸ., ਆਈ.ਪੀ.ਐੱਸ., ਪੀ.ਸੀ.ਐੱਸ. ਤੇ ਆਈ.ਆਈ.ਟੀ. ਆਦਿ ਉੱਚ ਵਿਸ਼ਿਆਂ ਸਬੰਧੀ ਸਿੱਖਿਆ ਪ੍ਰਦਾਨ ਕਰਕੇ ਉਨ੍ਹਾਂ ਦਾ ਭਵਿੱਖ ਉੱਜਵਲ ਬਣਾਇਆ ਜਾ ਰਿਹਾ ਹੈ। ਵਿਧਾਇਕ ਰੰਧਾਵਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੀਆਂ ਸਿੱਖਿਆ ਵਿਰੋਧੀ ਨੀਤੀਆਂ ਕਾਰਨ ਸੂਬੇ ਦੇ ਸਰਕਾਰੀ ਸਕੂਲ ਮਾੜੀ ਹਾਲਤ ਵਿੱਚ ਪਹੁੰਚ ਗਏ ਸਨ ਅਤੇ ਲੋਕ ਵੀ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚ ਪੜ੍ਹਾਉਣ ਨੂੰ ਤਰਜ਼ੀਹ ਦੇਣ ਲੱਗ ਪਏ ਸਨ। ਪ੍ਰੰਤੂ ਜਦੋਂ ਤੋਂ ਭਗਵੰਤ ਮਾਨ ਸਰਕਾਰ ਨੇ ਕਾਰਜਭਾਰ ਸੰਭਾਲਿਆ ਹੈ ਉਦੋਂ ਤੋਂ ਹੀ ਸਿੱਖਿਆ ਤੇ ਸਿਹਤ ਦੇ ਖੇਤਰ ਨੂੰ ਤਰਜੀਹੀ ਖੇਤਰ ਮੰਨਦੇ ਹੋਏ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ, ਜਿਸ ਸਦਕਾ ਅੱਜ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੇ ਦਾਖ਼ਲੇ ਵਿੱਚ ਵੱਡਾ ਵਾਧਾ ਹੋਇਆ ਹੈ ਅਤੇ ਮਾਪੇ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ ਵਿੱਚੋਂ ਕੱਢ ਕੇ ਸਰਕਾਰੀ ਸਕੂਲਾਂ ਵਿੱਚ ਦਾਖਲ ਕਰਵਾ ਰਹੇ ਹਨ। ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਸਿੱਖਿਆ ਕ੍ਰਾਂਤੀ ਜਰੀਏ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਭਰ ਵਿਚੋਂ ਮੋਹਰੀ ਸੂਬਾ ਬਣੇਗਾ। ਇਸ ਦੌਰਾਨ ਉਨ੍ਹਾਂ ਨੇ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਰਹਿਣ ਵਾਲੇ ਵਿਦਿਆਰਥੀਆਂ ਨੂੰ ਵੀ ਸਨਮਾਨਿਤ ਕੀਤਾ। ਇਸ ਮੌਕੇ ਉਨ੍ਹਾਂ ਨਾਲ ਸਿੱਖਿਆ ਵਿਭਾਗ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਮਾਪੇ ਅਤੇ ਇਲਾਕੇ ਦੇ ਮੋਹਤਬਰ ਹਾਜ਼ਰ ਸਨ।

## 41ਵੇਂ ਘੱਲੂਘਾਰੇ ਦਿਵਸ ਦੇ ਸਮਾਗਮਾਂ ਸਬੰਧੀ ਦਮਦਮੀ ਟਕਸਾਲ ਵਿਖੇ ਵਿਸ਼ਾਲ ਇਕੱਤਰਤਾ

# ਜੂਨ 84 'ਚ ਹੋਏ ਤੀਸਰੇ ਘੱਲੂਘਾਰੇ ਨੇ ਕੌਮ ਨੂੰ ਕੀਤਾ ਜਾਗ੍ਰਿਤ : ਸੰਤ ਗਿ. ਹਰਨਾਮ ਸਿੰਘ ਖਾਲਸਾ



ਚੌਕ ਮਹਿਤਾ, 20 ਮਈ (ਬਲਜਿੰਦਰ ਸਿੰਘ ਰੰਧਾਵਾ):ਦਮਦਮੀ ਟਕਸਾਲ ਦੇ ਮੁਖੀ ਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ 6 ਜੂਨ ਨੂੰ ਗੁ.ਗੁਰਦਰਸ਼ਨ ਪ੍ਰਕਾਸ਼ ਮਹਿਤਾ ਵਿਖੇ ਤੀਸਰੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਦੀ 41ਵੀਂ ਸ਼ਹੀਦੀ ਵਰ੍ਹੇਗੰਢ ਨੂੰ ਪੂਰੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸ਼ਹੀਦੀ ਸਮਾਗਮ ਨੂੰ ਲੈ ਕੇ ਅੱਜ ਇੱਥੇ ਇਕ ਵਿਸ਼ਾਲ ਇਕੱਤਰਤਾ ਕੀਤੀ ਗਈ,ਜਿਸ ਦੌਰਾਨ ਪੰਜਾਬ ਦੇ ਕੋਨੇ ਕੋਨੇ ਤੋਂ ਸੰਤ-ਮਹਾਂਪੁਰਸ਼ਾਂ, ਪ੍ਰਮੁੱਖ ਸ਼ਖਸ਼ੀਅਤਾਂ,ਸੰਪਰਦਾਵਾਂ,ਜਥੇਬੰਦੀਆਂ ਤੇ ਸੇਵਾ ਕਮੇਟੀਆਂ ਦੇ ਨੁਮਾਇੰਦੇ ਨੇ ਹਾਜ਼ਰੀ ਭਰੀ ।ਇਸ ਮੌਕੇ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਨੇ ਕਿਹਾ ਜੂਨ 84 'ਚ ਵਾਪਰੇ ਤੀਸਰੇ ਤੀਸਰੇ ਘੱਲੂਘਾਰੇ ਦੌਰਾਨ ਕੌਮ ਨੂੰ ਸਮੇਂ ਦੀ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹੋਣਾ ਪਿਆ ਸੀ,ਜਿਸਦਾ ਦੁੱਖ ਪੂਰੀ ਤਰ੍ਹਾਂ ਨਾਲ ਅਕਹਿ ਤੇ ਅਸਹਿ ਹੈ ਤੇ ਅੱਜ 41 ਸਾਲ ਬੀਤ ਜਾਣ ਦੇ ਬਾਵਜੂਦ ਕੌਮ ਦੇ ਸੀਨੇ 'ਤੇ ਲੱਗੇ ਜ਼ਖਮ ਪੂਰੀ ਤਰ੍ਹਾਂ ਨਾਲ ਸੱਜਰੇ ਹਨ। ਸਮਾਗਮਾਂ ਸਬੰਧੀ ਉਨ੍ਹਾਂ ਕਿਹਾ 1 ਤੋਂ 5 ਜੂਨ ਤੱਕ ਦੀਵਾਨ ਹਾਲ 'ਚ ਸ਼ਾਮ ਦੇ ਗੁਰਮਤਿ ਦੀਵਾਨ ਹੋਣਗੇ ,ਉਪਰੰਤ 6 ਜੂਨ ਨੂੰ ਵੱਡਾ ਪੰਥਕ ਇਕੱਠ ਕੀਤਾ ਜਾਵੇਗਾ। ਉਨ੍ਹਾਂ ਨੇ ਦੇਸ਼-ਵਿਦੇਸ਼ ਦੀਆਂ ਸੰਗਤਾਂ ਨੂੰ ਹੁੰਮ-ਹੁੰਮਾਂ ਕੇ ਸ਼ਹੀਦੀ ਸਮਾਗਮਾਂ 'ਚ ਹਾਜ਼ਰੀ ਭਰਨ ਤੋਂ ਇਲਾਵਾ ਸਮੂਹ ਪ੍ਰਬੰਧਕਾਂ ਤੇ ਇਲਾਕਾ ਨਿਵਾਸੀਆਂ ਨੂੰ ਆਉਣ ਵਾਲੀਆਂ ਸੰਗਤਾਂ ਲਈ ਲੋੜੀਂਦੇ ਇੰਤਜ਼ਾਮਾਂ 'ਚ ਹੁਣ ਤੋਂ ਹੀ ਜੁੱਟ ਜਾਣ ਦਾ ਸੱਦਾ ਦਿਤਾ। ਮੀਟਿੰਗ ਮੌਕੇ ਹਾਜ਼ਰ ਸੰਗਤਾਂ ਨੇ ਇਸ ਸਮਾਗਮਾਂ 'ਚ ਆਪਣਾ ਯੋਗਦਾਨ ਪਾਉਂਦੇ ਹੋਏ 30 ਤੋਂ 35 ਚਾਹ- ਪਕੌੜੇ ,ਜਲੇਬੀ ਤੇ ਪ੍ਰਸ਼ਾਦੇ ਦੇ ਲੰਗਰ ਤੇ ਛਬੀਲਾਂ ਲਾਉਣ ਤੋਂ ਇਲਾਵਾ ਜੋੜੇ ਘਰਾਂ ਦਾ ਪ੍ਰਬੰਧ ਕਰਨ ਤੇ ਸੂਬੇ ਭਰ 'ਚ 6 ਜੂਨ ਦੇ ਸਮਾਗਮ ਸਬੰਧੀ ਵੱਡੀ ਗਿਣਤੀ 'ਚ ਫਲੈਕਸਾਂ ਆਦਿ ਲਾਉਣ ਦੀਆਂ ਸੇਵਾਵਾਂ ਪ੍ਰਵਾਨ ਕੀਤੀਆਂ। ਇਸ ਤੋਂ ਇਲਾਵਾ 1500 ਬੱਸਾਂ ਤੇ 2500 ਕਾਰਾਂ ਆਦਿ 'ਤੇ ਆਉਣ ਵਾਲੇ ਸੰਗਤਾਂ ਦੇ ਬੈਠਣ ਲਈ ਵੱਡੇ ਪੰਡਾਲ ਤੇ ਵਾਹਨਾਂ ਲਈ 50 ਏਕੜ ਦੇ ਕਰੀਬ ਪਾਰਕਿੰਗ ਗਰਾਊਂਡ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਮੌਕੇ ਪ੍ਰਿੰ.ਗੁਰਦੀਪ ਸਿੰਘ ਰੰਧਾਵਾ ਨੇ ਮੰਚ ਸੰਚਾਲਕ ਦੀ ਸੇਵਾ ਨਿਭਾਉਂਦੇ ਹੋਏ ਆਈਆਂ ਸ਼ਖਸ਼ੀਅਤਾਂ ਤੇ ਸੰਗਤਾਂ ਨੂੰ ਨੂੰ ਜੀ ਆਇਆ ਆਖਦੇ ਹੋਏ ਮੀਟਿੰਗ ਦੀ ਆਰੰਭਤਾ ਕੀਤੀ। ਜਦਕਿ ਭਾਈ ਹਰਸ਼ਦੀਪ ਸਿੰਘ ਰੰਧਾਵਾ ਤੇ ਡਾ. ਅਵਤਾਰ ਸਿੰਘ ਬੁੱਟਰ ਨੇ ਸੰਗਤਾਂ ਵੱਲੋਂ ਲਈਆਂ ਗਈਆਂ ਸੇਵਾਵਾਂ ਨੂੰ ਸੰਗਤਾਂ ਨਾਲ ਸਾਂਝਾ ਕੀਤਾ। ਇਸ ਮੌਕੇ ਸੰਤ ਬਾਬਾ ਸੱਜਣ ਸਿੰਘ ਗੁਰੂ ਕੀ ਬੇਰ ਸਾਹਿਬ,ਭਾਈ ਅਮਰਬੀਰ ਸਿੰਘ ਢੋਟ ਪ੍ਰਧਾਨ ਸਿੱਖ ਸਟੂਡੈਂਟ ਫੈਡਰੇਸ਼ਨ ਮਹਿਤਾ, ਸੰਤ ਬਾਬਾ ਮਨਮੋਹਨ ਸਿੰਘ ਭੰਗਾਲੀ,ਸੰਤ ਬਾਬਾ ਗੁਰਦੇਵ ਸਿੰਘ ਤਰਸਿੱਕਾ ਵਾਲੇ,ਬਾਬਾ ਗੁਰਮੀਤ ਸਿੰਘ ਬੱਦੋਵਾਲ,ਬਾਬਾ ਗੁਰਭੇਜ਼ ਸਿੰਘ ਖੁਜ਼ਾਲਾ,ਬਾਬਾ ਨਵਤੇਜ਼ ਸਿੰਘ ਚੇਲੇਆਣਾ ਸਾਹਿਬ,ਗਿਆਨੀ ਭੁਪਿੰਦਰ ਸਿੰਘ ਗੱਦਲੀ, ਸੰਤ ਮਹਿੰਦਰ ਸਿੰਘ ਜਨੇਰ ਮੋਗਾ,ਬਾਬਾ ਸੁਰਿੰਦਰ ਸਿੰਘ ਅੱਚਲ ਸਾਹਿਬ, ਬਾਬਾ ਜੱਜ ਸਿੰਘ ਜਲਾਲਾਬਾਦ, ਬਾਬਾ ਸੁਖਵਿੰਦਰ ਸਿੰਘ ਅਬਦਾਲ, ਬਾਬਾ ਸੁਰਿੰਦਰ ਸਿੰਘ ਟਾਹਲੀ ਸਾਹਿਬ ,ਸੰਤ ਭਗਤ ਮਿਲਖਾ ਸਿੰਘਤੋਂ ਇਲਾਵਾ ਵੱਡੀ ਗਿਣਤੀ 'ਚ ਸੰਗਤਾਂ ਹਾਜ਼ਰ ਸਨ।

# ਅਮਿਤ ਸਹੋਤਾ ਨੂੰ ਬਲਾਕ ਦਾ ਯੂਥ ਪ੍ਰਧਾਨ ਲਗਾਉਣ 'ਤੇ ਹਾਈ ਕਮਾਨ ਦਾ ਧੰਨਵਾਦ

ਧਾਰੀਵਾਲ, 20 ਮਈ ( ਅਸ਼ੋਕ ਕੁਮਾਰ ): ਅਮਿਤ ਸਹੋਤਾ ਨੂੰ ਆਮ ਆਦਮੀ ਪਾਰਟੀ ਵੱਲੋ ਧਾਰੀਵਾਲ ਦਾ ਬਲਾਕ ਯੂਥ ਪ੍ਰਧਾਨ ਲਗਾਉਣ ਤੇ,ਆਮ ਆਦਮੀ ਪਾਰਟੀ ਪੰਜਾਬ ਦੇ ਜਰਨਲ ਸਕੱਤਰ ਅਤੇ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਹਲਕਾ ਇੰਚਾਰਜ ਕਾਦੀਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ, ਕ੍ਰਿਸਚਨ ਯੂਥ ਆਗੂ ਅਤੇ ਆਮ ਆਦਮੀ ਪਾਰਟੀ ਦੇ ਵਲੰਟੀਅਰ ਲਵਲੀ ਰੰਧਾਵਾ ਨੇ ਧੰਨਵਾਦ ਕੀਤਾ ਹੈ । ਲਵਲੀ ਰੰਧਾਵਾ ਨੇ ਕਿਹਾ ਕਿ ਹਲਕਾ ਕਾਦੀਆਂ ਦੀ ਰਹਿਨੁਮਾਈ ਕਰ ਰਹੇ ਸੇਖਵਾਂ ਪਰਿਵਾਰ ਸਮੇਂ ਸਮੇਂ 'ਤੇ ਆਪਣੇ ਵਫਾਦਾਰ ਤੇ ਮਿਹਨਤੀ ਵਰਕਰਾਂ ਦਾ ਮਾਨ ਸਨਮਾਨ ਕਰਦੇ ਹਨ। ਸਾਬਕਾ ਕੌਂਸਲਰ ਅਮਿਤ ਸਹੋਤਾ ਦੀ ਵਫਾਦਾਰੀ ਅਤੇ ਮਿਹਨਤ ਨੂੰ ਦੇਖਦੇ ਹੋਏ ਹਲਕਾ ਕਾਦੀਆਂ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਅਮਿਤ ਸਹੋਤਾ ਨੂੰ ਇੱਕ ਵੱਡੀ ਜਿੰਮੇਵਾਰੀ ਦੇ ਕੇ ਨਿਵਾਜਿਆ ਹੈ।

# ਕੋਹਾਲੀ ਵਿਖ਼ੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੇ ਹਨ ਵਿਕਾਸ ਕਾਰਜ:- ਪ੍ਰਧਾਨ ਖੈਹਿਰਾ



ਬਟਾਲਾ, 20 ਮਈ, (ਬਲਵਿੰਦਰ ਸਿੰਘ ਪੰਜਗਰਾਈਂ, ਧੰਨਪਾਲ ਸਿੰਘ) : ਨਜ਼ਦੀਕੀ ਪਿੰਡ ਕੋਹਾਲੀ ਵਿਖ਼ੇ, ਹਲਕਾ ਵਿਧਾਇਕ ਐਡ. ਅਮਰਪਾਲ ਸਿੰਘ ਕਿਸ਼ਨਕੋਟ ਦੀ ਅਗਵਾਈ ਹੇਠ ਵਿਕਾਸ ਕਾਰਜ ਜ਼ੋਰਾਂ ਸ਼ੋਰਾਂ ਨਾਲ ਕਰਵਾਏ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਸ੍ਰੀ ਹਰਗੋਬਿੰਦਪੁਰ ਦੇ ਯੂਥ ਪ੍ਰਧਾਨ ਸੁਖਮਨ ਖੈਹਿਰਾ ਵੱਲੋਂ, ਪਿੰਡ ਕੋਹਾਲੀ ਵਿਖੇ ਇੰਟਰਲਾਕ ਟਾਈਲਾਂ ਲਗਾਉਣ ਦਾ ਕੰਮ ਸ਼ੁਰੂ ਕਰਵਾਉਣ ਮੌਕੇ, ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ। ਓਹਨਾਂ ਕਿਹਾ ਕਿ ਪਿਛਲੇ ਪਿਛਲੀਆਂ ਸਰਕਾਰਾਂ ਵੱਲੋਂ ਅਧੂਰੇ ਛੱਡੇ ਗਏ ਕਾਰਜਾਂ ਨੂੰ ਪਹਿਲ ਦੇ ਅਧਾਰ 'ਤੇ ਕਰਵਾਇਆ ਜਾ ਰਿਹਾ ਹੈ, ਕਿਉਂਕੇ 40-40 ਸਾਲਾਂ ਤੋਂ ਬਹੁਤ ਸਾਰੇ ਪਿੰਡ ਬੁਨਿਆਦੀ ਸਹੂਲਤਾਂ ਤੋਂ ਸੱਖਣੇ ਨਜ਼ਰ ਆ ਰਹੇ ਹਨ । ਓਹਨਾਂ ਕਿਹਾ ਕਿ ਸਾਡਾ ਨਿਸ਼ਾਨਾ ਕਿਸੇ ਨੂੰ ਨਿੰਦਣਾ ਜਾਂ ਭੰਡਣਾ ਨਹੀਂ ਹੈ, ਸਾਡਾ ਨਿਸ਼ਾਨਾ, ਸਿਰਫ ਤੇ ਸਿਰਫ ਹਲਕੇ ਦੇ ਪਿੰਡਾਂ ਦੇ ਅਧੂਰੇ ਪਏ ਕੰਮਾਂ ਨੂੰ ਕਰਵਾਉਣਾ ਹੈ। ਯੂਥ ਪ੍ਰਧਾਨ ਸੁਖਮਨ ਖੈਹਿਰਾ ਨੇ ਕਿਹਾ ਕਿ ਜੇ ਪੰਜਾਬ ਨੂੰ ਸੱਚੀ ਮੁੱਚੀ ਰੰਗਲਾ ਪੰਜਾਬ ਬਣਾਉਣਾ ਹੈ ਤਾਂ ਸਾਨੂੰ ਸਾਰਿਆਂ ਨੂੰ ਇੱਕਜੁੱਟਤਾ ਨਾਲ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਰਕਾਰ ਵੱਲੋਂ ਮਿਥੇ ਟੀਚੇ ਅਨੁਸਾਰ ਪ੍ਰਸ਼ਾਸਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਸੁਹਿਰਦਤਾ ਨਾਲ ਕੰਮ ਕਰਨਾ ਹੋਵੇਗਾ। ਓਹਨਾਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਨੇ ਪਹਿਲਾਂ ਹੀ ਆਮ ਲੋਕਾਂ ਦੀ ਭਲਾਈ ਵਾਸਤੇ ਬੀਬੀਆਂ ਲਈ ਮੁਫਤ ਸਫਰ ਦੀ ਸਹੂਲਤ, ਬਿਜਲੀ ਦੇ 600 ਯੂਨਿਟ ਮੁਫਤ, ਸਰਕਾਰੀ ਸਕੂਲਾਂ ਵਿੱਚ ਵਰਦੀਆਂ, ਕਿਤਾਬਾਂ ਅਤੇ ਬੱਚਿਆਂ ਨੂੰ ਖਾਣਾ ਤੱਕ ਮੁਫਤ ਖਵਾਇਆ ਜਾ ਰਿਹਾ ਹੈ। ਓਹਨਾਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੰਦਿਆਂ ਹੋਇਆਂ ਕਿਹਾ ਕਿ ਆਓ ਸਾਰੇ ਰਲ ਮਿਲ ਕੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਈਏ। ਇਸ ਮੌਕੇ ਯੂਥ ਪ੍ਰਧਾਨ ਸੁਖਮਨ ਖੈਹਿਰਾ ਤੋਂ ਇਲਾਵਾ, ਸਾਬਕਾ ਸਰਪੰਚ ਅਤੇ ਆਮ ਆਦਮੀ ਪਾਰਟੀ ਦੇ ਜੁਝਾਰੂ ਆਗੂ ,ਸਿਕੰਦਰ ਸਿੰਘ ਕਰਨਾਮਾ, ਸਰਪੰਚ ਨਿਸ਼ਾਨ ਸਿੰਘ ਕੋਹਾਲੀ, ਸਰਪੰਚ ਗੋਲਡੀ ਧੀਰਾ ਹਾਜਰ ਸਨ।

# ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਆਗੂਆਂ ਦੇ ਘਰੀਂ ਛਾਪੇਮਾਰੀਆਂ ਦੇ ਵਿਰੋਧ 'ਚ ਸਰਕਾਰ ਦਾ ਫੂਕਿਆ ਪੁਤਲਾ




ਕਾਹਨੂੰਵਾਨ, 20 ਮਈ (ਕੁਲਜੀਤ ਸਿੰਘ ਖੋਖਰ) : ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਨੇ ਬੇ ਚਿਰਾਗ ਪਿੰਡ ਬੀੜ ਐਸਵਾਨ ਸੰਗਰੂਰ ਵਿਖੇ 927 ਏਕੜ ਵਿੱਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ 20 ਮਈ ਨੂੰ ਬੇਗਮਪੁਰਾ ਵਸਾਉਣ ਨੂੰ ਰੋਕਣ ਲਈ ਭਗਵੰਤ ਮਾਨ ਸਰਕਾਰ ਦੇ ਇਸ਼ਾਰੇ ਉੱਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ,ਸੂਬਾ ਆਗੂ ਹੰਸ ਰਾਜ ਪੱਬਵਾਂ ਸਮੇਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪਿੰਡ ਪੱਧਰੀ 100 ਤੋਂ ਵੱਧ ਕਾਰਕੁੰਨਾਂ ਨੂੰ ਗ੍ਰਿਫ਼ਤਾਰ ਕਰਨ ਅਤੇ ਕਿਰਤੀ ਕਿਸਾਨ ਯੂਨੀਅਨ ਦੇ ਜਲੰਧਰ ਸੂਬਾ ਦਫ਼ਤਰ ਉੱਪਰ ਛਾਪਾ ਮਾਰਨ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਅਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ,ਗੁਰਬਿੰਦਰ ਸਿੰਘ,ਬਿੱਕਰ ਸਿੰਘ ਹਥੋਆ, ਧਰਮਵੀਰ ਹਰੀਗੜ੍ਹ, ਗੁਰਮੁੱਖ ਸਿੰਘ ਅਤੇ ਇਸਤਰੀ ਜਾਗ੍ਰਿਤੀ ਮੰਚ ਦੀ ਸੂਬਾ ਜਨਰਲ ਸਕੱਤਰ ਅਮਨਦੀਪ ਦਿਓਲ ਆਦਿ ਦੇ ਘਰੀਂ ਛਾਪੇਮਾਰੀਆਂ ਕਰਨ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ ਪੇਂਡੂ ਮਜ਼ਦੂਰ ਯੂਨੀਅਨ ਯੂਥ ਵਿੰਗ ਦੇ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ ਨੇ ਪ੍ਰੈਸ ਨੂੰ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੀ ਜ਼ਮੀਨ ਹੱਦਬੰਦੀ ਕਾਨੂੰਨ ਨੂੰ ਲਾਗੂ ਕਰਕੇ ਵਾਧੂ ਜ਼ਮੀਨਾਂ ਬੇਜ਼ਮੀਨੇ ਦਲਿਤਾਂ,ਮਜ਼ਦੂਰਾਂ ਅਤੇ ਬੇਜ਼ਮੀਨੇ ਕਿਸਾਨਾਂ ਵਿੱਚ ਵੰਡਣ ਲਈ ਰਾਜ਼ੀ ਨਹੀਂ। ਉਨਾਂ ਕਿਹਾ ਕਿ ਬੀੜ ਐਸਵਾਨ ਵਿਖੇ ਬੇਚਿਰਾਗ ਪਿੰਡ ਵਿਖੇ 927 ਏਕੜ ਜ਼ਮੀਨ ਵਿੱਚ ਬੇਗਮਪੁਰਾ ਵਸਾਉਣ ਤੋਂ ਰੋਕਣ ਲਈ ਪੰਜਾਬ ਨੂੰ ਪੁਲਿਸ ਰਾਜ ਵਿੱਚ ਤਬਦੀਲ ਕਰਕੇ ਦਹਿਸਤ ਦਾ ਮਾਹੌਲ ਬਣਾਇਆ ਹੋਇਆ ਹੈ। ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਸੂਬਾ ਆਗੂ ਤੇ ਜਿਲ੍ਹਾ ਜਲੰਧਰ ਦੇ ਪ੍ਰਧਾਨ ਹੰਸ ਰਾਜ ਪੱਬਵਾਂ ਸਮੇਤ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਸੈਂਕੜੇ ਪਿੰਡ ਹਾਜਰ ਸਨ।

# ਕੰਗ ਨੇ ਵਿਕਾਸ ਕਾਰਜਾਂ ਤੇ ਭਲਾਈ ਸਕੀਮਾਂ ਦੀ ਕੀਤੀ ਸਮੀਖਿਆ

## ਅਧਿਕਾਰੀਆਂ ਨੂੰ ਕੰਮਾਂ ਦੀ ਰਫਤਾਰ 'ਚ ਤੇਜ਼ੀ ਲਿਆਉਣ ਦੇ ਨਿਰਦੇਸ਼

**ਸੁਖਦੇਵ ਸਿੰਘ ਉੜਾਪੜ**




ਸ਼ਹੀਦ ਭਗਤ ਸਿੰਘ ਨਗਰ, 20 ਮਈ: ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਅੱਜ ਇੱਥੇ ਜ਼ਿਲ੍ਹੇ ਵਿੱਚ ਚੱਲ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਅਤੇ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਅਤੇ ਅਧਿਕਾਰੀਆਂ ਨੂੰ ਵਿਕਾਸ ਕਾਰਜਾਂ ਦੀ ਰਫਤਾਰ ਤੇਜ਼ ਕਰਨ ਅਤੇ ਨਿਰਧਾਰਤ ਸਮੇਂ ਵਿਚ ਮੁਕੰਮਲ ਕਰਨ ਦੇ ਨਿਰਦੇਸ਼ ਦਿੱਤੇ। ਸ੍ਰੀ ਆਨੰਦਪੁਰ ਸਾਹਿਬ ਤੋਂ ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨੀ ਕਮੇਟੀ (ਦਿਸ਼ਾ) ਦੀ ਮੀਟਿੰਗ ਦੀ ਦੌਰਾਨ ਵੱਖ-ਵੱਖ ਵਿਕਾਸ ਕਾਰਜਾਂ ਅਤੇ ਲੋਕਪੱਖੀ ਯੋਜਨਾਵਾਂ ਸਮੇਤ ਲਗਭਗ 35 ਵੱਖ-ਵੱਖ ਪ੍ਰੋਗਰਾਮਾਂ ਦਾ ਜਾਇਜ਼ਾ ਲਿਆ। ਮੈਂਬਰ ਸੰਸਦ ਨੇ ਕੇਂਦਰ ਅਤੇ ਰਾਜ ਸਰਕਾਰ ਦੀਆਂ ਸਕੀਮਾਂ ਬਾਰੇ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਕਿਹਾ ਕਿ ਇਨ੍ਹਾਂ ਨੂੰ ਲਾਗੂ ਕਰਨ ਵਿਚ ਕਿਸੇ ਕਿਸਮ ਦੀ ਦੇਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜਨਤਕ ਹਿੱਤਾਂ ਨੂੰ ਮੱਦੇਨਜ਼ਰ ਰੱਖਦਿਆਂ ਭਲਾਈ ਸਕੀਮਾਂ ਦਾ ਲਾਭ ਹਰ ਯੋਗ ਲਾਭਪਾਤਰੀ ਤੱਕ ਪੁੱਜਦਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਬਣਦਾ ਲਾਭ ਮਿਲ ਸਕੇ। ਵਿਧਾਇਕ ਡਾ. ਸੁਖਵਿੰਦਰ ਸਿੰਘ ਸੁੱਖੀ, ਵਿਧਾਇਕ ਡਾ. ਨਛੱਤਰ ਪਾਲ ਅਤੇ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀਆਂ ਦੀ ਮੌਜੂਦਗੀ ਵਿਚ ਲੋਕ ਸਭਾ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਵੱਖ-ਵੱਖ ਪ੍ਰੋਜੇਕਟਾਂ ਅਤੇ ਸਕੀਮਾਂ ਤਹਿਤ ਫੰਡਾਂ ਦੀ ਵੰਡ, ਚੱਲ ਰਹੇ ਕੰਮਾਂ, ਹੁਣ ਤੱਕ ਦੀ ਪ੍ਰਗਤੀ ਅਤੇ ਹਾਲ ਹੀ ਵਿੱਚ ਪੂਰੇ ਹੋਏ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਐਮ.ਪੀ.ਲੈਡ ਫੰਡ ਸਮੇਂ ਸਿਰ ਖਰਚ ਕਰਦਿਆਂ ਸਬੰਧਤ ਅਥਾਰਟੀ ਨੂੰ ਵਰਤੋਂ ਸਰਟੀਫਿਕੇਟ ਵੀ ਸੌਂਪਿਆ ਜਾਵੇ । ਅਧਿਕਾਰੀਆਂ ਨੇ ਦੱਸਿਆ ਕਿ ਇਸ ਤਹਿਤ 158.47 ਲੱਖ ਰੁਪਏ ਦੇ ਫੰਡ ਮਨਜ਼ੂਰ ਕੀਤੇ ਗਏ ਸਬ ਜਿਨ੍ਹਾਂ ਵਿੱਚੋਂ 54.45 ਲੱਖ ਰੁਪਏ ਖਰਚ ਕੀਤੇ ਗਏ ਹਨ ਜਦੋਂ ਕਿ ਬਾਕੀ ਕੰਮ ਪ੍ਰਗਤੀ ਅਧੀਨ ਹਨ। ਸੰਸਦ ਮੈਂਬਰ ਨੂੰ ਪੇਂਡੂ ਖੇਤਰਾਂ ਵਿਚ ਪੀਣ ਵਾਲੇ ਪਾਣੀ ਮੁਹੱਈਆ ਕਰਵਾਉਣ ਦੀ ਸਕੀਮ ਤਹਿਤ ਨਵੇਂ ਟਿਊਬਵੈੱਲ ਲਾਉਣ ਦੇ ਨਾਲ-ਨਾਲ ਸਿਹਤ ਖੇਤਰ ਦੀਆਂ ਜਨਨੀ ਸੁਰੱਖਿਆ ਯੋਜਨਾ, ਜਨਨੀ ਸ਼ਿਸ਼ੂ ਸੁਰੱਖਿਆ ਪ੍ਰੋਗਰਾਮ, ਪ੍ਰਧਾਨ ਮੰਤਰੀ ਰਾਸ਼ਟਰੀ ਡਾਇਲਿਸਿਸ ਪ੍ਰੋਗਰਾਮ ਅਤੇ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਓਡੀ ਰੋਕਥਾਮ ਦਾ ਵੀ ਜਾਇਜ਼ਾ ਲਿਆ। ਸੰਸਦ ਮੈਂਬਰ ਨੇ ਸਵੱਛ ਭਾਰਤ ਮਿਸ਼ਨ, ਖੁੱਲ੍ਹੇ ਵਿੱਚ ਸ਼ੌਚ ਮੁਕਤ ਪਿੰਡ ਅਤੇ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਤਹਿਤ ਕੰਮਾਂ ਦੀ ਸਮੀਖਿਆ ਕੀਤੀ ਜਿਸ ਵਿੱਚ ਜ਼ਿਲ੍ਹੇ ਵਿੱਚ 80 ਪ੍ਰਤੀਸ਼ਤ ਤੋਂ ਵੱਧ ਪ੍ਰਗਤੀ ਦਰਜ ਕੀਤੀ ਗਈ ਹੈ। ਉਨ੍ਹਾਂ ਸਬੰਧਤ ਅਧਿਕਾਰੀਆਂ ਨੂੰ ਇਹ ਵੀ ਹਦਾਇਤ ਕੀਤੀ ਕਿ ਲਾਭਪਾਤਰੀਆਂ ਦੀ ਸਹੂਲਤ ਲਈ ਬੁਢਾਪਾ, ਵਿਧਵਾ, ਅਪਾਹਜ ਅਤੇ ਪਰਿਵਾਰਕ ਲਾਭ ਯੋਜਨਾਵਾਂ ਲਈ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਉਨ੍ਹਾਂ ਅੱਗੇ ਕਿਹਾ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਸ਼ਹਿਰੀ ) ਤਹਿਤ ਜ਼ਿਲ੍ਹੇ ਵਿੱਚ 637 ਯੋਗ ਲਾਭਪਾਤਰੀਆਂ ਦੀ ਪਛਾਣ ਕੀਤੀ ਗਈ ਸੀ, ਜਿਨ੍ਹਾਂ ਵਿੱਚੋਂ 508 ਲਾਭਪਾਤਰੀਆਂ ਨੂੰ ਫੰਡ ਜਾਰੀ ਕੀਤੇ ਜਾ ਚੁੱਕੇ ਹਨ ।ਰਾਸ਼ਟਰੀ ਖੁਰਾਕ ਸੁਰੱਖਿਆ ਐਕਟ ਅਤੇ ਸਮਾਰਟ ਰਾਸ਼ਨ ਕਾਰਡ ਯੋਜਨਾ ਦੀ ਸਮੀਖਿਆ ਕਰਦਿਆਂ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ ਨੇ ਜ਼ਿਲ੍ਹੇ ਵਿੱਚ ਕਣਕ ਦੀ ਵੰਡ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਗਰਮੀ ਦੇ ਮੌਸਮ ਦੇ ਮੱਦੇਨਜ਼ਰ ਪੀਣ ਵਾਲੇ ਪਾਣੀ ਦੀ ਸਪਲਾਈ ਨੂੰ ਯਕੀਨੀ ਬਣਾਉਣ ਦੀ ਵੀ ਤਾਕੀਦ ਕੀਤੀ। ਸੰਸਦ ਮੈਂਬਰ ਨੇ ਮਨਰੇਗਾ ਅਧੀਨ ਪਿੰਡਾਂ ਵਿੱਚ ਵੱਧ ਤੋਂ ਵੱਧ ਵਿਕਾਸ ਕਾਰਜ ਕਰਵਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਆਵਾਸ ਯੋਜਨਾ (ਦਿਹਾਤੀ) ਤਹਿਤ ਕੁੱਲ 211 ਲਾਭਪਾਤਰੀਆਂ ਨੂੰ ਪਹਿਲੀ ਅਤੇ 183 ਲਾਭਪਾਤਰੀਆਂ ਨੂੰ ਦੂਜੀ ਕਿਸ਼ਤ ਦਾ ਲਾਭ ਦਿੱਤਾ ਜਾ ਚੁੱਕਾ ਹੈ। ਸੰਸਦ ਮੈਂਬਰ ਨੇ ਬੇਟੀ ਬਚਾਓ, ਬੇਟੀ ਪੜ੍ਹਾਓ, ਪ੍ਰਧਾਨ ਮੰਤਰੀ ਆਦਰਸ਼ ਗ੍ਰਾਮ ਯੋਜਨਾ ਅਤੇ ਹੋਰ ਯੋਜਨਾਵਾਂ ਅਧੀਨ ਪ੍ਰਗਤੀ 'ਤੇ ਵੀ ਚਰਚਾ ਕੀਤੀ। ਉਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕੀਤੀ ਕਿ ਸਾਰੇ ਕੰਮ ਬਿਨਾਂ ਕਿਸੇ ਦੇਰੀ ਤੋਂ ਤੈਅ ਸਮੇਂ ਦੇ ਅੰਦਰ ਪੂਰੇ ਕੀਤੇ ਜਾਣ।

# ਬਠਿੰਡਾ ਪੁਲਿਸ ਵੱਲੋਂ ਨਸ਼ੀਲੇ ਪਦਾਰਥਾਂ ਸਮੇਤ 14 ਗ੍ਰਿਫ਼ਤਾਰ, ਡਰੱਗ ਮਨੀ ਬਰਾਮਦ



ਬਠਿੰਡਾ, 20 ਮਈ (ਦੀਪਕ ਸ਼ਰਮਾ) :ਜ਼ਿਲ੍ਹਾ ਪੁਲਿਸ ਨੇ ਨਸ਼ਾ ਤਸਕਰਾਂ ਖਿਲਾਫ ਵਿੱਢੀ ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦਿਆਂ ਵੱਖ-ਵੱਖ ਥਾਵਾਂ ਤੋਂ 14 ਨਸ਼ਾ ਤਸਕਰਾਂ ਨੂੰ ਭਾਰੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਹੈ। ਪੁਲਿਸ ਨੇ ਫੜੇ ਗਏ ਮੁਲਜ਼ਮਾਂ ਕੋਲੋਂ 27 ਗ੍ਰਾਮ ਹੈਰੋਇਨ, 253 ਨਸ਼ੀਲੀਆਂ ਗੋਲੀਆਂ, 825 ਪਾਬੰਦੀਸ਼ੁਦਾ ਕੈਪਸੂਲ, 200 ਲੀਟਰ ਲਾਹਣ, 136 ਬੋਤਲਾਂ ਸ਼ਰਾਬ ਅਤੇ 55,000 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਨੇ ਸਬ ਇੰਸਪੈਕਟਰ ਹਰਜੀਵਨ ਸਿੰਘ ਦੀ ਅਗਵਾਈ ਹੇਠ ਊਧਮ ਸਿੰਘ ਨਗਰ ਬਠਿੰਡਾ ਨੇੜੇ ਇਕ ਸ਼ੱਕੀ ਵਿਅਕਤੀ ਸੁਖਮੰਦਰ ਸਿੰਘ ਵਾਸੀ ਪਿੰਡ ਚੱਕ ਫਤਿਹ ਸਿੰਘ ਵਾਲਾ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 10 ਗ੍ਰਾਮ ਹੈਰੋਇਨ ਅਤੇ 45,000 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਪੁਲਿਸ ਨੇ ਮੁਲਜ਼ਮ ਨੂੰ ਮੌਕੇ 'ਤੇ ਹੀ ਕਾਬੂ ਕਰ ਲਿਆ। ਪੁਲਿਸ ਅਧਿਕਾਰੀਆਂ ਦਾ ਦਾਅਵਾ ਹੈ ਕਿ ਜਲਦੀ ਹੀ ਜ਼ਿਲ੍ਹੇ ਅੰਦਰ ਨਸ਼ਾ ਤਸਕਰਾਂ ਦਾ ਲੱਕ ਤੋੜ ਦਿੱਤਾ ਜਾਵੇਗਾ। ਇਸੇ ਤਰ੍ਹਾਂ ਹੀ ਥਾਣਾ ਥਰਮਲ ਦੀ ਪੁਲਿਸ ਨੇ ਓੜੀਆ ਕਲੋਨੀ 'ਚੋਂ ਇੱਕ ਔਰਤ ਵਨੀਤਾ ਮਹਾਨੰਦਾ ਨੂੰ 136 ਬੋਤਲਾਂ ਠੇਕੇ ਦੀ ਸ਼ਰਾਬ ਸਮੇਤ ਗ੍ਰਿਫਤਾਰ ਕੀਤਾ ਹੈ। ਥਾਣਾ ਸਦਰ ਬਠਿੰਡਾ ਦੀ ਪੁਲਿਸ ਨੇ ਬੀੜ ਤਲਾਬ ਦੇ ਵਾਸੀ ਸ਼ੈਲਵਿੰਦਰ ਸਿੰਘ ਨੂੰ 15 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ, ਜਦੋਂਕਿ ਥਾਣਾ ਨਥਾਣਾ ਦੀ ਪੁਲਿਸ ਨੇ ਪਿੰਡ ਚੱਕ ਫਤਿਹ ਸਿੰਘ ਵਾਲਾ ਵਿੱਚ ਛਾਪੇਮਾਰੀ ਕਰਦਿਆਂ ਗੁਰਸੇਵਕ ਸਿੰਘ ਨੂੰ 200 ਲੀਟਰ ਲਾਹਣ ਸਮੇਤ ਗ੍ਰਿਫਤਾਰ ਕੀਤਾ। ਥਾਣਾ ਦਿਆਲਪੁਰਾ ਦੀ ਪੁਲਿਸ ਨੇ ਵੀ ਪਿੰਡ ਕਾਂਗੜ ਨੇੜਿਓਂ ਮਨਦੀਪ ਸਿੰਘ ਵਾਸੀ ਭਗਤਾ ਭਾਈ ਕਾ ਨੂੰ 120 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ ਹੈ। ਥਾਣਾ ਫੂਲ ਦੀ ਪੁਲਿਸ ਨੇ ਪਿੰਡ ਸੇਲਬਰਾਹ ਵਿੱਚ ਛਾਪੇਮਾਰੀ ਕਰਦਿਆਂ ਗੁਰਤੇਜ ਸਿੰਘ ਨੂੰ 2 ਗ੍ਰਾਮ ਹੈਰੋਇਨ ਅਤੇ 7 ਜਿੰਦਾ ਕਾਰਤੂਸਾਂ ਸਮੇਤ ਕਾਬੂ ਕੀਤਾ ਹੈ। ਥਾਣਾ ਸਦਰ ਰਾਮਪੁਰਾ ਦੀ ਪੁਲਿਸ ਨੇ ਦੋ ਵਿਅਕਤੀਆਂ ਗੁਰਪ੍ਰੀਤ ਸਿੰਘ ਵਾਸੀ ਚਾਉਕੇ ਅਤੇ ਬੱਬੂ ਸਿੰਘ ਵਾਸੀ ਰੜ ਜ਼ਿਲ੍ਹਾ ਮਾਨਸਾ ਨੂੰ 10 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕਰਕੇ ਕੇਸ ਦਰਜ ਕੀਤਾ ਹੈ।ਇਸੇ ਤਰ੍ਹਾਂ ਥਾਣਾ ਬਾਲਿਆਂਵਾਲੀ ਦੀ ਪੁਲਿਸ ਨੇ ਪਿੰਡ ਭੂੰਦੜ ਤੋਂ ਸਾਹਿਲ ਵਾਸੀ ਰਾਮਪੁਰਾ ਮੰਡੀ ਨੂੰ 28 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ। ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਕੁਲਦੀਪ ਸਿੰਘ ਵਾਸੀ ਪਿੰਡ ਕੁਰਗਾਂਵਾਲੀ ਨੂੰ 225 ਪਾਬੰਦੀਸ਼ੁਦਾ ਕੈਪਸੂਲਾਂ ਸਮੇਤ ਗ੍ਰਿਫਤਾਰ ਕੀਤਾ। ਇਸੇ ਤਰ੍ਹਾਂ ਥਾਣਾ ਤਲਵੰਡੀ ਸਾਬੋ ਦੀ ਪੁਲਿਸ ਨੇ ਗਗਨ ਕੁਮਾਰ ਵਾਸੀ ਤਲਵੰਡੀ ਸਾਬੋ, ਗੁਰਦਾਸ ਸਿੰਘ ਅਤੇ ਗੁਰਪ੍ਰੀਤ ਸਿੰਘ ਵਾਸੀਆਨ ਪਿੰਡ ਕੁੰਰਗਾਂਵਾਲੀ ਜ਼ਿਲ੍ਹਾ ਸਿਰਸਾ ਨੂੰ 50 ਨਸ਼ੀਲੀਆਂ ਗੋਲੀਆਂ ਅਤੇ 600 ਕੈਪਸੂਲਾਂ ਸਮੇਤ ਗ੍ਰਿਫ਼ਤਾਰ ਕੀਤਾ। ਸਹਾਇਕ ਥਾਣੇਦਾਰ ਰਜਿੰਦਰ ਕੁਮਾਰ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਤਰ੍ਹਾਂ ਹੀ ਥਾਣਾ ਸੰਗਤ ਮੰਡੀ ਦੀ ਪੁਲਿਸ ਨੇ ਪਿੰਡ ਫੁੱਲੋ ਮਿੱਠੀ ਵਿੱਚ ਛਾਪੇਮਾਰੀ ਕਰਦਿਆਂ ਆਕਾਸ਼ ਕੁਮਾਰ ਨੂੰ 40 ਨਸ਼ੀਲੀਆਂ ਗੋਲੀਆਂ ਸਮੇਤ ਕਾਬੂ ਕੀਤਾ। ਪੁਲਿਸ ਨੇ ਫੜੇ ਗਏ ਉਕਤ ਮੁਲਜ਼ਮਾਂ ਖਿਲਾਫ ਐਨਡੀਪੀਐਸ ਐਕਟ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਲਿਆ ਹੈ।

# 'ਨਸ਼ਾ ਮੁਕਤੀ ਯਾਤਰਾ' ਜ਼ਿਲ੍ਹੇ ਦੇ ਲੋਕਾਂ ਲਈ ਹੋ ਰਹੀ ਹੈ ਕਾਰਗਰ ਸਾਬਤ



ਬਠਿੰਡਾ, 20 ਮਈ : (ਜਗਸੀਰ ਭੁੱਲਰ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਵਿੱਚ ਚਲਾਈ ਗਈ ਨਸ਼ਾ ਮੁਕਤੀ ਯਾਤਰਾ ਜ਼ਿਲ੍ਹੇ ਦੇ ਲੋਕਾਂ ਲਈ ਕਾਰਗਰ ਸਾਬਤ ਹੋ ਰਹੀ ਹੈ। ਇਸ ਯਾਤਰਾ ਵਿੱਚ ਆਮ ਲੋਕਾਂ ਵੱਲੋਂ ਭਰਵੀਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਨਸ਼ਾ ਮੁਕਤੀ ਯਾਤਰਾ ਦੌਰਾਨ ਜ਼ਿਲ੍ਹੇ ਨਾਲ ਸਬੰਧਤ ਵੱਖ-ਵੱਖ ਵਿਧਾਨ ਸਭਾ ਹਲਕਿਆਂ ਦੇ ਵਿਧਾਇਕਾਂ ਵੱਲੋਂ ਨਸ਼ਾ ਰੋਕੂ ਰੱਖਿਆ ਕਮੇਟੀਆਂ ਨਾਲ ਮੀਟਿੰਗਾਂ ਕਰਕੇ ਆਮ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਦਿਆਂ ਨਸ਼ੇ ਤੋਂ ਮੁਕਤੀ ਦਾ ਪ੍ਰਣ ਵੀ ਲਿਆ ਜਾ ਰਿਹਾ ਹੈ। ਨਸ਼ਾ ਮੁਕਤੀ ਯਾਤਰਾ ਦੇ 5ਵੇਂ ਦਿਨ ਚੀਫ ਵਿੱਪ ਅਤੇ ਵਿਧਾਇਕਾ ਤਲਵੰਡੀ ਸਾਬੋ ਪ੍ਰੋ. ਬਲਜਿੰਦਰ ਕੌਰ ਨੇ ਪਿੰਡ ਨੰਗਲਾ, ਨਥੇਹਾ ਅਤੇ ਲਹਿਰੀ ਵਿਖੇ ਪਿੰਡ ਵਾਸੀਆਂ ਅਤੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਹਸਦਾ, ਵਸਦਾ ਤੇ ਨਸ਼ਾ ਮੁਕਤ ਬਣਾਉਣ ਦੇ ਵੇਖੇ ਗਏ ਸੁਪਨਿਆਂ ਨੂੰ ਸਾਕਾਰ ਕਰਨ ਲਈ ਨਸ਼ਾ ਮੁਕਤੀ ਯਾਤਰਾ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਰੋਜਾਨਾ ਦੇ ਆਧਾਰ ਉਤੇ ਪਿੰਡਾਂ ਵਿੱਚ ਨਸ਼ਿਆਂ ਦੇ ਖਾਤਮੇ ਦਾ ਸੱਦਾ ਦਿੰਦੇ ਹੋਏ ਲੋਕਾਂ ਨੂੰ ਇਸ ਵੱਡੀ ਸਮਾਜਿਕ ਬੁਰਾਈ ਦੇ ਖਾਤਮੇ ਲਈ ਇੱਕਜੁੱਟ ਕੀਤਾ ਜਾਵੇਗਾ।ਵਿਧਾਇਕ ਮਾਸਟਰ ਜਗਸੀਰ ਸਿੰਘ ਨੇ ਡਿਫੈਸ ਕਲੋਨੀ, ਬੀਬੀਵਾਲਾ ਅਤੇ ਪਿੰਡ ਗੋਬਿੰਦਪੁਰਾ ਦੀਆਂ ਰੱਖਿਆਂ ਕਮੇਟੀਆਂ ਨਾਲ ਮੀਟਿੰਗਾਂ ਕਰਨ ਮੌਕੇ ਕਿਹਾ ਕਿ ਜਿਹੜੇ ਲੋਕ ਕਿਸੇ ਮਾੜੀ ਸੰਗਤ ਦਾ ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ ਵਿੱਚ ਫਸ ਚੁੱਕੇ ਹਨ ਉਹਨਾਂ ਦਾ ਮੁਫਤ ਇਲਾਜ ਸਰਕਾਰ ਵੱਲੋਂ ਕਰਵਾਇਆ ਜਾ ਰਿਹਾ ਹੈ ਅਤੇ ਉਹ ਅਜਿਹੇ ਲੋਕਾਂ ਨੂੰ ਅਪੀਲ ਕਰਦੇ ਹਨ ਕਿ ਨਸ਼ਾ ਮੁਕਤੀ ਕੇਂਦਰਾਂ ਵਿੱਚ ਦਾਖਲ ਹੋ ਕੇ ਆਪਣਾ ਇਲਾਜ ਜ਼ਰੂਰ ਕਰਵਾਇਆ ਜਾਵੇ। ਉਨ੍ਹਾਂ ਲੋਕਾਂ ਨੂੰ ਇਕਜੁਟ ਹੋਣ ਦਾ ਸੰਦੇਸ਼ ਦਿੰਦਿਆਂ ਕਿਹਾ ਕਿ ਨਸ਼ਾਂ ਤਸਕਰਾਂ ਖਿਲਾਫ ਜਾਣਕਾਰੀ ਸਿਵਲ ਤੇ ਪੁਲਿਸ ਪ੍ਰਸ਼ਾਸਨ ਨਾਲ ਸਾਂਝੀ ਕੀਤੀ ਜਾਵੇ ਤਾਂ ਜੋ ਮਾੜੀ ਅਲਾਮਤ ਦਾ ਪੂਰੀ ਤਰ੍ਹਾਂ ਖਾਤਮਾ ਹੋ ਸਕੇ।

# ਸੰਤ ਫਤਿਹ ਸਿੰਘ ਪਬਲਿਕ ਸਕੂਲ ਵਿਖੇ ਜੇਤੂ ਵਿਦਿਆਰਥੀਆਂ ਨੂੰ ਤਮ.ਗੇ ਪ੍ਰਦਾਨ



ਰਾਮਪੁਰਾ ਫੂਲ, 20 ਮਈ (ਜਗਜੀਤ ਸਿੰਘ ਜੱਗਾ) : ਅੱਜ ਸਵੇਰ ਦੀ ਸਭਾ ਵਿੱਚ ਸ਼ਨੀਵਾਰ ਨੂੰ ਕਰਵਾਏ ਗਏ ਧਾਰਮਿਕ ਕੁਞ ਮੁਕਾਬਲੇ ਦੀ ਜੇਤੂ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਸਾਹਿਬ ਵੱਲੋਂ ਮੈਡਲ ਦਿੱਤੇ ਗਏ ਇਸ ਮੌਕੇ ਪ੍ਰਿੰਸੀਪਲ ਰਣਜੀਤ ਸਿੰਘ ਐਕਟੀਵਿਟੀ ਇੰਚਾਰਜ ਮਨਦੀਪ ਕੌਰ, ਕੁਆਡੀਨੇਟਰ ਹਰਜਿੰਦਰ ਕੌਰ ਅਤੇ ਪਰਮਜੀਤ ਕੌਰ, ਧਾਰਮਿਕ ਅਧਿਆਪਕ ਗੋਪਾਲ ਸਿੰਘ, ਜਸਪਾਲ ਸਿੰਘ, ਹਰਸ਼ਰਨ ਕੌਰ, ਹਰ ਸਿਮਰਨ ਕੌਰ, ਰਮਨਦੀਪ ਕੌਰ, ਤੇ ਹੋਰ ਅਧਿਆਪਕ ਮੌਜੂਦ ਸਨ।

# ਦਸਤਾਰ ਮੁਕਾਬਲੇ ਵਿੱਚ ਪਹਿਲੀ ਜਮਾਤ ਰਹੀ ਅੱਵਲ




ਜੋਗਾ, 20 ਮਈ (ਵਿਰੈਂਦਰਪਾਲ ਮੰਤਰੋ) :ਅੱਜ ਬਾਬਾ ਫ਼ਰੀਦ ਅਕੈਡਮੀ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਉੱਭਾ (ਮਾਨਸਾ) ਵਿਖੇ ਸਤਿਨਾਮੁ ਸਰਬ ਕਲਿਆਣ ਟਰੱਸਟ ਦੇ ਗੁਰਮਤਿ ਅਧਿਆਪਕ ਮਨਪ੍ਰੀਤ ਕੌਰ ਦੀ ਦੇਖ-ਰੇਖ ਵਿੱਚ ਪ੍ਰਾਇਮਰੀ ਜਮਾਤਾਂ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ ਕੇ ਹਿੱਸਾ ਲਿਆ । ਹਰ ਇੱਕ ਜਮਾਤ ਵਿੱਚੋਂ ਵਧੀਆ ਦਸਤਾਰ ਸਜਾ ਕੇ ਲਿਆਉਣ ਵਾਲੇ ਵਿਦਿਆਰਥੀ ਨੂੰ ਵਾਈਸ ਪ੍ਰਿੰਸੀਪਲ ਕਮਲਦੀਪ ਕੌਰ ਅਤੇ ਗੁਰਮਤਿ ਅਧਿਆਪਕ ਮਨਪ੍ਰੀਤ ਕੌਰ ਵੱਲੋਂ ਮੈਡਲ ਪਾ ਕੇ ਸਨਮਾਨਿਤ ਕੀਤਾ ਗਿਆ । ਪਹਿਲੀ ਜਮਾਤ ਦੇ ਸਭ ਤੋਂ ਵੱਧ ਵਿਦਿਆਰਥੀ ਦਸਤਾਰ ਸਜਾ ਕੇ ਆਏ ਸਨ, ਇਸ ਲਈ ਪਹਿਲੀ ਜਮਾਤ ਦੇ ਇੰਚਾਰਜ ਜਸਵੀਰ ਕੌਰ ਨੂੰ ਵੀ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਪ੍ਰਿੰਸੀਪਲ ਬਿਰਜ ਲਾਲ, ਚੇਅਰਮੈਨ ਰਾਜ ਸਿੰਘ ਉੱਭਾ ਅਤੇ ਮਹਿਕਪ੍ਰੀਤ ਸਿੰਘ ਉੱਭਾ ਨੇ ਵਿਦਿਆਰਥੀਆਂ ਨੂੰ ਦਸਤਾਰ ਸਜਾਉਣ ਅਤੇ ਸਿੱਖ ਧਰਮ ਨਾਲ ਜੋੜਨ ਲਈ ਪ੍ਰੇਰਿਤ ਕੀਤਾ। ਇਸ ਸਮੇਂ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।

# ਮਾਤਾ ਸੁੰਦਰੀ ਨਰਸਿੰਗ ਇੰਸਟੀਚਿਊਟ ਵਿਖੇ ਨਰਸਿੰਗ ਡੇਅ ਮਨਾਇਆ



ਬਠਿੰਡਾ, 20 ਮਈ (ਜਗਸੀਰ ਭੁੱਲਰ): ਮਾਲਵੇ ਇਲਾਕੇ ਦੀ ਲੜਕੀਆਂ ਦੀ ਉੱਚ-ਸਿੱਖਿਆ ਲਈ ਵਰਦਾਨ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ਼ ਇੰਸਟੀਚਿਊਸ਼ਨ ਢੱਡੇ ਦੀ ਇਕਾਈ ਮਾਤਾ ਸੁੰਦਰੀ ਨਰਸਿੰਗ ਇੰਸਟੀਚਿਊਟ ਆਫ਼ ਢੱਡੇ ਵਿਖੇ ਨਰਸਿੰਗ ਡੇਅ ਮਨਾਇਆ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਐਮ.ਡੀ ਗੁਰਬਿੰਦਰ ਸਿੰਘ ਬੱਲੀ, ਡਾਇਰੈਕਟਰ ਐਡਮਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਵਿਸ਼ੇਸ਼ ਸਿਰਕਤ ਕਰਦਿਆਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਅਤੇ ਐਮ.ਡੀ. ਗੁਰਬਿੰਦਰ ਸਿੰਘ ਬੱਲੀ ਨੇ ਜਾਣਕਾਰੀ ਦਿੰਦੇ ਇਸ ਦਿਨ ਦੇ ਪਿਛੋਕੜ ਬਾਰੇ ਚਾਨਣਾ ਪਾਇਆ ਕਿ ਫਲੋਰੰਸ ਨਾਇਟਿੰਗੇਲ ਜੋ ਕਿ ਪਹਿਲੀ ਨਰਸ ਸੀ, ਜਿਸਨੂੰ "ਲੇਡੀ ਵਿਦ ਦਾ ਲੈਂਪ"ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਜਿਸਨੇ ਨਰਸਿੰਗ ਕਿੱਤੇ ਦੀ ਸ਼ੁਰੂਆਤ ਕੀਤੀ ਸੀ। ਇਸ ਤੋਂ ਬਾਅਦ ਹੀ ਕਈ ਨਰਸਿੰਗ ਕਾਲਜ ਖੁੱਲ੍ਹੇ ਤੇ ਲੜਕੀਆਂ ਅੱਗੇ ਵੱਧਕੇ ਇਸ ਕੋਰਸ ਵਿੱਚ ਭਾਗ ਲੈਣ ਲੱਗੀਆਂ । ਸੰਸਥਾ ਦੇ ਡਾਇਰੈਕਟਰ ਐਡਮਨਿਸਟਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਕਿਹਾ ਕਿ ਨਰਸਿੰਗ ਦਾ ਕੋਰਸ ਕਰਕੇ ਵਿਦਿਆਰਥੀ ਦੇਸ਼ਾਂ ਵਿਦੇਸ਼ਾਂ ਵਿੱਚ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ। ਇਸ ਦਿਨ ਮੈਨਜਮੈਂਟ ਕਮੇਟੀ, ਸਮੂਹ ਸਟਾਫ਼ ਅਤੇ ਵਿਦਿਆਰਥਣਾਂ ਵੱਲੋਂ ਕੇਕ ਸੈਰੇਮਨੀ ਵੀ ਕੀਤੀ ਗਈ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਸਿੰਬਲਜੀਤ ਕੌਰ , ਖ਼ਜ਼ਾਨਚੀ ਪ੍ਰਸ਼ੋਤਮ ਕੌਰ, ਸੰਸਥਾ ਦੇ ਪ੍ਰਿੰ. ਰਾਜ ਸਿੰਘ ਬਾਘਾ ,ਕੌਨਵੈਂਟ ਸਕੂਲ ਦੇ ਪ੍ਰਿੰ. ਕਨਵਰਦੀਪ ਸਿੰਘ ਗਿੱਲ, ਨਰਸਿੰਗ ਵਿਭਾਗ ਦੇ ਮੁਖੀ ਰਾਜਵੀਰ ਕੌਰ, ਪ੍ਰੋ.ਸੁਖਵੀਰ ਕੌਰ, ਪ੍ਰੋ. ਪੁਸ਼ਵਿੰਦਰ ਕੌਰ, ਪ੍ਰੋ. ਸੰਦੀਪ ਕੌਰ ਅਤੇ ਪ੍ਰੋ. ਸ਼ਿਮਲਾ ਕੌਰ ਆਦਿ ਸਮੂਹ ਵਿਦਿਆਰਥੀ ਸ਼ਾਮਿਲ ਸਨ।

# ਪੰਜਾਬ ਸਰਕਾਰ ਵੱਲੋਂ ਸੂਬੇ 'ਚ ਕਰਵਾਇਆ ਗਿਆ ਯੂਥ ਕਲੱਬ ਲੀਡਰਸ਼ਿਪ ਟ੍ਰੇਨਿੰਗ ਪ੍ਰੋਗਰਾਮ



ਬਠਿੰਡਾ, 20 ਮਈ ( ਜਗਸੀਰ ਭੁੱਲਰ):ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰੰਗਲਾ ਪੰਜਾਬ ਬਣਾਉਣ ਦੇ ਉਦੇਸ਼ ਸਦਕਾ ਪੂਰੇ ਸੂਬੇ ਅੰਦਰ ਯੂਥ ਕਲੱਬ ਲੀਡਰਸ਼ਿਪ ਟਰੇਨਿੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਜ਼ਿਲ੍ਹਾ ਪੱਧਰੀ ਟਰੇਨਿੰਗ ਸੈਸ਼ਨ ਦੌਰਾਨ ਸਟੇਟ ਸੈਕਟਰੀ ਯੂਥ ਐਡਵੋਕੇਟ ਹਰਦੀਪ ਸਿੰਘ ਸਰਾਂ, ਲਵਪ੍ਰੀਤ ਆਂਚਲਾ ਅਬੋਹਰ ਜਸਵਿੰਦਰ ਨੰਦਗੜ੍ਹ , ਹਰਪ੍ਰੀਤ ਕੋਠਾ ਨਥਿਆਣਾ, ਰਿਪਨਦੀਪ ਸਿੰਘ ਅਤੇ ਸਿਮਰਜੀਤ ਸਿੰਘ ਆਦਿ ਟੀਮਾਂ ਸਮੇਤ ਮੌਜੂਦ ਸਨ।ਟਰੇਨਿੰਗ ਸੈਸ਼ਨ ਦੌਰਾਨ ਲੈਕਚਰ ਅਤੇ ਵੀਡੀਓਜ਼ ਰਾਹੀਂ ਪੰਜਾਬ ਨੂੰ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਅਤੇ ਖੇਡਾਂ ਵੱਲ ਉਤਸਾਹਿਤ ਕਰਨ ਦਾ ਸੁਨੇਹਾ ਦਿੱਤਾ ਗਿਆ । ਐਡਵੋਕੇਟ ਹਰਦੀਪ ਸਰਾਂ ਨੇ ਕਿਹਾ ਕਿ ਰੰਗਲੇ ਪੰਜਾਬ ਦੀ ਸਿਰਜਣਾ ਦੀ ਡੋਰ ਨੌਜਵਾਨਾਂ ਦੇ ਮੋਢਿਆਂ 'ਤੇ ਹੈ ਤੇ ਨੌਜਵਾਨਾਂ ਨੂੰ ਸੂਬੇ ਦੀ ਭਲਾਈ ਪ੍ਰਤੀ ਆਪਣਾ ਰੋਲ ਸਮਝਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਯੂਥ ਕਲਬਾਂ ਦੇ ਗਠਨ ਨਾਲ ਨੌਜਵਾਨ ਪੀੜ੍ਹੀ ਆਪਣੀ ਜਿੰਮੇਵਾਰੀ ਨਿਭਾਉਂਦਿਆਂ ਲੋਕਾਂ ਨੂੰ ਨਸ਼ੇ ਦਾ ਜੜੋਂ ਖਾਤਮਾ ਕਰਨ ਸਬੰਧੀ ਜਨ ਜਾਗਰੂਕਤਾ ਫੈਲਾਏਗੀ ਉਥੇ ਖੇਡਾਂ ਦੇ ਮਹੱਤਵ ਨੂੰ ਸਮਝਦਿਆਂ ਆਪਣਾ ਧਿਆਨ ਤੇ ਐਨਰਜੀ ਖੇਡਾਂ ਵੱਲ ਲਗਾਏਗੀ ਇਸ ਮੌਕੇ ਯੁਵਕ ਸੇਵਾਵਾਂ ਦੇ ਡਾਇਰੈਕਟਰ ਰਘੁਵੀਰ ਸਿੰਘ ਮਾਨ , ਯੂਥ ਵਿਭਾਗ ਤੋਂ ਗੁਰਦੀਪ ਸਿੰਘ ਅਤੇ ਪੂਰੀ ਟੀਮ ਆਦਿ ਨੇ ਪ੍ਰੋਗਰਾਮ ਵਿਚ ਆਏ ਹੋਏ ਮਹਿਮਾਨ ਦਾ ਸਵਾਗਤ ਕੀਤਾ ਅਤੇ ਨੌਜਵਾਨਾਂ ਅੰਦਰ ਜੋਸ਼ ਭਰਿਆ ਤੇ ਨਸ਼ਿਆਂ ਅਜਿਹੀਆ ਮਾੜੀ ਅਲਾਮਤਾਂ ਤੋਂ ਦੂਰ ਰਹਿਣ ਪ੍ਰਤੀ ਸੰਦੇਸ਼ ਦਿੱਤਾ।

# ਮਾਨ ਸਰਕਾਰ ਨੇ ਗ੍ਰਾਂਟਾਂ ਦੇ ਗੱਫੇ ਦੇ ਕੇ ਸਰਕਾਰੀ ਸਕੂਲਾਂ ਦੀ ਬਦਲੀ ਨੁਹਾਰ : ਚੇਅਰਮੈਨ ਢਿੱਲੋਂ



ਧੂਰੀ, 20 ਮਈ ( ਰਣਜੀਤ ਸਿੰਘ ਪੇਧਨੀ ) : ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਕਰੋੜਾਂ ਰੁਪਏ ਦੀ ਲਾਗਤ ਨਾਲ ਚੱਲ ਰਹੇ ਵਿਕਾਸ ਕਾਰਜਾਂ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਜਾ ਰਹੀ ਹੈ। ਇਸੇ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਸਰਕਾਰੀ ਸੀਨੀਅਰ ਸੈਕੰਡਰੀ ਹਾਈ ਸਕੂਲ ਪੁੰਨਾਵਾਲ ਦੇ ਹੈਡ ਟੀਚਰ ਸੁਖਦੀਪ ਸਿੰਘ ਦੀ ਅਗਵਾਈ ਹੇਠ ਹੋਏ ਸਕੂਲ ਚ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਦੇ ਇੰਚਾਰਜ ਸ, ਦਲਬੀਰ ਸਿੰਘ ਢਿੱਲੋਂ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਕੀਤਾ। ਉਹਨਾਂ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੀ ਬਦਲੀ ਜਾ ਰਹੀ ਨੁਹਾਰ 'ਤੇ ਖੁਸ਼ੀ ਜਾਹਰ ਕੀਤੀ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਕਾਰਜਾਂ ਨਾਲ ਪੂਰੇ ਸੂਬੇ ਦੀ ਨੁਹਾਰ ਬਦਲ ਦਿੱਤੀ ਜਾਵੇਗੀ। ਇਸ ਮੌਕੇ ਕੋਆਰਡੀਨੇਟਰ ਦਰਸ਼ਨ ਸਿੰਘ ਪਾਠਕ, ਸਰਪੰਚ ਗੋਬਿੰਦਰ ਖੰਗੂੜਾ,ਅਰਸ਼ਦੀਪ ਸਿੰਘ ਪੂਨੀਆ, ਨਵਜੋਤ ਕੌਰ,ਹਰਦੀਪ ਸਿੰਘ, ਬਖਸ਼ੀਸ ਸਿੰਘ ਅਲਾਲ , ਕਰਮਜੀਤ ਸਿੰਘ ਬਿੱਟੂ ਪੰਚ, ਰਜਿੰਦਰ ਸਿੰਘ ਪੰਚ, ਹਰਵਿੰਦਰ ਸਿੰਘ ਪੰਚ , ਲਵਪ੍ਰੀਤ ਸਿੰਘ ਪੰਚ, ਲਖਵਿੰਦਰ ਸਿੰਘ ਪੰਚ, ਸੁਰਜੀਤ ਸਿੰਘ ਪੰਚ, ਗਿਆਨ ਕੌਰ ਪੰਚ, ਕਰਮਜੀਤ ਸਿੰਘ ਪੰਚ, ਰਾਜਵਿੰਦਰ ਸਿੰਘ ਰਾਜੂ ਪੰਚ ਹਾਜਰ ਸਨ।

# ਵਿਦਿਆਰਥੀਆਂ ਲਈ ਸਖ਼ਤ ਮਿਹਨਤ ਹੀ ਸਫ਼ਲਤਾ ਦਾ ਰਾਜ : ਡੀ.ਸੀ.



ਬਠਿੰਡਾ, 20 ਮਈ : (ਜਗਸੀਰ ਭੁੱਲਰ) : ਵਿਦਿਆਰਥੀਆਂ ਲਈ ਸਖਤ ਮਿਹਨਤ ਹੀ ਸਫਲਤਾ ਦਾ ਰਾਜ ਹੈ, ਉਹ ਜਿੰਦਗੀ ਵਿੱਚ ਸਖਤ ਮਿਹਨਤ ਕਰਕੇ ਹੀ ਤਰੱਕੀ ਦੀਆਂ ਮੰਜਿਲਾਂ ਪਾ ਸਕਦੇ ਹਨ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਦੇ ਪਿੰਡ ਕੋਟਸ਼ਮੀਰ ਦੇ ਸਕੂਲ ਆਫ਼ ਐਮੀਨੈਂਸ ਵਿਖੇ ਮੈਂਟਰਸ਼ਿਪ ਪ੍ਰੋਗਰਾਮ ਤਹਿਤ ਵਿਦਿਆਰਥੀਆਂ ਨਾਲ ਗੱਲ-ਬਾਤ ਕਰਦਿਆਂ ਕੀਤਾ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਦੇ ਗਿਆਨ ਦੀ ਪਰਖ ਕਰਦਿਆਂ ਜਿਥੇ ਉਨ੍ਹਾਂ ਨਾਲ ਸਵਾਲ-ਜਵਾਬ ਵੀ ਕੀਤੇ ਉਥੇ ਹੀ ਸਕੂਲ ਤੇ ਉਨ੍ਹਾਂ ਦੀ ਪੜ੍ਹਾਈ ਨੂੰ ਹੋਰ ਬੇਹਤਰ ਬਣਾਉਣ ਲਈ ਸੁਝਾਅ ਵੀ ਲਏ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜਿਥੇ ਵਿਦਿਆਰਥੀਆਂ ਨਾਲ ਆਪਣੇ ਤਜ਼ਰਬੇ ਸਾਂਝੇ ਕੀਤੇ ਉਥੇ ਹੀ ਉਨ੍ਹਾਂ ਕੋਲੋਂ ਉਨ੍ਹਾਂ ਦੀਆਂ ਭਵਿੱਖੀ ਯੋਜਨਾਵਾਂ ਬਾਰੇ ਵੀ ਜਾਣਿਆਂ। ਉਨ੍ਹਾਂ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਪੜ੍ਹ ਲਿਖ ਕੇ ਆਪਣੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕਰ ਸਕਣ। ਇਸ ਦੌਰਾਨ ਉਨ੍ਹਾਂ ਵਿਦਿਆਰਥੀਆਂ 'ਚ ਆਤਮ ਵਿਸ਼ਵਾਸ ਅਤੇ ਮਾਰਗਦਰਸ਼ਨ ਦੀ ਭਾਵਨਾ ਨੂੰ ਉਤਸ਼ਾਹਿਤ ਕਰਦੇ ਹੋਏ ਕਿਹਾ ਕਿ ਉਹ ਆਪਣੇ ਸੁਪਨੇ ਮੇਰੇ ਨਾਲ ਸਾਂਝੇ ਕਰਨ ਤਾਂ ਜੋ ਉਨ੍ਹਾਂ ਨੂੰ ਸਾਕਾਰ ਕਰਨ ਲਈ ਸਹੀ ਰਸਤਾ ਦਿਖਾਇਆ ਜਾ ਸਕੇ। ਇਸ ਦੌਰਾਨ ਡਿਪਟੀ ਕਮਿਸ਼ਨਰ ਨੇ ਸਕੂਲ ਦੇ ਕਲਾਸ ਰੂਮਾਂ, ਸਾਇੰਸ ਲੈਬਜ਼ ਅਤੇ ਲਾਇਬ੍ਰੇਰੀ ਦਾ ਦੌਰਾ ਕਰਕੇ ਜਾਇਜ਼ਾ ਵੀ ਲਿਆ। ਇਸ ਦੌਰਾਨ ਉਨ੍ਹਾਂ ਵਿਦਿਆਰਥੀਆਂ ਦੀ ਮੰਗ ਅਨੁਸਾਰ ਉਨ੍ਹਾਂ ਨੂੰ ਲੋੜੀਂਦਾ ਸਾਜੋ-ਸਮਾਨ ਮੁਹੱਈਆ ਕਰਵਾਉਣ ਲਈ ਪ੍ਰਿੰਸੀਪਲ ਨੂੰ ਆਦੇਸ਼ ਦਿੱਤੇ ਤਾਂ ਜੋ ਵਿਦਿਆਰਥੀਆਂ ਨੂੰ ਪੜ੍ਹਾਈ ਪ੍ਰਤੀ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆਂ ਦਰਪੇਸ਼ ਨਾ ਆਵੇ। ਇਸ ਦੌਰਾਨ ਉਨ੍ਹਾਂ ਅਧਿਆਪਕਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਉਹ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਆਪਣੀਆਂ ਸੇਵਾਵਾਂ ਸਮਰਪਿਤ ਭਾਵਨਾ ਨਾਲ ਨਿਭਾਉਣ।

# ਪੈਟਰੋਲ ਪੰਪ ਲੁੱਟਣ ਵਾਲਾ ਹਥਿਆਰਬੰਦ ਲੁਟੇਰਾ ਗਿਰੋਹ ਕਾਬੂ

## 15 ਬੋਰ ਦਾ ਦੇਸੀ ਪਿਸਤੌਲ ਪੰਜ ਕਾਰਤੂਸ ਬਰਾਮਦ, ਇੱਕ ਮੁਲਜ਼ਮ ਜ਼ਖ਼ਮੀ



ਬਠਿੰਡਾ, 20 ਮਈ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਪੈਟਰੋਲ ਪੰਪਾਂ 'ਤੇ ਲੁੱਟਾਂ-ਖੋਹਾਂ ਕਰਨ ਵਾਲੇ ਇੱਕ ਗਿਰੋਹ ਦਾ ਪਰਦਾਫਾਸ਼ ਕਰਦਿਆਂ ਹੋਇਆਂ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਜ਼ਿਕਰਯੋਗ ਹੈ ਕਿ ਪੁਲਿਸ ਵੱਲੋਂ ਪਿੱਛਾ ਕਰਨ 'ਤੇ ਉਕਤ ਮੁਲਜ਼ਮਾਂ ਨੇ ਕਾਰ ਰਾਹੀਂ ਭੱਜਣ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਦੀ ਤੇਜ਼ ਰਫਤਾਰ ਗੱਡੀ ਬੇਕਾਬੂ ਹੋ ਕੇ ਇੱਕ ਦਰਖਤ ਨਾਲ ਟਕਰਾ ਗਈ। ਹਾਦਸੇ ਵਿੱਚ ਇੱਕ ਮੁਲਜਮ ਜ਼ਖਮੀ ਹੋ ਗਿਆ, ਜਿਸ ਤੋਂ ਬਾਅਦ ਪੁਲਿਸ ਨੇ ਉਕਤ ਮੁਲਜ਼ਮਾਂ ਨੂੰ ਹਿਰਾਸਤ ਵਿੱਚ ਲੈ ਲਿਆ।ਕਥਿਤ ਮੁਲਜ਼ਮਾਂ ਦੇ ਫੜੇ ਜਾਣ ਨਾਲ ਪਿਛਲੇ ਕੁਝ ਸਮੇਂ ਤੋਂ ਵਾਪਰ ਰਹੀਆਂ ਲੁੱਟ ਦੀਆਂ ਵਾਰਦਾਤਾਂ ਦੀ ਗੁੱਥੀ ਸੁਲਝ ਗਈ ਹੈ। ਜ਼ਿਕਰਯੋਗ ਹੈ ਕਿ ਫੜੇ ਗਏ ਕਥਿਤ ਦੋਸ਼ੀਆਂ ਕੋਲੋਂ ਨਜਾਇਜ਼ ਅਸਲਾ ਵੀ ਮਿਲਿਆ ਹੈ, ਜਿਸ ਵਿੱਚ 315 ਬੋਰ ਦਾ ਦੇਸੀ ਪਿਸਤੌਲ, ਪੰਜ ਜਿੰਦਾ ਕਾਰਤੂਸ ਬਰਾਮਦ ਹੋਏ ਹਨ। ਮੁਢਲੀ ਪੁੱਛ ਗਿੱਛ ਦੌਰਾਨ ਕਥਿਤ ਦੋਸ਼ੀਆਂ ਨੇ ਪਿਛਲੇ ਦਿਨੀ ਹੋਈਆਂ ਲੁੱਟ ਦੀਆਂ ਵਾਰਦਾਤਾਂ ਨੂੰ ਵੀ ਕਬੂਲ ਲਿਆ ਹੈ। ਦੱਸ ਦਈਏ ਕਿ ਪਿਛਲੇ ਕੁਝ ਦਿਨਾਂ ਤੋਂ ਇਲਾਕੇ 'ਚ ਲੁੱਟਾਂ ਦੀਆਂ ਵਾਰਦਾਤਾਂ ਕਾਰਨ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਸੀ, ਖਾਸ ਕਰਕੇ ਬਠਿੰਡਾ-ਡੱਬਵਾਲੀ ਰੋਡ 'ਤੇ ਰਾਤ ਨੂੰ ਸਫਰ ਕਰਨ ਵਾਲੇ ਲੋਕਾਂ 'ਚ। ਲੁਟੇਰਿਆਂ ਵੱਲੋਂ ਲਗਾਤਾਰ ਲੁੱਟ ਦੀਆਂ ਵਾਰਦਾਤਾਂ ਨੂੰ ਅੰਜਾਮ ਦਿੱਤਾ ਜਾ ਰਿਹਾ ਸੀ। ਉਕਤ ਲੁਟੇਰਾ ਗਿਰੋਹ ਜ਼ਿਆਦਾਤਰ ਪੈਟਰੋਲ ਪੰਪਾਂ ਨੂੰ ਆਪਣਾ ਨਿਸ਼ਾਨਾ ਬਣਾ ਰਿਹਾ ਸੀ। ਲੰਘੀ 16 -17 ਮਈ ਦੀ ਰਾਤ ਨੂੰ ਕਾਰ ਸਵਾਰ ਲੁਟੇਰਿਆਂ ਨੇ ਡੱਬਵਾਲੀ ਰੋਡ ਤੇ ਸਥਿਤ ਜੀਓ ਕੰਪਨੀ ਦੇ ਪੈਟਰੋਲ ਪੰਪ ਤੋਂ ਹਥਿਆਰਾਂ ਦੀ ਨੋਕ 'ਤੇ ਲੁੱਟ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਸੀ, ਜਿਸ ਤੋਂ ਬਾਅਦ ਪੈਟਰੋਲ ਪੰਪ ਸੰਚਾਲਕਾਂ ਵੱਲੋਂ 17 ਮਈ ਨੂੰ ਥਾਣਾ ਸਦਰ ਬਠਿੰਡਾ ਵਿਖੇ ਮੁਕਦਮਾ ਦਰਜ ਕਰਵਾਇਆ ਗਿਆ ਸੀ। ਪੁਲਿਸ ਦੇ ਅਨੁਸਾਰ, ਗਿਰੋਹ ਨੇ 5 ਅਤੇ 6 ਮਈ, 2025 ਦੀ ਦਰਮਿਆਨੀ ਰਾਤ ਨੂੰ ਬਾਂਸਲ ਪੈਟਰੋਲ ਪੰਪ, ਗੁਰੂਸਰ ਸੈਣੇਵਾਲਾ ਵਿਖੇ ਹਥਿਆਰਾਂ ਦੀ ਨੋਕ 'ਤੇ ਲੁੱਟ ਕੀਤੀ ਸੀ। ਇਸ ਤੋਂ ਬਾਅਦ, 16 ਅਤੇ 17 ਮਈ, 2025 ਦੀ ਦਰਮਿਆਨੀ ਰਾਤ ਨੂੰ, ਗਿਰੋਹ ਨੇ ਬਠਿੰਡਾ-ਡੱਬਵਾਲੀ ਰੋਡ 'ਤੇ ਸਥਿਤ ਜੀਓ ਕੰਪਨੀ ਦੇ ਪੈਟਰੋਲ ਪੰਪ ਨੂੰ ਵੀ ਲੁੱਟਿਆ ਸੀ।

**ਕੀ ਕਹਿੰਦੇ ਹਨ ਪੁਲਿਸ ਅਧਿਕਾਰੀ** :ਇਸ ਸਬੰਧੀ ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈਸ ਵਾਰਤਾ ਦੌਰਾਨ ਐਸਪੀ (ਡਿਟੈਕਟਿਵ,) ਜਸਮੀਤ ਸਿੰਘ ਨੇ ਦੱਸਿਆ ਹੈ ਕਿ ਪੁਲਿਸ ਕਪਤਾਨ ਅਮਨੀਤ ਕੌਂਡਲ ਦੇ ਦਿਸ਼ਾ ਨਿਰਦੇਸ਼ਾਂ 'ਤੇ , ਬਠਿੰਡਾ ਪੁਲਿਸ ਨੇ ਕਥਿਤ ਲੁਟੇਰਿਆਂ ਨੂੰ ਫੜਨ ਲਈ ਇੱਕ ਵਿਸ਼ੇਸ਼ ਟੀਮ ਦਾ ਗਠਨ ਕੀਤਾ ਸੀ ਉਨ੍ਹਾਂ ਦੱਸਿਆ ਕਿ 19 ਮਈ, 2025 ਨੂੰ, ਸੀਆਈਏ ਸਟਾਫ 2 ਦੀ ਟੀਮ, ਜਿਸ ਦੀ ਅਗਵਾਈ ਇੰਸਪੈਕਟਰ ਕਰਨਦੀਪ ਸਿੰਘ ਕਰ ਰਹੇ ਸਨ ਨੂੰ ਸੂਚਨਾ ਮਿਲੇ ਕੀ ਕਥਿਤ ਲੁਟੇਰੇ ਉਕਤ ਇਲਾਕੇ ਵਿੱਚ ਘੁੰਮ ਰਹੇ ਹ। ਜੋ ਇੱਕ ਚਿੱਟੇ ਰੰਗ ਦੀ ਮਾਰੂਤੀ ਸਲੈਰੀਓ ਕਾਰ ਵਿੱਚ ਸਵਾਰ ਹਨ। ਜਿਸ ਤੋਂ ਬਾਅਦ ਪੁਲਿਸ ਟੀਮ ਨੇ ਉਕਤ ਲੁਟੇਰਿਆਂ ਦਾ ਪਿੱਛਾ ਕਰਕੇ ਉਹਨਾਂ ਨੂੰ ਗ੍ਰਿਫਤਾਰ ਕਰ ਲਿਆ।

# ਪਹਿਲਵਾਨ ਨੂੰ ਸਦਮਾ, ਦੋਹਤੇ ਦਾ ਦੇਹਾਂਤ



ਧੂਰੀ, 20 ਮਈ ( ਰਣਜੀਤ ਸਿੰਘ ਪੇਧਨੀ ) : ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਪਹਿਲਵਾਨ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਦੋਹਤੇ ਜਸਕਰਨ ਸਿੰਘ ਧੂਰੀ ਪੋਤਰਾ ਸੁਖਦੇਵ ਸਿੰਘ ਈਸੀ ਟਰਾਂਸਪੋਰਟ ਅਚਾਨਕ ਪਰਿਵਾਰ ਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਦੇ ਨਾਲ ਦੁੱਖ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਈਮਾਨ ਸਿੰਘ ਮਾਨ ਸਰਪ੍ਰਸਤ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਕੁਸਲਪਾਲ ਸਿੰਘ ਮਾਨ ਦਫ਼ਤਰ ਫ਼ਤਹਿਗੜ੍ਹ, ਇਕਬਾਲ ਸਿੰਘ ਟਿਵਾਣਾ, ਭੁਪਿੰਦਰ ਸਿੰਘ ਫਤਿਹਪੁਰ, ਕਸ਼ਮੀਰ ਸਿੰਘ ਗੋਬਿੰਦਗੜ੍ਹ, ਸ਼ਿਵਦੇਵ ਸਿੰਘ , ਅਜਮੇਰ ਸਿੰਘ, ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਗੁਰਨੈਬ ਸਿੰਘ ਰਾਮਪੁਰਾ, ਹਲਕਾ ਧੂਰੀ ਦੇ ਸੀਨੀਅਰ ਮੀਤ ਪ੍ਰਧਾਨ ਨਰਿੰਦਰ ਸਿੰਘ ਕਾਲਾਬੂਲਾ, ਮੀਤ ਪ੍ਰਧਾਨ ਸਾਧੂ ਸਿੰਘ ਪੇਧਨੀ, ਹਰਮਿੰਦਰ ਸਿੰਘ ਲਾਲੀ ਧੂਰੀ, ਗੁਰਪਾਲ ਸਿੰਘ ਧੂਰੀ, ਜੁਗਰਾਜ ਸਿੰਘ ਦੋਹਲਾ, ਜਸਵੰਤ ਸਿੰਘ ਧੂਰੀ, ਯੂਥ ਆਗੂ ਪੰਮੀ ਮਾਹਮਦਪੁਰ, ਅਰਸ਼ਦੀਪ ਸਿੰਘ ਸੰਗਰੂਰ ਆਦਿ ਆਗੂਆਂ ਨੇ ਕੁਲਦੀਪ ਸਿੰਘ ਪਹਿਲਵਾਨ ਦੇ ਦੋਹਤੇ ਜਸਕਰਨ ਸਿੰਘ ਧੂਰੀ ਪੁੱਤਰ ਰਣਜੀਤ ਸਿੰਘ ਧੂਰੀ ਪੋਤਰਾ ਸੁਖਦੇਵ ਸਿੰਘ ਈਸੀ ਟਰਾਂਸਪੋਰਟ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਪਰਮਾਤਮਾ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਿਛੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਮੰਡੀ ਖੁਰਦ ਦੀ ਵਿਵਾਦਿਤ ਜ਼ਮੀਨ 'ਤੇ ਬਠਿੰਡਾ ਨਿਗਮ ਦਾ ਕਬਜ਼ਾ



ਬਠਿੰਡਾ, 20 ਮਈ ( ਦੀਪਕ ਸ਼ਰਮਾ): ਬਠਿੰਡਾ ਸ਼ਹਿਰ ਦੇ ਕੂੜੇ ਦੇ ਨਿਪਟਾਰੇ ਨੂੰ ਲੈ ਕੇ ਲੰਮੇ ਸਮੇਂ ਤੋਂ ਚੱਲ ਰਹੇ ਵਿਵਾਦ ਦਾ ਆਖ਼ਰਕਾਰ ਅੰਤ ਹੋ ਗਿਆ ਹੈ। ਨਗਰ ਨਿਗਮ ਬਠਿੰਡਾ ਨੇ ਭਾਰੀ ਪੁਲਿਸ ਫੋਰਸ ਦੀ ਮਦਦ ਨਾਲ ਪਿੰਡ ਮੰਡੀ ਖੁਰਦ ਵਿਖੇ ਸਥਿਤ 36 ਏਕੜ ਤੋਂ ਵੱਧ ਵਿਵਾਦਿਤ ਜ਼ਮੀਨ ਦਾ ਕਬਜ਼ਾ ਲੈ ਲਿਆ ਹੈ। ਇਹ ਜ਼ਮੀਨ ਕੂੜਾ ਡੰਪ ਬਣਾਉਣ ਲਈ ਨਗਰ ਨਿਗਮ ਬਠਿੰਡਾ ਵੱਲੋਂ ਖਰੀਦੀ ਗਈ ਸੀ, ਪਰ ਵੱਖ-ਵੱਖ ਕਾਰਨਾਂ ਕਰਕੇ ਇਸ 'ਤੇ ਕਬਜ਼ਾ ਨਹੀਂ ਹੋ ਸਕਿਆ ਸੀ। ਇਸ ਵੱਡੀ ਕਾਰਵਾਈ ਨਾਲ ਹੁਣ ਬਠਿੰਡਾ ਸ਼ਹਿਰ ਦੇ ਕੂੜਾ ਪ੍ਰਬੰਧਨ ਪ੍ਰੋਜੈਕਟ ਨੂੰ ਹੁਲਾਰਾ ਮਿਲਣ ਦੀ ਉਮੀਦ ਹੈ ਦੱਸਣਾ ਬਣਦਾ ਹੈ ਕਿ ਸੰਨ੍ਹ 2009 'ਚ ਅਕਾਲੀ-ਭਾਜਪਾ ਸਰਕਾਰ ਸਮੇਂ ਬਠਿੰਡਾ ਸ਼ਹਿਰ ਦਾ ਕੂੜਾ ਕਰਕਟ ਸ਼ਹਿਰ ਤੋਂ ਦੂਰ ਵਿਸ਼ੇਸ਼ ਪ੍ਰੋਜੈਕਟ ਕੂੜਾ ਡੰਪ ਬਣਾਉਣ ਲਈ ਪਿੰਡ ਮੰਡੀ ਖੁਰਦ ਵਿਖੇ ਲਗਭਗ 36 ਏਕੜ ਜ਼ਮੀਨ ਨੂੰ ਨਗਰ ਨਿਗਮ ਬਠਿੰਡਾ ਵੱਲੋਂ ਖ਼ਰੀਦਿਆ ਗਿਆ ਸੀ ਤਾਂ ਜੋ ਇੱਥੇ ਕੂੜਾ ਡੰਪ ਬਣਾਇਆ ਜਾ ਸਕੇ ਪ੍ਰੰਤੂ ਮੰਡੀ ਖੁਰਦ ਦੇ ਸਾਬਕਾ ਸਰਪੰਚ ਜਰਨੈਲ ਸਿੰਘ ਆਦਿ ਨੇ ਕੂੜਾ ਡੰਪ ਬਣਾਉਣ ਤੋਂ ਰੋਕਣ ਲਈ ਮਾਣਯੋਗ ਹਾਈਕੋਰਟ 'ਚ ਕੇਸ ਦਾਇਰ ਕਰ ਦਿੱਤਾ ਸੀ,ਉਕਤ ਪ੍ਰੋਜੈਕਟ ਤੇ ਸਟੇਅ ਹੋ ਗਈ ਸੀ। ਜਿਸ ਕਰਕੇ ਕੂੜੇ ਡੰਪ ਦਾ ਪ੍ਰੋਜੈਕਟ ਬਣਨ ਤੋਂ ਪਹਿਲਾਂ ਹੀ ਵਿਵਾਦਾਂ 'ਚ ਘਿਰ ਗਿਆ ਸੀ। ਕੋਰਟ ਕੇਸ ਹੋਣ ਕਰਕੇ ਨਗਰ ਨਿਗਮ ਬਠਿੰਡਾ ਨੇ ਇਸ ਜ਼ਮੀਨ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਸੀ। ਜਿਸ ਕਰਕੇ ਉਦੋਂ ਦਾ ਹੀ ਇਸ ਜ਼ਮੀਨ 'ਤੇ ਪਹਿਲਾਂ ਪਿੰਡ ਦੇ ਵਿਅਕਤੀਆਂ ਦਾ ਕਬਜ਼ਾ ਸੀ ਅਤੇ ਹੁਣ ਕੁੱਝ ਸਮੇਂ ਤੋਂ ਇੱਕ ਧਾਰਮਿਕ ਸਥਾਨ ਵੱਲੋਂ ਗਊਆਂ ਦੇ ਹਰੇ-ਚਾਰੇ ਲਈ ਵਰਤਿਆ ਜਾ ਰਿਹਾ ਸੀ ਜਦਕਿ ਕੁੱਝ ਏਕੜ ਜ਼ਮੀਨ 'ਤੇ ਪਿੰਡ ਵਾਸੀਆਂ ਵੱਲੋਂ ਵੀ ਕਬਜ਼ਾ ਕਰਕੇ ਵਾਹੀ ਕੀਤੀ ਜਾ ਰਹੀ ਸੀ। ਮੰਗਲਵਾਰ ਨੂੰ ਨਗਰ ਨਿਗਮ ਬਠਿੰਡਾ ਦੇ ਅਧਿਕਾਰੀ, ਮਾਲ ਵਿਭਾਗ ਦੇ ਅਧਿਕਾਰੀਆਂ ਭਾਰੀ ਪੁਲਿਸ ਫੋਰਸ ਨਾਲ ਮੰਡੀ ਖੁਰਦ ਪਹੁੰਚੇ। ਜਿੱਥੇ ਪ੍ਰਸ਼ਾਸ਼ਨ ਵਲੋਂ ਮਿਣਤੀ ਕਰਕੇ ਠੱਡੇ ਲਗਾਕੇ ਕਬਜ਼ਾ ਕਰਵਾ ਦਿੱਤਾ ਗਿਆ। ਇਸ ਮੌਕੇ ਕਿਸੇ ਕੋਈ ਵਿਅਕਤੀ ਵੱਲੋਂ ਕੋਈ ਵਿਰੋਧ ਨਹੀਂ ਕੀਤਾ ਗਿਆ।

# ਹਵਾਲਾਤੀ ਦੀ ਭੇਦ ਭਰੀ ਹਾਲਾਤ ਵਿੱਚ ਮੌਤ

ਬਠਿੰਡਾ, 20 ਮਈ (ਦੀਪਕ ਸ਼ਰਮਾ): ਸਥਾਨਕ ਕੇਂਦਰੀ ਜੇਲ੍ਹ ਵਿੱਚ ਬੰਦ ਇਕ ਹਵਾਲਾਤੀ ਦੀ ਭੇਦ ਭਰੇ ਹਾਲਾਤਾਂ ਵਿੱਚ ਮੌਤ ਹੋ ਗਈ। ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਮਾਮਲੇ ਦੀ ਜੁਡੀਸ਼ੀਅਲ ਜਾਂਚ ਦੇ ਆਦੇਸ਼ ਦਿੱਤੇ ਹਨ। ਪੂਰੀ ਜਾਂਚ ਤੇ ਪੜਤਾਲ ਤੋਂ ਬਾਅਦ ਹੀ ਪਤਾ ਲੱਗ ਸਕੇਗਾ ਕਿ ਉਕਤ ਹਵਾਲਾਤੀ ਦੀ ਮੌਤ ਕਿਸ ਤਰ੍ਹਾਂ ਹੋਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਜੀਤ ਸਿੰਘ ਵਾਸੀ ਪਿੰਡ ਜੇਠੂਕੇ ਖਿਲਾਫ ਸਾਲ 2021 ਵਿੱਚ ਕੇਸ ਦਰਜ ਹੋਇਆ ਸੀ, ਜਿਸ ਵਿੱਚ ਉਹ ਬਠਿੰਡਾ ਦੀ ਕੇਂਦਰੀ ਜੇਲ੍ਹ ਵਿੱਚ ਬੰਦ ਸੀ। ਮੰਗਲਵਾਰ ਸਵੇਰੇ ਜੀਤ ਸਿੰਘ ਜੀ ਲਾਸ਼ ਕੇਂਦਰੀ ਜੇਲ ਦੀ ਬੈਰਕ ਵਿੱਚੋਂ ਬਰਾਮਦ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਜੀਤ ਸਿੰਘ ਨੇ ਬੈਰਕ ਦੀ ਬਾਰੀ ਦੇ ਸਰੀਏ ਨਾਲ ਫਾਹਾ ਲੱਗਾ ਲਿਆ, ਜਿਸ ਕਾਰਨ ਉਸਦੀ ਮੌਤ ਹੋਈ ਹੈ। ਹਵਾਲਾਤੀ ਦੀ ਮੌਤ ਦੀ ਖਬਰ ਸੁਣ ਕੇ ਡਿਊਟੀ ਮੈਜਿਸਟਰੇਟ ਨੇ ਜੇਲ੍ਹ ਦਾ ਦੌਰਾ ਕੀਤਾ ਅਤੇ ਅਧਿਕਾਰੀਆਂ ਤੋਂ ਘਟਨਾ ਸਬੰਧੀ ਜਾਣਕਾਰੀ ਹਾਸਲ ਕੀਤੀ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਮੀਟਿੰਗ ਹੋਈ



ਦਿੜ੍ਹਬਾ ਮੰਡੀ, 20 ਮਈ (ਸੁਖਵਿੰਦਰ ਸਿੰਘ ਵਿਰਕ, ਹੈਪੀ) :ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦਿੜ੍ਹਬਾ ਦੀ ਮੀਟਿੰਗ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਬਾਬਾ ਬੈਰਸੀਆਣਾ ਸਾਹਿਬ ਵਿਖੇ ਹੋਈ,ਇਸ ਮੀਟਿੰਗ ਵਿੱਚ ਬਹੁ ਸੰਮਤੀ ਪਿੰਡ ਇਕਾਈਆਂ ਨੇ ਭਾਗ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਬਲਾਕ ਪ੍ਰਧਾਨ ਭਰਭੂਰ ਸਿੰਘ ਮੌੜਾਂ ਅਤੇ ਬਲਾਕ ਆਗੂ ਹਰਜੀਤ ਸਿੰਘ ਮਹਿਲਾਂ,ਪ੍ਰੈਸ ਸਕੱਤਰ ਚਰਨਜੀਤ ਸਿੰਘ ਘਨੌੜ ਸੰਤਪੁਰਾ ਨੇ ਕਿਹਾ ਸਰਕਾਰਾਂ ਦੇ ਹੱਲੇ ਲੋਕਾਂ ਉੱਪਰ ਬਹੁਤ ਤੇਜ਼ੀ ਨਾਲ ਹੋ ਰਹੇ ਹਨ,ਇਸ ਕਰਕੇ ਇੱਕਜੁਟ ਹੋਣ ਦੀ ਜ਼ਰੂਰਤ ਹੈ,ਪਿੰਡ ਜਿਊਦ ਵਿਖੇ ਜ਼ਮੀਨ ਸਬੰਧੀ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ ਹੈ ਮੁਜਾਰੇ ਕਿਸਾਨਾਂ ਦਾ ਕਾਨੂੰਨੀ ਪੱਖ ਨੂੰ ਅਣਗੌਲਿਆਂ ਕੀਤਾ ਗਿਆ ਹੈ ਤੇ ਹੁਣ ਮੌਜੂਦਾ ਹਾਲਤ ਦੌਰਾਨ ਹਾਈਕੋਰਟ 'ਚੋਂ ਇੱਕ ਪਾਸੜ ਫ਼ੈਸਲਾ ਕਰਵਾ ਕੇ ਉਹ ਆਪਦੀ ਹੱਕ ਜਤਲਾਈ ਕਰਦੇ ਹਨ ਜਦੋਂਕਿ ਸਰਾਸਰ ਮੁਜਾਰੇ ਕਿਸਾਨਾਂ ਨਾਲ ਨੰਗੀ ਚਿੱਟੀ ਬੇਇਨਸਾਫ਼ੀ ਹੈ,ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਡਰੋਣ ਜਾਂ ਕਿਸੇ ਹੋਰ ਢੰਗ ਨਾਲ ਪਿੰਡ ਦੀ ਮੁਰੱਬੇਬੰਦੀ ਨਹੀਂ ਹੋਣ ਦਿੱਤੀ ਜਾਵੇਗੀ,700 ਸੌ ਏਕੜ ਤੋਂ ਵੱਧ ਜ਼ਮੀਨ ਦੀ ਕਈ ਦਹਾਕਿਆਂ ਤੋਂ ਕਾਸ਼ਤ ਕਰਦੇ ਆ ਰਹੇ ਕਾਸ਼ਤਕਾਰ ਅਜੇ ਵੀ ਆਪਣੇ ਹੱਕ ਲਈ ਡਟੇ ਹੋਏ ਹਨ ਅਤੇ ਜ਼ਿਲ੍ਹਾ ਪਟਿਆਲਾ ਦੇ ਪਿੰਡ ਬਠੋਈ ਵਿਖੇ 600 ਕਿੱਲੇ ਦਾ ਸੰਘਰਸ਼ ਚੱਲ ਰਿਹਾ ਹੈ,ਇਸ ਲਈ ਹਰ ਇੱਕ ਬਲਾਕ ਵਿੱਚੋਂ ਕਿਸਾਨਾਂ, ਮਜ਼ਦੂਰਾਂ,ਨੌਜਵਾਨਾਂ ਅਤੇ ਬੀਬੀਆਂ ਭੈਣਾਂ ਦੀ ਡਿਊਟੀ ਦਿਨ ਰਾਤ ਦੀ ਲਗਾਈ ਗਈ ਹੈ ਅਤੇ 22 ਮਈ ਨੂੰ ਸੰਗਰੂਰ ਵਿਖੇ ਪਰਲ ਪੈਲੇਸ ਵਿੱਚ ਡਾ.ਨਵਸ਼ਰਨ ਕੌਰ ਜੀ ਪਹੁੰਚ ਰਹੇ ਹਨ । ਮੀਟਿੰਗ ਵਿੱਚ ਮਿਸ਼ਰਾ ਸਿੰਘ ਨਿਹਾਲਗੜ੍ਹ ,ਜੋਗਿੰਦਰ ਸਿੰਘ ਖੇੜੀ,ਹਰਬੰਸ ਸਿੰਘ ਦਿੜ੍ਹਬਾ,ਜਸਵੰਤ ਸਿੰਘ ਸਮੂੰਰਾਂ,ਮੇਜ਼ਰ ਸਿੰਘ ਕੌਹਰੀਆਂ,ਕੁਲਦੀਪ ਸਿੰਘ ਮਹਿਲਾਂ,ਸੁਖਵੀਰ ਸਿੰਘ ਮਹਿਲਾਂ,ਜਗਦੀਸ਼ ਸਿੰਘ ਮਹਿਲਾਂ,ਅਤੇ ਪਿੰਡ ਇਕਾਈਆਂ ਦੇ ਪ੍ਰਧਾਨ,ਜਨਰਲ ਸਕੱਤਰ ,ਖਜ਼ਾਨਚੀ ਅਤੇ ਵਲੰਟੀਅਰ ਹਾਜ਼ਰ ਸਨ।

# ਜਥੇਦਾਰ ਸਾਹਿਬਾਨ ਦਾ ਭਵਾਨੀਗੜ੍ਹ ਪਹੁੰਚਣ 'ਤੇ ਹੋਵੇਗਾ ਭਰਵਾਂ ਸਵਾਗਤ : ਵਿਨਰਜੀਤ ਸਿੰਘ ਗੋਲਡੀ

## ਧਰਮ ਪ੍ਰਚਾਰ ਲਹਿਰ ਤਹਿਤ ਭਵਾਨੀਗੜ੍ਹ ਵਿਖੇ ਕਰਵਾਇਆ ਜਾ ਰਿਹਾ ਹੈ ਵੱਡਾ ਪ੍ਰੋਗਰਾਮ



ਭਵਾਨੀਗੜ੍ਹ, 20 ਮਈ (ਅਮਨਦੀਪ ਸਿੰਘ ਮਾਝਾ ) : ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਅਤੇ ਸ਼ਰੋਮਣੀ ਅਕਾਲੀ ਦਲ ਵੱਲੋਂ ਸ਼ੁਰੂ ਕੀਤੀ "ਖੁਆਰ ਹੋਇ ਸਭ ਮਿਲੇਂਗੇ ਧਰਮ ਪ੍ਰਚਾਰ ਲਹਿਰ" ਦੇ ਤਹਿਤ ਆਉਣ ਵਾਲੀ 24 ਮਈ ਦਿਨ ਸ਼ਨੀਵਾਰ ਨੂੰ ਸਵੇਰੇ 9 ਵਜੇ ਜਥੇਦਾਰ ਸ੍ਰੀ ਰੀ ਅਕਾਲ ਤਖਤ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਧਨੌਲਾ ਭਵਾਨੀਗੜ੍ਹ ਪਹੁੰਚ ਰਹੇ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਦੱਸਿਆ ਕਿ ਅੱਜ ਉਹਨਾਂ ਦੇ ਸਵਾਗਤ ਲਈ ਇਕ ਮੀਟਿੰਗ ਕੀਤੀ ਗਈ ਜਿਸ ਵਿਚ ਹਿੰਦੂ ਅਤੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਵੀ ਸ਼ਿਰਕਤ ਕੀਤੀ ਅਤੇ ਜਥੇਦਾਰਾਂ ਦਾ ਤਹਿ ਦਿਲੋਂ ਮਾਨ ਸਨਮਾਨ ਕਰਨ ਦਾ ਭਰੋਸਾ ਦਿਵਾਇਆ। ਵਿਨਰਜੀਤ ਸਿੰਘ ਗੋਲਡੀ ਨੇ ਦੱਸਿਆ ਕਿ ਜਥੇਦਾਰਾਂ ਵਲੋਂ ਸ਼ੁਰੂ ਕੀਤੀ ਧਰਮ ਪ੍ਰਚਾਰ ਲਹਿਰ ਤਹਿਤ ਭਵਾਨੀਗੜ੍ਹ ਵਿਖੇ ਬਹੁਤ ਵੱਡਾ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਉਹਨਾਂ ਸਾਰੀਆਂ ਸਿੱਖਿ ਸੰਸਥਾਵਾਂ, ਗੁਰੂ ਘਰਾਂ ਦੇ ਪ੍ਰਬੰਧਕਾਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ 24 ਮਈ ਨੂੰ ਭਵਾਨੀਗੜ੍ਹ ਪਹੁੰਚਕੇ ਉਹਨਾਂ ਦੇ ਵਿਚਾਰ ਸੁਣੀਏ। ਉਹਨਾਂ ਕਿਹਾ ਕਿ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨ ਲਈ ਗਿਆਨੀ ਗੜਗੱਜ ਵੱਲੋਂ ਜੋ ਬੀੜਾ ਉਠਾਇਆ ਗਿਆ ਹੈ ਉਹ ਬਹੁਤ ਵੱਡਾ ਉਪਰਾਲਾ ਹੈ। ਉਹਨਾਂ ਦੀ ਮਿਹਨਤ ਸਦਕਾ ਪੰਜਾਬ ਵਿਚ ਆਉਣ ਵਾਲੇ ਸਮੇਂ ਵਿਚ ਨਵਾਂ ਬਦਲਾਅ ਦੇਖਣ ਨੂੰ ਮਿਲੇਗਾ। ਜਥੇਦਾਰ ਗੜਗੱਜ ਵਲੋਂ ਭਾਈ ਰਣਜੀਤ ਸਿੰਘ ਢੱਡਰੀਆਂ ਅਤੇ ਜਥੇਦਾਰ ਬਲਜੀਤ ਸਿੰਘ ਦਾਦੂਵਾਲਾ ਸਮੇਤ ਸਾਰੀਆਂ ਪੰਥਕ ਸਖਸ਼ੀਆਂ ਨੂੰ ਜੋੜਨਾਂ ਬਹੁਤ ਵਧੀਆ ਉਪਰਾਲਾ ਹੈ। ਸਿੱਖ ਕੌਮ ਨੂੰ ਇਕਜੁੱਟ ਕਰਨ, ਸਿੱਖ ਕੌਮ ਦੀਆਂ ਮਹਾਨ ਸਖਸ਼ੀਅਤਾਂ ਨੂੰ ਇਕ ਪਲੇਟਫਾਰਮ ਦੇ ਇਕੱਠੇ ਕਰਨ ਦਾ ਜੋ ਉਪਰਾਲਾ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਵਿੱਢਿਆ ਉਹ ਬਹੁਤ ਹੀ ਸ਼ਲਾਘਾਯੋਗ ਹੈ। ਇਸ ਮੌਕੇ ਮਾਸਟਰ ਤੇਜਿੰਦਰ ਸਿੰਘ ਸੰਘਰੇੜੀ, ਰੁਪਿੰਦਰ ਸਿੰਘ ਰੰਧਾਵਾ, ਬੀਬੀ ਪਰਮਜੀਤ ਕੌਰ ਵਿਰਕ, ਜਸਵੀਰ ਸਿੰਘ ਹਨੀ ਢਾਬਾ, ਨਛੱਤਰ ਸਿੰਘ, ਸੁਰਜੀਤ ਸਿੰਘ ਭੱਟੀਵਾਲ, ਭਰਭੂਰ ਸਿੰਘ ਫੱਗੂਵਾਲਾ, ਬਿੰਦਰ ਸਿੰਘ ਬਟਰਿਆਣਾ, ਗੁਰਮੀਤ ਸਿੰਘ ਭੱਟੀਵਾਲ, ਗੁਰਨੈਬ ਸਿੰਘ ਘਰਾਚੋਂ, ਗੁਰਮੀਤ ਸਿੰਘ ਜੈਲਦਾਰ, ਮੈਨੇਜਰ ਜਗਜੀਤ ਸਿੰਘ ਜੱਗੀ ਸੰਗਤਪੁਰਾ, ਰਾਜਿੰਦਰ ਸਿੰਘ ਮੈਨੇਜਰ ਨਾਨਕੀਆਣਾ ਸਾਹਿਬ ਸੰਗਰੂਰ, ਮਨਪ੍ਰੀਤ ਸਿੰਘ ਭਲਵਾਨ ਸੁਪਰਵਾਈਜਰ, ਮਨਜੀਤ ਸਿੰਘ ਨਾਗਰਾ,ਗੁਰਨੈਬ ਸਿੰਘ ਘਰਾਚੋਂ, ਗੁਰਮੀਤ ਸਿੰਘ ਜੈਲਦਾਰ, ਮੈਨੇਜਰ ਜਗਜੀਤ ਸਿੰਘ ਜੱਗ ਭਾਈ ਜਗਵੀਰ ਸਿੰਘ, ਹਰਪ੍ਰੀਤ ਸਿੰਘ ਹੈਡ ਗ੍ਰੰਥੀ ਆਦਿ ਹਾਜ਼ਰ ਸਨ।

# ਪਿੰਡ ਵਾਸੀਆਂ ਨੇ ਠੰਡੇ-ਮਿੱਠੇ ਜਲ ਦੀ ਛਬੀਲ ਲਗਾਈ



ਕੌਹਰੀਆਂ, 20 ਮਈ (ਅਵਤਾਰ ਸਿੰਘ ਜਟਾਣਾ ) ਸਥਾਨਕ ਪਿੰਡ ਕੌਹਰੀਆਂ ਵਿਖੇ ਪਿੰਡ ਵਾਸੀਆਂ ਵੱਲੋਂ ਪੈ ਰਹੀ ਅੱਤ ਦੀ ਗਰਮੀ ਦੇ ਮੱਦੇ ਨਜ਼ਰ ਠੰਡੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਇਸ ਮੌਕੇ ਮੈਂਬਰ ਪੰਚਾਇਤ ਕੁਲਵੀਰ ਸਿੰਘ ਮੰਗੂ ਨੇ ਕਿਹਾ ਕਿ ਪਿਛਲੇ ਕੁਝ ਦਿਨਾਂ ਤੋਂ ਹੱਥ ਦੀ ਗਰਮੀ ਪੈ ਰਹੀ ਹੈ ਜਿਸ ਕਾਰਨ ਰਾਹਗੀਰਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਇਸ ਲਈ ਪਿੰਡ ਵਾਸੀਆਂ ਵੱਲੋਂ ਬੱਸ ਸਟੈਂਡ ਵਿੱਚ ਠੰਡੇ ਮਿੱਠੇ ਜਲ ਦੀ ਛਬੀਲ ਲਗਾਉਣ ਦਾ ਫੈਸਲਾ ਕੀਤਾ ਗਿਆ ਅੱਜ ਸਾਰਾ ਦਿਨ ਪਿੰਡ ਵਾਸੀਆਂ ਵੱਲੋਂ ਬੜੇ ਉਤਸਾਹ ਨਾਲ ਜਲ ਦੀ ਸੇਵਾ ਕੀਤੀ ਗਈ ਇਸ ਮੌਕੇ ਖੁਸ਼ੀ ਖਾਂ, ਬਿੱਟੂ ਸੇਠ, ਜਗਸੀਰ ਸਿੰਘ ਜੀਰਾ, ਨਿੱਕਾ ਰੋੜੇਵਾਲਾ, ਗੁਰਜੀਤ ਸਿੰਘ, ਖੁਸ਼ਵਿੰਦਰ ਸਿੰਘ, ਤਰਸੇਮ ਸਿੰਘ ਮਿੱਠੂ, ਅਕਬਰ ਖਾਂ, ਕੁਵਿੰਦਰ ਸਿੰਘ, ਭੂਰਾ ਸਿੰਘ,ਧੰਨਾ ਸਿੰਘ ਆਦਿ ਹਾਜ਼ਰ ਸਨ

# ਅਰਵਿੰਦ ਖੰਨਾ ਦੀ ਅਗਵਾਈ 'ਚ ਵਿਸ਼ਾਲ ਤਿਰੰਗਾ ਯਾਤਰਾ ਵਿੱਚ ਆਮ ਲੋਕਾਂ ਦੀ ਉਮੜੀ ਭਾਰੀ ਭੀੜ



ਸੰਗਰੂਰ 20 ਮਈ (ਹਰਕੰਵਲ ਸਿੰਘ ਹੈਪੀ) ਆਪਰੇਸ਼ਨ ਸਿੰਦੂਰ ਦੀ ਸਫਲਤਾ ਅਤੇ ਪਾਕਿਸਤਾਨ ਦੀ ਹਿਮਾਕਤ ਦਾ ਮੂੰਹ ਤੋੜ ਜਵਾਬ ਦਿੰਦੇ ਹੋਏ ਭਾਰਤੀ ਫੌਜਾਂ ਵੱਲੋਂ ਦੁਸ਼ਮਣ ਦੇ ਤਬਾਹ ਕੀਤੇ ਏਅਰਬੇਸਾਂ ਦੀ ਕਾਰਵਾਈ ਨੂੰ ਸਲਾਮ ਕਰਨ ਲਈ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਤੇ ਸਾਬਕਾ ਵਿਧਾਇਕ ਅਰਵਿੰਦ ਖੰਨਾ ਦੀ ਅਗਵਾਈ ਵਿੱਚ ਸੰਗਰੂਰ ਵਿਖੇ ਵਿਸ਼ਾਲ ਤਿਰੰਗਾ ਯਾਤਰਾ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਭਾਜਪਾ ਦੇ ਆਗੂਆਂ ਅਤੇ ਵਰਕਰਾਂ ਤੋਂ ਇਲਾਵਾ ਆਮ ਜਨਤਾ ਦੀ ਭਾਰੀ ਭੀੜ ਉਮੜੀ ਜਿਨ੍ਹਾਂ ਵੱਲੋਂ ਭਾਰਤੀ ਫੌਜ ਦੀ ਬਹਾਦਰੀ ਦੀ ਸ਼ਲਾਘਾ ਕਰਦੇ ਹੋਏ ਭਾਰਤ ਮਾਤਾ ਦੀ ਜੈ ਦੇ ਨਾਅਰੇ ਲਗਾਏ ਗਏ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਦੇ ਸੂਬਾ ਮੀਤ ਪ੍ਰਧਾਨ ਅਰਵਿੰਦ ਖੰਨਾ ਨੇ ਕਿਹਾ ਕਿ ਆਪਰੇਸ਼ਨ ਸਿੰਦੂਰ ਦੀ ਸਫਲਤਾ ਅਤੇ ਭਾਰਤੀ ਫੌਜਾਂ ਵੱਲੋਂ ਪਾਕਿਸਤਾਨ ਵਿਰੁੱਧ ਕੀਤੀ ਜਵਾਬੀ ਕਾਰਵਾਈ ਨੇ ਪਾਕਿਸਤਾਨ ਨੂੰ ਗੋਡੇ ਟੇਕਣ ਲਈ ਮਜਬੂਰ ਕਰ ਦਿੱਤਾ ਹੈ ਤੇ ਇਸ ਨਾਲ ਪੂਰੀ ਦੁਨੀਆ ਅੰਦਰ ਭਾਰਤ ਦਾ ਡੰਕਾ ਵੱਜਿਆ ਹੈ। ਉਹਨਾਂ ਕਿਹਾ ਕਿ ਪੂਰੀ ਦੁਨੀਆ ਭਾਰਤੀ ਫੌਜਾਂ ਦੀ ਕਾਬਲੀਅਤ ਅਤੇ ਬਹਾਦਰੀ ਅੱਗੇ ਨਤਮਸਤਕ ਹੈ ਕਿਉਂਕਿ ਜੋ ਜਵਾਬ ਭਾਰਤੀ ਫੌਜਾਂ ਵੱਲੋਂ ਪਾਕਿਸਤਾਨ ਦੇ ਅੱਤਵਾਦੀਆਂ ਨੂੰ ਦਿੱਤਾ ਗਿਆ ਉਸ ਨੂੰ ਪਾਕਿਸਤਾਨ ਅਤੇ ਪੂਰੀ ਦੁਨੀਆ ਮੁੱਦਤਾਂ ਤੱਕ ਯਾਦ ਰੱਖੇਗੀ। ਖੰਨਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਅੱਜ ਪੂਰਾ ਦੇਸ਼ ਭਾਰਤੀ ਫੌਜਾਂ ਦੇ ਨਾਲ ਖੜਾ ਹੈ ਅਤੇ ਇਸ ਤਿਰੰਗਾ ਯਾਤਰਾ ਦਾ ਮਕਸਦ ਭਾਰਤੀ ਫੌਜਾਂ ਦੀ ਬਹਾਦਰੀ ਨੂੰ ਸਲਾਮ ਅਤੇ ਉਹਨਾਂ ਨੂੰ ਮਾਨ ਸਨਮਾਨ ਦੇਣਾ ਹੈ। ਉਹਨਾਂ ਕਿਹਾ ਕਿ ਅਸੀਂ ਆਪਣੇ ਬਹਾਦਰ ਫੌਜੀਆਂ ਕਾਰਨ ਹੀ ਘਰਾਂ ਅੰਦਰ ਚੈਨ ਦੀ ਨੀਂਦ ਸੌ ਰਹੇ ਹਾਂ ਅਤੇ ਖੁੱਲੀ ਹਵਾ ਵਿੱਚ ਆਜ਼ਾਦੀ ਦਾ ਆਨੰਦ ਮਾਣਦੇ ਹਾਂ ਇਸ ਲਈ ਸਾਨੂੰ ਆਪਣੇ ਫੌਜੀਆਂ ਦਾ ਵੱਧ ਤੋਂ ਵੱਧ ਸਤਿਕਾਰ ਕਰਨਾ ਚਾਹੀਦਾ ਹੈ। ਖੰਨਾ ਨੇ ਕਿਹਾ ਕਿ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਦਾ ਲੋਹਾ ਪੂਰੀ ਦੁਨੀਆ ਮੰਨ ਰਹੀ ਹੈ ਅਤੇ ਸਰਹੱਦਾਂ ਤੇ ਦੁਸ਼ਮਣ ਦੇਸ਼ਾਂ ਦੇ ਹਰ ਨਾਪਾਕ ਇਰਾਦਿਆਂ ਨੂੰ ਮਲੀਆਮੇਟ ਕੀਤਾ ਜਾ ਰਿਹਾ ਹੈ। ਭਾਰਤੀ ਫੌਜਾਂ ਨੂੰ ਸਾਜੋ ਸਮਾਨ ਦੀ ਕੋਈ ਕਮੀ ਕੇਂਦਰ ਸਰਕਾਰ ਵੱਲੋਂ ਨਹੀਂ ਆਉਣ ਦਿੱਤੀ ਜਾ ਰਹੀ ਅਤੇ ਪਿਛਲੇ ਇੱਕ ਦਹਾਕੇ ਤੋਂ ਭਾਰਤੀ ਫੌਜਾਂ ਨੂੰ ਮੇਕਿੰਗ ਇੰਡੀਆ ਅਭਿਆਨ ਤਹਿਤ ਘਰੇਲੂ ਹਥਿਆਰ ਉਪਲਬਧ ਕਰਵਾਏ ਜਾ ਰਹੇ ਹਨ ਜਿਸ ਕਾਰਨ ਭਾਰਤੀ ਫੌਜਾਂ ਯੁੱਧ ਦੇ ਮੈਦਾਨ ਵਿੱਚ ਦੁਸ਼ਮਣਾਂ ਉੱਤੇ ਪੂਰੀ ਤਰ੍ਹਾਂ ਦੇ ਨਾਲ ਹਾਵੀ ਹੈ। ਇਸ ਤਿਰੰਗਾ ਯਾਤਰਾ ਦੌਰਾਨ ਭਾਜਪਾ ਦੇ ਜਿਲ੍ਹਾ ਪ੍ਰਧਾਨ ਧਰਮਿੰਦਰ ਦੁੱਲਟ, ਕਾਰਜਕਾਰਨੀ ਮੈਂਬਰ ਸਰਜੀਵਨ ਜਿੰਦਲ, ਅਰੁਣਜੀਤ ਸਿੰਘ ਸਰਾਓ, ਭਾਜਪਾ ਯੂਥ ਮੋਰਚਾ ਦੇ ਆਗੂ ਅਤੇ ਸੀਨੀਅਰ ਲੀਡਰਸ਼ਿਪ ਤੋਂ ਇਲਾਵਾ ਹੋਰ ਵੱਖ-ਵੱਖ ਰਾਸ਼ਟਰਵਾਦੀ ਸੰਗਠਨਾਂ ਦੇ ਆਗੂ ਮੌਕੇ ਤੇ ਮੌਜੂਦ ਸਨ।

# ਸਮਾਜ ਸੇਵੀ ਸੰਸਥਾਵਾਂ ਅਤੇ ਪੁਲਿਸ ਦੇ ਯਤਨਾਂ ਸਦਕਾ ਨਸ਼ੇੜੀ ਨੌਜਵਾਨ ਹਸਪਤਾਲ 'ਚ ਦਾਖਲ



ਧਨੌਲਾ, 20 ਮਈ (ਚਮਕੌਰ ਸਿੰਘ ਗੱਗੀ) ਸਥਾਨਕ ਨਗਰ ਧਨੌਲਾ ਦੇ ਪੰਜ ਛੇ ਸਾਲਾਂ ਤੋਂ ਨਸ਼ੇ ਦੀ ਦਲ ਦਲ ਵਿੱਚ ਡੁੱਬੇ ਨੌਜਵਾਨ ਨੂੰ ਅੱਜ ਸਮਾਜ ਸੇਵੀ ਸੰਸਥਾ, ਪੱਤਰਕਾਰ ਅਤੇ ਪੁਲਿਸ ਦੇ ਯਤਨਾਂ ਸਦਕਾ ਹਸਪਤਾਲ ਦਾਖਲ ਕਰਵਾਇਆ ਗਿਆ, ਜਾਣਕਾਰੀ ਅਨੁਸਾਰ ਧਨੌਲਾ ਦੀ ਨਵੀਂ ਬਸਤੀ ਵਸਨੀਕ ਨੌਜਵਾਨ ਜੋ ਕਰੀਬ ਛੇ ਸਾਲਾ ਤੋਂ ਨਸ਼ੇ ਦੀ ਦਲਦਲ ਵਿੱਚ ਇਸ ਕਦਰ ਧਸ ਗਿਆ ਸੀ, ਕਿ ਹੁਣ ਤਾਂ ਉਸਦੇ ਸਰੀਰ ਤੇ ਚਿੱਟੇ ਦੇ ਟੀਕੇ ਲਾਉਣ ਲਈ ਕੋਈ ਨਾੜ ਨਹੀਂ ਬਚੀ, ਤੇ ਗੁਪਤ ਅੰਗ ਵਿੱਚ ਟੀਕੇ ਲਾਉਣ ਲਈ ਮਜਬੂਰ ਸੀ, ਗੱਲਬਾਤ ਕਰਦਿਆਂ ਲੋਕ ਭਲਾਈ ਵੈਲਫੇਅਰ ਸੋਸਾਇਟੀ ਮਹਿਲ ਕਲਾਂ ਦੇ ਪ੍ਰਧਾਨ ਡਾਕਟਰ ਪਰਮਿੰਦਰ ਸਿੰਘ ਨੇ ਕਿਹਾ ਕਿ ਉਹਨਾਂ ਨੂੰ ਇੱਕ ਸੋਸ਼ਲ ਮੀਡੀਆ ਰਾਹੀਂ ਇੱਕ ਵੀਡੀਓ ਮਿਲੀ ਸੀ , ਜਿਸ ਬਾਰੇ ਪੜਤਾਲ ਕੀਤੇ ਜਾਣ ਤੋਂ ਬਾਅਦ ਸਾਨੂੰ ਧਨੌਲਾ ਦੇ ਇੱਕ ਨੌਜਵਾਨ ਸੁਖਵਿੰਦਰ ਸਿੰਘ ਪੁੱਤਰ ਜਗਰੂਪ ਸਿੰਘ, ਵਾਸੀ ਧਨੌਲਾ, ਨਾਲ ਗੱਲਬਾਤ ਹੋਈ ਜੋ ਪਿਛਲੇ ਪੰਜ ਛੇ ਸਾਲਾਂ ਤੋਂ ਨਸ਼ੇ ਦੇ ਟੀਕੇ ਲਗਾ ਰਿਹਾ ਸੀ ਉਸ ਬਾਰੇ ਪਤਾ ਲੱਗਿਆ ਤਾਂ ਅਸੀਂ ਧਨੌਲਾ ਦੇ ਪੱਤਰਕਾਰ ਚਮਕੌਰ ਸਿੰਘ ਗੱਗੀ ਅਤੇ ਕਰਮਜੀਤ ਸਿੰਘ ਸਾਗਰ ਸਮੇਤ ਥਾਣਾ ਮੁਖੀ ਧਨੌਲਾ ਇੰਸਪੈਕਟਰ ਲਖਵੀਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਹਨਾਂ ਵੱਲੋਂ ਦੱਸੇ ਪੱਤੇ ਤੇ ਪਹੁੰਚ ਕੇ ਨੌਜਵਾਨ ਦੇਖਿਆ ਤਾਂ ਨੌਜਵਾਨ ਦੇ ਬਹੁਤ ਗੰਭੀਰ ਹਾਲਾਤ ਸਨ, ਸੁਖਵਿੰਦਰ ਸਿੰਘ ਦੀ ਮਾਤਾ ਚਰਨਜੀਤ ਕੌਰ ਨੇ ਆਪਣੇ ਭਰੇ ਮਨ ਨਾਲ ਦੱਸਿਆ ਕਿ ਉਸ ਨੇ ਆਪਣੇ ਲੜਕੇ ਨੂੰ ਬਹੁਤ ਚਾਵਾਂ ਨਾਲ ਪਾਲਿਆ ਸੀ, ਲੋਕਾਂ ਦੇ ਘਰ ਕੰਮ ਕਰ ਕਰ ਪੜਾਇਆ ਪਰ ਗਲਤ ਸੰਗਤ ਵਿੱਚ ਪੈਣ ਕਾਰਨ ਨਸ਼ੇ ਕਰਨ ਲੱਗ ਗਿਆ, ਤੇ ਗਲਤ ਟੀਕਾ ਲੱਗਣ ਕਾਰਨ ਇਕ ਲੱਤ ਖੜ ਗਈ, ਚੱਲਣ ਫਿਰਨ ਤੋਂ ਸਮਰੱਥ ਨੌਜਵਾਨ ਦੀ ਮਾਤਾ ਦਾ ਰੋ ਰੋ ਕੇ ਬੁਰਾ ਹਾਲ ਸੀ, ਕਿ ਕਿਸ ਤਰ੍ਹਾਂ ਮੈਂ ਆਪਣੇ ਨਸ਼ੇੜੀ ਪੁੱਤ ਦੀ ਤਕਲੀਫ ਖਤਮ ਕਰਨ ਲਈ ਨਸ਼ਾ ਮੰਗ ਮੰਗ ਕੇ ਲਿਆ ਕੇ ਦੇਣਾ, ਸਰਕਾਰੀ ਹਸਪਤਾਲ ਵਿੱਚੋਂ ਮਿਲਦੀਆਂ ਜੀਭ ਵਾਲਿਆਂ ਗੋਲੀਆਂ ਨੂੰ ਘੋਲ ਕੇ ਟੀਕਾ ਲਾਉਂਦਾ, ਜਦੋਂ ਨਸ਼ਾ ਨਾ ਮਿਲਦਾ ਤਾਂ ਘਰ ਦੀਆਂ ਚੀਜ਼ਾਂ ਚੱਕ ਚੱਕ ਕੇ ਵੇਚ ਦਿੰਦਾ, ਪਰ ਹੁਣ ਨਸ਼ੇ ਤੋਂ ਅੱਕ ਥੱਕ ਕੇ ਨੌਜਵਾਨ ਨੇ ਸਮਾਜ ਸੇਵੀ ਸੰਸਥਾ ਪੱਤਰਕਾਰ ਅਤੇ ਪੁਲਿਸ ਦੀ ਪ੍ਰੇਰਨਾ ਸਦਕਾ ਆਪਣੀ ਸਵੈ ਇੱਛਾ ਸਦਕਾ ਨਸ਼ਾ ਛੱਡਣ ਦਾ ਮਨ ਬਣਾ ਲਿਆ, ਅਤੇ ਚੰਗੇ ਇਨਸਾਨ ਬਣਨ ਸੁਧਰਨ ਦਾ ਭਰੋਸਾ ਦਿੱਤਾ, ਜਿਸ ਨੂੰ ਲੋਕ ਭਲਾਈ ਵੈਲਫੇਅਰ ਸੋਸਾਇਟੀ ,ਵੱਲੋਂ ਸਿਵਲ ਹਸਪਤਾਲ ਵਿਚ ਦਾਖਲ ਕਰਵਾਉਣ ਲਈ ਲਿਜਾਇਆ ਗਿਆ। ਥਾਣਾ ਮੁਖੀ ਧਨੌਲਾ ਇੰਸਪੈਕਟਰ ਲਖਬੀਰ ਸਿੰਘ ਨੇ ਕਿਹਾ ਕਿ ਇਸ ਤਰਾਂ ਬਹੁਤ ਚੰਗਾ ਉਪਰਾਲਾ ਹੈ ਜਿਹੜੇ ਨੌਜਵਾਨ ਨਸ਼ਾ ਛੱਡਣਾ ਚਾਹੁੰਦੇ ਹਨ ਉਹ ਨੌਜਵਾਨ ਪੁਲਿਸ ਨਾਲ,ਜਾਂ ਸਮਾਜ ਸੇਵੀ ਸੰਸਥਾਵਾਂ ਨਾਲ ਜਾਂ ਪੱਤਰਕਾਰਾਂ ਨਾਲ ਸੰਪਰਕ ਕਰਨ ਤਾਂ ਜੋ ਉਹਨਾਂ ਦਾ ਇਲਾਜ ਕਰਵਾਇਆ ਜਾ ਸਕੇ ਅਤੇ ਚੰਗੇ ਇਨਸਾਨ ਬਣ ਸਕਣ।

# ਨਸ਼ਾਂ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਦੇਣ ਵਾਲਿਆਂ ਦੀ ਪਛਾਣ ਰੱਖੀ ਜਾਵੇਗੀ ਗੁਪਤ : ਲਾਭ ਸਿੰਘ ਉਗੋਕੇ



ਭਦੌੜ, 20 ਮਈ (ਸੁਖਵਿੰਦਰ ਸਿੰਘ ਪਲਾਹਾ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਪਿੰਡ ਪੱਧਰ ਤੱਕ ਲੋਕਾਂ ਨੂੰ ਜੋੜਿਆ ਜਾ ਰਿਹਾ ਹੈ। ਪਿੰਡਾਂ ਦੇ ਪਹਿਰੇਦਾਰਾਂ ਦੇ ਰੂਪ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਨਸ਼ਿਆਂ ਖਿਲਾਫ ਆਵਾਜ਼ ਚੁੱਕਣ ਵਾਲੇ ਪਿੰਡ ਵਾਸੀਆਂ ਦੀ ਇਹ ਜ਼ੁੰਮੇਵਾਰੀ ਹੈ ਕਿ ਉਹ ਨਸ਼ਾ ਵੇਚਣ ਵਾਲਿਆਂ ਦੀ ਕੋਈ ਮਦਦ ਨਾ ਕਰਨ ਅਤੇ ਉਨ੍ਹਾਂ ਦੀ ਜਾਣਕਾਰੀ ਪੁਲਸ ਨੂੰ ਦੇਣ।

ਭਦੌੜ ਵਿਧਾਇਕ ਲਾਭ ਸਿੰਘ ਉਗੋਕੇ ਨੇ ਇਸ ਗੱਲ ਦਾ ਪ੍ਰਗਟਾਵਾ ਪਿੰਡ ਨੈਣੇਵਾਲ ਅਤੇ ਬੱਲੋਕੇ ਵਿਖੇ ਨਸ਼ਾ ਮੁਕਤੀ ਯਾਤਰਾ ਨੂੰ ਸਬੋਧਨ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਸਬੰਧੀ ਸੂਚਨਾ ਪੰਜਾਬ ਸਰਕਾਰ ਦੇ ਵਿਸ਼ੇਸ਼ ਵਟਸਅੱਪ ਨੰਬਰ

+91 97791 00200 ਉੱਤੇ ਦਿੱਤੀ ਜਾ ਸਕਦੀ ਹੈ । ਸੂਚਨਾ ਦੇਣ ਵਾਲੇ ਦਾ ਨਾਮ ਅਤੇ ਪਛਾਣ ਗੁਪਤ ਰੱਖੀ ਜਾਵੇਗੀ।

ਇਨ੍ਹਾਂ ਪਿੰਡਾਂ ਵਿਚ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਾਰਿਆਂ ਨੂੰ ਪੰਜਾਬ ਦੀ ਜਵਾਨੀ ਬਚਾਉਣ ਲਈ ਇਕੱਠੇ ਹੰਭਲਾ ਮਾਰਨ ਦੀ ਲੋੜ ਹੈ। ਇਸ ਹੀ ਸੋਚ ਨਾਲ ਪਿੰਡ ਪਿੰਡ ਪਹਿਰੇਦਾਰ ਬਣਾ ਕੇ ਸਰਕਾਰ ਵੱਲੋਂ ਨਿਗਰਾਨੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਚ ਨਸ਼ਾ ਪੀੜਤ ਲੋਕਾਂ ਦਾ ਇਲਾਜ ਕਰਵਾਉਣ ਲਈ ਵੀ ਪਿੰਡ ਵਾਸੀ ਅੱਗੇ ਆਉਣ ਅਤੇ ਇਨ੍ਹਾਂ ਪੀੜਤਾਂ ਨੂੰ ਮੁੜ ਵਸੇਬੇ ਲਈ ਬਣਾਏ ਗਏ ਸਰਕਾਰੀ ਕੇਂਦਰਾਂ ਵਿਚ ਦਾਖਲ ਕਰਵਾਉਣ। ਨਾਲ ਹੀ ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਪ੍ਰਤੀ ਸੁਚੇਤ ਕੀਤਾ ਜਾਵੇ ਤਾਂ ਜੋ ਉਹ ਭੈੜੀ ਸੰਗਤ ਅਤੇ ਨਸ਼ਿਆਂ ਤੋਂ ਦੂਰ ਰਹਿਣ। ਇਸ ਮੌਕੇ ਚੇਅਰਮੈਨ ਮਾਰਕੀਟ ਕਮੇਟੀ ਭਦੌੜ ਅੰਮ੍ਰਿਤ ਢਿਲਵਾਂ, ਵੱਖ ਵੱਖ ਵਿਭਾਗਾਂ ਦੇ ਮੁਖੀ ਵੀ ਹਾਜ਼ਰ ਸਨ।

# ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਵੰਡੀਆਂ ਡਾਇਰੀਆਂ



ਬਰਨਾਲਾ, 20 ਮਈ (ਸੁਖਵਿੰਦਰ ਸਿੰਘ ਭੰਡਾਰੀ)- ਸਰਕਾਰੀ ਹਾਈ ਸਕੂਲ ਨਾਈਵਾਲਾ ਵੱਲੋਂ ਹੈਡਮਾਸਟਰ ਰਾਜੇਸ ਗੋਇਲ ਦੀ ਅਗਵਾਈ ਵਿੱਚ ਨਵੀਂ ਪਿਰਤ ਪਾਉਂਦਿਆਂ ਸਰਕਾਰੀ ਸਕੂਲ ਦੇ ਵਿਦਿਆਰਥੀਆਂ ਲਈ ਸਟੂਡੈਂਟ ਡਾਇਰੀ ਤਿਆਰ ਕਰਵਾਈਆਂ ਗਈਆਂ ਹਨ ।ਇਸ ਸਬੰਧੀ ਜਾਣਕਾਰੀ ਦਿੰਦਿਆਂ ਮਹਿੰਦਰ ਪਾਲ ਕੰਪਿਊਟਰ ਫੈਕਲਟੀ ਨੇ ਦੱਸਿਆ ਕਿ ਸਾਰੇ ਵਿਦਿਆਰਥੀਆਂ ਨੂੰ ਅੱਜ ਇਹ ਡਾਇਰੀਆਂ ਵੰਡੀਆਂ ਗਈਆਂ9 ਇਸ ਮੌਕੇ ਤੇ ਹੈਡਮਾਸਟਰ ਰਾਜੇਸ਼ ਗੋਇਲ ਨੇ ਕਿਹਾ ਕਿ ਇਹ ਡਾਇਰੀ ਤਿਆਰ ਕਰਨ ਦਾ ਮੁੱਖ ਮਕਸਦ ਬੱਚਿਆਂ ਦੇ ਮਾਪਿਆਂ ਨੂੰ ਸਕੂਲ ਵਿੱਚ ਵਿੱਚ ਕਰਵਾਏ ਜਾਂਦੇ ਕੰਮ ਅਤੇ ਘਰ ਲਈ ਦਿੱਤੇ ਜਾਂਦੇ ਵੱਖ-ਵੱਖ ਵਿਸ਼ਿਆ ਦੇ ਕੰਮ ਪ੍ਰਤੀ ਜਾਣਕਾਰੀ ਦੇਣਾ ਹੈ 9 ਇਸਦੇ ਨਾਲ ਹੀ ਸਕੂਲ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਬਾਰੇ ਵੀ ਇਸ ਡਾਇਰੀ ਵਿੱਚ ਜਾਣਕਾਰੀ ਦਿੱਤੀ ਜਾਇਆ ਕਰੇਗੀ।

# ਪਾਵਰ ਲਿਫਟਿੰਗ ਖਿਡਾਰੀ ਪੰਕਜ ਕੁਮਾਰ ਦਾ ਵਿਸ਼ਾਲ ਮਹੇਸ਼ਵਰੀ ਵੱਲੋਂ ਸਨਮਾਨ



ਭੁੱਚੋ ਮੰਡੀ ਨਥਾਣਾ 20 ਮਈ (ਹਰਬੰਸ ਸਿੰਘ ਭੋਲਾ) ਯੂਨੀਅਨ ਏਸ਼ੀਆ ਚੈਂਪੀਅਨਸ਼ਿਪ ਵਿੱਚ ਕਾਂਸੀ ਦਾ ਤਮਗਾ ਜਿੱਤਣ ਵਾਲੇ ਭੁੱਚੋ ਮੰਡੀ ਨਿਵਾਸੀ ਪਾਵਰ ਲਿਫਟਿੰਗ ਖਿਡਾਰੀ ਪੰਕਜ ਕੁਮਾਰ ਦਾ ਮੰਡਲ ਪ੍ਰਧਾਨ ਵਿਸ਼ਾਲ ਮਹੇਸ਼ਵਰੀ ਦੀ ਅਗਵਾਈ ਵਿੱਚ ਸਨਮਾਨ ਕੀਤਾ ਗਿਆ। ਉਨ੍ਹਾਂ ਪੰਕਜ ਕੁਮਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਸ ਦੇ ਜਿੱਤਣ ਨਾਲ ਇਟਲੀ ਭੁੱਚੋ ਮੰਡੀ ਹੀ ਨਹੀਂ ਸਗੋਂ ਪੰਜਾਬ ਅਤੇ ਦੇਸ਼ ਨੂੰ ਮਾਣ ਹੈ। ਇਸ ਮੌਕੇ ਸੁਬਾਹ ਆਗੂ ਵਿਨੋਦ ਬਿੰਟਾ ਤੇ ਬੀਜੇਪੀ ਦੇ ਹਲਕਾ ਇੰਚਾਰਜ ਬਲਦੇਵ ਸਿੰਘ ਆਕਲੀਆ ਨੇ ਵੀ ਸੰਬੋਧਨ ਕਰਦੇ ਹੋਏ ਕਿਹਾ ਕਿ ਪੰਕਜ ਕੁਮਾਰ ਨੇ ਆਪਣੀ ਕਰੜੀ ਮਿਹਨਤ ਸਦਕਾ ਕਾਂਸ਼ੀ ਦਾ ਤਮਗਾ ਹਾਸਲ ਕੀਤਾ ਤੇ ਇਸ ਨੌਜਵਾਨ ਖਿਡਾਰੀ ਤੇ ਭੁੱਚੋ ਮੰਡੀ ਨੂੰ ਹੈ ਅਤੇ ਭਰੋਸਾ ਵੀ ਹੈ ਕਿ ਪੰਕਜ ਕੁਮਾਰ ਹੋਰ ਵੀ ਜ਼ਿਆਦਾ ਮੇਹਨਤ ਕਰਕੇ ਖੇਡਾਂ ਵਿੱਚ ਤਰੱਕੀ ਕਰੇਗਾ ਸਾਨੂੰ ਆਸਾਂ ਤੇ ਉਮੀਦ ਹੈ ਪੰਕਜ਼ ਕੁਮਾਰ ਮੰਡੀ ਵਾਸੀਆਂ ਦੀ ਉਮੀਦ ਤੇ ਖਰਾ ਉਤਰੇਗਾ ਤੇ ਭੁੱਚੋ ਮੰਡੀ ਦਾ ਦੁਨੀਆਂ ਭਰ ਵਿੱਚ ਨਾਮ ਰੋਸ਼ਨ ਕਰੇਗਾ ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਰਾਜੀਵ ਟੀਨੂੰ, ਗੁਰਜੀਤ ਸਿੰਘ ਤੁੰਗਵਾਲੀ ਮੀਤ ਪ੍ਰਧਾਨ ਜ਼ਿਲ੍ਹਾ ਬਠਿੰਡਾ ਸਾਬਕਾ ਮੰਡਲ ਪ੍ਰਧਾਨ ਨਰੇਸ਼ ਬਾਂਸਲ, ਸੰਦੀਪ ਮਹੇਸ਼ਵਰੀ, ਹਰਬੰਸ ਜ਼ਿਲ੍ਹਾ ਜਨਰਲ ਸਕੱਤਰ ਕਿਸਾਨ ਮੋਰਚਾ, ਵਿਕਰਮ ਸ਼ਰਮਾ, ਸੰਜੀਵ ਮਹਿਤਾ ਸਮੇਤ ਪਾਰਟੀ ਆਗੂ ਹਾਜ਼ਰ ਸਨ।

# ਵਧਦੀ ਤਪਸ਼ ਅਤੇ ਬਰਸਾਤੀ ਸੀਜ਼ਨ ਦੌਰਾਨ ਹੜ੍ਹ ਰੋਕੂ ਪ੍ਰਬੰਧਾਂ ਸਬੰਧੀ ਡੀ.ਸੀ. ਵੱਲੋਂ ਮੀਟਿੰਗ



ਬਰਨਾਲਾ, 20 ਮਈ (ਬਘੇਲ ਸਿੰਘ ਧਾਲੀਵਾਲ)- ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵਲੋਂ ਵਧਦੀ ਤਪਸ਼ ਅਤੇ ਆਉਣ ਵਾਲੇ ਬਰਸਾਤੀ ਸੀਜ਼ਨ ਦੌਰਾਨ ਹੜ੍ਹ ਰੋਕੂ ਪ੍ਰਬੰਧਾਂ ਸਬੰਧੀ ਇਕ ਅਹਿਮ ਮੀਟਿੰਗ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਕੀਤੀ ਗਈ। ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਕਿਹਾ ਕਿ ਇੰਨੀ ਦਿਨੀਂ ਤਾਪਮਾਨ ਵਧਣ ਨਾਲ ਤਪਸ਼ ਲਗਾਤਾਰ ਵਧ ਰਹੀ ਹੈ, ਜਿਸ ਤੋਂ ਬਚਣ ਲਈ ਜ਼ਿਲ੍ਹਾ ਵਾਸੀਆਂ ਨੂੰ ਲਗਾਤਾਰ ਜਾਗਰੂਕ ਕੀਤਾ ਜਾਵੇ ਤਾਂ ਜੋ ਖਾਸ ਤੌਰ 'ਤੇ ਲੂਅ ਦੌਰਾਨ ਬੱਚਿਆਂ ਅਤੇ ਬਜ਼ੁਰਗਾਂ ਨੂੰ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਸਿਹਤ ਵਿਭਾਗ, ਨਗਰ ਕੌਂਸਲ, ਪੰਚਾਇਤੀ ਰਾਜ ਵਿਭਾਗ, ਪਸ਼ੂ ਪਾਲਣ ਵਿਭਾਗ ਨੂੰ ਗਰਮੀ ਦੇ ਮੌਸਮ ਦੌਰਾਨ ਆਪਣੀ ਜ਼ਿੰਮੇਵਾਰੀ ਨਿਭਾਉਣ ਅਤੇ ਲੋਕਾਂ ਨੂੰ ਬਚਾਅ ਸਬੰਧੀ ਜਾਗਰੂਕ ਕਰਨ 'ਤੇ ਜ਼ੋਰ ਦਿੱਤਾ। ਇਸ ਮੌਕੇ ਉਨ੍ਹਾਂ ਆਗਾਮੀ ਬਰਸਾਤੀ ਸੀਜ਼ਨ ਦੌਰਾਨ ਹੜ੍ਹ ਰੋਕੂ ਪ੍ਰਬੰਧਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਸਮੂਹ ਐੱਸਡੀਐਮਜ਼ ਨੂੰ ਨਿਰਦੇਸ਼ ਦਿੱਤੇ ਕਿ ਉਹ ਐਨਡੀਆਰਐਫ ਸਮਾਨ ਦੀ ਅਸੈਸਮੈਂਟ ਕਰਨ ਤਾਂ ਜੋ ਜ਼ਰੂਰਤ ਅਨੁਸਾਰ ਸਮਾਨ ਖਰੀਦਿਆ ਜਾ ਸਕੇ।

ਡਿਪਟੀ ਕਮਿਸ਼ਨਰ ਨੇ ਡਰੇਨਾਂ ਦੀ ਸਫਾਈ, ਛੱਪੜਾਂ ਦੀ ਸਫਾਈ ਅਤੇ ਨੀਵੀਆਂ ਥਾਵਾਂ ਦੀ ਨਿਸ਼ਾਨਦੇਹੀ ਕਰਨ ਉੱਤੇ ਜ਼ੋਰ ਦਿੱਤਾ ਤਾਂ ਜੋ ਬਰਸਾਤੀ ਦਿਨਾਂ ਵਿਚ ਪਾਣੀ ਖੜ੍ਹਨ ਦੀ ਸਮੱਸਿਆ ਨਾ ਆਵੇ। ਇਸ ਮੌਕੇ ਉਨ੍ਹਾਂ ਕਿਹਾ ਕਿ ਹੜ ਰੋਕੂ ਪ੍ਰਬੰਧਾਂ ਤਹਿਤ ਕੰਟਰੋਲ ਰੂਮ ਜ਼ਿਲ੍ਹਾ ਪੱਧਰ ਅਤੇ ਸਬ ਡਿਵੀਜ਼ਨ ਪੱਧਰ ਉੱਤੇ 15 ਜੂਨ ਤੱਕ ਸਥਾਪਿਤ ਕਰ ਲਏ ਜਾਣ। ਇਸ ਮੌਕੇ ਉਨ੍ਹਾਂ ਸ਼ਹਿਰੀ ਇਕਾਈਆਂ ਨਾਲ ਸਬੰਧਤ ਡਰੇਨਾਂ, ਨਾਲਿਆਂ ਆਦਿ ਦੀ ਸਫਾਈ ਅਤੇ ਜਲ ਸਪਲਾਈ ਸੰਬੰਧੀ ਕੰਮਾਂ ਦਾ ਜਾਇਜ਼ਾ ਲਿਆ। ਇਸ ਮੌਕੇ ਜ਼ਿਲ੍ਹਾ ਮਾਲ ਅਫ਼ਸਰ ਗੁਰਜਿੰਦਰ ਸਿੰਘ ਨੇ ਕਿਹਾ ਕਿ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਸਾਰੇ ਵਿਭਾਗ ਆਪਣੀ ਆਗਾਮੀ ਤਿਆਰੀ ਰੱਖਣ ਤਾਂ ਜੋ ਆਉਣ ਵਾਲੇ ਦਿਨਾਂ ਬਰਸਾਤੀ ਸੀਜ਼ਨ ਦੌਰਾਨ ਜ਼ਿਲ੍ਹਾ ਵਾਸੀਆਂ ਨੂੰ ਕੋਈ ਮੁਸ਼ਕਿਲ ਪੇਸ਼ ਨਾ ਆਵੇ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਅਨੁਪ੍ਰਿਤਾ ਜੌਹਲ, ਐੱਸ ਡੀ ਐਮ ਤਪਾ ਸਿਮਰਪ੍ਰੀਤ ਕੌਰ, ਐੱਸ ਡੀ ਐਮ ਮਹਿਲ ਕਲਾਂ ਹਰਕੰਵਲਜੀਤ ਸਿੰਘ, ਡੀ ਐੱਸ ਪੀ (ਐਚ) ਪਰਮਜੀਤ ਸਿੰਘ ਡੋਡ, ਸੀ ਐਮ ਫੀਲਡ ਅਫ਼ਸਰ ਜੁਗਰਾਜ ਸਿੰਘ ਕਾਹਲੋਂ ਸਮੇਤ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

# ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਕੀਤਾ ਸਨਮਾਨਤ



ਬਰਨਾਲਾ, 20 ਮਈ (ਸੁਖਵਿੰਦਰ ਸਿੰਘ ਭੰਡਾਰੀ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਅਤੇ ਬਾਰਵੀਂ ਕਲਾਸ ਦੇ ਨਤੀਜੇ ਅਨੁਸਾਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੂੜੇਕੇ ਕਲਾਂ ਦਾ ਨਤੀਜਾ ਸੌ ਫ਼ੀਸਦੀ ਰਿਹਾ ਹੈ।ਸਕੂਲ ਮੁਖੀ ਜਤਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਵਿਖੇ ਦਸਵੀਂ ਕਲਾਸ ਦੇ 69 ਪ੍ਰੀਖਿਆਰਥੀਆਂ ਨੇ ਪ੍ਰੀਖਿਆ ਦਿੱਤੀ ਅਤੇ ਬਾਰ੍ਹਵੀਂ ਕਲਾਸ ਦੇ 117 ਪ੍ਰੀਖਿਆਰਥੀਆਂ ਨੇ ਬਾਰ੍ਹਵੀਂ ਦੀ ਪ੍ਰੀਖਿਆ ਦਿੱਤੀ। ਸਾਰੇ ਦੇ ਸਾਰੇ ਪ੍ਰੀਖਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ ਹਨ। ਪ੍ਰਾਪਤ ਹੋਏ ਬਾਰ੍ਹਵੀਂ ਕਲਾਸ ਦੇ ਨਤੀਜੇ ਅਨੁਸਾਰ ਵੋਕੇਸ਼ਨਲ (ਇੰਪੋਰਟ ਐਂਡ ਐਕਸਪੋਰਟ ਮੈਨੇਜਮੈਂਟ) ਚੋਂ ਰਵੀਨਾ ਰਾਜਪੁਰੋਹਿਤ ਨੇ 91.2 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਹਰਮਨਦੀਪ ਕੌਰ ਨੇ 91 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਅਤੇ ਜਸ਼ਨਪ੍ਰੀਤ ਕੌਰ ਨੇ 86.4 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਪ੍ਰਕਾਰ ਕਮਰਸ ਵਿੱਚੋਂ ਜਸਪ੍ਰੀਤ ਕੌਰ ਨੇ 86.2 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ ਮਨਪ੍ਰੀਤ ਕੌਰ ਨੇ 85 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਅਤੇ ਸੁਖਪ੍ਰੀਤ ਕੌਰ ਨੇ 84.4 ਪ੍ਰਤੀਸ਼ਤ ਅੰਕ ਲੈ ਕੇ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ। ਇਸ ਪ੍ਰਕਾਰ ਆਰਟਸ ਵਿੱਚੋਂ ਜਸਪ੍ਰੀਤ ਕੌਰ ਨੇ 85 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ, ਨਿਸ਼ਾ ਨੇ 82.8 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਤੇ ਅਰਸ਼ਪ੍ਰੀਤ ਸਿੰਘ ਨੇ 78.6 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਹਾਸਿਲ ਕੀਤਾ ਹੈ। ਇਸ ਤਰ੍ਹਾਂ ਹੀ ਵੋਕੇਸ਼ਨਲ (ਮਕੈਨੀਕਲ) ਚੋਂ ਜਸਪ੍ਰੀਤ ਕੌਰ ਨੇ 76.8 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਲਵਪ੍ਰੀਤ ਕੌਰ ਅਤੇ ਬਲਜਿੰਦਰ ਕੌਰ ਨੇ 74 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਅਤੇ ਗੁਰਜਿੰਦਰ ਕੌਰ ਨੇ 72.8 ਪ੍ਰਤੀਸ਼ਤ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰਾਂ ਹੀ ਦਸਵੀਂ ਕਲਾਸ ਦੇ ਜਸਪ੍ਰੀਤ ਸਿੰਘ ਨੇ 94 ਪ੍ਰਤੀਸ਼ਤ ਅੰਕ ਲੈ ਕੇ ਪਹਿਲਾ ਸਥਾਨ, ਇਬਰਾਨ ਮੁਹੰਮਦ ਨੇ 89.69 ਪ੍ਰਤੀਸ਼ਤ ਅੰਕ ਲੈ ਕੇ ਦੂਜਾ ਸਥਾਨ ਅਤੇ ਨਗੀਨਾ ਕੌਰ ਨੇ 87.23 ਪ੍ਰਤੀਸ਼ਤ ਅੰਕ ਲੈ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸ ਦੌਰਾਨ ਵਿਦਿਆਰਥੀਆਂ ਨੂੰ ਮੈਡਲ ਅਤੇ ਟਰਾਫੀਆਂ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ । ਇਸ ਮੌਕੇ ਜਮਾਤ ਇੰਚਾਰਜ ਜਗਜੀਵਨ ਸਿੰਘ, ਸੋਨੀਆ, ਬਲਜੀਤ ਕੌਰ, ਸਿੰਪਲ ਜੱਗਾ ਅਤੇ ਗਗਨਦੀਪ ਕੌਰ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਅੱਗੇ ਤੋਂ ਹੋਰ ਵੀ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

# ਲੂਅ ਤੋਂ ਬਚਣ ਲਈ ਸਿਹਤ ਵਿਭਾਗ ਵੱਲੋਂ ਐਡਵਾਈਜਰੀ ਜਾਰੀ

ਬਰਨਾਲਾ, 20 ਮਈ (ਵਿਵੇਕ ਸਿੰਧਵਾਨੀ, ਰਵੀ): ਇਨ੍ਹਾਂ ਦਿਨਾਂ ਵਿਚ ਗਰਮੀ ਲਗਾਤਾਰ ਵੱਧ ਰਹੀ ਹੈ ਅਤੇ ਤਪਸ਼ ਅਤੇ ਲੂਅ ਤੋਂ ਬਚਣ ਲਈ ਇਹਤਿਆਤ ਵਰਤਣੇ ਬੇਹੱਦ ਜ਼ਰੂਰੀ ਹਨ। ਇਹ ਪ੍ਰਗਟਾਵਾ ਕਰਦੇ ਹੋਏ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ ਨੇ ਕਿਹਾ ਕਿ ਜ਼ਿਲ੍ਹਾ ਬਰਨਾਲਾ ਦੇ ਵਾਸੀਆਂ ਨੂੰ ਮੌਜੂਦਾ ਗਰਮੀ ਦੇ ਸੀਜ਼ਨ ਦੌਰਾਨ ਲੂਅ ਤੋਂ ਬਚਣ ਲਈ ਇਹਤਿਆਤਾਂ ਬਾਰੇ ਲਗਾਤਾਰ ਜਾਗਰੂਕ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਬਾਰੇ ਸਿਹਤ ਵਿਭਾਗ ਵਲੋਂ ਸਮੇਂ ਸਮੇਂ 'ਤੇ ਅਡਵਾਈਜ਼ਰੀ ਵੀ ਜਾਰੀ ਕੀਤੀ ਜਾਂਦੀ ਹੈ ।ਉਨ੍ਹਾਂ ਕਿਹਾ ਕਿ ਖਾਸ ਕਰਕੇ ਬਜ਼ੁਰਗਾਂ, ਬੱਚਿਆਂ ਅਤੇ ਗਰਭਵਤੀ ਔਰਤਾਂ ਦਾ ਇਸ ਵੱਧਦੀ ਤਪਸ਼ ਦੌਰਾਨ ਖਾਸ ਖਿਆਲ ਰੱਖਿਆ ਜਾਵੇ। ਇਸ ਮੌਕੇ ਸਿਵਲ ਸਰਜਨ ਡਾਕਟਰ ਬਲਜੀਤ ਸਿੰਘ ਨੇ ਕਿਹਾ ਕਿ ਅੱਖਾਂ ਦੇ ਸਾਹਮਣੇ ਹਨੇਰਾ, ਚੱਕਰ ਖਾ ਕੇ ਡਿੱਗ ਪੈਣਾ, ਬੇਚੈਨੀ ਅਤੇ ਘਬਰਾਹਟ, ਹਲਕਾ ਜਾਂ ਤੇਜ਼ ਬੁਖਾਰ, ਲੋੜ ਤੋਂ ਜ਼ਿਆਦਾ ਪਿਆਸ ਲੱਗਣਾ, ਸਿਰ ਵਿਚ ਤੇਜ਼ ਦਰਦ ਅਤੇ ਉਲਟੀਆਂ ਆਉਣਾ, ਕਮਜ਼ੋਰੀ ਮਹਿਸੂਸ ਹੋਣਾ, ਗਰਮੀ ਦੇ ਬਾਵਜੂਦ ਪਸੀਨਾ ਘੱਟ ਆਉਣਾ, ਮਾਸ਼ ਪੇਸ਼ੀਆਂ ਵਿੱਚ ਦਰਦ ਆਦਿ ਲੂਅ ਲੱਗਣ ਦੇ ਲੱਛਣ ਹਨ, ਜੇਕਰ ਅਜਿਹੇ ਲੱਛਣ ਨਜਰ ਆਉਣ ਤਾਂ ਵਿਅਕਤੀ ਨੂੰ ਛਾਵੇਂ ਬਿਠਾ ਦਿੱਤਾ ਜਾਵੇ, ਵਿਅਕਤੀ ਦੇ ਕੱਪੜੇ ਢਿੱਲੇ ਕਰੋ, ਪੀਣ ਲਈ ਕੁਝ ਤਰਲ ਪਦਾਰਥ ਦਿਓ, ਠੰਢੇ ਪਾਣੀ ਦੀਆਂ ਪੱਟੀਆਂ ਕਰੋ, ਠੰਡੇ ਪਾਣੀ ਨਾਲ ਭਰੇ ਬਾਥਟੱਬ ਵਿੱਚ ਮਰੀਜ਼ ਨੂੰ ਲਿਟਾਓ ਤੇ ਓ.ਆਰ.ਐਸ. ਦਾ ਘੋਲ ਬਣਾ ਕੇ ਪਿਲਾਓ। ਉਨ੍ਹਾਂ ਦੱਸਿਆ ਕਿ ਜੇਕਰ ਬੁਖਾਰ 104—105 ਡਿਗਰੀ ਫਾਰਨਹਾਈਟ ਤੋਂ ਜ਼ਿਆਦਾ, ਸਰੀਰ ਦੇ ਗਰਮ ਹੋਣ ਉੱਤੇ ਪਸੀਨਾ ਆਉਣਾ ਬੰਦ ਹੋ ਜਾਵੇ ਅਤੇ ਚਮੜੀ ਰੁੱਖੀ ਰੁੱਖੀ ਹੋ ਜਾਵੇ, ਮਰੀਜ਼ ਬੇਹੋਸ਼ ਹੋ ਜਾਵੇ, ਜ਼ਿਆਦਾ ਘਬਰਾਹਟ ਹੋਵੇ ਤਾਂ ਤੁਰੰਤ ਸਿਹਤ ਸੰਸਥਾ ਵਿਖੇ ਮਾਹਿਰ ਡਾਕਟਰ ਨੂੰ ਦਿਖਾਓ। ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਮੋਟਾਪੇ ਤੋਂ ਪੀੜਤ ਲੋਕ, ਦਿਲ ਦੇ ਮਰੀਜ਼, ਸਰੀਰਕ ਰੂਪ ਨਾਲ ਕਮਜ਼ੋਰ ਲੋਕ ਤੇ ਕੁਝ ਵਿਸ਼ੇਸ਼ ਦਵਾਈਆਂ ਜਿਨ੍ਹਾਂ ਦਾ ਸਰੀਰ ਦੇ ਰਸਾਇਣਾਂ ਜਾਂ ਖ਼ੂਨ ਦੀਆਂ ਨਾਲੀਆਂ 'ਤੇ ਅਸਰ ਪੈਂਦਾ ਹੈ, ਨੂੰ ਖਾਣ ਵਾਲੇ ਲੋਕਾਂ ਨੂੰ ਗਰਮੀ ਲੱਗਣ ਦੇ ਸਭ ਤੋਂ ਜ਼ਿਆਦਾ ਖਤਰਾ ਹੁੰਦਾ ਹੈ । ਉਨ੍ਹਾਂ ਕਿਹਾ ਕਿ ਲੂਅ ਤੋਂ ਬਚਣ ਲਈ ਜਦੋਂ ਵੀ ਘਰ ਤੋਂ ਬਾਹਰ ਨਿਕਲਣਾ ਹੋਏ ਤਾਂ ਸੂਤੀ ਹਲਕੇ ਅਤੇ ਆਰਾਮਦਾਇਕ ਕੱਪੜੇ ਪਾਓ ਅਤੇ ਸਿਰ ਨੂੰ ਢੱਕ ਕੇ ਰੱਖੋ, ਤਰਲ ਪਦਾਰਥਾਂ ਜਿਵੇਂ ਪਾਣੀ, ਲੱਸੀ, ਓ.ਆਰ.ਐੱਸ. ਦੇ ਘੋਲ ਦਾ ਵੱਧ ਤੋਂ ਵੱਧ ਸੇਵਨ ਕਰੋ ।ਗਰਮੀ ਵਿੱਚ ਜਾਣ ਸਮੇਂ ਖਾਲੀ ਪੇਟ ਘਰੋਂ ਬਾਹਰ ਨਾ ਨਿਕਲੋ, ਜ਼ਿਆਦਾ ਮਿਰਚ ਅਤੇ ਮਸਾਲੇਦਾਰ ਭੋਜਨ ਤੋਂ ਪ੍ਰਹੇਜ਼ ਕਰੋ, ਕੂਲਰ ਜਾਂ ਏ.ਸੀ. ਵਾਲੇ ਕਮਰੇ ਵਿੱਚੋਂ ਇੱਕ ਦਮ ਧੁੱਪ ਵਿੱਚ ਨਾ ਨਿਕਲੋ।

# ਹਰਪਾਲ ਚੀਮਾ ਦੀ ਅਗਵਾਈ ਵਿੱਚ ਹਲਕਾ ਦਿੜ੍ਹਬਾ ਦੇ ਵੱਖੋ-ਵੱਖ ਪਿੰਡਾਂ ਵਿੱਚ ਡਿਫੈਂਸ ਕਮੇਟੀਆਂ ਦੀਆਂ ਮੀਟਿੰਗਾਂ




ਦਿੜ੍ਹਬਾ, 20 ਮਈ – ਹੈਪੀ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਲੋਕਾਂ ਦਾ ਭਰਵਾਂ ਸਹਿਯੋਗ ਮਿਲ ਰਿਹਾ ਹੈ ਅਤੇ ਨਸ਼ਿਆਂ ਦੇ ਖਾਤਮੇ ਦੇ ਰੂਪ ਵਿੱਚ ਨਸ਼ਾ ਮੁਕਤੀ ਯਾਤਰਾ ਇਕ ਇਤਿਹਾਸ ਸਿਰਜ ਰਹੀ ਹੈ, ਜਿਸ ਉੱਤੇ ਆਉਣ ਵਾਲੀਆਂ ਪੀੜ੍ਹੀਆਂ ਮਾਣ ਕਰਨਗੀਆਂ। ਇਸ ਯਾਤਰਾ ਤਹਿਤ ਨਸ਼ਿਆਂ ਦੇ ਖਾਤਮੇ ਹਿਤ ਲੋਕ ਨਸ਼ਿਆਂ ਦੇ ਕਾਰੋਬਾਰੀਆਂ ਬਾਰੇ ਖੁੱਲ੍ਹ ਕੇ ਪੁਲਿਸ ਨੂੰ ਜਾਣਕਾਰੀ ਦੇ ਰਹੇ ਹਨ।ਇਹ ਪ੍ਰਗਟਾਵਾ ਚੇਅਰਮੈਨ ਇੰਪਰੂਵਮੈਂਟ ਟਰਸਟ, ਸੰਗਰੂਰ ਪ੍ਰੀਤਮ ਸਿੰਘ ਪੀਤੂ ਅਤੇ ਕੈਬਨਿਟ ਮੰਤਰੀ ਸ. ਹਰਪਾਲ ਸਿੰਘ ਚੀਮਾ ਦੇ ਓ.ਐੱਸ.ਡੀ. ਤਪਿੰਦਰ ਸੋਹੀ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਅਧੀਨ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦੀ ਰਹਿਨੁਮਾਈ ਵਿੱਚ ਕਦਰਨਗਰ (ਮੁਨਸ਼ੀਵਾਲਾ), ਸਿਹਾਲ ਅਤੇ ਸਮੂਰਾਂ ਵਿਖੇ ਡਿਫੈਂਸ ਕਮੇਟੀਆਂ ਨਾਲ ਕੀਤੀਆਂ ਗਈਆਂ ਮੀਟਿੰਗਾਂ ਦੌਰਾਨ ਕੀਤਾ।ਉਹਨਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਸਖਤ ਫੈਸਲਿਆਂ ਸਦਕਾ ਹੁਣ ਪੰਜਾਬ ਦੀ ਧਰਤੀ ਨੂੰ ਨਸ਼ਿਆਂ ਦੇ ਬਹੁਤੇ ਵਪਾਰੀ ਛੱਡ ਕੇ ਚਲੇ ਗਏ ਹਨ ਅਤੇ ਨਸ਼ਿਆਂ ਦਾ ਸੇਵਨ ਕਰਨ ਵਾਲੇ ਨੌਜਵਾਨ ਵੀ ਸਵੈ ਇੱਛਾ ਨਾਲ ਨਸ਼ਿਆਂ ਦਾ ਤਿਆਗ ਕਰ ਰਹੇ ਹਨ।ਚੇਅਰਮੈਨ ਇੰਪਰੂਵਮੈਂਟ ਟਰਸਟ ਪ੍ਰੀਤਮ ਸਿੰਘ ਪੀਤੂ ਅਤੇ ਓ.ਐੱਸ.ਡੀ. ਤਪਿੰਦਰ ਸੋਹੀ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਮੰਤਵ ਸਮੂਹ ਵਰਗਾਂ ਦੇ ਸਹਿਯੋਗ ਨਾਲ ਨਸ਼ਿਆਂ ਦਾ ਖਾਤਮਾ ਕਰਨਾ ਹੈ ਅਤੇ ਹਰੇਕ ਪਿੰਡ ਤੇ ਹਰੇਕ ਗਲੀ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਤਰਜੀਹ ਹੈ।ਪੰਜਾਬ ਸਰਕਾਰ ਜਿਥੇ ਨਸ਼ਿਆਂ ਦੇ ਸੌਦਾਗਰਾਂ ਵਿਰੁੱਧ ਸਖਤ ਕਾਰਵਾਈ ਕਰ ਕੇ ਸੂਬੇ ਵਿੱਚੋਂ ਨਸ਼ਿਆਂ ਦਾ ਮੁਕੰਮਲ ਤੌਰ ਤੇ ਖਾਤਮਾ ਕਰ ਰਹੀ ਹੈ, ਉੱਥੇ ਨਸ਼ਿਆਂ ਦੀ ਗ੍ਰਿਫਤ ਵਿੱਚ ਫਸੇ ਨੌਜਵਾਨਾਂ ਦਾ ਨਸ਼ਾ ਛੁਡਵਾ ਕੇ ਉਹਨਾਂ ਨੂੰ ਮੁੜ ਤੋਂ ਆਪਣੇ ਪੈਰਾਂ ਤੇ ਖੜੇ ਵੀ ਕਰ ਰਹੀ ਤਾਂ ਜੋ ਉਹ ਸਮਾਜ ਵਿੱਚ ਬਿਹਤਰ ਜ਼ਿੰਦਗੀ ਬਤੀਤ ਕਰ ਸਕਣ।

# ਈ ਸੇਵਾ ਅਰਜ਼ੀਆਂ ਦੇ ਤੇਜ਼ੀ ਨਾਲ ਨਿਪਟਾਰੇ ਨਾਲ ਜ਼ਿਲ੍ਹਾ ਬਰਨਾਲਾ ਪੰਜਾਬ ਭਰ ਵਿੱਚੋਂ ਮੋਹਰੀ



ਬਰਨਾਲਾ, 20 ਮਈ (ਅਮਨਦੀਪ ਸਿੰਘ)- ਈ ਸੇਵਾ ਪੋਰਟਲ 'ਤੇ ਅਰਜ਼ੀਆਂ ਦਾ ਤੇਜ਼ੀ ਨਾਲ ਨਿਪਟਾਰਾ ਕਰਕੇ ਅਤੇ ਬਕਾਇਆ ਅਰਜ਼ੀਆਂ ਦੀ ਦਰ ਘਟਾ ਕੇ ਜ਼ਿਲ੍ਹਾ ਬਰਨਾਲਾ ਨੇ ਸੂਬੇ ਭਰ ਵਿੱਚੋਂ ਮੋਹਰੀ ਸਥਾਨ ਹਾਸਲ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਜ਼ਿਲ੍ਹੇ ਦੇ ਨਾਗਰਿਕਾਂ ਵਲੋਂ ਸੇਵਾ ਕੇਂਦਰਾਂ ਰਾਹੀਂ ਵੱਖ ਵੱਖ ਵਿਭਾਗਾਂ ਨਾਲ ਸੰਬਧਤ ਅਰਜ਼ੀਆਂ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਵਿੱਚ ਪੰਜਾਬ ਈ ਸੇਵਾ ਪੋਰਟਲ 'ਤੇ ਹੁਣ ਤੱਕ 98448 ਅਰਜ਼ੀਆਂ ਪ੍ਰਾਪਤ ਹੋਈਆਂ ਹਨ। 20 ਮਈ ਦੇ ਡਾਟਾ ਅਨੁਸਾਰ ਹੁਣ ਤਕ 90519 ਅਰਜ਼ੀਆਂ ਦਾ ਨਿਬੇੜਾ ਹੋ ਚੁੱਕਿਆ ਹੈ ਅਤੇ ਸਿਰਫ 0.08 ਫੀਸਦੀ ਭਾਵ 83 ਅਰਜ਼ੀਆਂ ਬਕਾਇਆ ਹਨ। ਬਕਾਇਆ ਅਰਜ਼ੀਆਂ ਦੀ ਸਭ ਤੋਂ ਘੱਟ ਦਰ ਦੇ ਨਾਲ ਜ਼ਿਲ੍ਹਾ ਬਰਨਾਲਾ ਪੰਜਾਬ ਭਰ ਵਿੱਚੋਂ ਮੋਹਰੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਮੇਂ ਸਮੇਂ 'ਤੇ ਸਾਰੇ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਜਾਂਦੇ ਹਨ ਕਿ ਨਾਗਰਿਕਾਂ ਵਲੋਂ ਪ੍ਰਾਪਤ ਅਰਜ਼ੀਆਂ ਦਾ ਸਮਾਂਬੱਧ ਨਿਬੇੜਾ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਖੱਜਲ ਖੁਆਰ ਨਾ ਹੋਣ ਪਵੇ।

ਉਨ੍ਹਾਂ ਦੱਸਿਆ ਕਿ ਸਰਕਾਰ ਵਲੋਂ ਡੋਰ ਸਟੈਓ ਸਟੈਪ ਡਿਲੀਵਰੀ (ਡੀ ਐੱਸ ਡੀ) ਦੀ ਸੇਵਾ ਵੀ ਦਿੱਤੀ ਜਾ ਰਹੀ ਹੈ ਜਿਸ ਅਧੀਨ ਨਾਗਰਿਕ ਨੇ 1076 'ਤੇ ਕਾਲ ਕਰਕੇ ਆਪਣੇ ਵੇਰਵੇ ਦੇਣੇ ਹੁੰਦੇ ਹਨ ਜਿਸ ਮਗਰੋਂ ਟੀਮ ਨਾਗਰਿਕ ਦੇ ਘਰ ਜਾ ਕੇ ਸਰਵਿਸ ਕਈ ਅਪਲਾਈ ਕਰਵਾਉਂਦੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਇਸ ਸੇਵਾ ਤਹਿਤ 406 ਤਰ੍ਹਾਂ ਦੀਆਂ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਇਸ ਤਹਿਤ ਸਰਕਾਰ ਵਲੋਂ ਫੀਸ 120 ਰੁਪਏ ਤੋਂ ਘੱਟ ਕਰਕੇ 50 ਰੁਪਏ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਡੀ ਐੱਸ ਡੀ ਤਹਿਤ ਹੁਣ ਤਕ 1612 ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਜ਼ਿਲ੍ਹੇ ਵਿੱਚ 14 ਸੇਵਾ ਕੇਂਦਰ ਸੇਵਾਵਾਂ ਦੇ ਰਹੇ ਹਨ, ਜਿਨ੍ਹਾਂ ਵਿੱਚ ਟਾਈਪ 1 ਸੇਵਾ ਕੇਂਦਰ 1, ਟਾਈਪ 2 ਸੇਵਾ ਕੇਂਦਰ 8 ਅਤੇ ਟਾਈਪ 3 ਸੇਵਾ ਕੇਂਦਰ 5 ਹਨ। ਇਨ੍ਹਾਂ ਸੇਵਾ ਕੇਂਦਰਾਂ ਵਿੱਚ 463 ਤਰ੍ਹਾਂ ਦੀਆਂ ਸੇਵਾਵਾਂ ਮਿਲ ਰਹੀਆਂ ਹਨ।

# ਵਾਈ.ਐਸ. ਸਕੂਲ ਬਰਨਾਲਾ ਨੇ ਸਟੇਟ-ਲੈਵਲ ਯੂਸੀਮਾਸ ਅਬੇਕਸ ਮੁਕਾਬਲੇ ਵਿੱਚ ਜਿੱਤ ਪ੍ਰਾਪਤ ਕੀਤੀ



ਬਰਨਾਲਾ, 20 ਮਈ (ਬਘੇਲ ਸਿੰਘ ਧਾਲੀਵਾਲ)- ਵਾਈਐਸ ਸਕੂਲ ਬਰਨਾਲਾ ਨੇ ਇੱਕ ਹੋਰ ਪਲ ਦਾ ਜਸ਼ਨ ਮਨਾਇਆ ਕਿਉਂਕਿ ਇਸਦੇ ਵਿਦਿਆਰਥੀਆਂ ਨੇ ਹਾਲ ਹੀ ਵਿੱਚ ਚੰਡੀਗੜ੍ਹ ਅਤੇ ਪੰਜਾਬ ਰਾਜ ਪੱਧਰ 'ਤੇ ਆਯੋਜਿਤ ਰਾਜ-ਪੱਧਰੀ ਯੂਸੀਐਮਐਸ ਅਬੈਕਸ ਮੁਕਾਬਲੇ ਵਿੱਚ ਚਮਕਦਾਰ ਪ੍ਰਦਰਸ਼ਨ ਕੀਤਾ। ਇਸ ਪ੍ਰੋਗਰਾਮ ਵਿੱਚ ਪੂਰੇ ਖੇਤਰ ਦੇ ਨੌਜਵਾਨਾਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ ਗਿਆ ਅਤੇ ਵਾਈਐਸ ਦੇ ਹੋਣਹਾਰ ਵਿਦਿਆਰਥੀਆਂ ਨੇ ਆਪਣੇ ਬੇਮਿਸਾਲ ਮਾਨਸਿਕ ਗਣਿਤ ਹੁਨਰਾਂ ਨਾਲ ਆਪਣੀ ਕਾਬਲੀਅਤ ਨੂੰ ਸਾਬਤ ਕੀਤਾ।

ਵਾਈਐਸ ਸਕੂਲ ਬਰਨਾਲਾ ਦੇ ਵਿਦਿਆਰਥੀ ਹਿਮਾਂਕ ਗਰਗ ਨੇ ਚੈਂਪੀਅਨ ਆਫ਼ ਚੈਂਪੀਅਨ (ਸੀਓਸੀ) ਟਰਾਫੀ ਜਿੱਤ ਕੇ ਸਕੂਲ ਅਤੇ ਜ਼ਿਲ੍ਹੇ ਦਾ ਮਾਣ ਵਧਾਇਆ ਅਤੇ ਰਾਜ ਪੱਧਰ 'ਤੇ ਪਹਿਲਾ ਸਥਾਨ ਪ੍ਰਾਪਤ ਕੀਤਾ।ਉਸਦੀ ਕਮਾਲ ਦੀ ਗਤੀ ਅਤੇ ਸ਼ੁੱਧਤਾ ਉਸਦੀ ਸਖ਼ਤ ਮਿਹਨਤ ਅਤੇ ਬੌਧਿਕ ਸਿਖਲਾਈ ਨੂੰ ਦਰਸਾਉਂਦੀ ਹੈ ਜੋ "ਨੌਜਵਾਨ ਸਿੱਖਿਆਰਥੀਆਂ ਵਿੱਚ ਪੈਦਾ ਕਰਦਾ ਹੈ।

ਇਸ ਜਸ਼ਨ ਨੂੰ ਹੋਰ ਰੋਮਾਂਚਕ ਬਣਾਉਣ ਵਿੱਚ ਵਿਦਿਆਰਥੀ ਪਾਰੁਸ਼ ਜਿੰਦਲ ਨੇ ਆਪਣਾ ਵਡਮੁੱਲਾ ਸਹਿਯੋਗ ਦਿੱਤਾ । ਇਸ ਪ੍ਰਤੀਯੋਗਤਾ ਵਿੱਚ ਆਪਣਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਪੇਸ਼ ਕਰਦੇ ਹੋਏ ਉਸ ਨੇ 8ਵਾਂ ਸਥਾਨ ਹਾਸਿਲ ਕੀਤਾ, ਜਿਸ ਨਾਲ ਸਕੂਲ ਦੇ ਮਾਣ ਸਨਮਾਨ ਵਿੱਚ ਹੋਰ ਚਾਰ ਚੰਦ ਲੱਗ ਗਏ ।

ਇੱਥੇ ਹੀ ਬੱਸ ਨਹੀ , ਇਹਨਾਂ ਬੱਚਿਆਂ ਤੋਂ ਇਲਾਵਾ 7 ਹੋਰ ਵਿਦਿਆਰਥੀਆਂ ਨੇ ਆਪਣੇ ਹੁਨਰ ਦੇ ਜੌਹਰ ਦਿਖਾਏ ਅਤੇ ਚੰਗੇ ਸਥਾਨ ਹਾਸਿਲ ਕੀਤੇ ।ਜਿਨਾਂ ਵਿੱਚ ਦਿਆਂਨਸ਼ੀ ਮੋਦੀ , ਯੋਗੇਸ਼, ਸਵਿਪਨਿਲ ਸੋਨਰ, ਵੰਸ਼ਿਕਾ , ਅੰਜਲੀ , ਆਰੀਅਨ ਅਤੇ ਡਾਈਆ ਇਸ ਪ੍ਰਤੀਯੋਗਤਾ ਵਿੱਚ ਦੂਜਾ ਸਥਾਨ ਹਾਸਿਲ ਕੀਤਾ।

ਵਾਈਐਸ ਗਰੁੱਪ ਬੱਚਿਆਂ ਨੂੰ ਪਾਠ-ਪੁਸਤਕਾਂ ਤੋਂ ਇਲਾਵਾ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਹੁਨਰਾਂ ਨੂੰ ਅਜ਼ਮਾਉਣ ਲਈ ਪਲੇਟਫਾਰਮ ਪ੍ਰਦਾਨ ਕਰਦਾ ਰਹਿੰਦਾ ਹੈ।ਅਜਿਹੀਆਂ ਪ੍ਰਾਪਤੀਆਂ ਨਾ ਸਿਰਫ਼ ਸੰਸਥਾ ਦੇ ਮਿਆਰ ਨੂੰ ਉੱਚਾ ਕਰਦੀਆਂ ਹਨ ਬਲਕਿ ਹੋਰਨਾਂ ਵਿਦਿਆਰਥੀਆਂ ਨੂੰ ਵੱਡੇ ਸੁਪਨੇ ਦੇਖਣ ਅਤੇ ਆਪਣੇ ਖੇਤਰਾਂ ਵਿੱਚ ਉੱਤਮਤਾ ਪ੍ਰਾਪਤ ਕਰਨ ਲਈ ਪ੍ਰੇਰਿਤ ਕਰਦੀਆਂ ਹਨ।ਮੈਨੇਜਮੈਂਟ ਅਤੇ ਸਭ ਅਧਿਆਪਕਾਂ ਵੱਲੋਂ ਜੇਤੂਆਂ ਨੂੰ ਦਿਲੋਂ ਵਧਾਈਆਂ ਦਿੰਦੇ ਹੋਏ ਭਵਿੱਖ ਵਿੱਚ ਉਨ੍ਹਾਂ ਨੂੰ ਹੋਰ ਇਸ ਤਰ੍ਹਾਂ ਅੱਗੇ ਵੱਧਣ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ । ਵਾਈ ਐਸ ਸੰਸਥਾ ਹਮੇਸ਼ਾ ਆਪਣੇ ਇਹਨਾਂ ਕਾਰਜਾਂ ਲਈ ਜਾਣਿਆਂ ਜਾਂਦਾ ਹੈ ਅਤੇ ਭਵਿੱਖ ਵਿੱਚ ਵੀ ?ਹ ਸੰਸਥਾ ਇਸ ਕਾਰਜ ਨੂੰ ਜਾਰੀ ਰੱਖਣ ਲਈ ਵਚਨਬੱਧ ਹੈ।

# ਸਿਹਤ ਵਿਭਾਗ ਦੀ ਟੀਮ ਵੱਲੋਂ ਰੇਲਵੇ ਸਟੇਸ਼ਨ 'ਤੇ ਕੀਤਾ ਜਾਗਰੂਕ

ਤਪਾ ਮੰਡੀ 20 ਮਈ (ਭੂਸ਼ਨ ਘੜੈਲਾ)-ਸਿਹਤ ਵਿਭਾਗ ਵੱਲੋਂ ਡਾ ਬਲਜੀਤ ਸਿੰਘ ਸਿਵਲ ਸਰਜਨ ਬਰਨਾਲਾ ਦੇ ਦਿਸ਼ਾ ਨਿਰਦੇਸ਼ ਅਧੀਨ ਅਤੇ ਡਾ ਇੰਦੂ ਸੀਨੀਅਰ ਮੈਡੀਕਲ ਅਫ਼ਸਰ ਦੀ ਯੋਗ ਅਗਵਾਈ ਅਧੀਨ ਸਿਹਤ ਬਲਾਕ ਦੇ ਪਿੰਡ ਘੁੰਨਸ ਵਿਖੇ "ਹਾਈਪਰਟੈਂਸ਼ਨ ਮੁਹਿੰਮਸਬੰਧੀ ਜਾਗਰੂਕਤਾ ਗਤੀਵਿਧੀਆ ਕੀਤੀਆਂ ਗਈਆਂ।

ਸਿਹਤ ਵਿਭਾਗ ਦੀ ਟੀਮ ਵੱਲੋਂ ਪਿੰਢ ਘੁੰਨਸ ਦੇ ਰੇਲਵੇ ਸਟੇਸ਼ਨ ਵਿਖੇ ਜਿਸ ਵਿੱਚ ਮੈਡਮ ਸੰਦੀਪ ਕੌਰ ਕਮਿਊਨਿਟੀ ਹੈਲਥ ਅਫਸਰ ਘੁੰਨਸ ਨੇ ਹਾਜ਼ਰ ਲੋਕਾਂ ਦਾ ਚੈੱਕ ਅੱਪ ਵੀ ਕੀਤਾ ਅਤੇ ਲੋਕਾਂ ਨੂੰ ਹਾਇਪਰਟੈਂਸ਼ਨ ਤੋਂ ਬਚਾਅ ਤੇ ਉਪਾਅ ਸਬੰਧੀ ਵਿਸਥਾਰਪੂਰਵਕ ਦੱਸਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਰਮਨਦੀਪ ਸਿੰਘ, ਹਰਪ੍ਰੀਤ ਕੌਰ ਅਤੇ ਆਸ਼ਾ ਵਰਕਰ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਚੇਅਰਮੈਨ ਜੱਸੀ ਸੋਹੀਆਂ ਵਾਲਾ ਵੱਲੋਂ ਪ੍ਰਦੂਸ਼ਣ ਕੰਟਰੋਲ, ਇੰਡਸਟਰੀ ਉਦਯੋਗ, ਕਿਰਤ ਅਤੇ ਭੂਮੀ ਰੱਖਿਆ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ

### ਵਿਭਾਗਾਂ ਦੀਆਂ ਚੱਲ ਰਹੀਆਂ ਸਕੀਮਾਂ ਦੀ ਕੀਤੀ ਸਮੀਖਿਆ



ਪਟਿਆਲਾ, 20 ਮਈ (ਰੁਪਾਣਾ) : ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਚੇਅਰਮੈਨ ਜਸਵੀਰ ਸਿੰਘ ਜੱਸੀ ਸੋਹੀਆਂ ਵਾਲਾ ਨੇ ਪ੍ਰਦੂਸ਼ਣ ਕੰਟਰੋਲ, ਇੰਡਸਟਰੀ ਉਦਯੋਗ, ਕਿਰਤ ਅਤੇ ਭੂਮੀ ਰੱਖਿਆ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਪੰਜਾਬ ਸਰਕਾਰ ਦੀਆਂ ਚੱਲ ਰਹੀਆਂ ਵੱਖ ਵੱਖ ਸਕੀਮਾਂ ਦੀ ਸਮੀਖਿਆ ਕੀਤੀ। ਇਸ ਮੌਕੇ ਵਾਤਾਵਰਨ ਇੰਜੀਨੀਅਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਗੁਰਕਰਨ ਸਿੰਘ, ਹਰਮਨਪ੍ਰੀਤ ਕੌਰ ਲੇਬਰ ਇੰਸਪੈਕਟਰ, ਸੁਖਪਾਲ ਕੌਰ ਦਫਤਰ ਡਿਪਟੀ ਡਾਇਰੈਕਟਰ ਫੈਕਟਰੀ ਉਦਯੋਗ ਕੇਂਦਰ ਇੰਡਸਟਰੀਜ਼, ਨਿਧੀ ਬੱਤਰਾ ਮੰਡਲ ਭੂਮੀ ਰੱਖਿਆ ਅਫਸਰ, ਹਰਲੀਨ ਕੌਰ ਦਫਤਰ ਜਨਰਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ ਮੌਜੂਦ ਸਨ। ਮੀਟਿੰਗ ਦੌਰਾਨ ਵਾਤਾਵਰਨ ਇੰਜੀਨੀਅਰ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਦੱਸਿਆ ਕਿ ਉਹਨਾਂ ਵੱਲੋਂ ਉਦਯੋਗਾਂ ਦੀ ਪੜਤਾਲ ਕੀਤੀ ਜਾਂਦੀ ਹੈ ਅਤੇ ਉਦਯੋਗਾਂ ਨੂੰ ਚਾਰ ਭਾਗਾਂ ਵਿੱਚ ਵੰਡਿਆ ਹੋਇਆ ਹੈ ਜਿਵੇਂ ਕਿ ਰੈੱਡ ਭਾਗ ਵਿੱਚ ਆਉਂਦੇ ਉਦਯੋਗਾਂ ਦੀ ਹਰ 6 ਮਹੀਨੇ, ਓਰੇਂਜ ਦੀ 1 ਸਾਲ, ਗਰੀਨ ਅਤੇ ਵਾਈਟ ਦੀ 2 ਸਾਲ ਬਾਅਦ ਪੜਤਾਲ ਕੀਤੀ ਜਾਂਦੀ ਹੈ। ਬਾਕੀ ਜੇਕਰ ਕੋਈ ਉਦਯੋਗ ਜੇਕਰ ਪ੍ਰਦਸ਼ਨ ਕਰਦਾ ਹੋਵੇ, ਦੀ ਸ਼ਿਕਾਇਤ ਪ੍ਰਾਪਤ ਹੋਣ ਉਪਰੰਤ ਢੁੱਕਵੀਂ ਕਾਰਵਾਈ ਕੀਤੀ ਜਾਂਦੀ ਹੈ। ਡਿਪਟੀ ਡਾਇਰੈਕਟਰ ਆਫ ਫੈਕਟਰੀਜ਼ ਦੇ ਨੁਮਾਇੰਦੇ ਨੇ ਦੱਸਿਆ ਕਿ ਉਦਯੋਗਾਂ ਵਿੱਚ ਕੰਮ ਕਰ ਰਹੀ ਲੇਬਰ ਦੇ ਲਾਭ ਦਿਵਾਉਣ ਅਤੇ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਲਈ ਸਮੇਂ ਸਮੇਂ 'ਤੇ ਉਦਯੋਗਾਂ ਦੀ ਚੈਕਿੰਗ ਕਰਵਾਈ ਜਾਂਦੀ ਹੈ। ਲੇਬਰ ਇੰਸਪੈਕਟਰ ਨੇ ਦੱਸਿਆ ਕਿ ਬਿਲਡਿੰਗ ਉਸਾਰੀ ਸਬੰਧੀ ਲੇਬਰ ਵੱਲੋਂ ਸਾਲ ਵਿੱਚ ਘੱਟੋ ਘੱਟ 90 ਦਿਨ ਲੇਬਰ ਕੀਤੀ ਹੋਵੇ ਤਾਂ ਰਜਿਸਟਰਡ ਲਾਭਪਾਤਰੀਆਂ ਨੂੰ ਲਾਭ ਪਹੁੰਚਾਇਆ ਜਾਂਦਾ ਹੈ। ਜੇਕਰ ਕਿਸੇ ਲਾਭਪਾਤਰੀ ਨਾਲ ਕੰਮ ਦੌਰਾਨ ਅਨਹੋਣੀ ਹੁੰਦੀ ਹੈ ਤਾਂ ਕੁਦਰਤੀ ਮੌਤ 'ਤੇ 2.00 ਲੱਖ ਰੁਪਏ ਅਤੇ ਐਕਸੀਡੈਂਟ ਦੌਰਾਨ ਹੋਈ ਮੌਤ 'ਤੇ 4.00 ਲੱਖ ਰੁਪਏ ਦੀ ਐਕਸਗ੍ਰੇਸ਼ੀਆ ਗ੍ਰਾਂਟ ਦਾ ਪੰਜਾਬ ਸਰਕਾਰ ਵੱਲੋਂ ਲਾਭ ਦਿੱਤਾ ਜਾਂਦਾ ਹੈ ਅਤੇ ਪੰਜਾਬ ਸਰਕਾਰ ਵੱਲੋਂ ਲਾਭਪਾਤਰੀਆਂ ਨੂੰ ਸ਼ਗਨ ਸਕੀਮ, ਵਜੀਫਾ ਸਕੀਮ, ਪੈਨਸ਼ਨ ਸਕੀਮ, ਐਸ.ਡੀ.ਸੀ. ਸਕੀਮ ਦੇ ਵੀ ਲਾਭ ਦਿਤੇ ਜਾ ਰਹੇ ਹਨ। ਜ਼ਿਲ੍ਹਾ ਉਦਯੋਗ ਕੇਂਦਰ, ਪਟਿਆਲਾ ਦੇ ਨੁਮਾਇੰਦੇ ਨੇ ਦੱਸਿਆ ਕਿ ਉਦਯੋਗਾਂ ਨੂੰ ਪ੍ਰਫੁੱਲਤ ਕਰਨ ਲਈ ਬਲਾਕਵਾਰ ਸਟਾਫ ਨਿਯੁਕਤ ਕਰਕੇ ਵੱਖ-ਵੱਖ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਵੱਲੋਂ ਸਮੇਂ ਸਮੇਂ 'ਤੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਵੱਖ-ਵੱਖ ਸਕੀਮਾਂ ਦੌਰਾਨ 50 ਲੱਖ ਰੁਪਏ ਤੱਕ ਦੇ ਘੱਟ ਵਿਆਜ 'ਤੇ ਲੋਨ ਮੁਹੱਈਆ ਕਰਵਾਏ ਜਾਂਦੇ ਹਨ। ਭੂਮੀ ਰੱਖਿਆ ਅਫਸਰ ਪਟਿਆਲਾ ਨੇ ਦੱਸਿਆ ਕਿ ਜ਼ਿਲ੍ਹੇ ਵਿਚ ਸਾਂਝਾ ਜਮੀਨਦੋਜ਼ ਨਾਲੀਆਂ ਦੇ ਪ੍ਰੋਜੈਕਟ, ਨਿੱਜੀ ਜਮੀਨਦੋਜ਼ ਪਾਈਪਲਾਈਨ ਦੇ ਪ੍ਰੋਜੈਕਟ, ਮਾਈਕਰੋ ਇਰੀਗੇਸ਼ਨ, ਛੱਪੜ ਤੋਂ ਸੋਲਰ ਊਰਜਾ ਸੰਚਾਲਿਤ ਪ੍ਰੋਜੈਕਟ ਚੱਲ ਰਹੇ ਹਨ। ਇਸ ਮੌਕੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਸਾਰੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈਆਂ ਜਾ ਰਹੀਆਂ ਸਕੀਮਾਂ ਨੂੰ ਸਹੀ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਅਤੇ ਚੱਲ ਰਹੇ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਪੂਰਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕਿਸੇ ਕੰਮ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਕੁਤਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

'ਯੁੱਧ ਨਸ਼ਿਆਂ ਵਿਰੁੱਧ'

## ਨਸ਼ਾ ਤਸਕਰਾਂ ਵੱਲੋਂ ਨਸ਼ਿਆਂ ਦੀ ਸਪਲਾਈ ਕਰਨ ਲਈ ਉਸਾਰੇ ਕਮਰਿਆਂ 'ਤੇ ਚੱਲਿਆ ਪੀਲਾ ਪੰਜਾ

### ☛8 ਮੁਲਜ਼ਮਾਂ ਖ਼ਿਲਾਫ਼ ਦਰਜ ਨੇ 75 ਮੁਕੱਦਮੇ

### ☛ਨਸ਼ਿਆਂ ਦੀ ਕਮਾਈ ਨਾਲ ਕੀਤੀਆਂ ਨਾਜਾਇਜ਼ ਉਸਾਰੀਆਂ 'ਤੇ ਹੋਵੇਗੀ ਸਖ਼ਤ ਕਾਰਵਾਈ : ਵਰੁਣ ਸ਼ਰਮਾ



ਨਾਭਾ, 20 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸੂਬੇ ਨੂੰ ਨਸ਼ਾ ਮੁਕਤ ਕਰਨ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਪਟਿਆਲਾ ਪੁਲਿਸ ਨੇ ਜ਼ਿਲ੍ਹਾ ਪੁਲਿਸ ਮੁਖੀ ਵਰੁਣ ਸ਼ਰਮਾ ਦੀ ਅਗਵਾਈ ਹੇਠ ਨਾਭਾ ਦੇ ਪਿੰਡ ਰੋਹਟੀ ਛੰਨਾ ਵਿਖੇ ਵੱਡੀ ਕਾਰਵਾਈ ਕਰਦਿਆਂ ਅੱਠ ਨਸ਼ਾ ਤਸਕਰਾਂ ਦੀਆਂ ਸਰਕਾਰੀ ਜ਼ਮੀਨ 'ਤੇ ਹੋਈਆਂ ਨਜਾਇਜ਼ ਉਸਾਰੀਆਂ ਨੂੰ ਢੂਹਾ ਦਿੱਤਾ ਹੈ। ਇਸ ਮੌਕੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਦੱਸਿਆ ਕਿ ਨਾਭਾ ਦੇ ਪਿੰਡ ਰੋਹਟੀ ਛੰਨਾ ਵਿਖੇ ਨਸ਼ਾ ਤਸਕਰਾਂ ਵੱਲੋਂ ਜਲ ਸਰੋਤ ਵਿਭਾਗ ਦੀ ਜਗ੍ਹਾ 'ਤੇ ਕਮਰੇ ਬਣਾਏ ਹੋਏ ਸਨ, ਤੇ ਇਨ੍ਹਾਂ ਕਮਰਿਆਂ ਦੀ ਵਰਤੋਂ ਨਸ਼ਾ ਸਪਲਾਈ ਕਰਨ ਲਈ ਕੀਤੀ ਜਾ ਰਹੀ ਸੀ, ਜਿਸ ਨੂੰ ਅੱਜ ਪਟਿਆਲਾ ਪੁਲਿਸ ਵੱਲੋਂ ਜਲ ਸਰੋਤ ਵਿਭਾਗ ਦੇ ਅਧਿਕਾਰੀਆਂ ਦੀ ਹਾਜ਼ਰੀ ਵਿੱਚ ਢਾਹਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਅੱਠ ਵਿਅਕਤੀਆਂ ਦੀਆਂ ਉਸਾਰੀਆਂ ਨੂੰ ਅੱਜ ਢਾਇਆ ਗਿਆ ਹੈ, ਉਨ੍ਹਾਂ 'ਤੇ ਵੱਖ ਵੱਖ ਧਾਰਾਵਾਂ ਤਹਿਤ 75 ਮੁਕੱਦਮੇ ਦਰਜ ਹਨ। ਉਨ੍ਹਾਂ ਨਜਾਇਜ਼ ਉਸਾਰੀ ਵਾਲੇ ਨਸ਼ਾ ਤਸਕਰਾਂ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਪ੍ਰੇਮ ਸਿੰਘ ਉਰਫ਼ ਕਾਕਾ 'ਤੇ 13 ਮੁਕੱਦਮੇ, ਛੋਟੀ ਕੌਰ ਪਤਨੀ ਪ੍ਰੇਮ ਸਿੰਘ 'ਤੇ 9 ਮੁਕੱਦਮੇ, ਅਮਰਪਾਲ ਸਿੰਘ ਉਰਫ਼ ਬੁੱਲੀ 'ਤੇ 11 ਮੁਕੱਦਮੇ, ਸਰਬਜੀਤ ਕੌਰ ਉਰਫ਼ ਰੋਡੀ ਪਤਨੀ ਅਮਰਪਾਲ ਸਿੰਘ 'ਤੇ 13 ਮੁਕੱਦਮੇ, ਹਰਮੇਲ ਸਿੰਘ ਉਰਫ਼ ਬੰਟੀ 'ਤੇ 5 ਮੁਕੱਦਮੇ, ਅਮਰਜੀਤ ਕੌਰ ਉਰਫ਼ ਅਮਰੋ 'ਤੇ 7 ਮੁਕੱਦਮੇ, ਪਰਮਜੀਤ ਕੌਰ ਉਰਫ਼ ਭੋਲੀ 'ਤੇ 10 ਮੁਕੱਦਮੇ ਅਤੇ ਅਮਨਦੀਪ ਸਿੰਘ ਉਰਫ਼ ਕਾਲੂ 'ਤੇ 7 ਮੁਕੱਦਮੇ ਦਰਜ ਹਨ। ਐਸ.ਐਸ.ਪੀ ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੀ ਗ੍ਰਿਫ਼ਤ ਵਿੱਚੋਂ ਕੱਢਣ ਲਈ ਪੂਰੀ ਦ੍ਰਿੜ੍ਹਤਾ ਨਾਲ ਕੰਮ ਕਰ ਰਹੀ ਹੈ ਅਤੇ ਸੂਬੇ ਦੀ ਜਵਾਨੀ ਨੂੰ ਨਸ਼ਿਆਂ ਦੇ ਦਲ ਦਲ ਵਿੱਚ ਫਸਾਉਣ ਵਾਲੇ ਨਸ਼ਾ ਤਸਕਰਾਂ ਨੂੰ ਕਿਸੇ ਵੀ ਹਾਲਤ ਵਿੱਚ ਬਖ਼ਸ਼ਿਆ ਨਹੀਂ ਜਾਵੇਗਾ। ਉਨ੍ਹਾਂ ਨਸ਼ਾ ਤਸਕਰਾਂ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਨਸ਼ੇ ਵੇਚਣ ਦਾ ਕੰਮ ਛੱਡ ਦੇਣ ਨਹੀਂ ਤਾਂ ਉਨ੍ਹਾਂ ਵਿਰੁੱਧ ਵੀ ਇਹੋ ਜਿਹੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ "ਯੁੱਧ ਨਸ਼ਿਆਂ ਵਿਰੁੱਧ ਮੁਹਿੰਮ" ਨਿਰੰਤਰ ਜਾਰੀ ਰਹੇਗੀ ਅਤੇ ਨਸ਼ਿਆਂ ਦੀ ਕਮਾਈ ਨਾਲ ਕੀਤੀਆਂ ਨਜਾਇਜ਼ ਉਸਾਰੀਆਂ 'ਤੇ ਇਸੇ ਤਰ੍ਹਾਂ ਪੀਲਾ ਪੰਜਾ ਚਲਾਉਣ ਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਦੇ ਕਾਰੋਬਾਰੀਆਂ ਦੀ ਸ਼ਿਕਾਇਤ ਕਰਨ ਲਈ ਆਪਣੇ ਨੇੜਲੇ ਪੁਲਿਸ ਸਟੇਸ਼ਨ ਵਿਖੇ ਸੰਪਰਕ ਕੀਤਾ ਜਾਵੇ। ਉਹਨਾਂ ਇਹ ਅਪੀਲ ਵੀ ਕੀਤੀ ਕਿ ਜੇਕਰ ਕੋਈ ਵਿਅਕਤੀ ਨਸ਼ੇ ਦੀ ਦਲ ਦਲ ਵਿੱਚ ਫਸ ਗਿਆ ਹੈ ਤਾਂ ਉਸ ਦਾ ਨਸ਼ਾ ਛੁਡਵਾਉਣ ਲਈ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਲਿਆਂਦਾ ਜਾਵੇ। ਇਸ ਮੌਕੇ ਐਸ.ਪੀ. ਡੀ. ਗੁਰਬੰਸ ਸਿੰਘ ਬੈਂਸ, ਡੀਐਸਪੀ ਨਾਭਾ ਮਨਦੀਪ ਕੌਰ, ਐਸ.ਐਚ.ਓ ਸਦਰ ਨਾਭਾ ਗੁਰਪ੍ਰੀਤ ਸਿੰਘ ਸਬਰਾਓ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਪੁਲਿਸ ਮੁਲਾਜ਼ਮ ਹਾਜ਼ਰ ਸਨ।

## ਡਾਕ ਵਿਭਾਗ ਵੱਲੋਂ ਗਿਆਨ ਪੋਸਟ ਸੇਵਾ ਰਾਹੀਂ ਵਿਦਿਅਕ ਸਮੱਗਰੀ ਦੀ ਢੋਆ-ਢੁਆਈ ਲਈ ਰਿਆਇਤੀ ਦਰਾਂ ਦੀ ਸ਼ੁਰੂਆਤ : ਸੱਤਿਅਮ ਤਿਵਾੜੀ



ਪਟਿਆਲਾ, 20 ਮਈ (ਰੁਪਾਣਾ/ਵਿਨੋਦ ਸ਼ਰਮਾ) : ਡਾਕ ਵਿਭਾਗ ਨੇ ਬੁੱਕ ਪੋਸਟ ਪ੍ਰਣਾਲੀ ਦੇ ਮਾਡਲ 'ਤੇ ਬਣਾਈ ਗਈ 'ਗਿਆਨ ਪੋਸਟ' ਨਾਮਕ ਸੇਵਾ ਰਾਹੀਂ ਪਾਠ-ਪੁਸਤਕਾਂ ਵਰਗੀਆਂ ਵਿਦਿਅਕ ਸਮੱਗਰੀ ਦੀ ਢੋਆ-ਢੁਆਈ ਲਈ ਰਿਆਇਤੀ ਦਰਾਂ ਪ੍ਰਦਾਨ ਕਰਨ ਦੀ ਸ਼ੁਰੂਆਤ ਕੀਤੀ ਹੈ। ਇਸ ਸੇਵਾ ਦੀਆਂ ਕੀਮਤਾਂ 300 ਗ੍ਰਾਮ ਤੋਂ 5 ਕਿਲੋਗ੍ਰਾਮ ਤੱਕ ਦੇ ਪੈਕੇਜਾਂ ਲਈ ਕ੍ਰਮਵਾਰ 20 ਰੁਪਏ ਤੋਂ 100 ਰੁਪਏ ਤੱਕ ਹੋਣਗੀਆਂ। ਪਟਿਆਲਾ ਡਿਵੀਜ਼ਨ, ਪਟਿਆਲਾ ਦੇ ਸੀਨੀਅਰ ਸੁਪਰਡੈਂਟ ਡਾਕਘਰ, ਸੱਤਿਅਮ ਤਿਵਾੜੀ ਨੇ ਦੱਸਿਆ ਕਿ ਗਿਆਨ ਪੋਸਟ ਦੇ ਤਹਿਤ, ਰਾਜ ਅਤੇ ਕੇਂਦਰ ਸਰਕਾਰ ਦੇ ਸਿੱਖਿਆ ਬੋਰਡਾਂ ਜਾਂ ਯੂਨੀਵਰਸਿਟੀਆਂ ਦੁਆਰਾ 'ਵਿਦਿਆਰਥੀਆਂ ਲਈ ਪੱਤਰ ਵਿਹਾਰ ਅਤੇ ਨਿਯਮਤ ਕੋਰਸਾਂ ਲਈ ਸਿਲੇਬਸ ਵਿੱਚ ਨਿਰਧਾਰਤ' ਛਪੀਆਂ ਸਮੱਗਰੀਆਂ ਨੂੰ ਗਿਆਨ ਪੋਸਟ ਰਾਹੀਂ ਲਿਜਾਣ ਦੀ ਇਜਾਜ਼ਤ ਹੋਵੇਗੀ; ਪਰੰਤੂ ਰਸਾਲਿਆਂ ਵਰਗੇ ਮੈਗਜ਼ੀਨ ਇਸ ਯੋਜਨਾ ਦੇ ਅਧੀਨ ਨਹੀਂ ਆਉਣਗੇ। ਉਨ੍ਹਾਂ ਦੱਸਿਆ ਕਿ ਬੁੱਕ ਪੋਸਟ ਦੇ ਉਲਟ, ਇਹ ਉਤਪਾਦ ਰੀਅਲ-ਟਾਈਮ ਟਰੈਕਿੰਗ ਲਈ ਯੋਗ ਹੋਵੇਗਾ। 1 ਮਈ ਤੋਂ ਸ਼ੁਰੂ ਹੋਈ ਇਸ ਯੋਜਨਾ ਰਾਹੀਂ ਵਿਦਿਅਕ ਲੇਖ ਭੇਜੇ ਜਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬੁੱਕ ਪੋਸਟ ਦੀ ਕੀਮਤ 50 ਗ੍ਰਾਮ ਤੋਂ ਘੱਟ ਵਾਲੇ ਕਿਤਾਬਚੇ ਲਈ 4 ਰੁਪਏ ਅਤੇ ਇਸ ਤੋਂ ਉੱਪਰ ਦੇ ਹਰ 50 ਗ੍ਰਾਮ ਲਈ 3 ਰੁਪਏ ਵਾਧੂ ਹੋਣਗੇ। ਇਸ ਤਰ੍ਹਾਂ, ਵਿਅਕਤੀਗਤ ਹਲਕੇ ਭਾਰ ਵਾਲੀਆਂ ਪਾਠ-ਪੁਸਤਕਾਂ ਦੀ ਕੀਮਤ ਬੁੱਕ ਪੋਸਟ ਨਾਲੋਂ ਥੋੜ੍ਹੀ ਜਿਹੀ ਜ਼ਿਆਦਾ ਹੋਵੇਗੀ, ਪਰ 5 ਕਿਲੋਗ੍ਰਾਮ ਪਾਰਸਲ ਕੀਮਤ ਦਾ ਤੀਜਾ ਹਿੱਸਾ ਹੋਣਗੇ। ਸੀਨੀਅਰ ਸੁਪਰਡੈਂਟ ਡਾਕਘਰ, ਨੇ ਅੱਗੇ ਦੱਸਿਆ ਕਿ ਡਾਕ ਖਰਚ ਦੀਆਂ ਦਰਾਂ 300 ਗ੍ਰਾਮ ਤੱਕ ਭਾਰ ਪ੍ਰਸਤਾਵਿਤ ਡਾਕ ਖਰਚ ਦੀ ਦਰ 20 ਰੁਪਏ, 301 ਤੋਂ 500 ਗ੍ਰਾਮ ਦੇ ਵਿਚਕਾਰ 25 ਰੁਪਏ, 501 ਤੋਂ 1000 ਗ੍ਰਾਮ ਦੇ ਵਿਚਕਾਰ 35 ਰੁਪਏ, 1001 ਤੋਂ 2000 ਗ੍ਰਾਮ ਦੇ ਵਿਚਕਾਰ 50 ਰੁਪਏ, 2001 ਤੋਂ 3000 ਗ੍ਰਾਮ ਦੇ ਵਿਚਕਾਰ 65 ਰੁਪਏ, 3001 ਤੋਂ 4000 ਗ੍ਰਾਮ ਦੇ ਵਿਚਕਾਰ 80 ਰੁਪਏ, ਅਤੇ 4001 ਤੋਂ 5000 ਗ੍ਰਾਮ ਦੇ ਵਿਚਕਾਰ 100 ਰੁਪਏ ਹੋਣਗੇ। ਉਨ੍ਹਾਂ ਕਿਹਾ ਕਿ ਗਿਆਨ ਪੋਸਟ ਲਈ ਇੱਕ ਅਧਿਕਾਰਤ ਨੋਟੀਫਿਕੇਸ਼ਨ ਵਿੱਚ ਦਰਸਾਏ ਗਏ ਡਾਕ ਵਿਭਾਗ ਵੱਲੋਂ 'ਸਮਾਜਿਕ, ਸੱਭਿਆਚਾਰਕ ਅਤੇ ਧਾਰਮਿਕ ਪ੍ਰਕਿਰਤੀ ਨਾਲ ਸਬੰਧਤ' ਕੋਈ ਵੀ ਰਚਨਾ ਇਸ ਯੋਜਨਾ ਲਈ ਯੋਗ ਮੰਨੀ ਜਾਵੇਗੀ।

## ਮੈਸੇਜ ਭੇਜਣੇ ਪਏ ਮਹਿੰਗੇ, ਲੜਕੇ ਦੇ ਕੇਸ ਕਤਲ ਕਰਕੇ ਕੀਤਾ ਮੂੰਹ ਕਾਲਾ

ਪਟਿਆਲਾ, 20 ਮਈ (ਚ.ਨ.ਸ.) : ਨੇੜਲੇ ਪਿੰਡ ਮਲਕੋ ਦੇ 21 ਸਾਲਾ ਦਲਿਤ ਨੌਜਵਾਨ ਦੀ ਕੁੱਟਮਾਰ, ਕੇਸ ਕੱਟਣ ਅਤੇ ਮੂੰਹ ਕਾਲਾ ਕਰਨ ਦੀ ਵੀਡੀਓ ਵਾਇਰਲ ਹੋ ਰਹੀ ਹੈ। ਇਹ ਘਟਨਾ ਬੀਤੇ ਦਿਨ ਦੀ ਹੈ ਜਿੱਥੇ ਇੱਕ ਨਾਬਾਲਗ ਲੜਕੀ ਨੂੰ ਮੈਸੇਜ ਕਰਨ 'ਤੇ ਸਬੰਧਤ ਨੌਜਵਾਨ ਨਾਲ ਅਜਿਹਾ ਕੀਤਾ ਗਿਆ। ਨਾਭਾ ਸਿਵਲ ਹਸਪਤਾਲ ਵਿੱਚ ਦਾਖਲ ਪੀੜਤ ਲੜਕੇ ਨੇ ਮੰਨਿਆ ਕਿ ਉਸ ਨੇ ਦੋਸਤੀ ਲਈ ਮੈਸੇਜ ਕੀਤਾ ਸੀ ਤੇ ਉਹ ਮੁਆਫ਼ੀ ਵੀ ਮੰਗਦਾ ਰਿਹਾ ਪਰ ਲੜਕੀ ਦੇ ਪਰਿਵਾਰ ਤੇ ਕੁਝ ਹੋਰ ਪਿੰਡ ਵਾਸੀਆਂ ਨੇ ਪੰਚਾਇਤ ਦੀ ਹਾਜ਼ਰੀ ਵਿੱਚ ਉਸ ਦੀ ਕੁੱਟਮਾਰ ਕੀਤੀ, ਕੇਸ ਕਤਲ ਕੀਤੇ ਤੇ ਮੂੰਹ ਕਾਲਾ ਕੀਤਾ। ਐੱਸ.ਸੀ. ਪਰਿਵਾਰ ਨਾਲ ਸਬੰਧਤ ਲੜਕੇ ਨੇ ਦੋ ਸਾਲ ਪਹਿਲਾਂ ਅੰਮ੍ਰਿਤ ਛਕਣ ਦਾ ਦਾਅਵਾ ਕਰਦੇ ਹੋਏ ਦੱਸਿਆ ਕਿ ਲੜਕੀ ਬੀ.ਸੀ. ਪਰਿਵਾਰ ਵਿੱਚੋਂ ਸੀ। ਪਿੰਡ ਦੇ ਸਰਪੰਚ ਸੁਖਚੈਨ ਸਿੰਘ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਜਦੋਂ ਉਹ ਮੌਕੇ 'ਤੇ ਪਹੁੰਚਿਆ ਤਾਂ ਉਸ ਦੇ ਕੇਸ ਕੱਟੇ ਜਾ ਰਹੇ ਸੀ। ਉਸ ਦੇ ਰੋਕਣ ਦੇ ਬਾਵਜੂਦ ਪਰਿਵਾਰ ਨਾ ਰੁਕਿਆ। ਪੁਲਿਸ ਦੇ ਕਹਿਣ 'ਤੇ ਉਹ ਦੋਵਾਂ ਧਿਰਾਂ ਨੂੰ ਚੌਕੀ ਲੈ ਗਿਆ। ਹਾਲਾਂਕਿ ਸਰਪੰਚ ਨੇ ਦਾਅਵਾ ਕੀਤਾ ਕਿ ਲੜਕੇ ਨੇ ਪਹਿਲਾਂ ਅੰਮ੍ਰਿਤ ਜ਼ਰੂਰ ਛਕਿਆ ਸੀ ਪਰ ਕੁਝ ਸਮਾਂ ਪਹਿਲਾਂ ਉਸ ਨੇ ਆਪ ਕੇਸ ਕਟਵਾ ਕੇ ਟੋਪੀ ਪਾਉਣੀ ਸ਼ੁਰੂ ਕਰ ਦਿੱਤੀ ਸੀ। ਥਾਣਾ ਸਦਰ ਨਾਭਾ ਦੇ ਮੁਖੀ ਗੁਰਪ੍ਰੀਤ ਸਿੰਘ ਸਮਰਾਓ ਨੇ ਦੱਸਿਆ ਕਿ ਮੁਢਲੀ ਪੜਤਾਲ ਅਨੁਸਾਰ ਲੜਕੀ ਦੇ ਪਰਿਵਾਰ ਨੇ ਸਬੰਧਤ ਲੜਕੇ ਨੂੰ ਉਸ ਦੇ ਕੰਮ ਵਾਲੀ ਥਾਂ ਕਾਲਾਝਾੜ, ਸੰਗਰੂਰ ਤੋਂ ਚੁੱਕਿਆ ਤੇ ਪਿੰਡ ਲਿਆ ਕੇ ਘਟਨਾ ਨੂੰ ਅੰਜਾਮ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ੀਰੋ ਐੱਫਆਈਆਰ ਦਰਜ ਕਰ ਰਹੇ ਹਾਂ ਤੇ ਕਾਨੂੰਨੀ ਸਲਾਹ ਅਨੁਸਾਰ ਕੇਸ ਜਿਸ ਥਾਣੇ ਵਿੱਚ ਬਣਦਾ ਹੋਵੇਗਾ, ਉਥੇ ਦਰਜ ਕਰਕੇ ਅਗਲੀ ਕਾਰਵਾਈ ਕੀਤੀ ਜਾਵੇਗੀ।

## ਪੁਲਿਸ ਵੱਲੋਂ 24 ਬੋਤਲਾਂ ਸ਼ਰਾਬ ਬ੍ਰਾਮਦ

ਪਟਿਆਲਾ, 20 ਮਈ (ਵਿਨੋਦ ਸ਼ਰਮਾ) : ਥਾਣਾ ਕੋਤਵਾਲੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਰੋਹਿਤ ਕੁਮਾਰ ਵਾਸੀ ਨੇੜੇ ਦਰਗਾਹ ਛੋਟਾ ਅਰਾਈ ਮਾਜਰਾ ਪਟਿਆਲਾ ਵਿਰੁੱਧ ਧਾਰਾ 61, 1, 14 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਹੌਲਦਾਰ ਗੁਰਦੇਵ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਐਨ.ਆਈ.ਐਸ. ਚੌਕ ਪਟਿਆਲਾ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਕਥਿਤ ਦੋਸ਼ੀ ਸ਼ਰਾਬ ਵੇਚਣ ਲਈ ਨਿਊ ਮਹਿੰਦਰਾ ਕਲੋਨੀ ਪਾਸ ਖੜ੍ਹਾ ਹੈ, ਜੋ ਰੇਡ ਕਰਨ ਪਰ 24 ਬੋਤਲਾਂ ਸ਼ਰਾਬ ਠੇਕਾ ਦੇਸੀ ਕਲੱਬ ਮਾਲਟਾ ਹਰਿਆਣਾ ਦੀਆਂ ਬ੍ਰਾਮਦ ਹੋਈਆਂ।

## ਰਣਜੀਤ ਸਿੰਘ ਢੱਡਰੀਆਂਵਾਲੇ ਖ਼ਿਲਾਫ਼ ਸਿੱਟ ਵੱਲੋਂ ਕੇਸ ਰੱਦ ਕਰਨ ਦੀ ਸਿਫਾਰਸ਼

ਪਟਿਆਲਾ, 20 ਮਈ (ਚ.ਨ.ਸ.) : ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਪਟਿਆਲਾ ਪੁਲਿਸ ਨੂੰ ਜਿਨਸੀ ਸ਼ੋਸ਼ਣ ਤੇ ਹੱਤਿਆ ਦੇ ਦੋਸ਼ ਹੇਠ ਸਿੱਖ ਪ੍ਰਚਾਰਕ ਰਣਜੀਤ ਸਿੰਘ ਢੱਡਰੀਆਂਵਾਲੇ ਖ਼ਿਲਾਫ਼ ਦਰਜ ਕੇਸ ਦੀ ਜਾਂਚ ਦਾ ਨਿਰਦੇਸ਼ ਦਿੱਤੇ ਜਾਣ ਤੋਂ ਤਕਰੀਬਨ ਛੇ ਮਹੀਨੇ ਬਾਅਦ ਦੋਸ਼ਾਂ ਦੀ ਜਾਂਚ ਲਈ ਕਾਇਮ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿੱਟ) ਨੇ 'ਐਫ.ਆਈ.ਆਰ. ਰੱਦ ਕਰਨ' ਦੀ ਸਿਫਾਰਸ਼ ਕੀਤੀ ਹੈ। ਪਟਿਆਲਾ ਦੇ ਪਸਿਆਣਾ ਥਾਣੇ 'ਚ 7 ਦਸੰਬਰ 2024 ਨੂੰ ਇਹ ਕੇਸ ਦਰਜ ਕੀਤਾ ਗਿਆ ਸੀ। ਪਿਛਲੇ ਹਫ਼ਤੇ ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੂੰ ਸੌਂਪੀ ਗਈ ਆਪਣੀ ਅੰਤਿਮ ਰਿਪੋਰਟ 'ਚ ਸਿੱਟ ਨੇ ਕਿਹਾ ਕਿ ਕੇਸ ਰੱਦ ਕਰਨ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ 12 ਸਾਲ ਪੁਰਾਣੇ ਕੇਸ 'ਚ 'ਕੋਈ ਵੀ ਦੋਸ਼' ਸਾਬਤ ਨਹੀਂ ਹੋ ਸਕਿਆ। ਸਿੱਟ ਮੁਖੀ ਐਸ.ਪੀ. ਸਵਰਨਜੀਤ ਕੌਰ ਨੇ ਕਿਹਾ ਕਿ ਅਸੀਂ ਆਖਰੀ ਰਿਪੋਰਟ ਪਟਿਆਲਾ ਦੇ ਐਸ.ਐਸ.ਪੀ. ਨੂੰ ਸੌਂਪ ਦਿੱਤੀ ਹੈ। ਮੈਂ ਇਸ ਮਾਮਲੇ 'ਚ ਹੋਰ ਕੁਝ ਨਹੀਂ ਦਸ ਸਕਦੀ। ਡੀ.ਐਸ.ਪੀ. ਸਿਕੰਦ ਤੇ ਪਸਿਆਣਾ ਦੇ ਐਸ.ਐਚ.ਓ. ਸਿੱਟ ਦੇ ਦੋ ਹੋਰ ਮੈਂਬਰ ਹਨ। ਪਟਿਆਲਾ ਪੁਲਿਸ ਹੁਣ ਸਿੱਟ ਦੇ ਨਤੀਜਿਆਂ ਦੀ ਪੜਤਾਲ ਕਰੇਗੀ।

## ਸੁਖਰਾਮ ਸਿੰਘ ਬਣੇ ਪੰਜਾਬ ਸਾਫਟਬਾਲ ਐਸੋਸੀਏਸ਼ਨ ਦੇ ਸਕੱਤਰ



ਘਨੌਰ, 20 ਮਈ (ਮਦਨ ਲਾਲ) : ਸਾਫ਼ਟਬਾਲ ਐਸੋਸੀਏਸ਼ਨ ਆਫ ਇੰਡੀਆ ਦੇ ਸੈਕਟਰੀ ਡਾ. ਪ੍ਰਵੀਨ ਅਨੌਕਰ, ਜੁਆਇੰਟ ਸੈਕਟਰੀ-ਸ੍ਰੀ ਵਸੀਮ ਰਾਜਾ ਖਾਨ, ਪੰਜਾਬ ਸੈਕਟਰੀ ਪੀ.ਐਨ.ਪਾਸੀ ਦੀ ਅਗਵਾਈ ਵਿਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਪ੍ਰਧਾਨ - ਸਕੱਤਰ - ਸਾਫ਼ਟਬਾਲ ਐਸੋਸੀਏਸ਼ਨ ਦੇ ਅਹੁੱਦੇਦਾਰ ਪਹੁੰਚੇ। ਜਿਨ੍ਹਾਂ ਨੇ ਪਹੁੰਚ ਕੇ ਵੋਟਿੰਗ ਪ੍ਰਕਿਰਿਆ ਰਾਹੀਂ ਚੋਣ ਕੀਤੀ, ਜਿਸ ਵਿਚ ਸ. ਸੁਖਰਾਮ ਸਿੰਘ ਨੂੰ ਸਾਫ਼ਟਬਾਲ ਐਸੋਸੀਏਸ਼ਨ ਪੰਜਾਬ ਦੇ ਸਕੱਤਰ ਜਨਰਲ, ਡਾ.ਸੁਖਦੀਪ ਸਿੰਘ ਨੂੰ ਪ੍ਰਧਾਨ ਅਤੇ ਦਵਿੰਦਰ ਸ਼ਰਮਾ ਨੂੰ ਕੈਸ਼ੀਅਰ ਦੇ ਅਹੁਦੇ 'ਤੇ ਨਿਵਾਜਿਆ ਗਿਆ। ਸਾਰੀ ਚੋਣ ਪ੍ਰਕਿਰਿਆ ਰਿਟਰਨਿੰਗ ਅਫ਼ਸਰ ਲਲਿਤ ਕੁਮਾਰ ਸਿੰਗਲਾ - ਰਿਟਾਇਰਡ ਸੈਸ਼ਨ ਜੱਜ ਸਾਬ ਨੇ ਕਾਨੂੰਨੀ ਤਰੀਕੇ ਨਾਲ ਕੀਤੀ। ਇਸ ਮੌਕੇ ਆਲ ਇੰਡੀਆ ਸਾਫਟਬਾਲ ਐਸੋਸੀਏਸ਼ਨ ਦੇ ਅਹੁੱਦੇਦਾਰ ਅਤੇ ਪੰਜਾਬ ਦੇ ਨਵੇ ਬਣੇ ਅਹੁੱਦੇਦਾਰਾਂ ਨੇ ਪੰਜਾਬ ਸਾਫ਼ਟਬਾਲ ਐਸੋਸੀਏਸ਼ਨ ਦੇ ਅਧਿਕਾਰੀਆਂ ਤੇ ਮੈਂਬਰਾਂ ਦੀ ਚੋਣ ਕੀਤੀ ਜਿਸ ਵਿਚ ਮੀਤ ਪ੍ਰਧਾਨ ਸ੍ਰੀ ਭਰਤ ਦੁਆ ਲੁਧਿਆਣਾ, ਨਿਰਮਲ ਸਿੰਘ ਮੋਹਾਲੀ, ਰਵਿੰਦਰ ਸਿੰਘ ਮਲੇਰਕੋਟਲਾ, ਅਮਰਜੀਤ ਸਿੰਘ ਜਲੰਧਰ, ਜੁਆਇੰਟ ਸੈਕਟਰੀ ਰਣਜੀਤ ਸਿੰਘ ਫਤਹਿਗੜ੍ਹ ਸਾਹਿਬ, ਸ. ਚਮਕੌਰ ਸਿੰਘ ਸੰਗਰੂਰ, ਪਵਨ ਕੁਮਾਰ ਮਲੇਰਕੋਟਲਾ, ਮੈਡਮ ਰੁਪਿੰਦਰ ਕੌਰ ਗੁਰਦਾਸਪੁਰ, ਗੌਰਵ ਮਾਨਸਾ, ਮੈਂਬਰ ਰਮੇਸ਼ ਲਾਲ ਫਾਜ਼ਿਲਕਾ, ਮਨਦੀਪ ਸਿੰਘ ਗੁਰਦਾਸਪੁਰ, ਮੈਡਮ ਨਵਕਿਰਨ ਕੌਰ ਬਠਿੰਡਾ, ਸ. ਗੁਰਿੰਦਰ ਸਿੰਘ ਫਿਰੋਜ਼ਪੁਰ, ਸੰਜੀਵ ਕੁਮਾਰ ਮੋਗਾ ਨੂੰ ਥਾਪਿਆ ਗਿਆ।

## ਪੰਜਾਬ ਸਿੱਖ ਕੌਂਸਲ ਪੰਜਾਬ ਵੱਲੋਂ ਅੰਮ੍ਰਿਤ ਸੰਚਾਰ 24 ਨੂੰ

### ☛ਅੰਮ੍ਰਿਤ ਸੰਚਾਰ ਦਾ ਲਾਹਾ ਲੈ ਕੇ ਆਪਣਾ ਜੀਵਨ ਸਫਲਾ ਬਣਾਓ : ਜਥੇਦਾਰ ਮੋਹਣ ਸਿੰਘ

ਪਟਿਆਲਾ, 20 ਮਈ (ਅਮਰਜੀਤ ਸਿੰਘ) : ਪੰਜਾਬ ਸਿੱਖ ਕੌਂਸਲ ਪੰਜਾਬ ਵੱਲੋਂ ਗੁਰਦੁਆਰਾ ਸਾਹਿਬ ਪਿੰਡ ਬਲਬੇੜਾ ਵਿਖੇ 24 ਮਈ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਗੁਰਮਤਿ ਸਮਾਗਮ ਤੇ ਅੰਮ੍ਰਿਤ ਸੰਚਾਰ ਹੋਵੇਗਾ। ਅਭਿਲਾਸ਼ੀ ਇਸ ਸਮਾਗਮ ਵਿਚ ਪਹੁੰਚ ਕੇ ਅੰਮ੍ਰਿਤ ਛਕ ਕੇ ਗੁਰੂ ਦੇ ਲੜ ਸਕਦੇ ਹਨ। ਇਸ ਮੌਕੇ 'ਤੇ ਜਾਣਕਾਰੀ ਦਿੰਦਿਆਂ ਪੰਜਾਬ ਸਿੱਖ ਕੌਂਸਲ ਦੇ ਪ੍ਰਧਾਨ ਜਥੇਦਾਰ ਮੋਹਣ ਸਿੰਘ ਨੇ ਕਿਹਾ ਕਿ 24 ਮਈ ਨੂੰ ਸੰਗਤਾਂ ਪੂਰੇ 10 ਵਜੇ ਕੇਸ ਇਸ਼ਨਾਨ ਕਰਕੇ ਗੁਰੂ ਘਰ ਵਿਖੇ ਪਹੁੰਚ ਸਕਦੇ ਹਨ। ਫਰੀ ਕਰਾਰਾਂ ਦੀ ਸੇਵਾ ਸੰਸਥਾ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਮਾਗਮ ਵਿੱਚ ਦੂਰ ਦੁਰਾਡੇ ਤੋਂ ਪ੍ਰਚਾਰਕ ਪਹੁੰਚ ਕੇ ਗੁਰਬਾਣੀ ਜਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਆਲ ਇੰਡੀਆ ਪਿੰਗਲਾ ਆਸ਼ਰਮ ਦੇ ਮੁਖੀ ਬਾਬਾ ਬਲਬੀਰ ਸਿੰਘ ਨੇ ਕਿਹਾ ਕਿ ਪੰਜਾਬ ਸਿੱਖ ਕੌਂਸਲ ਪੰਜਾਬ ਜੋ ਕਿ ਪਿਛਲੇ ਲੰਮੇ ਸਮੇਂ ਤੋਂ ਸੰਗਤਾਂ ਨੂੰ ਗੁਰੂ ਦੇ ਨਾਲ ਜੋੜਨ ਲਈ ਅੰਮ੍ਰਿਤ ਸੰਚਾਰ ਸਮਾਗਮ ਉਲੀਕੇ ਜਾ ਰਹੇ ਹਨ, ਜੋ ਕਿ ਵੱਡਮੁੱਲਾ ਉਪਰਾਲਾ ਹੈ। ਅਨੇਕਾਂ ਪ੍ਰਾਣੀਆਂ ਨੇ ਇਸ ਸੰਸਥਾ ਵੱਲੋਂ ਗੁਰੂ ਦੇ ਚਰਨੀ ਜੋੜਿਆ ਜਾ ਰਿਹਾ ਹੈ। ਸੰਗਤਾਂ ਇਸ ਅੰਮ੍ਰਿਤ ਸੰਚਾਰ ਦਾ ਲਾਹਾ ਲੈ ਕੇ ਆਪਣਾ ਜੀਵਨ ਸਫਲ ਕਰ ਸਕਦੇ ਹਨ। ਇਸ ਮੌਕੇ 'ਤੇ ਸੰਤੋਖ ਸਿੰਘ ਮਵੀਸੱਪਾਂ, ਬਾਪੂ ਗੁਰਬਚਨ ਸਿੰਘ, ਇਕਬਾਲ ਸਿੰਘ ਟਿਵਾਣਾ, ਬਾਬਾ ਗੁਰਮੋਹਨ ਸਿੰਘ ਮੰਡੋਲੀ, ਦਰਸ਼ਨ ਸਿੰਘ, ਬੀਬੀ ਸੰਦੀਪ ਕੌਰ, ਐਡਵੋਕੇਟ ਬਲਜਿੰਦਰ ਸਿੰਘ ਸੋਢੀ, ਸਤਨਾਮ ਸਿੰਘ ਬਲਬੇੜਾ, ਗੁਰਮੀਤ ਸਿੰਘ ਕਾਹਨਗੜ੍ਹ, ਬਲਕਾਰ ਸਿੰਘ ਕਾਨ੍ਹਾਹੇੜੀ, ਨਰਿੰਦਰ ਸਿੰਘ, ਜੁਝਾਰ ਸਿੰਘ, ਮੋਹਨ ਸਿੰਘ, ਸੁਰਿੰਦਰ ਸਿੰਘ, ਇੰਸਪੈਕਟਰ ਕੁਲਵਿੰਦਰ ਸਿੰਘ, ਗੁਰਮੀਤ ਸਿੰਘ, ਗੁਰਮੀਤ ਸਿੰਘ ਚੇਅਰਮੈਨ ਬਲਾਕ ਸੰਮਤੀ, ਅਜੀਤ ਸਿੰਘ ਮੀਰਾਂਪੁਰ ਚੇਅਰਮੈਨ ਮਾਰਕੀਟ ਕਮੇਟੀ, ਮਾਸਟਰ ਗੁਰਮੇਲ ਸਿੰਘ ਭੁਨਰਹੇੜੀ ਤੋਂ ਭਾਈ ਲਖਵਿੰਦਰ ਸਿੰਘ ਹੈਡਗ੍ਰੰਥੀ ਅਤੇ ਸੰਗਤਾਂ ਵੱਲੋਂ ਸਹਿਯੋਗ ਦਿੱਤਾ ਜਾ ਰਿਹਾ ਹੈ।

## ਮੇਅਰ ਨੂੰ ਦਿੱਤਾ ਸ੍ਰੀ ਹਨੂੰਮਾਨ ਜਾਗਰਣ ਦਾ ਕਾਰਡ

ਪਟਿਆਲਾ, 20 ਮਈ (ਵਿਨੋਦ ਸ਼ਰਮਾ) :15ਵੇਂ ਸ੍ਰੀ ਹਨੂੰਮਾਨ ਜਾਗਰਣ ਲਈ ਯੰਗ ਸਟਾਰ ਵੈਲਫੇਅਰ ਕਲੱਬ ਦੇ ਪ੍ਰਧਾਨ ਗੁਲਾਬ ਰਾਏ ਗਰਗ, ਸਕੱਤਰ ਕੁਮਾਰ ਵਿਸ਼ੇਸ਼ ਅਤੇ ਟੀਮ ਵੱਲੋਂ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨੂੰ ਆਗਾਮੀ 31 ਮਈ ਨੂੰ ਹੋਣ ਵਾਲੇ ਹਨੂੰਮਾਨ ਜਾਗਰਣ ਦਾ ਕਾਰਡ ਦੇਕੇ ਨਿਮੰਤਰਣ ਦਿੱਤਾ। ਇਸ ਮੌਕੇ ਯੰਗ ਵੈਲਫੇਅਰ ਕਲੱਬ ਦੀ ਟੀਮ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਵੀਰ ਹਕੀਕਤ ਰਾਏ ਗਰਾਊਂਡ ਨੇੜੇ ਪੁਰਾਣਾ ਬੱਸ ਸਟੈਂਡ ਵਿਖੇ ਹੋਣ ਵਾਲਾ 15ਵਾਂ ਸ੍ਰੀ ਹਨੂਮਾਨ ਜਾਗਰਣ (ਸਾਲਾਸਰ ਬਾਲਾ ਜੀ) 31 ਮਈ ਦਿਨ ਸ਼ਨੀਵਾਰ ਸ਼ਾਮ ਨੂੰ 7.30 ਨੂੰ ਸ਼ੁਰੂ ਹੋਵੇਗਾ। ਇਸ ਵਾਰ ਜਾਗਰਣ ਵਿੱਚ ਵਿਸ਼ਵ ਪ੍ਰਸਿੱਧ ਭਜਨ ਗਾਇਕਾ ਮੈਥਿਲੀ ਠਾਕੁਰ, ਅਜੈ ਸ਼ਰਮਾ ਦੋਸਾ ਅਤੇ ਅਦਿਤਿਆ ਗੋਇਲ ਪਟਿਆਲਾ ਵੱਲੋਂ ਆਪਣੇ ਮਧੁਰ ਭਜਨਾਂ ਰਾਹੀਂ ਭਗਤਾਂ ਨੂੰ ਮੰਤਰ ਮੁਗਧ ਕੀਤਾ ਜਾਵੇਗਾ। ਇਸ ਮੌਕੇ ਉਹਨਾਂ ਨੇ ਸਮੂਹ ਪਟਿਆਲਾ ਨਿਵਾਸੀਆਂ ਨੂੰ ਅਗਾਮੀ 31 ਮਈ ਨੂੰ ਇਸ ਜਾਗਰਣ ਵਿੱਚ ਹੁੰਮ-ਹੁਮਾ ਕੇ ਪਹੁੰਚਣ ਦੀ ਅਪੀਲ ਵੀ ਕੀਤੀ। ਇਸ ਮੌਕੇ ਰਜੇਸ਼ ਗਾਂਧੀ, ਪੰਕਜ ਜੈਨ, ਰਜੇਸ਼ ਅੱਤਰੀ, ਰਾਜਨ ਕੁਮਾਰ, ਰਾਕੇਸ਼ ਕੁਮਾਰ ਆਦਿ ਮੈਂਬਰ ਮੌਕੇ 'ਤੇ ਹਾਜ਼ਰ ਸਨ।

## 10ਵੀਂ ਤੇ 12ਵੀਂ ਦੇ ਇਮਤਿਹਾਨਾਂ 'ਚ ਸ਼ਾਨਦਾਰ ਪ੍ਰਦਰਸ਼ਨ



ਪਟਿਆਲਾ, 20 ਮਈ (ਚ.ਨ.ਸ.) : ਪ੍ਰਧਾਨ ਮੰਤਰੀ ਦੇ ਵਿਦਿਆਰਥੀ ਸ਼੍ਰੀ ਕੇਂਦਰੀਆ ਵਿਦਿਆਲਿਆ ਨਾਇਕਾ 1 ਪਟਿਆਲਾ ਛਾਟਾਬੰਦੀ ਕੇਂਦਰੀ ਸੈਕੰਡਰੀ ਸਿੱਖਿਆ (ਸੀਬੀਐਸਈ) ਦੁਆਰਾ ਕਰਵਾਏ 10ਵੀਂ ਅਤੇ 12ਵੀਂ ਇਮਤਿਹਾਨਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਾ ਹੈ. ਸੀਬੀਐਸਈ ਨੇ 2025 ਦੇ 10 ਵੀਂ ਵਸਨੀਕ ਸ਼ਲਾਘਾ ਦੀਆਂ ਪ੍ਰੀਖਿਆਵਾਂ ਦੇ ਨਤੀਜੇ ਐਲਾਨੇ ਹਨ, ਜਿਸ ਵਿੱਚ ਸ਼੍ਰੀ ਕੇਂਦਰੀ ਕੇਂਦਰੀਆ ਵਿਦਿਆਲਿਆ ਨੰਬਰ 1 ਇਸ ਸਾਲ ਹੁਸ਼ਿਆਈ ਹੋਈ ਅਤੇ ਸਕੂਲ ਦੇ ਨਾਮ ਨੂੰ ਪ੍ਰਕਾਸ਼ਮਾਨ ਕੀਤਾ। ਕੁੱਲ 83 ਵਿਦਿਆਰਥੀਆਂ ਨੇ ਕਲਾਸ ਐਕਸ ਵਿਚ ਪ੍ਰੀਖਿਆ ਲਈ, ਜਿਨ੍ਹਾਂ ਵਿਚੋਂ 83 ਵਿਦਿਆਰਥੀ ਪਾਸ ਕੀਤੇ ਗਏ ਸਨ ਅਤੇ ਸਕੂਲ ਪਾਸ ਪ੍ਰਤੀਸ਼ਤਤਾ 100% ਸੀ. ਦਸਵੀਂ ਜਮਾਤ ਵਿਚ, ਹੈਰਵੇਨ ਕੌਰ ਨੇ 97.2% ਜਾਂ ਅਦਾਥੀ ਹਲਦੜ ਨੂੰ ਕ੍ਰਮਵਾਰ 93.6% ਦੇ ਨਿਸ਼ਾਨ ਅਤੇ ਸੁਰੱਖਿਅਤ ਕੀਤੇ ਪਹਿਲੇ, ਸੈਕਿੰਡ ਅਤੇ ਤੀਜੇ ਸਥਾਨ ਪ੍ਰਾਪਤ ਕੀਤੇ। 12ਵੀਂ ਜਮਾਤ ਵਿੱਚ, ਕੁੱਲ 46 ਵਿਦਿਆਰਥੀਆਂ ਨੇ ਇਮਤਿਹਾਨ ਅਤੇ 45 ਵਿਦਿਆਰਥੀਆਂ ਦੇ ਪਾਸ ਕੀਤੇ। ਸਕੂਲ ਪਾਸ ਕੀਤਾ ਗਿਆ ਪ੍ਰਤੀਸ਼ਤਤਾ 97.82% ਸੀ. ਕੁੱਲ 21 ਵਿਦਿਆਰਥੀਆਂ ਨੇ ਵਪਾਰ ਦੀ ਪ੍ਰੀਖਿਆ ਲਈ, ਜਿਸ ਤੋਂ ਬਾਹਰ 21 ਵਿਦਿਆਰਥੀ ਆ ਗਏ. ਵਪਾਰ ਦੀ ਫੈਕਲਟੀ ਵਿਚ, ਤਰਨਜੀਤ ਕੌਰ ਨੇ 89.2% ਦੇ ਨਿਸ਼ਾਨ ਸਵਾਈਜ ਕੀਤੇ ਅਤੇ ਪਹਿਲੀ ਜਗ੍ਹਾ ਸੁਰੱਖਿਅਤ ਕੀਤੀ. ਪੈਲੇਕ ਸ਼ਰਮਾ ਨੇ 88.2% ਸਕੋਰ ਕੀਤਾ ਅਤੇ ਸਾਖੀ ਨੇ 88% ਸਕੋਰ ਹਾਸਲ ਕੀਤੇ। ਡੀਲਾਵਰ ਨੇ 86% ਅਤੇ ਜ਼ੀਨਤ ਨੇ 83.2% ਸਕੋਰ ਬਣਾਇਆ। ਸਕੂਲ ਦੇ ਪ੍ਰਿੰਸੀਪਲ ਡਾ.ਅਰੁਨ ਕੁਮਾਰ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸ਼ਾਨਦਾਰ ਜਾਂਚ ਕੀਤੇ ਨਤੀਜਿਆਂ ਲਈ ਵਧਾਈ ਦਿੱਤੀ।

## ਪਿੰਡ ਉਲਾਣਾ ਸਕੂਲ ਦੀ ਪੜ੍ਹਾਈ ਤੇ ਖੇਡਾਂ 'ਚ ਚੜ੍ਹਤ



ਘਨੌਰ, 20 ਮਈ (ਰਾਜਿੰਦਰ ਸਿੰਘ ਕੰਬੋਜ/ਮਦਨ ਲਾਲ) : ਹਲਕਾ ਘਨੌਰ ਦੇ ਪਿੰਡ ਉਲਾਣਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਚ ਪ੍ਰਿੰਸੀਪਲ ਬਲਜੀਤ ਸਿੰਘ ਅਤੇ ਵਾਈਸ ਪ੍ਰਿੰਸੀਪਲ ਮੈਡਮ ਰਾਜਵਿੰਦਰ ਕੌਰ ਦੀ ਅਗਵਾਈ ਵਿਚ ਬੱਚੇ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੇ ਹਨ। ਸਕੂਲ ਦੇ ਸਰੀਰਕ ਸਿੱਖਿਆ ਦੇ ਅਧਿਆਪਕ ਜਸਵਿੰਦਰ ਸਿੰਘ ਚਪੜ੍ਹ-ਸਟੇਟ ਅਵਾਰਡੀ ਨੇ ਦੱਸਿਆ ਕਿ ਸਾਡੇ ਸਕੂਲ ਵਿਚ ਸਮੂਹ ਸਟਾਫ ਦੀ ਅਤੇ ਬੱਚਿਆਂ ਦੀ ਮਿਹਨਤ ਸਦਕਾ ਜਿੱਥੇ ਬਾਰ੍ਹਵੀ ਅਤੇ ਦਸਵੀਂ ਜਮਾਤ ਦਾ ਨਤੀਜਾ 100 ਫੀਸਦੀ ਰਿਹਾ ਉਥੇ ਸਾਡੇ ਸਕੂਲ ਦੇ ਖਿਡਾਰੀਆਂ ਨੇ ਮਾਂ ਖੇਡ ਕਬੱਡੀ ਅਤੇ ਮਾਰਸ਼ਲ ਆਰਟ ਖੇਡ ਗੱਤਕਾ ਵਿਚ ਨੈਸ਼ਨਲ ਸਕੂਲ ਖੇਡਾਂ ਅਤੇ ਖੇਲੋ ਇੰਡੀਆ ਯੂਥ ਗੇਮਜ਼ ਦੇ ਵਿਚ ਲਗਾਤਾਰ ਗੋਲਡ - ਸਿਲਵਰ ਮੈਡਲ ਜਿੱਤ ਕੇ ਇਲਾਕੇ ਅਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਅੱਜ ਸਕੂਲ ਵਿਖੇ ਨੈਸ਼ਨਲ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਲਕਾ ਘਨੌਰ ਦੇ ਐਮ.ਐਲ.ਏ. ਗੁਰਲਾਲ ਸਿੰਘ ਘਨੌਰ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੰਜੀਵ ਸ਼ਰਮਾ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਰਵਿੰਦਰਪਾਲ ਸ਼ਰਮਾ ਅਤੇ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸ. ਦਲਜੀਤ ਸਿੰਘ ਗੁਰਾਇਆਂ ਅਤੇ ਪਿੰਡ ਦੇ ਸਰਪੰਚ ਸ੍ਰੀ ਰਾਜਿੰਦਰ ਕੁਮਾਰ ਭੋਲਾ ਅਤੇ ਐਸ.ਐਮ.ਸੀ. ਚੇਅਰਮੈਨ ਜਤਿੰਦਰ ਸਿੰਘ ਰਾਜੂ ਨੇ ਪ੍ਰਿੰਸੀਪਲ ਸਮੂਹ ਸਟਾਫ ਅਤੇ ਜੇਤੂ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।



27ਵੀਂ ਸਬ-ਜੂਨੀਅਰ ਪੰਜਾਬ ਸਟੇਟ ਵੁਸ਼ੂ ਚੈਂਪੀਅਨਸ਼ਿਪ 2025 'ਚ ਕੈਂਟਲ ਸਕੂਲ ਦੇ ਰਿਆਂਸ਼ ਚੌਹਾਨ ਨੇ ਸਿਲਵਰ ਮੈਡਲ ਜਿੱਤਿਆ। (ਫੋਟੋ ਤੇ ਵੇਰਵਾ : ਰੁਪਾਣਾ)

## ਰਾਸ਼ਟਰੀ ਗੌਰਵ ਪੁਰਸਕਾਰ ਤੇ ਸ਼ਾਨੇ ਪੰਜਾਬ ਐਵਾਰਡ ਨਾਲ 55 ਸ਼ਖ਼ਸੀਅਤਾਂ ਦਾ ਸਨਮਾਨ



ਪਟਿਆਲਾ, 20 ਮਈ (ਰੁਪਾਣਾ/ਅਮਰਜੀਤ) : ਰਾਸ਼ਟਰੀਆ ਜਯੋਤੀ ਕਲਾ ਮੰਚ (ਰਜਿ.) ਅਤੇ ਜਸ਼ਨ ਐਂਟਰਟੇਨਮੈਂਟ ਵੱਲੋਂ ਡਾਇਰੈਕਟਰ ਰਾਕੇਸ਼ ਠਾਕੁਰ ਦੀ ਨਿਰਦੇਸ਼ਨਾ ਹੇਠ ਅਤੇ ਸੰਜੇ ਗੋਇਲ ਦੀ ਸਰਪ੍ਰਸਤੀ ਹੇਠ ਭਾਰਤ ਵਿਕਾਸ ਪ੍ਰੀਸ਼ਦ ਦੇ ਹਾਲ ਵਿੱਚ ਰਾਸ਼ਟਰੀਆ ਗੌਰਵ ਪੁਰਸਕਾਰ 2025 ਅਤੇ ਸ਼ਾਨੇ ਪੰਜਾਬ ਐਵਾਰਡ 2025 ਨਾਲ ਵੱਖ-ਵੱਖ ਖੇਤਰਾਂ ਵਿੱਚ ਆਪਣਾ ਯੋਗਦਾਨ ਪਾਉਣ ਵਾਲੀਆਂ ਸਖਸ਼ੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸੁਰਭੀ ਗਰਗ, (ਆਈ. ਆਰ. ਐਸ) ਡਿਪਟੀ ਕਮਿਸ਼ਨਰ ਇਨਕਮ ਟੈਕਸ, ਚੰਡੀਗੜ੍ਹ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਜਸ਼ਨ ਐਂਟਰਟੇਨਮੈਂਟ ਦੇ ਪ੍ਰੋਡਿਊਸਰ ਐਨਆਰਆਈ, ਮੈਡਮ ਜੱਸ ਧਨੋਆ, ਡਾਇਰੈਕਟਰ ਬਿੱਟੂ ਰੰਧਾਵਾ, ਕੁੰਦਨ ਗੋਗੀਆ (ਮੇਅਰ ਪਟਿਆਲਾ), ਸੌਰਭ ਜੈਨ (ਐਮ ਡੀ ਵਰਧਮਾਨ ਹਸਪਤਾਲ), ਮੇਘਚੰਦ ਸ਼ੇਰਮਾਜਰਾ (ਚੇਅਰਮੈਨ, ਇੰਪਰੂਵਮੈਂਟ ਟਰੱਸਟ) ਹਰਿੰਦਰ ਕੋਹਲੀ (ਸੀ. ਡਿਪਟੀ ਮੇਅਰ) ਜਗਦੀਪ ਸਿੰਘ ਜੱਗਾ(ਡਿਪਟੀ ਮੇਅਰ), ਰਾਜੀਵ ਗੋਇਲ(ਸਮਾਜ ਸੇਵੀ), ਡਾ. ਮੀਨਾ ਗਰਗ - ਡਾ. ਨਰੇਸ਼ ਗਰਗ (ਗਰਗ ਮਿਸ਼ਨ ਹਸਪਤਾਲ), ਭਗਵਾਨ ਦਾਸ ਜੁਨੇਜਾ (ਗਰੀਨਮੈਨ), ਭੁਪਿੰਦਰ ਸਿੰਘ (ਐਮ ਡੀ, ਮਾਤਾ ਗੁਜਰੀ ਪਬਲਿਕ ਸਕੂਲ), ਕਾਂਗਰਸੀ ਆਗੂ ਸੰਜੀਵ ਸ਼ਰਮਾ, ਰੇਖਾ ਮਾਨ (ਨੈਸ਼ਨਲ ਐਵਾਰਡੀ) ਡਾ. ਸਵਰਾਜ ਸਿੰਘ (ਵਿਸ਼ਵ ਚਿੰਤਕ)ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਉੱਤੇ 55 ਸਖਸ਼ੀਅਤਾਂ ਨੂੰ ਰਾਸ਼ਟਰੀਆ ਗੌਰਵ ਪੁਰਸਕਾਰ ਤੇ ਸ਼ਾਨੇ ਪੰਜਾਬ ਐਵਾਰਡ 2025 ਦੇ ਕੇ ਸਨਮਾਨਤ ਕੀਤਾ ਗਿਆ। ਮੰਚ ਦੇ ਚੇਅਰਮੈਨ ਸੰਜੇ ਗੋਇਲ, ਪੈਟਰਨ ਬੀਰ ਚੰਦ ਖੁਰਮੀ, ਸੀਨੀ. ਪ੍ਰੈਜ਼ੀਡੈਂਟ ਇੰਜ. ਨਰਿੰਦਰ ਸਿੰਘ, ਅਕਸ਼ੇ ਗੋਪਾਲ (ਪੈਟਰਨ), ਤ੍ਰਿਭਵਨ ਗੁਪਤਾ, ਧੀਰਜ ਗੋਇਲ, ਵਰਿੰਦਰ ਗਰਗ (ਏ ਵੀ ਮਾਰਕੀਟਿੰਗ), ਮੋਹਨ ਸਿੰਗਲਾ, ਆਰਕੀਟੈਕਟ ਐਲ ਆਰ ਗੁਪਤਾ, ਇੰਜ. ਰਿਸ਼ੀ ਗਰਗ, ਐਡਵੋ. ਸੁਰਿੰਦਰ ਮੋਹਨ ਸਿੰਗਲਾ, ਹਰਮੇਸ਼ ਸਿੰਗਲਾ, ਪਰਵੀਨ ਗੋਇਲ, ਹਰਿੰਦਰ ਗੁਪਤਾ, ਇੰਦਰਮੋਹਨ ਸਿੰਘ ਬਜਾਜ, ਅਸ਼ੋਕ ਸਿਰਸਵਾਲ, ਗਗਨ ਗੋਇਲ, ਬਰਿੰਦਰ ਵਰਮਾ, ਅਨੂ ਮਹੰਤ, ਸੋਨੀਆ ਚੌਹਾਨ, ਮਨਜੀਤ ਗਰੇਵਾਲ, ਕਰਮਵੀਰ ਪੁਰੀ, ਦਰਸ਼ਨ ਜਿੰਦਲ, ਡਾ. ਸਤਿਆਪਾਲ ਸਲੂਜਾ, ਮੋਹਿਤ ਗੋਇਲ, ਨਵਦੀਪ ਵਰਮਾ (ਐਨ ਆਰ ਆਈ), ਨਰਿੰਦਰ ਮਿੱਤਲ, ਰਾਜੇਸ਼ ਸਿੰਗਲਾ, ਹਰਕੇਸ਼ ਮਿੱਤਲ ਬਲਬੇੜਾ ਅਤੇ ਮੰਚ ਦੇ ਹੋਰ ਅਹੁਦੇਦਾਰਾਂ ਨੇ ਵੱਖ - ਵੱਖ ਸਖਸ਼ੀਅਤਾਂ ਨੂੰ ਆਪਣੇ ਕਰ ਕਮਲਾਂ ਨਾਲ ਐਵਾਰਡ ਦੇਕੇ ਸਨਮਾਨਤ ਕੀਤਾ। ਇਸ ਦੌਰਾਨ ਜਿਹਨਾਂ ਸਖਸ਼ੀਅਤਾਂ ਨੂੰ ਰਾਸ਼ਟਰੀਆ ਗੌਰਵ ਪੁਰਸਕਾਰ ਤੇ ਸ਼ਾਨੇ ਪੰਜਾਬ ਐਵਾਰਡ ਹਾਸਲ ਹੋਇਆ, ਉਹਨਾਂ ਵਿੱਚ ਨਵਦੀਪ ਵਾਲੀਆ, ਜਗਪਾਲ ਇੰਦਰ ਸਿੰਘ, ਏ ਪੀ ਸਿੰਘ, ਡਾ. ਨਵੀਨ ਸਾਰੋਵਾਲ, ਡਾ. ਨੀਰਜ ਗੋਇਲ, ਡਾਕਟਰ ਅਸ਼ੋਕ ਜੋਸ਼ੀ, ਲਾਇਨ ਸੁਭਾਸ਼ ਡਾਬਰ, ਕੇ ਕੇ ਜੁਨੇਜਾ, ਅਸ਼ਵਨੀ ਮਹਿਤਾ, ਪ੍ਰਿੰਸੀਪਲ ਅੰਕੁਸ਼ ਕਾਂਸਲ, ਪ੍ਰੀਤ ਇੰਦਰ ਸਿੰਘ, ਮੁਕੇਸ਼ ਸਿੰਗਲਾ, ਸੁਖਦੇਵ ਸਿੰਘ ਖਾਲਸਾ, ਅਵਤਾਰ ਸਿੰਘ ਅਰੋੜਾ, ਗੌਰਵ ਸਿੰਗਲਾ, ਡਾਕਟਰ ਹਰੀਸ਼ ਚੰਦਰਾ, ਕਰਨਲ ਜੇ. ਐਸ. ਥਿੰਦ, ਅਨਿਲ ਖੰਨਾ, ਨਰਿੰਦਰ ਸਿੰਘ, ਯਸ਼ਪਾਲ ਕੱਕੜ, ਵਿਮਲ ਗਾਬਾ, ਸੰਜੀਵ ਵਰਮਾ, ਸਮੀਰ ਅਰੋੜਾ, ਰਾਕੇਸ਼ ਗਰਗ, ਰਾਹੁਲ ਮਹਿਤਾ, ਡਾਕਟਰ ਮਹੇਸ਼ ਗੌਤਮ, ਮਨੋਜ ਥਾਪਰ, ਰਮਨਪ੍ਰੀਤ ਸਿੰਘ, ਨਰੇਸ਼ ਕੁਮਾਰ ਕਾਕਾ, ਇੰਜੀਨੀਅਰ ਸੁਭਾਸ਼ ਸ਼ਰਮਾ, ਰਾਜੀਵ ਗਰਗ, ਧਰਮਪਾਲ ਗਰਗ, ਬਲਜਿੰਦਰ ਸਿੰਘ (ਭਾਨਰਾ), ਚਿੰਟੂ (ਨਾਸਰਾ), ਸੁਰੇਸ਼ ਕੁਮਾਰ, ਮਨੋਜ ਗਰਗ, ਹਰਵਿੰਦਰ ਸਿੰਘ ਹਨੀ, ਜੋਗਿੰਦਰ ਗੁਪਤਾ, ਰਮੇਸ਼ ਵਰਮਾ, ਗੋਪਾਲ ਸ਼ਰਮਾ, ਰਵਿੰਦਰ ਬੰਸਲ, ਮਨੋਜ ਰਾਜਨ, ਰਾਕੇਸ਼ ਸੂਦ, ਨਵਨੀਤ ਵਾਲੀਆ, ਬਬਲੂ ਸ੍ਰੀਵਾਸਤਵਾ, ਤਨੂ ਮਹੰਤ, ਜਸਪਾਲ ਸਿੰਘ (ਜੱਜੂ), ਹਰਪ੍ਰੀਤ ਸਿੰਘ ਹੁੰਦਲ, ਜਗਮੋਹਨ ਸਿੰਘ, ਮੋਹਿਤ ਗਰਗ, ਅਕਸ਼ੇ ਬੌਬੀ, ਸਤਵਿੰਦਰ ਸਿੰਘ ਅਤੇ ਗੁਰਜਿੰਦਰ ਸਿੰਘ ਸ਼ਾਮਿਲ ਸਨ। ਇਸ ਐਵਾਰਡ ਸਮਾਗਮ ਨੂੰ ਸਫ਼ਲ ਬਣਾਉਣ ਵਿੱਚ ਡਾਕਟਰ ਧਰਮਿੰਦਰ ਸੰਧੂ, ਮਮਤਾ ਠਾਕੁਰ, ਡਾਕਟਰ ਸਪਨਾ, ਬਿਲੀਅਮਜੀਤ ਸਿੰਘ, ਅੰਮ੍ਰਿਤ ਕੌਰ, ਸੁਮਨ, ਸੰਜੇ ਸਟੂਡੀਓ, ਰਾਮ ਸ਼ਰਨ, ਨੇ ਆਪਣਾ ਯੋਗਦਾਨ ਪਾਇਆ।

## ਪੁਲਿਸ ਵੱਲੋਂ 10 ਕਿੱਲੋ ਭੁੱਕੀ ਬ੍ਰਾਮਦ

ਘਨੌਰ, 20 ਮਈ (ਮਦਨ ਲਾਲ) : ਥਾਣਾ ਘਨੌਰ ਪੁਲਿਸ ਨੇ ਕਥਿਤ ਦੋਸ਼ੀਆਂ ਮਹਿਲਾ ਸਿਮਰਨਜੀਤ ਕੌਰ ਵਾਸੀ ਨੇਨੇਵਾਲਾ ਥਾਣਾ ਭਦੌੜ ਜ਼ਿਲ੍ਹਾ ਬਰਨਾਲਾ, ਸੁਖਵਿੰਦਰ ਕੌਰ ਵਾਸੀ ਪਿੰਡ ਧਿੰਗੜ ਥਾਣਾ ਫੂਲ ਜ਼ਿਲ੍ਹਾ ਬਠਿੰਡਾ ਵਿਰੁੱਧ ਧਾਰਾ 15, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ ਸਾਹਿਬ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਪੁਲ ਲਾਛੜੂ ਖੁਰਦ ਮੌਜੂਦ ਸੀ, ਜੋ ਦੋਸ਼ਣਾ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਦੋਸ਼ਣ ਸਿਮਰਨਜੀਤ ਕੌਰ ਕੋਲੋਂ 6 ਕਿੱਲੋ ਅਤੇ ਸੁਖਵਿੰਦਰ ਕੌਰ ਕੋਲੋਂ 4 ਕਿੱਲੋ ਕੁੱਲ 10 ਕਿੱਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।



# ਪਟਿਆਲਾ-ਆਸ/ਪਾਸ



## ਜ਼ਿਲ੍ਹਾ ਪੁਲਿਸ ਮੁਖੀ ਨੇ ਸਕੂਲੀ ਬੱਚਿਆਂ ਨੂੰ ਨਸ਼ਿਆਂ ਤੋਂ ਦੂਰੀ ਬਣਾਈ ਰੱਖਣ ਲਈ ਕੀਤਾ ਪ੍ਰੇਰਿਤ

### ਰਟੋਰੀਅਨ ਮਹੇਸ਼ ਸ਼ਰਮਾ ਵੱਲੋਂ ਨਸ਼ਾ ਮੁਕਤ ਪੰਜਾਬ ਦੀ ਅਵਾਜ਼ ਬੁਲੰਦ ਕਰਨ 'ਤੇ ਜ਼ੋਰ



ਮਲੇਰਕੋਟਲਾ, 20 ਮਈ (ਚ.ਨ.ਸ.) : ਨਸ਼ੇ ਨਾਲ ਬਰਬਾਦੀ ਵੱਲ ਵਧ ਰਹੀ ਨੌਜਵਾਨ ਪੀੜ੍ਹੀ ਨੂੰ ਸੁਰੱਖਿਅਤ ਤੇ ਸੁਨਹਿਰੇ ਭਵਿੱਖ ਵੱਲ ਰਾਹ ਦਰਸਾਉਣ ਲਈ ਪੀ ਐੱਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭੋਗੀਵਾਲ ਮਾਲੇਰਕੋਟਲਾ ਵਿਖੇ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਸ਼ੁਰੂ ਕੀਤੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਜਾਗਰੂਕਤਾ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਪੁਲਿਸ ਮੁਖੀ ਗਗਨ ਅਜੀਤ ਸਿੰਘ ਨੇ ਸ਼ਮੂਲੀਅਤ ਕਰਦੇ ਹੋਏ ਸਕੂਲੀ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਦਿੱਤੀ। ਇਸ ਮੌਕੇ ਡੀ.ਐਸ.ਪੀ. ਰਣਜੀਤ ਸਿੰਘ ਵੀ ਮੌਜੂਦ ਸਨ। ਇਸ ਮੌਕੇ ਐਸ.ਐਸ.ਪੀ. ਗਗਨ ਅਜੀਤ ਸਿੰਘ ਨੇ ਨਸ਼ਿਆਂ ਦੇ ਖਤਰਨਾਕ ਪ੍ਰਭਾਵਾਂ ਬਾਰੇ ਬੱਚਿਆਂ ਨੂੰ ਜਾਣੂ ਕਰਵਾਉਂਦਿਆਂ ਕਿਹਾ ਕਿ ਨਸ਼ਾ ਨਾਲ ਸਿਰਫ਼ ਸਰੀਰ ਹੀ ਨਹੀਂ, ਪਰ ਪੂਰਾ ਪਰਿਵਾਰ, ਸਮਾਜ ਅਤੇ ਭਵਿੱਖ ਤਬਾਹ ਹੋ ਜਾਂਦਾ ਹੈ। ਜ਼ਿਲ੍ਹਾ ਪੁਲਿਸ ਮੁਖੀ ਨੇ ਨਸ਼ਾ ਮੁਕਤੀ ਲਈ ਸਾਂਝੀ ਜ਼ਿੰਮੇਵਾਰੀ ਨਿਭਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਅਧਿਆਪਕਾਂ, ਮਾਪੇ, ਅਤੇ ਸਮਾਜ ਨੂੰ ਮਿਲ ਕੇ ਕੰਮ ਕਰਨ ਦੀ ਲੋੜ ਹੈ, ਤਾਂ ਜੋ ਅਸੀਂ ਆਪਣੇ ਪੰਜਾਬ ਨੂੰ ਨਸ਼ਾ ਮੁਕਤ, ਤੰਦਰੁਸਤ ਅਤੇ ਰੌਸ਼ਨਮਈ ਭਵਿੱਖ ਵਾਲਾ ਪੰਜਾਬ ਬਣਾ ਸਕੀਏ। ਸਮਾਗਮ ਦੌਰਾਨ ਰੋਟੇਰੀਅਨ ਮਹੇਸ਼ ਸ਼ਰਮਾ ਨੇ ਵੀ ਆਪਣੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਉਨ੍ਹਾਂ ਨੇ ਬੱਚਿਆਂ ਨੂੰ ਅਪੀਲ ਕੀਤੀ ਕਿ ਆਪਣੀ ਉਮਰ ਦੇ ਹਰ ਪਲ ਨੂੰ ਸਿੱਖਣ, ਵਿਕਸਤ ਹੋਣ ਅਤੇ ਭਵਿੱਖ ਬਣਾਉਣ ਵੱਲ ਵਰਤਣ ਨਾ ਕਿ ਨਸ਼ਿਆਂ ਦੀ ਭੇਟ ਚੜ੍ਹਨ ਲਈ। ਇਸ ਤਰ੍ਹਾਂ ਦੇ ਸਮਾਗਮ, ਜਿੱਥੇ ਪੁਲਿਸ ਅਤੇ ਸਮਾਜ ਦੇ ਪ੍ਰੇਰਕ ਚਿਹਰੇ ਇਕੱਠੇ ਹੋ ਕੇ ਨੌਜਵਾਨੀ ਨੂੰ ਸਹੀ ਦਿਸ਼ਾ ਵੱਲ ਮੋੜਨ ਦੀ ਕੋਸ਼ਿਸ਼ ਕਰ ਰਹੇ ਹਨ, ਉਹ ਆਉਣ ਵਾਲੇ ਸਮੇਂ ਲਈ ਨਿਸ਼ਚਤ ਹੀ ਉਮੀਦ ਦੀ ਕਿਰਣ ਹਨ।

## ਪੰਜਾਬੀ ਯੂਨੀਵਰਸਿਟੀ 'ਚ ਬਣਨਗੇ ਦੋ ਨਵੇਂ ਹੋਸਟਲ

ਪਟਿਆਲਾ, 20 ਮਈ (ਚ.ਨ.ਸ.) : ਭਾਰਤ ਸਰਕਾਰ ਦੇ ਸਮਾਜਿਕ ਨਿਆਂ, ਸ਼ਕਤੀਕਰਨ ਅਤੇ ਘੱਟ ਗਿਣਤੀ ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਕੈਂਪਸ ਵਿੱਚ ਦੋ ਨਵੇਂ ਹੋਸਟਲਾਂ ਦੇ ਨਿਰਮਾਣ ਨੂੰ ਮਨਜ਼ੂਰੀ ਦਿੱਤੀ ਗਈ ਹੈ। ਕਰੀਬ ਸੱਤ ਕਰੋੜ ਰੁਪਏ ਦੀ ਲਾਗਤ ਨਾਲ ਸੌ-ਸੌ ਸੀਟਾਂ ਵਾਲੇ ਇਹ ਹੋਸਟਲ ਓਬੀਸੀ ਸ਼੍ਰੇਣੀ ਦੇ ਲੜਕੇ ਲੜਕੀਆਂ ਲਈ ਬਣਨਗੇ। ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਦੱਸਿਆ ਕਿ ਯੂਨੀਵਰਸਿਟੀ ਕੈਂਪਸ ਵਿੱਚ ਵਿਦਿਆਰਥੀਆਂ ਦੀ ਗਿਣਤੀ 12 ਹਜ਼ਾਰ ਹੈ ਪਰ ਹਾਲ ਦੀ ਘੜੀ ਇੱਥੇ 5000 ਵਿਦਿਆਰਥੀਆਂ ਲਈ ਹੀ ਹੋਸਟਲ ਰਿਹਾਇਸ਼ ਦੀ ਸਹੂਲਤ ਉਪਲਬਧ ਹੈ। ਇਸ ਲਈ ਵਿਦਿਆਰਥੀਆਂ, ਖਾਸ ਕਰਕੇ ਲੜਕੀਆਂ ਲਈ ਹੋਸਟਲ ਰਿਹਾਇਸ਼ ਦੀ ਵੱਡੀ ਘਾਟ ਹੈ। ਯੂਨੀਵਰਸਿਟੀ ਨੇ ਹਾਲ ਹੀ ਵਿੱਚ ਰਾਸ਼ਟਰੀ ਸਿੱਖਿਆ ਨੀਤੀ- 2020 ਤਹਿਤ 26 ਵਿਭਾਗਾਂ ਵਿੱਚ ਯੂਜੀ-ਪੀਜੀ ਪ੍ਰੋਗਰਾਮ ਵੀ ਸ਼ੁਰੂ ਕੀਤੇ ਹਨ। ਇਸ ਲਈ ਹੋਸਟਲਾਂ ਵਿੱਚ ਉਪਲਬਧ ਰਿਹਾਇਸ਼ ਵਿੱਚ ਵਾਧਾ ਸਬੰਧਤ ਮੰਗ ਨੂੰ ਪੂਰਾ ਨਹੀਂ ਕਰ ਰਿਹਾ ਹੈ। ਵਰਨਣਯੋਗ ਹੈ ਕਿ ਯੂਨੀਵਰਸਿਟੀ ਨੇ ਰਾਖਵੇਂ ਵਰਗ ਦੇ ਵਿਦਿਆਰਥੀਆਂ ਨੂੰ 45 ਪ੍ਰਤੀਸ਼ਤ ਹੋਸਟਲ ਸੀਟਾਂ ਪ੍ਰਦਾਨ ਕੀਤੀਆਂ ਹਨ ਪਰ ਫਿਰ ਵੀ ਬਹੁਤ ਸਾਰੇ ਵਿਦਿਆਰਥੀ ਸੀਮਤ ਹੋਸਟਲ ਸੀਟਾਂ ਕਾਰਨ ਹੋਸਟਲ ਰਿਹਾਇਸ਼ ਦਾ ਲਾਭ ਲੈਣ ਤੋਂ ਅਸਮਰੱਥ ਰਹਿ ਜਾਂਦੇ ਹਨ। ਵਾਈਸ-ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਕਿਹਾ ਕਿ ਜ਼ਿਆਦਾਤਰ ਵਿਦਿਆਰਥੀ ਮਾਲਵਾ ਖੇਤਰ ਦੇ ਪੇਂਡੂ ਖੇਤਰਾਂ ਨਾਲ ਸਬੰਧਤ ਹਨ। ਨਵੇਂ ਹੋਸਟਲਾਂ ਦੀ ਉਸਾਰੀ ਨਾਲ ਓਬੀਸੀ ਸ਼੍ਰੇਣੀ ਦੇ ਵਿਦਿਆਰਥੀਆਂ ਨੂੰ ਪੜ੍ਹਾਈ ਵਿੱਚ ਸਹੂਲਤ ਮਿਲੇਗੀ। ਯੂਨੀਵਰਸਿਟੀ ਦੇ ਹੋਸਟਲ ਵਿੱਚ ਵਧੇਰੇ ਸੀਟਾਂ ਦੀ ਉਪਲਬਧਤਾ, ਖਾਸ ਕਰ ਕੇ ਉਨ੍ਹਾਂ ਵਿਦਿਆਰਥੀਆਂ ਨੂੰ ਸਹੂਲਤ ਦੇਵੇਗੀ ਜੋ ਪੀਜੀ ਰਿਹਾਇਸ਼ ਵਜੋਂ ਨਿੱਜੀ ਰਿਹਾਇਸ਼ ਦੇ ਖਰਚੇ ਦੇਣ ਵਿੱਚ ਅਸਮਰੱਥ ਹਨ।

## ਜ਼ਿਲ੍ਹੇ 'ਚ ਈ-ਸ਼੍ਰਮ ਤਹਿਤ 4.76 ਲੱਖ ਵਰਕਰ ਰਜਿਸਟਰਡ ਹੋਏ : ਡਾ. ਪ੍ਰੀਤੀ ਯਾਦਵ

### ਡੀ.ਸੀ. ਵੱਲੋਂ ਕਿਰਤ ਵਿਭਾਗ ਨੂੰ ਹੋਰ ਲਾਭਪਾਤਰੀ ਕਿਰਤੀਆਂ ਨੂੰ ਰਜਿਸਟਰ ਕਰਨ ਲਈ ਲਗਾਤਾਰ ਕੈਂਪ ਲਗਾਉਣ ਦੀ ਹਦਾਇਤ



ਪਟਿਆਲਾ, 20 ਮਈ (ਰੁਪਾਣਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਹੈ ਕਿ ਪਟਿਆਲਾ ਜ਼ਿਲ੍ਹੇ ਅੰਦਰ ਹੁਣ ਤੱਕ ਈ-ਸ਼੍ਰਮ ਸਕੀਮ ਅਧੀਨ 4 ਲੱਖ 76 ਹਜ਼ਾਰ 160 ਵਰਕਰ ਰਜਿਸਟਰਡ ਹੋਏ ਹਨ। ਡਿਪਟੀ ਕਮਿਸ਼ਨਰ ਨੇ ਪਟਿਆਲਾ ਜ਼ਿਲ੍ਹੇ ਅੰਦਰ ਹੋਰ ਯੋਗ ਕਿਰਤੀਆਂ, ਜਿਹੜੇ ਕਿ ਅਸੰਗਠਿਤ ਹਨ, ਨੂੰ ਸਰਕਾਰੀ ਯੋਜਨਾਵਾਂ ਦਾ ਲਾਭ ਦੇਣ ਲਈ ਕਿਰਤ ਵਿਭਾਗ ਨੂੰ ਈ-ਸ਼੍ਰਮ ਰਜਿਸਟ੍ਰੇਸ਼ਨ ਦੇ ਕੈਂਪ ਲਗਾਉਣ ਦੀ ਹਦਾਇਤ ਕੀਤੀ ਹੈ। ਡਾ. ਪ੍ਰੀਤੀ ਯਾਦਵ ਨੇ ਅੱਜ ਇੱਥੇ ਕੇਂਦਰੀ ਕਿਰਤ ਤੇ ਰੋਜ਼ਗਾਰ ਮੰਤਰਾਲੇ ਦੀ ਇਸ ਅਹਿਮ ਸਕੀਮ ਈ-ਸ਼੍ਰਮ ਦਾ ਜਾਇਜ਼ਾ ਲੈਂਦਿਆਂ ਸਹਾਇਕ ਕਿਰਤ ਕਮਿਸ਼ਨਰ ਜਸਬੀਰ ਸਿੰਘ ਖਰੌੜ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਦਾ ਕੋਈ ਵੀ ਯੋਗ ਲਾਭਪਾਤਰੀ ਕਿਰਤੀ ਇਸ ਸਕੀਮ ਦਾ ਲਾਭ ਲੈਣ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਹ ਇੱਕ ਅਜਿਹੀ ਸਕੀਮ ਹੈ, ਜੋਕਿ ਅਸੰਗਠਿਤ ਕਿਰਤੀਆਂ ਦੀ ਭਲਾਈ ਲਈ ਬਣਾਈ ਗਈ ਹੈ, ਇਸ ਲਈ ਉਨ੍ਹਾਂ ਨੂੰ ਪੈਨਸ਼ਨ, ਦੁਰਘਟਨਾ ਬੀਮਾ, ਵਿਕਲਾਂਗਤਾ ਬੀਮਾ, ਹੁਨਰ ਵਿਕਾਸ ਟ੍ਰੇਨਿੰਗ ਤੇ ਸਮਾਜਿਕ ਸੁਰੱਖਿਆ ਸਕੀਮਾਂ ਦੇ ਲਾਭ ਦੇਣ ਲਈ ਅਹਿਮ ਹੈ। ਡਾ. ਪ੍ਰੀਤੀ ਯਾਦਵ ਨੇ ਅੱਗੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਪਿਛਲੇ ਦਿਨੀਂ ਅੰਦਰ ਸੈਲਫ ਰਜਿਸਟ੍ਰੇਸ਼ਨ ਮੋਬਾਇਲ ਰਾਹੀਂ ਅਤੇ ਸੀ.ਐਚ.ਸੀ. ਤੇ ਸੇਵਾ ਕੇਂਦਰਾਂ ਰਾਹੀਂ ਸਪੈਸ਼ਲ ਮੁਹਿੰਮ ਚਲਾਕੇ 4514 ਵਰਕਰ ਹੋਰ ਰਜਿਸਟਰਡ ਕਰਵਾਏ ਗਏ ਹਨ। ਉਨ੍ਹਾਂ ਹੋਰ ਕਿਹਾ ਕਿ ਈ-ਸ਼੍ਰਮ ਅਧੀਨ ਅਨ ਆਰਗੇਨਾਈਜ਼ਡ ਵਰਕਰ, ਸਪੈਸ਼ਲ ਹੈਲਪ ਗਰੁੱਪ ਮੈਂਬਰਜ (ਨੈਸ਼ਨਲ ਰੂਰਲ ਲਾਇਵਲੀਹੁਡ/ਨੈਸ਼ਨਲ ਅਰਬਨ ਲਾਇਵਲੀਹੁਡ ਮਿਸ਼ਨ), ਸਟਰੀਟ ਵੈਂਡਰਜ਼, ਰਿਕਸ਼ਾ ਚਾਲਕ, ਉਸਾਰੀ ਕਿਰਤੀ, ਨੈਸ਼ਨਲ ਹੈਲਥ ਮਿਸ਼ਨ, ਸਰਵ ਸਿੱਖਿਆ ਅਭਿਆਨ, ਮਿਡ ਡੇ ਮੀਲ ਵਰਕਰਜ, ਘਰੇਲੂ ਨੌਕਰ, ਆਸ਼ਾ ਵਰਕਰ, ਆਂਗਣਵਾੜੀ ਵਰਕਰਜ਼, ਖੇਤੀਬਾੜੀ ਲੇਬਰ, ਫ਼ਿਸ਼ਰਮੈਨ ਅਤੇ ਭੱਠਾ ਵਰਕਰਜ਼ ਵੀ ਰਜਿਸਟਰਡ ਹੋ ਸਕਦੇ ਹਨ। ਉਨ੍ਹਾਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਤੁਹਾਡੇ ਨੇੜੇ ਜਾਂ ਆਲੇ-ਦੁਆਲੇ ਅਜਿਹਾ ਕੋਈ ਕਿਰਤੀ ਹੈ, ਜੋ ਅਜੇ ਇਸ ਸਕੀਮ ਤੋਂ ਵਾਂਝਾ ਹੈ, ਉਸਨੂੰ ਈ-ਸ਼੍ਰਮ ਸਕੀਮ ਤਹਿਤ ਰਜਿਸਟ੍ਰੇਸ਼ਨ ਕਰਵਾਉਣ ਵਿੱਚ ਉਸਦੀ ਮਦਦ ਕੀਤੀ ਜਾਵੇ।

## ਵੱਖ-ਵੱਖ ਥਾਵਾਂ ਤੋਂ ਨਸ਼ੀਲਾ ਪਾਊਡਰ ਬ੍ਰਾਮਦ

ਪਟਿਆਲਾ, 20 ਮਈ (ਵਿਨੋਦ ਸ਼ਰਮਾ) : ਥਾਣਾ ਸਿਵਲ ਲਾਇਨ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੰਦੀਪ ਸਿੰਘ ਵਾਸੀ ਪਿੰਡ ਸਿਊਣਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਬੂਟਾ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬਿਜਲੀ ਬੋਰਡ ਵਰਕਸ਼ਾਪ ਪਟਿਆਲਾ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 30 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਸਦਰ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੰਜੂ ਕੁਮਾਰ ਵਾਸੀ ਢੇਹਾ ਕਲੋਨੀ ਬਹਾਦਰਗੜ੍ਹ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਐਸ.ਆਈ. ਬਲਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬਾ-ਹੱਦ ਪਿੰਡ ਉਪਲੀ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 25 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ। ਇਸੇ ਤਰ੍ਹਾਂ ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਸੁਰਿੰਦਰ ਵਾਸੀ ਸ਼ਹੀਦ ਭਗਤ ਸਿੰਘ ਕਲੋਨੀ ਪਟਿਆਲਾ ਵਿਰੁੱਧ ਧਾਰਾ 22, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ.ਐਸ.ਆਈ. ਤੇਜਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਬੀਰ ਜੀ ਦੀਆ ਮੜ੍ਹੀਆ ਪਾਸ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ 'ਤੇ 10 ਗ੍ਰਾਮ ਨਸ਼ੀਲਾ ਪਾਊਡਰ ਬ੍ਰਾਮਦ ਹੋਇਆ।

## ਸਮਾਣਾ ਸ਼ਹਿਰ ਤੇ ਹਲਕੇ ਦੇ ਪਿੰਡਾਂ ਨੂੰ ਨਸ਼ਾ ਮੁਕਤ ਕਰਨਾ ਸਰਕਾਰ ਦੀ ਤਰਜੀਹ : ਜੌੜਾਮਾਜਰਾ



ਸਮਾਣਾ, 20 ਮਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ) : ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦਾ ਪੂਰਨ ਤੌਰ 'ਤੇ ਖ਼ਾਤਮਾ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਲੜੀ 'ਚ ਚਲਾਈ ਜਾ ਰਹੀ ਨਸ਼ਾ ਮੁਕਤੀ ਯਾਤਰਾ ਸਮਾਣਾ ਸ਼ਹਿਰ ਤੇ ਹਲਕੇ ਦੇ ਪਿੰਡਾਂ ਤੇ ਗਲੀਆਂ ਵਿੱਚ ਜਾ ਕੇ ਲੋਕਾਂ ਨੂੰ ਇਸ ਬੁਰਾਈ ਦੇ ਖ਼ਾਤਮੇ ਲਈ ਲਾਮਬੰਦ ਕਰ ਰਹੀ ਹੈ। ਰੋਜ਼ਾਨਾ ਸ਼ਾਮ ਪਿੰਡਾਂ 'ਚ ਜਾ ਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਇੱਕਜੁੱਟ ਹੋਣ ਦਾ ਹੋਕਾ ਦਿੰਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਸਾਡੀ ਨਸ਼ਿਆਂ ਵਿਰੁੱਧ ਇਹ ਲੜਾਈ ਉਦੋਂ ਤੱਕ ਜਾਰੀ ਰਹੇਗੀ ਜਦ ਤੱਕ ਸੂਬੇ ਚੋਂ ਨਸ਼ਿਆਂ ਦਾ ਪੂਰਨ ਤੌਰ 'ਤੇ ਖ਼ਾਤਮਾ ਨਹੀਂ ਹੋ ਜਾਂਦਾ। ਪਿੰਡ ਲੰਗੜੋਈ, ਡਰੋਲੀ, ਡਰੋਲਾ, ਸੱਸਾ ਗੁੱਜਰਾ, ਭਗਵਾਨਪੁਰਾ ਤੇ ਸੱਸੀ ਬ੍ਰਹਮਣਾ ਦੇ ਵਸਨੀਕਾਂ ਨੂੰ ਨਸ਼ਿਆਂ ਖ਼ਿਲਾਫ਼ ਲਾਮਬੰਦ ਕਰਦਿਆਂ ਵਿਧਾਇਕ ਜੌੜਾਮਾਜਰਾ ਨੇ ਕਿਹਾ ਕਿ ਹੁਣ ਨਸ਼ਾ ਮੁਕਤੀ ਯਾਤਰਾ ਲੋਕ ਲਹਿਰ ਬਣ ਗਈ ਹੈ ਜਿਸ ਨੂੰ ਲੋਕਾਂ ਵੱਲੋਂ ਪੂਰਨ ਸਹਿਯੋਗ ਮਿਲ ਰਿਹਾ ਹੈ, ਹੁਣ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਨਸ਼ਾ ਮੁਕਤ ਹੋ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਵਿੱਚ ਨਸ਼ੇ ਦਾ ਖ਼ਾਤਮਾ ਕਰਨਾ ਹੈ ਅਤੇ ਜਿਹੜੇ ਨੌਜਵਾਨ ਨਸ਼ਿਆਂ ਦੀ ਲਪੇਟ 'ਚ ਹਨ ਉਨ੍ਹਾਂ ਨੂੰ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਸਿਹਤਮੰਦ, ਸਸ਼ਕਤ ਅਤੇ ਉੱਜਵਲ ਭਵਿੱਖ ਦੇਣਾ ਹੈ। ਇਸ ਦੌਰਾਨ ਸਥਾਨਕ ਲੋਕਾਂ ਨੂੰ ਆਪਣੇ ਇਲਾਕੇ 'ਚ ਨਸ਼ਾ ਨਾ ਵਿਕਣ ਦੇਣ ਅਤੇ ਉਹਨਾਂ ਨੂੰ ਨਸ਼ਿਆਂ ਖ਼ਿਲਾਫ਼ ਜਾਗਰੂਕ ਕਰਨ ਪ੍ਰਤੀ ਸਹੁੰ ਵੀ ਚੁਕਾਈ। ਇਸ ਮੌਕੇ ਐਸ.ਡੀ.ਐਮ. ਸਮਾਣਾ ਰਿਚਾ ਗੋਇਲ, ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਬੀ.ਡੀ.ਪੀ.ਓ ਸੁਖਵਿੰਦਰ ਸਿੰਘ ਟਿਵਾਣਾ, ਪੀ.ਏ ਗੁਰਦੇਵ ਸਿੰਘ ਟਿਵਾਣਾ, ਕੁਲਦੀਪ ਸਿੰਘ ਵਿਰਕ, ਸੁਰਜੀਤ ਸਿੰਘ ਫ਼ੌਜੀ ਸਮੇਤ ਵੱਡੀ ਗਿਣਤੀ ਪਿੰਡ ਵਾਸੀ ਮੌਜੂਦ ਸਨ।

## ਨਸ਼ਾ ਮੁਕਤੀ ਮਾਰਚ ਪੰਜਾਬ ਸਰਕਾਰ ਦੀ ਭਵਿੱਖ ਮੁਖੀ ਸੋਚ ਦਾ ਨਤੀਜਾ : ਗੁਰਦੇਵ ਸਿੰਘ ਦੇਵ ਮਾਨ



ਨਾਭਾ/ਭਾਦਸੋਂ, 20 ਮਈ (ਗੁਰਚਰਨ ਸਿੰਘ ਚੌਧਰੀਮਾਜਰਾ/ਭਰਪੂਰ ਸਿੰਘ ਮੱਟਰਾਂ) : ਹਲਕਾ ਨਾਭਾ ਦੇ ਲੋਕਾਂ ਨੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਦਾ ਦਿਲੋਂ ਸਾਥ ਦੇਣ ਦੀ ਸਹੁੰ ਖਾਧੀ ਹੈ। ਇਹ ਪ੍ਰਗਟਾਵਾ ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕੀਤਾ, ਉਹ ਹਲਕੇ ਦੇ ਪਿੰਡਾਂ ਵਿੱਚ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਮੁਕਤੀ ਮਾਰਚ ਨੂੰ ਲੈਕੇ ਲੋਕਾਂ ਨੂੰ ਸੰਬੋਧਨ ਕਰ ਰਹੇ ਸਨ। ਵਿਧਾਇਕ ਦੇਵ ਮਾਨ ਦੀ ਅਗਵਾਈ ਹੇਠ ਨਸ਼ਾ ਮੁਕਤੀ ਯਾਤਰਾ ਰਾਮਪੁਰ ਸਹੀਏਵਾਲ, ਟੌਹੜਾ, ਤਰਖੇੜੀ ਕਲਾਂ, ਪਾਲੀਆਂ ਖੁਰਦ, ਮੋਹਲ ਗਵਾਰਾ, ਪਾਲੀਆ ਖੁਰਦ ਆਦਿ ਪਿੰਡਾਂ 'ਚ ਲੋਕਾਂ ਨੇ ਸਹੁੰ ਖਾਧੀ ਕਿ ਉਹ ਆਪਣੇ ਆਪਣੇ ਪਿੰਡ ਨੂੰ ਨਸ਼ਾ ਮੁਕਤ ਕਰਨ ਲਈ ਪੰਜਾਬ ਸਰਕਾਰ ਦਾ ਦਿਲੋਂ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਉਹ ਖ਼ੁਦ ਹਲਕੇ ਦੇ 142 ਪਿੰਡਾਂ ਸਮੇਤ ਨਾਭਾ ਤੇ ਭਾਦਸੋਂ ਦੀ ਹਰ ਵਾਰਡ 'ਚ ਦਿਨ ਰਾਤ ਇੱਕ ਕਰਕੇ ਜਾਣਗੇ। ਇਸ ਦੌਰਾਨ ਐਸ.ਡੀ.ਐਮ ਡਾ. ਇਸਮਤ ਵਿਜੇ ਸਿੰਘ ਸਮੇਤ ਨਸ਼ਾ ਮੁਕਤੀ ਮੋਰਚਾ ਹਲਕਾ ਨਾਭਾ ਦੇ ਕੋਆਰਡੀਨੇਟਰ ਭੁਪਿੰਦਰ ਕੱਲਰਮਾਜਰੀ, ਕਪਿਲ ਮਾਨ, ਮਨਪ੍ਰੀਤ ਧਾਰੋਕੀ ਪ੍ਰਧਾਨ ਟਰੱਕ ਯੂਨੀਅਨ ਨਾਭਾ, ਧਰਮਿੰਦਰ ਸਿੰਘ ਸੁਖੇਵਾਲ ਯੂਥ ਆਗੂ, ਸਰਪੰਚ ਮਨਜੀਤ ਸਿੰਘ ਫਤਿਹਪੁਰ, ਰਾਜਿੰਦਰ ਸਿੰਘ ਕਾਲਾ, ਮਾਸਟਰ ਸਤਨਾਮ ਪਾਲੀਆ, ਕਰਮਾ ਟੌਪਰ, ਗੁਰਪ੍ਰੀਤ ਮੋਹਲਗਵਾਰਾ, ਗੁਰਪ੍ਰੀਤ ਗੁਰੀ ਪਾਲੀਆ ਕਲਾ, ਸਰਪੰਚ ਟੋਨਾ ਮੂੰਗੋ, ਗੁਰਪ੍ਰੀਤ ਮੱਲੇਵਾਲ, ਪੱਪੀ ਬਿਰਧਨੋ, ਰਾਜ ਟੌਹੜਾ, ਸਾਬਕਾ ਸਰਪੰਚ ਹਰਭਜਨ ਸਿੰਘ ਦੰਦਰਾਲਾ ਢੀਂਡਸਾ, ਬਲਾਕ ਪ੍ਰਧਾਨ ਕਾਲਾ ਕਿਤਾਬਾ ਵਾਲਾ, ਸਰਪੰਚ ਕੁਲਵਿੰਦਰ ਕੌਰ ਪਾਲੀਆ ਖੁਰਦ, ਸਮੂਹ ਆਮ ਆਦਮੀ ਪਾਰਟੀ ਵਲੰਟੀਅਰ ਤੋਂ ਇਲਾਵਾ ਨਗਰ ਵਾਸੀ ਵੀ ਮੌਜੂਦ ਸਨ। ਪਿੰਡਾਂ 'ਚ ਨਾਭਾ ਦੇ ਬੀ.ਡੀ.ਪੀ.ਓ, ਭਾਦਸੋਂ ਤੇ ਨਾਭਾ ਦੇ ਥਾਣਾ ਮੁਖੀ ਤੇ ਸਿਹਤ ਵਿਭਾਗ ਤੋਂ ਐਸ.ਐਮ.ਓਜ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

## ਪ੍ਰੋ. ਬਡੂੰਗਰ ਨੇ ਮੁੱਖ ਮੰਤਰੀ ਦੇ ਨਾਮ ਲਿਖਿਆ ਪੱਤਰ

### ਪਟਿਆਲਾ ਤੋਂ ਪਾਤੜਾਂ ਤੱਕ ਸੜਕ ਨੂੰ ਚਹੁੰ ਮਾਰਗੀ ਬਣਾ ਕੇ ਹਾਦਸਿਆਂ ਨੂੰ ਠੱਲ੍ਹ ਪਾਈ ਜਾਵੇ



ਪਟਿਆਲਾ, 20 ਮਈ (ਰੁਪਾਣਾ) :ਪਟਿਆਲਾ-ਸਮਾਣਾ ਸੜਕ 'ਤੇ ਵਾਪਰੇ ਦਰਦਨਾਕ ਹਾਦਸੇ ਵਿਚ ਸਮਾਣਾ ਦੇ ਰਹਿਣ ਵਾਲੇ ਸਕੂਲੀ ਬੱਚਿਆਂ ਦੀਆਂ ਅਜਾਈਂ ਗਈਆਂ ਜਾਨਾਂ ਪ੍ਰਤੀ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਇਕ ਪੱਤਰ ਰਾਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਾਣੂੰ ਕਰਵਾਇਆ ਕਿ ਇਸ ਹਾਦਸੇ ਨਾਲ ਜਿੱਥੇ ਪਰਿਵਾਰਾਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ, ਉੱਥੇ ਹੀ ਅਜਿਹੇ ਦਰਦਨਾਕ ਹਾਦਸਿਆਂ ਨੂੰ ਟਾਲਣ ਪਲਾਈ ਪੰਜਾਬ ਸਰਕਾਰ ਨੂੰ ਸੰਜੀਦਾ ਕਦਮ ਚੁੱਕਣੇ ਚਾਹੀਦੇ ਹਨ। ਪ੍ਰੋ. ਬਡੂੰਗਰ ਨੇ ਪੱਤਰ ਵਿਚ ਲਿਖਿਆ ਹੈ ਕਿ ਪਟਿਆਲਾ ਸਮਾਣਾ ਰੋਡ 'ਤੇ ਭੁਪਿੰਦਰਾ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਦੀ ਜਾਨ ਚਲੀ ਗਈ ਸੀ ਅਤੇ ਹਾਦਸੇ ਪ੍ਰਤੀ ਵੱਖ ਵੱਖ ਸੰਸਥਾਵਾਂ, ਸਿਆਸੀ ਪਾਰਟੀਆਂ ਅਤੇ ਹਮਦਰਦ ਲੋਕਾਂ ਨੇ ਇਸ ਹਾਦਸੇ ਪ੍ਰਤੀ ਆਪਣੀ ਸੰਵੇਦਨਾ ਸਾਂਝੀ ਕੀਤੀ ਸੀ ਇਸ ਦੌਰਾਨ ਲੋਕਾਂ ਨੇ ਇਸ ਪੱਖ ਤੋਂ ਵੀ ਸਰਕਾਰ ਧਿਆਨ ਦਿਵਾਇਆ ਕਿ ਪਟਿਆਲਾ ਸਮਾਣਾ ਰੋਡ ਹਾਦਸਿਆਂ ਦਾ ਵੱਡਾ ਕਾਰਨ ਬਣਦੀ ਜਾ ਰਹੀ ਹੈ। ਪ੍ਰੋ. ਬਡੂੰਗਰ ਨੇ ਕਿਹਾ ਕਿ ਆਪਣੇ ਪੱਤਰ ਵਿਚ ਦੱਸਿਆ ਕਿ ਪਟਿਆਲਾ ਸਮਾਣਾ, ਘੱਗਾ ਅਤੇ ਪਾਤੜਾਂ ਲਈ ਇਸ ਰੋਡ ਨੂੰ ਆਵਾਜਾਈ ਲਈ ਚੁਣਿਆ ਜਾਂਦਾ ਹੈ ਅਤੇ ਬਲਕਿ ਦਿੱਲੀ ਤੋਂ ਆਉਣ ਜਾਣ ਵਾਲਿਆਂ ਵੱਲੋਂ ਇਹ ਮਾਰਗ ਚੁਣਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਮੇਂ ਨਾਲ ਆਵਾਜਾਈ ਵੱਧ ਰਹੀ ਹੈ ਅਤੇ ਰੋਡ ਏਨਾ ਤੰਗ ਹੈ ਕਿ ਅਕਸਰ ਹਾਦਸਿਆਂ ਕਾਰਨ ਕਈਆਂ ਦੀ ਜਾਨ ਅਜਾਈਂ ਜਾ ਰਹੀ ਹੈ। ਪ੍ਰੋ.ਬਡੂੰਗਰ ਨੇ ਕਿਹਾ ਕਿ ਪਟਿਆਲਾ ਤੋਂ ਸਮਾਣਾ ਜਾਣ ਵਾਲੇ ਰਸਤੇ ਵਿਚ ਮਿਲਟਰੀ ਏਰੀਆ ਵੀ ਪੈਂਦਾ ਹੈ, ਜਿੱਥੋਂ ਅਕਸਰ ਮਿਲਟਰੀ ਦੇ ਉਚ ਅਧਿਕਾਰੀ ਆਪਣੇ ਵਾਹਨਾਂ ਨਾਲ ਇਸ ਰਸਤੇ ਨੂੰ ਅਪਣਾਉਂਦੇ ਹਨ। ਪ੍ਰੋ. ਬਡੂੰਗਰ ਨੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕੀਤੀ ਹੈ ਕਿ ਪਟਿਆਲਾ ਤੋਂ ਪਾਤੜਾਂ ਵਾਇਆ ਸਮਾਣਾ ਘੱਗਾ ਸੜਕ ਨੂੰ ਚਹੁੰ ਮਾਰਗੀ ਬਣਾਇਆ ਜਾਵੇ ਤਾਂ ਕਿ ਲੋਕਾਂ ਦੀ ਕੀਮਤੀ ਜਾਨ ਬਚ ਸਕੇ।

## ਵੱਧ ਰਹੀ ਆਲਮੀ ਤਪਸ਼ ਮਨੁੱਖ ਅਤੇ ਖੇਤੀਬਾੜੀ ਲਈ ਹੋਵੇਗੀ ਵੱਧ ਨੁਕਸਾਨਦੇਹ : ਡਾ. ਸੰਧੂ

ਸਮਾਣਾ, 20 ਮਈ (ਵਿਜੇ ਕੁਮਾਰ) : ਦੁਨੀਆਂ ਭਰ ਵਿੱਚ ਇਸ ਵੇਲੇ ਵਾਤਾਵਰਨ ਦਾ ਅਸਤੁਲਨ ਬਣਿਆ ਹੋਇਆ ਹੈ। ਮਾਰੂ ਗੈਸਾਂ ਦੇ ਵਧਣ ਨਾਲ ਆਲਮੀ ਤਪਸ਼ ਵੱਧ ਰਹੀ ਹੈ, ਜਿਸ ਦਾ ਮਨੁੱਖਤਾ ਅਤੇ ਖੇਤੀਬਾੜੀ ਦੋਵੇਂ ਹੀ ਵੱਧ ਪ੍ਰਭਾਵਿਤ ਹੋਣਗੇ। ਇਹ ਵਿਚਾਰ ਡਾ. ਇੰਦਰਪਾਲ ਸਿੰਘ ਸੰਧੂ ਪ੍ਰਧਾਨ ਸਰਬੱਤ ਦਾ ਭਲਾ ਸੰਸਥਾ ਸਮਾਣਾ ਅਤੇ ਸਾਬਕਾ ਡਿਪਟੀ ਡਾਇਰੈਕਟਰ ਖੇਤੀਬਾੜੀ ਨੇ ਜਥੇਬੰਦੀ ਦੀ ਵਿਸਾਲ ਇਕੱਤਰਤਾ ਵਿੱਚ ਸਾਂਝੇ ਕੀਤੇ। ਉਹਨਾਂ ਨੇ ਕਿਹਾ ਕਿ ਜਿੱਥੇ ਸਾਨੂੰ ਵੱਡੇ ਪੱਧਰ 'ਤੇ ਰੁੱਖ ਅਤੇ ਜੰਗਲ ਲਗਾਉਣੇ ਪੈਣਗੇ, ਅਸੀਂ ਇਸੇ ਹੀ ਤਰ੍ਹਾਂ ਜਿਹੜੀਆਂ ਹੋਰ ਵਸਤੂਆਂ ਜਿਹੜੀਆਂ ਘਾਤਕ ਗੈਸਾਂ ਛੱਡਦੀਆਂ ਹਨ ਉਹਨਾਂ 'ਤੇ ਮਾਪਡੰਡ ਲਗਾਉਣੇ ਪੈਣਗੇ ਤਾਂ ਕਿ ਮਾੜੀਆਂ ਗੈਸਾਂ ਦਾ ਵਾਧਣਾ ਬੰਦ ਕੀਤਾ ਜਾ ਸਕੇ। ਸਰਕਾਰ ਨੂੰ ਇਸ ਕੰਮ ਵੱਲ ਪਿੱਠ ਨਹੀ ਦਿਖਾਉਣੀ ਚਾਹੀਦੀ। ਅੱਜ ਦੀ ਮੀਟਿੰਗ ਵਿੱਚ ਵਾਤਾਵਰਨ ਅਤੇ ਅਮਨ ਸਾਂਤੀ ਲਈ ਜਲਦੀ ਸੈਮੀਨਾਰ ਕਰਾਵਾਉਣ ਲਈ ਫੈਸਲਾ ਕੀਤਾ।



ਮੀਟਿੰਗ ਵਿੱਚ ਜਰਨੈਲ ਸਿੰਘ ਕਾਦਰਾਬਾਦ, ਗੁਰਕਬਾਲ ਸਿੰਘ ਪਿੰਡ ਰੰਧਾਵਾ, ਲਖਵਿੰਦਰ ਸਿੰਘ ਸੰਧੂ, ਗੁਰਮੀਤ ਸਿੰਘ ਜਮਾਲਪੁਰ, ਗੁਰਮੀਤ ਸਿੰਘ ਮੋਤੀ ਫਾਰਮ, ਲਖਵੀਰ ਸਿੰਘ ਅਸਰਪੁਰ ਮਾਸਟਰ ਜਸਵੰਤ ਸਿੰਘ, ਮਾਸਟਰ ਹਰਬੰਸ ਸਿੰਘ, ਕਮਲਦੀਪ ਸਿੰਘ, ਕਮਾਸਪੁਰ,ਜਸਵੰਤ ਸਿੰਘ ਅਚਰਾਲ, ਬਲਵੀਰ ਸਿੰਘ ਤਤਲਾ, ਭਰਪੂਰ ਸਿੰਘ, ਬਾਦਸਾਹਪੁਰ ਕਾਲੇਕੀ, ਮਹਿਲ ਸਿੰਘ ਲਹੋਰੀਆ, ਅੰਗਰੇਜ ਸਿੰਘ, ਰਤਨਹੇੜੀ, ਇਕਬਾਲ ਸਿੰਘ, ਜਮਾਲਪੁਰ, ਗੁਰਨਾਮ ਸਿੰਘ, ਕਮਾਲਪੁਰ, ਰਣਧੀਰ ਸਿੰਘ, ਫਤਿਹਪੁਰ ਅਤੇ ਤਰਸੇਮ ਸਿੰਘ, ਜਲਾਲਪੁਰ ਨੇ ਆਪਣੇ ਵਿਚਾਰ ਸਾਂਝੇ ਕੀਤੇ।

## ਮਾਡਰਨ ਸਕੂਲ ਨੇ ਪੰਜਾਬ ਤਾਈਕਵਾਂਡੋ ਕੱਪ 'ਚ 20 ਤਮ.ਗੇ ਜਿੱਤੇ



ਪਟਿਆਲਾ, 20 ਮਈ (ਚ.ਨ.ਸ.) : ਮਾਡਰਨ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ ਨੇ 18 ਮਈ ਨੂੰ ਦ ਮਿਲੇਨੀਅਮ ਸਕੂਲ, ਪਟਿਆਲਾ ਵਿਖੇ ਹੋਏ 7ਵੇਂ ਪੰਜਾਬ ਤਾਈਕਵਾਂਡੋ ਕੱਪ 2025 ਵਿੱਚ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ, ਜਿਸ ਵਿੱਚ 11 ਸੋਨੇ, 4 ਚਾਂਦੀ ਅਤੇ 5 ਕਾਂਸੀ ਸਮੇਤ ਕੁੱਲ 20 ਤਗਮੇ ਜਿੱਤੇ। ਸੋਨੇ ਦੇ ਤਗਮੇ 25 ਕਿੱਲੋਗ੍ਰਾਮ ਵਰਗ ਵਿੱਚ ਅਸ਼ਨੂਰ ਕੌਰ, 19 ਕਿੱਲੋਗ੍ਰਾਮ ਵਰਗ ਵਿੱਚ ਹਰਮਨਪ੍ਰੀਤ ਕੌਰ, 35 ਕਿੱਲੋਗ੍ਰਾਮ ਵਰਗ ਵਿੱਚ ਜਸਕੀਰਤ ਕੌਰ, 39 ਕਿੱਲੋਗ੍ਰਾਮ ਵਰਗ ਵਿੱਚ ਅਰੁਣਿਆ ਬੇਹਾਰਾ, 45 ਕਿੱਲੋਗ੍ਰਾਮ ਵਰਗ ਵਿੱਚ ਅਮੀਰਾ ਅਤੇ 65 ਕਿੱਲੋਗ੍ਰਾਮ ਵਰਗ ਵਿੱਚ ਨਵਕਰਨ ਸਿੰਘ ਨੇ ਜਿੱਤੇ।

## ਬਾਈਕ ਸਵਾਰ ਭੁੱਕੀ ਸਮੇਤ ਕਾਬੂ

ਸਮਾਣਾ, 20 ਮਈ (ਵਿਜੇ ਕੁਮਾਰ) : ਘੱਗਾ ਪੁਲਸ ਨੇ ਦੋ ਬਾਇਕ ਸਵਾਰਾਂ ਨੂੰ ਦੋ ਕਿੱਲੋ ਭੁੱਕੀ-ਚੂਰਾ ਸਣੇ ਕਾਬੂ ਕਰਕੇ ਉਨ੍ਹਾਂ ਖਿਲਾਫ ਨਸ਼ਾ ਵਿਰੋਧੀ ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ਼ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਤੇਜਪਾਲ ਸ਼ਰਮਾ ਅਤੇ ਸੱਤਪਾਲ ਸਿੰਘ ਨਿਵਾਸੀ ਪਿੰਡ ਕਕਰਾਲਾ ਭਾਇਕਾ ਵਜੋਂ ਹੋਏ। ਘੱਗਾ ਪੁਲਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਏ.ਐਸ.ਆਈ. ਗੁਰਦੇਵ ਸਿੰਘ ਨੇ ਪੁਲਸ ਪਾਰਟੀ ਸਣੇ ਬੱਸ ਅੱਡਾ ਪਿੰਡ ਨਨਹੇੜਾ 'ਚ ਗਸ਼ਤ ਦੌਰਾਨ ਮੁਲਜ਼ਮਾਂ ਦੇ ਬਿਨਾਂ ਨੰਬਰੀ ਬਾਇਕ ਨੂੰ ਸ਼ੱਕ ਦੇ ਆਧਾਰ 'ਤੇ ਰੋਕਿਆ ਅਤੇ ਚੈਕ ਕਰਨ 'ਤੇ ਦੋ ਕਿੱਲੋ ਭੁੱਕੀ ਚੂਰਾ ਬਰਾਮਦ ਹੋਣ 'ਤੇ ਉਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ। ਅਧਿਕਾਰੀ ਅਨੁਸਾਰ ਮੁਲਜ਼ਮਾਂ ਨੂੰ ਨਿਆਇਕ ਹਿਰਾਸਤ ਵਿਚ ਜੇਲ੍ਹ ਭੇਜ ਦਿੱਤਾ ਗਿਆ।

## ਜ਼ਮੀਨ 'ਤੇ ਕੀਤਾ ਕਬਜ਼ਾ, ਮਾਮਲਾ ਦਰਜ

ਪਟਿਆਲਾ, 20 ਮਈ (ਵਿਨੋਦ ਸ਼ਰਮਾ) : ਥਾਣਾ ਪਸਿਆਣਾ ਪੁਲਿਸ ਕੋਲ ਪ੍ਰੀਤਮ ਸਿੰਘ ਪੁੱਤਰ ਬਹਾਦਰ ਸਿੰਘ ਵਾਸੀ ਪਿੰਡ ਰਣਬਰੀਰਪੁਰਾ ਹਾਲ ਮੈਲਬਰਨ ਆਸਟ੍ਰੇਲੀਆ ਨੇ ਕਥਿਤ ਦੋਸ਼ੀਆਂ ਕਰਨੈਲ ਸਿੰਘ, ਜਗਦੀਪ ਸਿੰਘ ਵਾਸੀ ਪਿੰਡ ਰਣਬੀਰਪੁਰਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਕਥਿਤ ਦੋਸ਼ੀ ਕਰਨੈਲ ਸਿੰਘ ਉਸ ਦਾ ਭਰਾ ਹੈ, ਜਿਸਨੇ ਸਾਲ 1991 ਵਿੱਚ ਉਸ ਨੂੰ ਧੋਖੇ ਵਿੱਚ ਰੱਖ ਕੇ ਜ਼ਮੀਨ ਦਾ ਤਬਾਦਲਾ ਕਰ ਲਿਆ ਸੀ ਅਤੇ ਕਥਿਤ ਦੋਸ਼ੀ ਜਗਦੀਪ ਸਿੰਘ ਨਾਲ ਕਥਿਤ ਮਿਲੀਭੁਗਤ ਕਰਕੇ ਜਮੀਨ 'ਤੇ ਕਬਜ਼ਾ ਕਰ ਲਿਆ। ਪੁਲਿਸ ਨੇ ਧਾਰਾ 420,120ਬੀ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

## ਘੇਰ ਕੇ ਕੀਤੀ ਕੁੱਟਮਾਰ, ਮਾਮਲਾ ਦਰਜ

ਪਟਿਆਲਾ, 20 ਮਈ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਰਾਹੁਲ ਪੁੱਤਰ ਟੀਕਾ ਰਾਮ ਵਾਸੀ ਫੇਸ-2 ਅਰਬਨ ਅਸਟੇਟ ਪਟਿਆਲਾ ਨੇ ਕਥਿਤ ਦੋਸ਼ੀਆਂ ਓਮਵੀਰ, ਖੇਮਪਾਲ, ਕਮਲ, ਪਰਵਿੰਦਰ ਵਾਸੀ ਹੀਰਾ ਬਾਗ ਪਟਿਆਲਾ, ਪ੍ਰੇਮਪਾਲ, ਛੋਟੇਲਾਲ , ਅਨੀਲ, ਸੁਨੀਲ ਵਾਸੀ ਪਿੰਡ ਰਾਮਗੜ੍ਹ ਡੇਰਾ ਬੱਸੀ ਮੋਹਾਲੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੇ ਪਿਤਾ ਅਤੇ ਸਾਲੇ ਨਿਖਿਲ ਸਮੇਤ ਬੀ.ਐਸ.ਐਨ.ਐਲ. ਐਕਸਚੈਂਜ ਅਰਬਨ ਅਸਟੇਟ ਫੇਸ-2 ਪਟਿਆਲਾ ਤੋਂ ਆਪਣੀ ਰੇਹੜੀ ਲਗਾ ਕੇ ਘਰ ਜਾ ਰਿਹਾ ਸੀ ਤਾਂ ਕਥਿਤ ਦੋਸ਼ੀਆਂ ਨੇ ਉਸ ਨੂੰ ਘੇਰ ਕੇ ਕੁੱਟਮਾਰ ਕੀਤੀ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਵੀ ਦਿੱਤੀਆਂ ਅਤੇ ਅਗਲੇ ਦਿਨ ਉਸ ਦੇ ਦੋਸਤ ਅਕਸ਼ੇ ਅਤੇ ਸਾਲੇ ਦੀ ਘੇਰ ਕੇ ਕੁੱਟਮਾਰ ਕੀਤੀ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਗਾਜ਼ੀਪੁਰ ਸਕੂਲ ਦੇ ਵਿਦਿਆਰਥੀਆਂ ਨੇ ਦਸਵੀਂ 'ਚ ਮਾਰੀਆਂ ਮੱਲਾਂ



ਸਮਾਣਾ, 20 ਮਈ (ਵਿਜੇ ਕੁਮਾਰ/ਜਵੰਦਾ) : ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਐਲਾਨੇ ਦਸਵੀਂ ਕਲਾਸ ਦੇ ਨਤੀਜਿਆਂ ਵਿੱਚ ਬਲਾਕ ਸਮਾਣਾ -2 ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗਾਜ਼ੀਪੁਰ ਦੇ ਵਿਦਿਆਰਥੀਆਂ ਨੇ ਚੰਗੇ ਕਾਰਗੁਜ਼ਾਰੀ ਦਿਖਾਈ, ਸਕੂਲ ਪ੍ਰਿੰਸੀਪਲ ਸ੍ਰੀ ਪ੍ਰਦੀਪ ਕੁਮਾਰ ਜੀ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਦਸਵੀਂ ਜਮਾਤ ਵਿੱਚ 60 ਦੇ ਕਰੀਬ ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਜਿਸ ਵਿੱਚੋਂ ਅਮਨਪ੍ਰੀਤ ਕੌਰ ਸਪੁੱਤਰੀ ਸ੍ਰੀ ਅਮਰਜੀਤ ਸਿੰਘ ਨੇ 96.7 % ਨੰਬਰ ਪ੍ਰਾਪਤ ਕਰਕੇ ਮੈਰਿਟ ਵਿੱਚ 21ਵਾਂ ਸਥਾਨ ਹਾਸਿਲ ਕੀਤਾ ਅਤੇ ਬਲਾਕ ਵਿੱਚ ਪਹਿਲੇ ਸਥਾਨ 'ਤੇ ਰਹੇ, ਜ਼ਿਕਰ ਯੋਗ ਹੈ ਕਿ ਸਕੂਲ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਸਕੂਲ ਵਿੱਚ ਹਰਲੀਨ ਕੌਰ ਸਪੁੱਤਰੀ ਸ਼੍ਰੀ ਹਰਦੀਪ ਕੌਰ ਨੇ 95.8 ਫੀਸਦੀ ਨੰਬਰ ਲੈ ਕੇ ਸਕੂਲ ਵਿੱਚ ਦੂਸਰਾ ਸਥਾਨ ਪ੍ਰਾਪਤ ਕੀਤਾ ਅਤੇ ਖੁਸ਼ਬੂ ਕੌਰ ਸਪੁੱਤਰੀ ਸ. ਨੈਬ ਸਿੰਘ ਨੇ 95.6 % ਨੰਬਰ ਲੈ ਕੇ ਸਕੂਲ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ , ਹਰਪ੍ਰੀਤ ਕੌਰ ਨੇ 95.5%, ਕੋਮਲਪ੍ਰੀਤ ਕੌਰ 94.3%, ਜਸਵਿੰਦਰ ਸਿੰਘ 90.9%, ਤਨੂ ਬਾਵਾ 90.3%, ਜਸਪ੍ਰੀਤ ਕੌਰ 90% ਅੰਕ ਲੈ ਕੇ ਚੰਗੇ ਕਾਰਗੁਜ਼ਾਰੀ ਦਾ ਸਬੂਤ ਦਿੱਤਾ। ਮੈਰਿਟ ਵਿੱਚ ਆਉਣ ਵਾਲੀ ਵਿਦਿਆਰਥਣ ਅਮਨਪ੍ਰੀਤ ਕੌਰ ਨੂੰ ਸਰਪੰਚ ਸੁਰਜੀਤ ਸਿੰਘ ਅਤੇ ਗ੍ਰਾਮ ਪੰਚਾਇਤ ਵੱਲੋਂ ਇੱਥੇ ਸਾਈਕਲ ਅਤੇ ਸਕੂਲ ਸਟਾਫ ਵੱਲੋਂ 15000/- ਰੁਪਏ ਦੀ ਨਗਦ ਰਾਸ਼ੀ ਇਨਾਮ ਵਜੋਂ ਦਿੱਤੀ ਅਤੇ 90% ਤੋਂ ਉੱਪਰ ਅੰਕ ਪ੍ਰਾਪਤ ਕਰਨ ਵਾਲੇ ਹਰੇਕ ਵਿਦਿਆਰਥੀਆਂ ਨੂੰ ਗ੍ਰਾਮ ਪੰਚਾਇਤ ਵੱਲੋ 3100/- ਨਗਦ ਰਾਸ਼ੀ ਦਿੱਤੀ ਗਈ। ਇਸ ਮੌਕੇ ਸਰਪੰਚ ਸ. ਸੁਰਜੀਤ ਸਿੰਘ ਅਤੇ ਸਮੂਹ ਗ੍ਰਾਮ ਪੰਚਾਇਤ ਗਾਜੀਪੁਰ ਅਤੇ ਅਧਿਆਪਕ ਸਾਹਿਬਾਨ ਹਾਜ਼ਰ ਸਨ।

## ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਮੈਨੇਜਰ ਭਾਗ ਸਿੰਘ ਦਾ ਸਨਮਾਨ



ਭੁਨਰਹੇੜੀ, 20 ਮਈ (ਗੁਰਜੀਤ ਸਿੰਘ ਢੋਟ) : ਸ੍ਰੀ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਨਵਨਿਯੁਕਤ ਮੈਨੇਜਰ ਭਾਗ ਸਿੰਘ ਰਾਜਪੁਰਾ ਨੂੰ ਖੂਨਦਾਨ ਸੇਵਾ ਦੇ ਖੇਤਰ ਵਿਚ ਮੋਹਰੀ ਮਿਸ਼ਨ ਲਾਲੀ ਤੇ ਹਰਿਆਲੀ ਗਰੁੱਪ ਵੱਲੋਂ ਸਿਰੋਪਾਓ ਤੇ ਫੁੱਲਾਂ ਦੇ ਬੁੱਕੇ ਦੇ ਕੇ ਸਨਮਾਨਤ ਕੀਤਾ ਗਿਆ। ਇਹ ਸਨਮਾਨ ਮਿਸ਼ਨ ਦੇ ਮੋਢੀ ਤੇ ਮਾਸਟਰ ਮੋਟੀਵੇਟਰ ਹਰਦੀਪ ਸਿੰਘ ਸਨੌਰ, ਚਾਚਾ ਜਗਰਾਜ ਸਿੰਘ ਚਹਿਲ, ਸੁਖਦੀਪ ਸਿੰਘ ਸੋਹਲ, ਰਵਿੰਦਰ ਸਿੰਘ ਭਾਂਖਰ, ਠੇਕੇਦਾਰ ਗੁਰਬਚਨ ਸਿੰਘ, ਹਰਮੀਤ ਸਿੰਘ ਬਡੂੰਗਰ ਤੇ ਭਾਈ ਜਰਨੈਲ ਸਿੰਘ ਝੰਡੀ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਮੌਕੇ ਭਾਈ ਰਵਿੰਦਰ ਸਿੰਘ ਭਾਂਖਰ ਨੇ ਦੱਸਿਆ ਕਿ ਗਰੁੱਪ ਵੱਲੋਂ ਪਿਛਲੇ 20 ਸਾਲਾਂ ਤੋਂ ਖੂਨਦਾਨ ਕੈਂਪ ਲਗਾਏ ਜਾ ਰਹੇ ਹਨ ਅਤੇ ਪਿਛਲੇ 13 ਸਾਲਾਂ ਤੋਂ ਲਗਾਤਾਰ ਹਰ ਮਹੀਨੇ ਦੀ 5 ਅਤੇ 20 ਤਰੀਕ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਦੇ ਬਲੱਡ ਬੈਂਕ ਵਿਚ ਖੂਨਦਾਨ ਕੈਂਪ ਲਗਾਇਆ ਜਾਂਦਾ ਹੈ ਤਾਂ ਜੋ ਲੋੜਵੰਦ ਮਰੀਜ਼ਾਂ ਨੂੰ ਸਮੇਂ ਸਿਰ ਖੂਨ ਮਿਲ ਸਕੇ। ਮੈਨੇਜਰ ਭਾਗ ਸਿੰਘ ਨੇ ਗਰੁੱਪ ਵੱਲੋਂ ਕੀਤੀ ਜਾ ਰਹੀ ਖੂਨਦਾਨ ਕੈਂਪਾਂ ਦੀ ਸੇਵਾ ਦੀ ਸ਼ਲਾਘਾ ਕੀਤੀ।

## ਸੈਸ਼ਨ ਕੋਰਟ ਪਟਿਆਲਾ ਵਿਖੇ ਕੌਮੀ ਲੋਕ ਅਦਾਲਤ 24 ਨੂੰ

ਨਾਭਾ, 20 ਮਈ (ਗੁਰਚਰਨ ਸਿੰਘ ਚੌਧਰੀਮਾਜਰਾ) : ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਿਟੀ ਨਵੀਂ ਦਿੱਲੀ ਵੱਲੋਂ ਜਾਰੀ ਸ਼ਡਿਊਲ ਅਨੁਸਾਰ 24 ਮਈ 2025 ਨੂੰ ਦੂਸਰੀ ਰਾਸ਼ਟਰੀ ਲੋਕ ਅਦਾਲਤ ਦਾ ਆਯੋਜਨ ਮਾਣਯੋਗ ਰੁਪਿੰਦਰਜੀਤ ਚਹਿਲ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਟਿਆਲਾ ਦੀ ਅਗਵਾਈ ਵਿੱਚ ਜ਼ਿਲ੍ਹੇ ਦੀਆਂ ਸਾਰੀਆਂ ਅਦਾਲਤਾਂ ਵਿੱਚ ਕੀਤਾ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਵਰਿੰਦਰ ਕੁਮਾਰ ਪੀ.ਸੀ.ਐਸ ਸਿਵਲ ਜੱਜ ਸੀਨੀਅਰ ਡਵੀਜਨ ਨਾਭਾ ਨੇ ਕਿਹਾ ਕਿ ਇਸ ਲੋਕ ਅਦਾਲਤ ਵਿੱਚ ਰਾਜ਼ੀਨਾਮਾ, ਫੌਜਦਾਰੀ ਕੇਸ, ਚੈਕ ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਐਸ.ਏ.ਸੀ.ਟੀ. ਕੇਸ, ਕਿਰਤ ਸਬੰਧੀ ਝਗੜੇ, ਬਿਜਲੀ ਅਤੇ ਪਾਣੀ ਸਬੰਧੀ ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾ ਤੇ ਦੀਵਾਨੀ ਕੇਸ ਵਿਚਾਰੇ ਜਾਣਗੇ ਅਤੇ ਹੋਰ ਵੱਖ ਵੱਖ ਅਦਾਲਤਾਂ ਦੇ ਨਮਿਤ ਕੇਸਾਂ ਨੂੰ 24 ਮਈ 2025 ਨੂੰ ਲਗਾਈ ਜਾ ਰਹੀ ਰਾਸ਼ਟਰੀ ਲੋਕ ਅਦਾਲਤ ਰਾਹੀ ਨਿਪਟਾਰੇ ਲਈ ਪ੍ਰੇਰਿਤ ਕੀਤਾ ਗਿਆ। ਇਸ ਤੋਂ ਇਲਾਵਾ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਦੇ ਸਰਪੰਚਾਂ ਅਤੇ ਬਲਾਕ ਪੱਧਰ 'ਤੇ ਬੈਠਕਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਵੱਧ ਤੋਂ ਵੱਧ ਜਨਤਾ ਇਸ ਲੋਕ ਅਦਾਲਤ ਦਾ ਲਾਭ ਲੈ ਸਕਣ। ਉਹਨਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਇਸ ਰਾਸ਼ਟਰੀ ਲੋਕ ਅਦਾਲਤ ਵਿੱਚੋਂ ਰਹੇ ਕੇਸ ਜਿਹੜੇ ਅਜੇ ਕਿਸੇ ਵੀ ਅਦਾਲਤ ਵਿੱਚ ਦਾਇਰ ਨਹੀਂ ਕੀਤੇ ਗਏ ਹਨ ਤੇ ਉਪਰੋਕਤ ਕੈਟਾਗਰੀਆਂ ਵਿੱਚ ਆਉਂਦੇ ਹਨ ਲੋਕ ਅਦਾਲਤ ਵਿੱਚ ਲਗਾਏ ਜਾ ਸਕਦੇ ਹਨ। ਇਸ ਮੌਕੇ ਜਨਤਕ ਸਥਾਨਾਂ ਜਿਵੇਂਕਿ ਰੇਲਵੇ ਸਟੇਸ਼ਨ ਬੱਸ ਅੱਡਿਆਂ ਅਤੇ ਆਟੋ ਯੂਨੀਅਨ ਆਦਿ ਸਮਾਜ ਸੇਵੀ ਸੰਸਥਾਵਾਂ, ਉਮੰਗ ਵੈਲਫੇਅਰ ਫਾਊਂਡੇਸ਼ਨ, ਚਾਇਲਡ ਪ੍ਰੋਟੈਕਸ਼ਨ ਐਂਡ ਓਲਡ ਏਜ਼ ਵੈਲਫੇਅਰ ਸੁਸਾਇਟੀ ਗ੍ਰੇਡ ਵਹੀਕਲਜ਼ ਦੇ ਸਹਿਯੋਗ ਨਾਲ ਆਮ ਪਬਲਿਕ ਨੂੰ ਕੌਮੀ ਲੋਕ ਅਦਾਲਤਾਂ ਬਾਰੇ ਜਾਗਰੂਕ ਕੀਤਾ ਗਿਆ। ਉਹਨਾਂ ਕਿਹਾ ਕਿ ਲੋਕ ਅਦਾਲਤਾਂ ਵਿੱਚ ਫੈਸਲੇ ਹੋਣ 'ਤੇ ਕੇਸਾਂ ਵਿੱਚ ਲੱਗੀ ਹਾਈਕੋਰਟ ਫੀਸ ਵਾਪਸ ਕਰ ਦਿੱਤੀ ਜਾਂਦੀ ਹੈ। ਇਹਨਾਂ ਕੇਸਾਂ ਦੇ ਫੈਸਲਿਆਂ ਦੀ ਕੋਈ ਅਪੀਲ ਨਹੀਂ ਹੁੰਦੀ। ਜ਼ਿਲ੍ਹਾ ਪਟਿਆਲਾ ਦੀਆਂ ਸਾਰੀਆਂ ਅਦਾਲਤਾਂ ਵਿੱਚ 24 ਮਈ 2025 ਨੂੰ ਕੌਮੀ ਪੱਧਰ ਦੇ ਲੋਕ ਅਦਾਲਤ ਲਗਾਈ ਜਾ ਰਹੀ ਹੈ।




## ਹੈਰੋਇਨ ਬ੍ਰਾਮਦ

ਨਾਭਾ, 20 ਮਈ (ਚੌਧਰੀਮਾਜਰਾ) : ਥਾਣਾ ਭਾਦਸੋਂ ਪੁਲਿਸ ਨੇ ਕਥਿਤ ਦੋਸ਼ੀ ਅਜੈ ਕੁਮਾਰ ਵਾਸੀ ਵਾਰਡ ਨੰ. 9 ਭਾਦਸੋ ਵਿਰੁੱਧ ਮਾਮਲਾ ਦਰਜ ਕੀਤਾ ਹੈ। ਐਸ.ਆਈ. ਪ੍ਰਵਿੰਦਰ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਨੇੜੇ ਚੋਆ ਪੁਲ ਭਾਦਸੋ ਮੌਜੂਦ ਸੀ, ਜੋ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗ੍ਰਾਮ ਚਿੱਟਾ/ਹੈਰੋਇਨ ਬ੍ਰਾਮਦ ਹੋਈ।

## ਲਵ ਮਿੱਤਲ ਲਾਈਨ ਕਲੱਬ ਗੋਲਡ ਦੇ ਰੀਜਨ ਚੇਅਰਮੈਨ ਬਣੇ



ਸਮਾਣਾ 20 ਮਈ (ਹਰਜਿੰਦਰ ਸਿੰਘ ਜਵੰਦਾ) : ਲਾਇਨਜ਼ ਕਲੱਬ ਸਮਾਣਾ ਗੋਲਡ ਦੀ ਮੀਟਿੰਗ ਦੌਰਾਨ ਲਾਇਨ ਲਵ ਕੁਮਾਰ ਮਿੱਤਲ ਨੂੰ ਰੀਜਨ ਚੇਅਰਮੈਨ - ਰੀਜਨ XI (2025-26), ਜ਼ਿਲ੍ਹਾ 321-ਐਫ ਚੁਣਿਆ ਗਿਆ ਹੈ। ਇਸ ਨਿਯੁਕਤੀ ਲਈ ਲਵ ਮਿੱਤਲ ਜਿੱਥੇ ਸਮੂਹ ਕਲੱਬ ਮੈਂਬਰਾਂ ਦਾ ਧੰਨਵਾਦ ਕੀਤਾ, ਉੱਥੇ ਹੀ ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਉਹ ਸੰਸਥਾ ਦੀ ਬਿਹਤਰੀ ਲਈ ਸਮੂਹ ਮੈਂਬਰ ਸਹਿਬਾਨ ਨੂੰ ਨਾਲ ਲੈ ਕੇ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ ਅਤੇ ਇਸ ਸੇਵਾ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।

## 'ਨਟਾਸ' ਦਾ 'ਯੁੱਧ ਨਸ਼ਿਆਂ ਵਿਰੁੱਧ ਨਾਟਕ ਮੇਲਾ' 22 ਨੂੰ

ਪਟਿਆਲਾ, 20 ਮਈ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਣ ਸੱਭਰਵਾਲ - ਸ਼੍ਰੀਮਤੀ ਸੁਨੀਤਾ ਸੱਭਰਵਾਲ ਵੱਲੋਂ ਆਪਣਾ 13ਵਾਂ 'ਯੁੱਧ ਨਸ਼ਿਆ ਵਿਰੁੱਧ ਨਾਟਕ ਮੇਲਾ' ਸਰਕਾਰੀ ਹਾਈ ਸਕੂਲ ਥੇੜ੍ਹੀ ਵਿਖੇ ਸਕੂਲ ਪ੍ਰਿੰਸੀਪਲ ਮੈਡਮ ਪੂਜਾ ਗੁਪਤਾ ਦੇ ਸਹਿਯੋਗ ਨਾਲ ਵੀਰਵਾਰ 22 ਮਈ ਨੂੰ ਸਵੇਰੇ 8 ਵਜੇ ਆਯੋਜਿਤ ਕੀਤਾ ਜਾ ਰਿਹਾ ਹੈ। ਸਮਾਗਮ ਦਾ ਉਦਘਾਟਨ ਰਾਜ ਦੀਆਂ ਪ੍ਰਸਿੱਧ ਸਮਾਜਿਕ ਸ਼ਖਸੀਅਤਾਂ ਵਿਸ਼ਵ ਚਿੰਤਕ ਅਵਾਰਡੀ ਡਾ. ਸਵਰਾਜ ਸਿੰਘ, ਸਤੀਸ਼ ਚੰਦਰ ਬਰਾਂਚ ਮੈਨੇਜਰ ਐਸ.ਬੀ.ਆਈ. ਥੇੜ੍ਹੀ, ਗੋਰਵ ਚੌਹਾਨ ਐਮ.ਡੀ. ਮਾਂ ਲਕਸ਼ਮੀ ਜਿਊਲਰਜ਼, ਸਕੂਲ ਪ੍ਰਿੰਸੀਪਲ ਪੂਜਾ ਗੁਪਤਾ, ਨਟਾਸ ਪ੍ਰਧਾਨ ਸ਼੍ਰੀ ਜੀ.ਐਸ. ਕੱਕੜ, ਨਿਰਦੇਸ਼ਕ ਪ੍ਰਾਣ ਸੱਭਰਵਾਲ ਕਰਨਗੇ।